


Ad Space Available
Call 847-359-0746




Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 05, February 3, 2018
20451 N. Plum Grove Rd., Palatine, IL 60074
Ph:847-359-0746, Fax:847-705-9388

# ਗੈਂਗਸਟਰਾਂ ਦੇ ਮਾਮਲੇ ਨਾਲ ਸਰਕਾਰਾਂ ਦੀ ਨਾਲਾਇਕੀ ਜੱਗ ਜ਼ਾਹਰ

## ਵਿੱਕੀ ਗੌਂਡਰ ਮੁਕਾਬਲੇ ਨੇ ਉਠਾਏ ਕਈ ਸਵਾਲ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਜੁਰਮ ਦੀ ਦੁਨੀਆਂ ਦੇ ਚਰਚਿਤ ਚਿਹਰੇ ਬਣੇ ਡਿਸਕਸ ਥਰੋਅ ਖਿਡਾਰੀ ਹਰਜਿੰਦਰ ਸਿੰਘ ਭੁੱਲਰ ਉਰਫ ਵਿੱਕੀ ਗੌਂਡਰ ਅਤੇ ਉਸ ਦੇ ਦੋ ਸਾਥੀਆਂ ਨੂੰ ਪੁਲਿਸ ਨੇ ਭਾਵੇਂ ਕਥਿਤ ਮੁਕਾਬਲੇ ਵਿਚ ਮਾਰ ਮੁਕਾਇਆ ਹੈ, ਪਰ ਇਸ ਮੁਕਾਬਲੇ ਤੋਂ ਬਾਅਦ ਸਾਹਮਣੇ ਆਏ ਕੁਝ ਤੱਥਾਂ ਨੇ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਸਰਕਾਰਾਂ ਦੀ ਨਾਲਾਇਕੀ ਉਤੇ ਵੱਡੇ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ।

ਗੌਂਡਰ ਅਤੇ ਉਸ ਨਾਲ ਮਾਰੇ ਜਾਣ ਵਾਲੇ ਪ੍ਰੇਮਾ ਲਾਹੌਰੀਆ ਗੈਂਗਸਟਰ ਬਣਨ ਤੋਂ ਪਹਿਲਾਂ ਚੰਗੇ ਖਿਡਾਰੀ ਸਨ। ਗੌਂਡਰ ਚੰਗਾ ਡਿਸਕਸ ਥਰੋਅਰ ਸੀ ਅਤੇ ਬਹੁਤਾ ਸਮਾਂ ਖੇਡ ਮੈਦਾਨ ਵਿਚ ਬਿਤਾਉਣ ਕਾਰਨ ਹੀ ਪਹਿਲਾਂ 'ਗਰਾਊਂਡਰ' ਅਤੇ ਫਿਰ 'ਗੌਂਡਰ' ਵਜੋਂ ਜਾਣਿਆ ਜਾਣ ਲੱਗਾ। ਚੰਗੀ ਖੇਡ ਸਦਕਾ ਹੀ ਉਸ ਨੂੰ ਜਲੰਧਰ ਦੇ ਗੌਰਮਿੰਟ ਆਰਟਸ ਐਂਡ ਸਪੋਰਟਸ ਕਾਲਜ ਵਿਚ ਦਾਖਲਾ ਮਿਲਿਆ। ਸਿਰਫ ਗੌਂਡਰ ਜਾਂ ਲਾਹੌਰੀਆ ਹੀ ਨਹੀਂ, ਹੋਰ ਵੀ ਬਹੁਤੇ ਗੈਂਗਸਟਰ ਪਹਿਲਾਂ ਕਬੱਡੀ ਖਿਡਾਰੀ ਜਾਂ ਭਲਵਾਨ ਰਹੇ ਹਨ।

ਗੌਂਡਰ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਪੁਲਿਸ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਸੀ। ਇਹ ਵੀ ਹਕੀਕਤ ਹੈ ਕਿ ਵਿੱਕੀ ਗੌਂਡਰ ਖਿਲਾਫ ਸਖਤੀ ਦਾ ਅਸਲ ਦੌਰ ਅਕਾਲੀ-ਭਾਜਪਾ ਸਰਕਾਰ ਦੇ ਜਾਣ ਅਤੇ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਸ਼ੁਰੂ ਹੋਇਆ। ਪਿਛਲੇ 10 ਮਹੀਨਿਆਂ ਦੌਰਾਨ 11 ਗੈਂਗਸਟਰਾਂ ਦਾ ਮਾਰਿਆ ਜਾਣਾ ਅਤੇ 26 ਹੋਰ ਦਾ ਪੁਲਿਸ ਦੀ ਗ੍ਰਿਫਤ ਵਿਚ ਆਉਣਾ ਇਸ ਤੱਥ ਦੀ ਤਾਈਦ ਹੈ ਕਿ ਸਿਆਸੀ ਤਬਾਦਲੇ ਪਿੱਛੋਂ ਮਾੜੇ ਅਨਸਰਾਂ ਦੀ ਹਕੂਮਤ ਵੀ ਬਦਲ ਜਾਂਦੀ ਹੈ। ਇਹ ਗੱਲ ਜੱਗ ਜ਼ਾਹਰ ਹੈ ਕਿ ਸਿਆਸੀ ਲੋਕ ਚੋਣਾਂ ਜਾਂ ਹੋਰ ਅਜਿਹੇ ਮੌਕਿਆਂ 'ਤੇ ਅਜਿਹੇ ਨੌਜਵਾਨਾਂ ਦਾ ਖੁੱਲ੍ਹ ਕੇ ਲਾਹਾ ਲੈਂਦੇ ਹਨ। ਉਨ੍ਹਾਂ ਦੇ ਹਰ ਦੁੱਖ ਦਰਦ ਦਾ ਦਾਰੂ ਬਣਨ ਦਾ ਦਾਅਵਾ ਕਰਦੇ ਹਨ, ਪਰ ਆਪਣਾ ਉੱਲੂ ਸਿੱਧਾ ਹੋਣ ਜਾਂ ਕਿਸੇ ਸਿਆਸੀ ਗਰਜ਼ ਲਈ ਇਨ੍ਹਾਂ ਦੀ ਕੁਰਬਾਨੀ ਦੇਣ ਵਿਚ ਵੀ ਦੇਰ ਨਹੀਂ ਲਾਉਂਦੇ। ਹਾਲਾਤ ਅਤੇ ਬੇਰੁਜ਼ਗਾਰੀ ਦੇ ਝੰਬੇ ਅਜਿਹੇ ਨੌਜਵਾਨ ਜਾਂ ਤਾਂ ਵਿਦੇਸ਼ ਜਾਣ ਲਈ ਹਰ ਹੀਲਾ ਵਰਤਣ ਲਈ ਤਿਆਰ ਰਹਿੰਦੇ ਹਨ, ਜਾਂ ਫਿਰ ਸਿਆਸੀ ਲੋਕਾਂ ਦੇ ਹੱਥੇ ਚੜ੍ਹ ਕੇ ਅਪਰਾਧ ਦੇ ਰਾਹ ਤੁਰ ਰਹੇ ਹਨ।

*(ਬਾਕੀ ਸਫਾ 6 ਉਤੇ)*



## ਮੋਦੀ ਸਰਕਾਰ ਵੱਲੋਂ ਕੈਪਟਨ ਨੂੰ ਸ਼ਾਬਾਸ਼

**ਚੰਡੀਗੜ੍ਹ:** ਗੈਂਗਸਟਰਾਂ ਖਿਲਾਫ ਪੰਜਾਬ ਸਰਕਾਰ ਦੀ ਸਫਲਤਾ ਲਈ ਨਰੇਂਦਰ ਮੋਦੀ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਧਾਈ ਦਿੱਤੀ ਹੈ। ਮੁਕਾਬਲੇ ਦੌਰਾਨ ਮਾਰੇ ਗਏ ਗੈਂਗਸਟਰ ਵਿੱਕੀ ਗੌਂਡਰ ਦੇ ਪ੍ਰਸੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੂਬਾ ਸਰਕਾਰ ਨੂੰ ਸ਼ਾਬਾਸ਼ ਦਿੱਤੀ ਹੈ। ਗ੍ਰਹਿ ਮੰਤਰੀ ਨੇ ਅਪਰਾਧੀਆਂ ਅਤੇ ਸੰਗਠਤ ਗਰੋਹਾਂ ਖਿਲਾਫ ਕਾਰਵਾਈ ਲਈ ਕੇਂਦਰ ਸਰਕਾਰ ਵੱਲੋਂ ਮਦਦ ਦੀ ਪੇਸ਼ਕਸ਼ ਵੀ ਕੀਤੀ।

## ਖਾਨਾਜੰਗ ਨੇ ਪਾਇਆ ਕੈਪਟਨ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਮਿਲਣ ਦੇ 10 ਮਹੀਨਿਆਂ ਅੰਦਰ ਹੀ ਕਾਂਗਰਸ ਵਿਚ ਅੰਦਰੂਨੀ ਜੰਗ ਹੁਕਮਰਾਨ ਧਿਰ ਲਈ ਵੱਡੀ ਚੁਣੌਤੀ ਬਣ ਗਈ ਹੈ। ਸਥਾਨਕ ਸਰਕਾਰਾਂ ਵਿਭਾਗ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਸਰਕਾਰੀ ਕੰਮਕਾਜ 'ਤੇ ਚੁੱਕੇ ਸਵਾਲਾਂ ਨੇ ਸਰਕਾਰ ਨੂੰ ਲਾਜਵਾਬ ਕੀਤਾ ਹੋਇਆ ਹੈ। ਇਹ ਦੋਵੇਂ ਕਾਂਗਰਸੀ ਆਗੂ ਭਾਵੇਂ ਸਰਕਾਰ ਖਿਲਾਫ ਖੁੱਲ੍ਹ ਕੇ ਸਾਹਮਣੇ ਆਏ ਹਨ, ਪਰ ਅੰਦਰਖਾਤੇ ਕਾਂਗਰਸ ਦੇ ਜ਼ਿਆਦਾਤਰ ਵਿਧਾਇਕ ਵੀ ਸਰਕਾਰੀ ਕੰਮਕਾਜ ਤੋਂ ਔਖੇ ਹਨ; ਖਾਸਕਰ ਕੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਸਖਤੀ ਵਰਤਣ ਤੋਂ ਪਿੱਛੇ ਹਟਣ ਕਾਰਨ ਜ਼ਿਆਦਾਤਰ ਕਾਂਗਰਸੀ ਕੈਪਟਨ ਨਾਲ ਨਾਰਾਜ਼ ਹਨ। ਵਿਧਾਨ ਸਭਾ ਚੋਣਾਂ ਵਿਚ ਮਜੀਠੀਆ ਨੂੰ ਨਸ਼ਾ ਤਸਕਰੀ ਮਾਮਲੇ ਵਿਚ ਜੇਲ੍ਹ ਪਹੁੰਚਾਉਣ ਦਾ ਵਾਅਦਾ ਚੇਤੇ ਕਰਵਾਉਣ ਲਈ ਵਿਧਾਇਕ ਕਈ ਵਾਰ ਕੈਪਟਨ ਤੱਕ ਪਹੁੰਚ ਕਰ ਚੁੱਕੇ ਹਨ। ਸਿੱਧੂ ਦੀ ਕੈਪਟਨ ਸਰਕਾਰ ਨਾਲ ਨਾਰਾਜ਼ਗੀ ਵੀ ਕੇਬਲ ਮਾਫੀਆ ਖਿਲਾਫ ਢਿੱਲ ਕਾਰਨ ਸ਼ੁਰੂ ਹੋਈ ਸੀ। ਪ੍ਰਤਾਪ ਸਿੰਘ ਬਾਜਵਾ ਅਤੇ ਸਿੱਧੂ ਹੁਣ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਖੁੱਲ੍ਹ ਕੇ ਸਾਹਮਣੇ ਆਏ ਹਨ। ਕਾਂਗਰਸੀ ਆਗੂਆਂ ਦੀ ਨਾਰਾਜ਼ਗੀ ਦਾ ਮੁੱਖ ਕਾਰਨ ਕੈਪਟਨ ਦੀ ਅੜਬਾਈ ਵੀ ਹੈ। ਇਹ ਆਗੂ ਪਿਛਲੇ ਕਾਫੀ ਸਮੇਂ ਤੋਂ ਦੋਸ਼ ਲਾ ਰਹੇ ਹਨ ਕਿ ਅਕਾਲੀਆਂ ਨਾਲ ਲਿਹਾਜ਼ਦਾਰੀ ਸਰਕਾਰ ਲਈ ਕਾਫੀ ਨਮੋਸ਼ੀ ਬਣ ਰਹੀ ਹੈ। ਕੈਪਟਨ ਅਤੇ ਸਿੱਧੂ ਦਰਮਿਆਨ ਮਤਭੇਦ ਭਾਵੇਂ ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਕੁਝ ਮਹੀਨਿਆਂ ਬਾਅਦ ਹੀ ਸ਼ੁਰੂ ਹੋ ਗਏ ਸਨ, ਪਰ ਮੇਅਰਾਂ ਦੀ ਚੋਣ ਪ੍ਰਕਿਰਿਆ ਵਿਚੋਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੂੰ ਲਾਂਭੇ ਕਰ ਦੇਣ ਨਾਲ ਮਾਮਲਾ ਜਨਤਕ ਤੌਰ ਉਤੇ ਸਾਹਮਣੇ ਆ ਗਿਆ। ਮੰਤਰੀ ਮੰਡਲ ਦੀਆਂ ਮੀਟਿੰਗਾਂ ਦੌਰਾਨ ਵੀ ਕਈ ਮਾਮਲਿਆਂ ਵਿਚ ਸਿੱਧੂ ਖੁੱਲ੍ਹ ਕੇ ਬੋਲਦੇ ਹਨ। ਉਨ੍ਹਾਂ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਦਾ ਕੰਮ ਸੰਭਾਲਣ ਤੋਂ ਬਾਅਦ ਕਈ ਅਜਿਹੇ ਫੈਸਲੇ ਕੀਤੇ ਗਏ ਜਿਨ੍ਹਾਂ 'ਤੇ ਮੁੱਖ ਮੰਤਰੀ ਜਾਂ

*(ਬਾਕੀ ਸਫਾ 6 ਉਤੇ)*






# ਗਣਤੰਤਰ ਦਿਵਸ: ਰਾਜਪਥ 'ਤੇ ਤਾਕਤ ਤੇ ਵਿਰਾਸਤ ਦਾ ਪ੍ਰਦਰਸ਼ਨ

**ਨਵੀਂ ਦਿੱਲੀ:** ਭਾਰਤ ਦੇ 69ਵੇਂ ਗਣਤੰਤਰ ਦਿਵਸ ਸਮਾਰੋਹ ਮੌਕੇ ਰਾਜਪਥ ਉਤੇ ਦੇਸ਼ ਦੀ ਅਮੀਰ ਸੰਸਕ੍ਰਿਤੀ ਦੇ ਰੰਗਾਂ ਅਤੇ ਰੱਖਿਆ ਖੇਤਰ ਦੀ ਤਾਕਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਅਤੇ ਦੁਨੀਆਂ ਦੇ 10 ਦੇਸ਼ਾਂ ਦੇ ਮੁਖੀਆਂ ਸਾਹਮਣੇ ਰਾਜਪਥ ਕਈ ਇਤਿਹਾਸਕ ਘਟਨਾਵਾਂ ਦਾ ਗਵਾਹ ਬਣਿਆ। ਇਤਿਹਾਸਕ ਵਿਜੈ ਚੌਕ ਤੋਂ ਲਾਲ ਕਿਲ੍ਹੇ ਤੱਕ ਦੇਸ਼ ਦੀ ਸ਼ਾਨ ਨਜ਼ਰ ਆਈ ਅਤੇ ਭਾਰੀ ਗਿਣਤੀ 'ਚ ਉਮੜੇ ਜਨ ਸੈਲਾਬ ਵੱਲੋਂ ਆਪੋ ਆਪਣੇ ਤਰੀਕਿਆਂ ਰਾਹੀਂ ਦੇਸ਼ ਭਗਤੀ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ।

ਸਮਾਰੋਹ 'ਚ ਆਸਿਆਨ ਦੇਸ਼ ਦੇ ਨੇਤਾ ਪੂਰੀ ਤਰ੍ਹਾਂ ਭਾਰਤੀ ਰੰਗ 'ਚ ਰੰਗੇ ਨਜ਼ਰ ਆਏ। ਆਸਿਆਨ ਦੇ 10 ਦੇਸ਼ਾਂ ਦੇ ਮੁਖੀਆਂ ਤੇ ਨੇਤਾਵਾਂ ਦੀ ਮੁੱਖ ਮਹਿਮਾਨ ਦੇ ਰੂਪ 'ਚ ਮੌਜੂਦਗੀ ਗਣਤੰਤਰ ਦਿਵਸ ਪਰੇਡ ਦੀ ਵਿਸ਼ੇਸ਼ ਖਾਸੀਅਤ ਰਹੀ। ਜੰਮੂ-ਕਸ਼ਮੀਰ 'ਚ ਇਕ ਉਪਰੇਸ਼ਨ ਦੌਰਾਨ ਦੋ ਅਤਿਵਾਦੀਆਂ ਨੂੰ ਮਾਰਨ ਵਾਲੇ ਭਾਰਤੀ ਹਵਾਈ ਸੈਨਾ ਦੇ ਗਰੁੜ ਕਮਾਂਡੋ ਜੋਤੀ ਪ੍ਰਕਾਸ਼ ਨਿਰਾਲਾ ਨੂੰ ਮਰਨ ਉਪਰੰਤ ਸ਼ਾਂਤੀਕਾਲ ਦੇ ਸਰਬਉਚ ਵੀਰਤਾ ਪੁਰਸਕਾਰ ਅਸ਼ੋਕ ਚੱਕਰ ਨਾਲ ਸਨਮਾਨਤ ਕੀਤਾ ਗਿਆ। ਕਮਾਂਡੋ ਨਿਰਾਲਾ ਦੀ ਧਰਮ ਪਤਨੀ ਸੁਸ਼ਮਾਨੰਦ ਤੇ ਮਾਤਾ ਮਾਲਤੀ ਦੇਵੀ ਨੇ ਰਾਸ਼ਟਰਪਤੀ ਕੋਲੋਂ ਸਨਮਾਨ ਹਾਸਲ ਕੀਤਾ।



ਪਰੇਡ ਦੌਰਾਨ ਜਿਥੇ ਭਾਰਤ ਨੂੰ ਇਕ ਸਿਰੇ ਤੋਂ ਪਰੋਣ ਵਾਲੀ ਹਰ ਕੋਨੇ ਦੀ ਸੰਸਕ੍ਰਿਤੀ ਨੂੰ ਦਰਸਾਇਆ ਗਿਆ, ਉਥੇ ਆਧੁਨਿਕ ਹਥਿਆਰਾਂ, ਮਿਜ਼ਾਈਲਾਂ, ਹਵਾਈ ਜਹਾਜ਼ਾਂ ਤੇ ਭਾਰਤੀ ਸੈਨਿਕਾਂ ਦੇ ਦਸਤਿਆਂ ਨੇ ਦੇਸ਼ ਦੀ ਕਿਸੇ ਵੀ ਚੁਣੌਤੀ ਦਾ ਟਾਕਰਾ ਕਰ ਸਕਣ ਦੀ ਤਾਕਤ ਦਾ ਅਹਿਸਾਸ ਕਰਵਾਇਆ। ਪਰੇਡ 'ਚ ਪਹਿਲੀ ਵਾਰ ਭਾਰਤ ਦੇ ਵਿਦੇਸ਼ ਮੰਤਰਾਲੇ ਦੀਆਂ 2 ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਝਾਕੀਆਂ 'ਚ ਆਸਿਆਨ ਦੇਸ਼ਾਂ ਦੇ ਨਾਲ ਸਬੰਧਾਂ ਨੂੰ ਵਿਖਾਇਆ ਗਿਆ।

## ਪੰਜਾਬ ਰੈਜੀਮੈਂਟ ਨੂੰ ਸਰਬੋਤਮ ਮਾਰਚ ਦਲ ਦਾ ਪੁਰਸਕਾਰ

**ਨਵੀਂ ਦਿੱਲੀ:** ਗਣਤੰਤਰ ਦਿਵਸ ਮੌਕੇ ਹੋਈ ਪਰੇਡ ਵਿਚ ਤਿੰਨੇ ਫੌਜੀ ਸੇਵਾਵਾਂ ਵਿਚੋਂ ਸੈਨਾ ਦੀ ਪੰਜਾਬ ਰੈਜੀਮੈਂਟ ਨੂੰ ਸਰਬੋਤਮ ਮਾਰਚ ਦਲ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ, ਜਦਕਿ ਨੀਮ ਫੌਜੀ ਬਲਾਂ ਅਤੇ ਹੋਰ ਸਹਾਇਕ ਬਲਾਂ ਵਿਚੋਂ ਇੰਡੋ-ਤਿੱਬਤਨ ਬਾਰਡਰ ਪੁਲਿਸ ਦੀ ਟੀਮ ਨੂੰ ਸਰਬੋਤਮ ਮਾਰਚ ਦਸਤੇ ਦੇ ਇਨਾਮ ਨਾਲ ਸਨਮਾਨਤ ਕੀਤਾ। ਇਸ ਤੋਂ ਇਲਾਵਾ ਗਣਤੰਤਰ ਦਿਵਸ ਪਰੇਡ 'ਚ ਸ਼ਾਮਲ ਝਾਕੀਆਂ ਵਿਚੋਂ ਮਹਾਰਾਸ਼ਟਰ ਦੀ ਝਾਕੀ ਨੂੰ ਪਹਿਲਾ ਸਥਾਨ ਮਿਲਿਆ ਹੈ, ਜਦਕਿ ਆਸਾਮ ਅਤੇ ਛਤੀਸਗੜ੍ਹ ਦੀ ਝਾਕੀ ਨੂੰ ਕ੍ਰਮਵਾਰ ਦੂਸਰਾ ਤੇ ਤੀਸਰਾ ਸਥਾਨ ਮਿਲਿਆ ਹੈ।

## ਪੰਜਾਬ ਦੀ ਝਾਕੀ ਨੇ ਦਿੱਤਾ ਸੰਗਤ ਤੇ ਪੰਗਤ ਦਾ ਸੁਨੇਹਾ

ਨਵੀਂ ਦਿੱਲੀ: ਭਾਰਤ ਦੇ 69ਵੇਂ ਗਣਤੰਤਰਤਾ ਦਿਵਸ ਮੌਕੇ ਵੱਖ-ਵੱਖ ਸੂਬਿਆਂ ਅਤੇ ਸਭਿਆਚਾਰ ਨੂੰ ਦਰਸਾਉਂਦੀਆਂ ਝਾਕੀਆਂ ਕੱਢੀਆਂ ਗਈਆਂ। ਪੰਜਾਬ ਦੀ ਵਿਰਾਸਤ ਅਤੇ ਸਭਿਆਚਾਰ ਨੂੰ ਪੇਸ਼ ਕਰਦੀ ਝਾਕੀ ਨੇ ਸਭ ਦਾ ਮਨ ਮੋਹ ਲਿਆ। ਪੰਜਾਬ ਦੀ ਝਾਕੀ ਵਿਚ ਗੁਰਦੁਆਰਾ ਸਾਹਿਬ ਦਿਖਾਇਆ ਗਿਆ ਜਿਥੇ ਸੰਗਤ ਪੰਗਤ ਵਿਚ ਲੰਗਰ ਛਕ ਰਹੀ ਸੀ। ਇਸ ਝਾਕੀ ਵਿਚ ਲੰਗਰ ਤਿਆਰ ਕਰਦੇ ਸਿੰਘ ਨੂੰ ਵਿਸ਼ੇਸ਼ ਤੌਰ ਉਤੇ ਦਿਖਾਇਆ ਗਿਆ। ਗਣਤੰਤਰ ਦਿਵਸ ਸਮਾਗਮ ਦੀ ਇਸ ਵਾਰ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਪਹਿਲੀ ਵਾਰ ਮੁੱਖ ਮਹਿਮਾਨ ਦੇ ਤੌਰ 'ਤੇ ਦਸ ਦੇਸ਼ਾਂ ਦੇ ਆਗੂ ਮੌਜੂਦ ਸਨ, ਜਿਨ੍ਹਾਂ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਬਿਠਾਇਆ ਗਿਆ ਸੀ।



## ਟੈਟੂ ਵਾਲਿਆਂ ਦੀ ਖੁੱਸ ਸਕਦੀ ਹੈ ਨੌਕਰੀ

**ਨਵੀਂ ਦਿੱਲੀ:** ਜਿਹੜੇ ਉਮੀਦਵਾਰਾਂ ਦੇ ਸਰੀਰ ਉਤੇ ਟੈਟੂ ਹੋਣਗੇ, ਉਨ੍ਹਾਂ ਨੂੰ ਭਾਰਤੀ ਹਵਾਈ ਫੌਜ ਵਿਚ ਨੌਕਰੀ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਇਸ ਪਾਬੰਦੀ ਉਤੇ ਅਦਾਲਤ ਨੇ ਵੀ ਮੋਹਰ ਲਗਾ ਦਿੱਤੀ ਹੈ। ਦਿੱਲੀ ਹਾਈ ਕੋਰਟ ਨੇ ਹਵਾਈ ਫੌਜ ਦੇ ਉਸ ਫੈਸਲੇ ਨੂੰ ਬਹਾਲ ਰੱਖਿਆ ਜਿਸ ਤਹਿਤ ਏਅਰਮੈਨ ਦੇ ਅਹੁਦੇ ਲਈ ਵਿਅਕਤੀ ਦੀ ਨਿਯੁਕਤੀ ਨੂੰ ਇਸ ਕਰ ਕੇ ਰੱਦ ਕਰ ਦਿੱਤਾ ਗਿਆ ਸੀ ਕਿ ਉਸ ਦੀ ਬਾਂਹ ਉਤੇ ਟੈਟੂ ਬਣਿਆ ਹੋਇਆ ਸੀ।

## ਟੀਪੂ ਸੁਲਤਾਨ ਦੇ ਵਿਰੋਧ 'ਚ ਅਕਾਲੀ ਵੀ ਭਾਜਪਾ ਨਾਲ ਰਲੇ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦਾ ਰੰਗ ਸ਼੍ਰੋਮਣੀ ਅਕਾਲੀ ਦਲ ਉਤੇ ਵੀ ਚੜ੍ਹਦਾ ਨਜ਼ਰ ਆ ਰਿਹਾ ਹੈ। ਪਹਿਲਾਂ ਭਾਜਪਾ ਮੁਸਲਮਾਨ ਸ਼ਾਸਕਾਂ ਅਕਬਰ- ਟੀਪੂ ਸੁਲਤਾਨ ਦਾ ਵਿਰੋਧ ਕਰਦੀ ਸੀ ਤੇ ਹੁਣ ਅਕਾਲੀ ਦਲ ਦੇ ਆਗੂ ਵੀ ਟੀਪੂ ਸੁਲਤਾਨ ਖਿਲਾਫ ਬੋਲਣ ਲੱਗੇ ਹਨ।

ਅਕਾਲੀ ਆਗੂ ਤੇ ਦਿੱਲੀ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਦਿੱਲੀ ਵਿਧਾਨ ਸਭਾ ਵਿਚ ਟੀਪੂ ਸੁਲਤਾਨ ਦੀ ਤਸਵੀਰ ਲਗਾਏ ਜਾਣ ਦੇ ਫੈਸਲੇ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਟੀਪੂ ਸੁਲਤਾਨ ਇਕ ਤਾਨਾਸ਼ਾਹ ਸੀ ਜਿਸ ਨੇ ਆਪਣੇ ਮਰਜ਼ੀ ਅਨੁਸਾਰ ਜਬਰੀ ਲੋਕਾਂ ਦਾ ਧਰਮ ਪਰਿਵਰਤਨ ਕਰਵਾਇਆ। ਸਿਰਸਾ ਨੇ ਕਿਹਾ ਕਿ ਟੀਪੂ ਸੁਲਤਾਨ ਨੇ ਖੁਦ ਇਹ ਗੱਲ ਮੰਨੀ ਸੀ ਕਿ ਉਸ ਨੇ 400 ਹਜ਼ਾਰ ਹਿੰਦੂਆਂ ਨੂੰ ਜਬਰੀ ਮੁਸਲਿਮ ਬਣਾਇਆ ਹੈ। ਅਜਿਹੇ ਫਿਰਕੂ ਵਿਅਕਤੀ ਦੀ ਤਸਵੀਰ ਵਿਧਾਨ ਸਭਾ ਵਿਚ ਲਾਉਣ ਦਾ ਫੈਸਲਾ ਬਿਲਕੁਲ ਹੀ ਤਰਕ ਵਿਹੂਣਾ ਹੈ।



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਵਰ੍ਹਦਿਆਂ ਸਿਰਸਾ ਨੇ ਉਨ੍ਹਾਂ ਨੂੰ ਚੇਤੇ ਕਰਵਾਇਆ ਕਿ ਅਸੀਂ ਲੋਕਤੰਤਰੀ ਦੇਸ਼ ਵਿਚ ਰਹਿੰਦੇ ਹਾਂ ਜਿਥੇ ਸਿਰਫ ਧਰਮ ਨਿਰਪੱਖਤਾ ਹੀ ਪ੍ਰਵਾਨ ਹੈ। ਉਨ੍ਹਾਂ ਵਿਧਾਨ ਸਭਾ ਦੇ ਸਪੀਕਰ ਨੂੰ ਅਪੀਲ ਕੀਤੀ ਕਿ ਉਹ ਅਜਿਹੀ ਤਸਵੀਰ ਤੁਰਤ ਹਟਾਏ ਜਾਣ ਦੇ ਹੁਕਮ ਦੇਣ, ਨਹੀਂ ਤਾਂ ਉਹ ਖੁਦ ਇਸ ਨੂੰ ਹਟਾਉਣ ਲਈ ਮਜਬੂਰ ਹੋਣਗੇ।

## ਸਰਕਾਰੀ ਬੈਂਕਾਂ 'ਤੇ ਮਿਹਰਬਾਨ ਹੋਏ ਮੋਦੀ

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਨੇ ਆਖਿਆ ਹੈ ਕਿ ਰਿਕਾਰਡ ਪੱਧਰ 'ਤੇ ਪੁੱਜੀ ਡੁੱਬੇ ਕਰਜ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਅਤੇ ਬੈਂਕਾਂ ਵੱਲੋਂ ਦਿੱਤੇ ਜਾਂਦੇ ਕਰਜ਼ਿਆਂ ਨੂੰ ਹੁਲਾਰਾ ਦੇਣ ਤੇ ਵਿਕਾਸ ਦੀ ਰਫਤਾਰ ਨੂੰ ਮੁੜ ਪੈਰਾਂ ਸਿਰ ਲਿਆਉਣ ਲਈ 31 ਮਾਰਚ ਤੋਂ ਪਹਿਲਾਂ ਜਨਤਕ ਖੇਤਰ ਦੇ ਬੈਂਕਾਂ (ਪੀ.ਐਸ.ਬੀਜ਼.) ਨੂੰ 88,139 ਕਰੋੜ ਰੁਪਏ ਦਾ ਸਰਮਾਇਆ ਦਿੱਤਾ ਜਾਵੇਗਾ।

ਬੈਂਕਿੰਗ ਸੈਕਟਰ ਲਈ ਸੁਧਾਰਾਂ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਵੱਡੀ ਰਕਮ ਦੇ ਕਰਜ਼ਿਆਂ ਦੀ ਵੰਡ ਲਈ ਸਖਤ ਨੇਮ ਤਿਆਰ ਕੀਤੇ ਗਏ ਹਨ। ਇਨ੍ਹਾਂ ਨੇਮਾਂ ਤਹਿਤ ਵੱਡੇ ਕਰਜ਼ੇ ਲੈ ਕੇ ਮਗਰੋਂ ਮੋੜਨ ਵਿਚ ਆਨਾਕਾਨੀ ਕਰਨ ਵਾਲਿਆਂ ਉਤੇ ਸਖਤ ਨਿਗਰਾਨੀ ਰੱਖੀ ਜਾਵੇਗੀ। ਢਾਈ ਸੌ ਕਰੋੜ ਤੋਂ ਉਪਰ ਦਾ ਕਰਜ਼ ਲੈਣ ਵਾਲਿਆਂ ਬਾਰੇ ਜਾਣਕਾਰੀ ਦੇਣਾ ਲਾਜ਼ਮੀ ਹੋਵੇਗਾ। ਸੁਧਾਰਾਂ ਦੀ ਇਸ ਨਵੀਂ ਲੜੀ ਤਹਿਤ ਬੈਂਕਾਂ ਨੂੰ ਵੀ ਵਧੇਰੇ ਪੇਸ਼ੇਵਰ ਬਣਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਸ੍ਰੀ ਜੇਤਲੀ ਨੇ ਕਿਹਾ ਕਿ ਬੈਂਕਾਂ ਨੂੰ ਪੂੰਜੀ ਦੇਣਾ ਸਰਕਾਰ ਵੱਲੋਂ ਪਿਛਲੇ ਸਾਲ ਅਕਤੂਬਰ ਵਿਚ ਐਲਾਨੀ ਵਿਸ਼ਾਲ 2.11 ਲੱਖ ਕਰੋੜ ਦੇ ਬੈਂਕ ਰੀਕੈਪੀਟਲਾਈਜ਼ੇਸ਼ਨ ਯੋਜਨਾ ਦਾ ਹਿੱਸਾ ਹੈ। ਇਸ ਯੋਜਨਾ ਤਹਿਤ ਰੱਖੇ ਫੰਡਾਂ ਨੂੰ ਦੋ ਵਿੱਤੀ ਸਾਲਾਂ 2017-18 ਤੇ 2018-19 ਵਿਚ ਵੰਡਿਆ ਗਿਆ ਹੈ।


**Friends Of Punjab Foundation**



ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

www.friendsofpunjabfoundation.org



**Michigan Truck Driving School**

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

## ਭਾਈ ਕਾਨ੍ਹ ਸਿੰਘ ਲਾਇਬਰੇਰੀ ਦਾ ਸਾਹਿਤ ਹੋਵੇਗਾ ਆਨਲਾਈਨ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵਿਚ ਸਥਿਤ ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਵਿਚ ਪਏ ਸਾਹਿਤ ਦੇ ਖਜ਼ਾਨੇ ਨੂੰ ਮਿੱਟੀ ਹੋਣ ਤੋਂ ਬਚਾਉਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਨੇ ਆਪਣਾ ਹੱਥ ਵਧਾਇਆ ਹੈ। ਵਾਈਸ ਚਾਂਸਲਰ ਦੀ ਪ੍ਰਵਾਨਗੀ ਨਾਲ ਇਹ ਕੰਮ ਸ਼ੁਰੂ ਕੀਤਾ ਗਿਆ ਹੈ।

ਇਹ ਸਾਹਿਤ ਮਾਈਕਰੋ ਫਿਲਮ ਦੇ ਰੂਪ ਵਿਚ ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਅੰਦਰ ਸਥਿਤ ਰੈਫਰੈਂਸ ਲਾਇਬਰੇਰੀ ਵਿਚ ਅਣਵਰਤਿਆ ਹੀ ਪਿਆ ਸੀ, ਜਿਸ ਨੂੰ ਹੁਣ ਡਿਜੀਟਲ ਰੂਪ ਦੇਣ ਮਗਰੋਂ ਪੀ.ਡੀ.ਐਫ. ਜਾਂ ਜੇ.ਪੀ.ਜੀ. ਫਾਈਲ ਬਣਾ ਕੇ ਆਨਲਾਈਨ ਪਾਇਆ ਜਾ ਸਕੇਗਾ, ਜਿਸ ਦਾ ਲਾਭ ਕਿਤੇ ਵੀ ਬੈਠਾ ਪਾਠਕ ਜਾਂ ਖੋਜਾਰਥੀ ਲੈ ਸਕੇਗਾ। ਮਾਈਕਰੋ ਫਿਲਮਾਂ ਨੂੰ ਡਿਵੈਲਪ ਕਰਨ ਦਾ ਕੰਮ ਜੀ.ਐਨ.ਡੀ.ਯੂ. ਦੇ ਖੋਜਾਰਥੀਆਂ ਨੇ ਆਰੰਭ ਦਿੱਤਾ ਹੈ। ਬਹੁਤ ਪੁਰਾਣੀਆਂ ਕਿਤਾਬਾਂ ਤੇ ਹੋਰ ਧਾਰਮਿਕ ਸਾਹਿਤ ਨੂੰ ਜਿਊਂਦਾ ਰੱਖਣ ਲਈ ਪੰਜਾਬੀ ਯੂਨੀਵਰਸਿਟੀ ਨੇ ਉਸ ਦੀਆਂ ਮਾਈਕਰੋ ਫਿਲਮਾਂ ਬਣਾ ਲਈਆਂ ਸਨ, ਪਰ ਤਕਨਾਲੋਜੀ ਅੱਗੇ ਵੱਧ ਜਾਣ ਕਰ ਕੇ ਮਾਈਕਰੋ ਫਿਲਮਾਂ ਦੀ ਵਰਤੋਂ ਹੋਣੀ ਬੰਦ ਹੋ ਗਈ ਤੇ ਇਹ ਸਾਹਿਤ ਖੋਜਾਰਥੀਆਂ ਦੀ ਪਹੁੰਚ ਤੋਂ ਦੂਰ ਹੋ ਗਿਆ।

## ਲੰਗਾਹ ਨਾਲ ਲਿਹਾਜ਼ ਵਾਲੇ ਜੇਲ੍ਹ ਸੁਪਰਡੈਂਟ ਦੀ ਜਵਾਬ ਤਲਬੀ

**ਪਟਿਆਲਾ:** ਜਬਰ ਜਨਾਹ ਮਾਮਲੇ ਵਿਚ ਕੇਂਦਰੀ ਜੇਲ੍ਹ ਵਿਚ ਬੰਦ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ 24 ਜਨਵਰੀ ਨੂੰ ਕੇਸ ਦੀ ਸੁਣਵਾਈ ਲਈ ਅਦਾਲਤ ਵਿਚ ਪੇਸ਼ ਨਾ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਗੁਰਦਾਸਪੁਰ ਦੀ ਹੇਠਲੀ ਅਦਾਲਤ ਨੇ ਜੇਲ੍ਹ ਸੁਪਰਡੈਂਟ ਰਾਜਨ ਕਪੂਰ ਦੀ ਜਵਾਬ ਤਲਬੀ ਕੀਤੀ ਹੈ।

ਗੁਰਦਾਸਪੁਰ ਦੇ ਵਧੀਕ ਸੈਸ਼ਨ ਜੱਜ ਨੇ ਪਟਿਆਲਾ ਜੇਲ੍ਹ ਪੁੱਜੇ ਹੁਕਮਾਂ ਵਿਚ ਕਿਹਾ ਹੈ ਕਿ 24 ਜਨਵਰੀ ਦੀ ਸੁਣਵਾਈ ਦੌਰਾਨ ਜੇਲ੍ਹ ਪ੍ਰਸ਼ਾਸਨ ਨੇ ਸੁੱਚਾ ਸਿੰਘ ਲੰਗਾਹ ਨੂੰ ਨਾ ਹੀ ਨਿੱਜੀ ਤੌਰ 'ਤੇ ਅਤੇ ਨਾ ਹੀ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ, ਹਾਲਾਂਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਬਾਅਦ ਵਿਚ ਲੰਗਾਹ ਦੇ ਬਿਮਾਰ ਹੋਣ ਸਬੰਧੀ ਮੈਡੀਕਲ ਸਰਟੀਫਿਕੇਟ ਵੀ ਅਦਾਲਤ ਵਿਚ ਪੁੱਜਦਾ ਕਰ ਦਿੱਤਾ ਗਿਆ ਸੀ। ਇਨ੍ਹਾਂ ਦਸਤਾਵੇਜ਼ਾਂ 'ਤੇ ਗੈਰ ਤਸੱਲੀ ਦਾ ਪ੍ਰਗਟਾਉਂਦਿਆਂ ਅਤੇ ਮੁਲਜ਼ਮ ਨੂੰ ਲਾਭ ਪਹੁੰਚਾਏ ਜਾਣ ਦਾ ਖਦਸ਼ਾ ਜ਼ਾਹਰ ਕਰਦਿਆਂ ਅਦਾਲਤ ਨੇ ਇਸ ਨੂੰ ਗੰਭੀਰ ਮਾਮਲਾ ਕਰਾਰ ਦਿੱਤਾ। ਅਦਾਲਤ ਨੇ ਜੇਲ੍ਹ ਸੁਪਰਡੈਂਟ ਨੂੰ ਹਦਾਇਤ ਕੀਤੀ ਕਿ ਉਹ ਲੰਗਾਹ ਕੇਸ ਸਬੰਧੀ ਸਥਿਤੀ ਸਪੱਸ਼ਟ ਕਰਨ ਕਿ ਅਜਿਹੀ ਉਣਤਾਈ ਸਬੰਧੀ ਕਿਉਂ ਨਾ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ? ਜ਼ਿਕਰਯੋਗ ਹੈ ਕਿ ਸਿਹਤ ਠੀਕ ਨਾ ਹੋਣ ਦੇ ਹਵਾਲੇ ਨਾਲ ਸੁੱਚਾ ਸਿੰਘ ਲੰਗਾਹ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਤ ਦਾਖਲ ਕਰਵਾਇਆ ਗਿਆ ਸੀ, ਜਿਥੋਂ ਉਸ ਨੂੰ ਪੀ.ਜੀ.ਆਈ. ਭੇਜ ਦਿੱਤਾ ਗਿਆ।

## ਸ਼੍ਰੋਮਣੀ ਕਮੇਟੀ ਮੋਦੀ ਸਰਕਾਰ ਕੋਲ ਉਠਾਏਗੀ ਸਿੱਖ ਮਸਲੇ

**ਸ੍ਰੀ ਆਨੰਦਪੁਰ ਸਾਹਿਬ:** ਸਿੱਖ ਮਸਲਿਆਂ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਉਚ ਪੱਧਰੀ ਵਫਦ ਜਲਦੀ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲੇਗਾ। ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜਗਦੀਸ਼ ਟਾਈਟਲਰ ਵੱਲੋਂ ਇਹ ਇਕਬਾਲ ਕਰਨਾ ਕਿ ਉਹ 1984 'ਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਸਮੇਂ ਰਾਜੀਵ ਗਾਂਧੀ ਨਾਲ ਗੱਡੀ ਵਿਚ ਬੈਠ ਕੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਗਏ ਸਨ, ਉਸ ਦੇ ਇਸ ਕਤਲੇਆਮ ਵਿਚ ਸ਼ਾਮਲ ਹੋਣ ਦੀ ਗਵਾਹੀ ਵਜੋਂ ਹੀ ਮੰਨਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਟਾਈਟਲਰ ਵੱਲੋਂ ਅੱਜ 34 ਸਾਲਾਂ ਬਾਅਦ ਇਹ ਬਿਆਨ ਦੇਣਾ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਨੇ ਧਾਰਾ 25 ਬੀ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਮਿਲਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਹਿਰ ਤਹਿਤ ਇਸ ਵਾਰ ਸ਼੍ਰੋਮਣੀ ਕਮੇਟੀ ਦੀ ਖਾਸ ਤਵੱਜੋ ਦਲਿਤ ਭਾਈਚਾਰੇ ਉਤੇ ਕੇਂਦਰਿਤ ਹੋਵੇਗੀ।

## ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਬਜ਼ੁਰਗਾਂ ਲਈ ਤਿੰਨ ਹੋਰ ਲਿਫਟਾਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਬਜ਼ੁਰਗ ਤੇ ਅਪਾਹਜ ਸ਼ਰਧਾਲੂਆਂ ਵਾਸਤੇ ਪੌੜੀਆਂ ਰਸਤੇ ਪਰਿਕਰਮਾ ਵਿਚ ਜਾਣ ਸਮੇਂ ਪੇਸ਼ ਆਉਂਦੀ ਮੁਸ਼ਕਲ ਹੱਲ ਕਰਨ ਲਈ ਚਾਰ ਥਾਂਵਾਂ ਉਤੇ ਕੁਰਸੀ ਵਾਲੀਆਂ ਲਿਫਟਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਤਿੰਨ ਲਿਫਟਾਂ ਸਥਾਪਤ ਹੋ ਚੁੱਕੀਆਂ ਹਨ ਅਤੇ ਇਕ ਉਤੇ ਕੰਮ ਚੱਲ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦਾਖਲ ਹੋਣ ਲਈ ਛੇ ਰਸਤੇ ਹਨ, ਜਿਨ੍ਹਾਂ ਵਿਚੋਂ ਚਾਰ ਰਸਤਿਆਂ ਤੋਂ ਪੌੜੀਆਂ ਰਾਹੀਂ ਹੇਠਾਂ ਉਤਰ ਕੇ ਪਰਿਕਰਮਾ ਵਿਚ ਆਉਣਾ ਪੈਂਦਾ ਹੈ। ਇਨ੍ਹਾਂ ਚਾਰ ਰਸਤਿਆਂ ਵਿਚ ਲੰਗਰ ਵਾਲੀ ਬਾਹੀ ਦਾ ਦਰਵਾਜ਼ਾ, ਆਟਾ ਮੰਡੀ ਡਿਊਢੀ ਤੇ ਅਕਾਲ ਤਖਤ ਦੇ ਨੇੜੇ ਦੋਵੇਂ ਪਾਸੇ ਦੀਆਂ ਡਿਉਢੀਆਂ ਸ਼ਾਮਲ ਹਨ। ਇਥੋਂ ਪੌੜੀਆਂ ਰਸਤੇ ਹੇਠਾਂ ਉਤਰਨ ਵਿਚ ਖਾਸ ਕਰ ਕੇ ਬਜ਼ੁਰਗ ਅਤੇ ਅਪਾਹਜ ਸ਼ਰਧਾਲੂਆਂ ਨੂੰ ਕਾਫੀ ਮੁਸ਼ਕਲ ਆਉਂਦੀ ਹੈ। ਮੁਸ਼ਕਲ ਨੂੰ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਚਾਰ ਥਾਂਵਾਂ 'ਤੇ ਕੁਰਸੀ ਵਾਲੀਆਂ ਲਿਫਟਾਂ ਲਾਈਆਂ ਜਾ ਰਹੀਆਂ ਹਨ। ਅਪਾਹਜ ਜਾਂ ਬਜ਼ੁਰਗ ਸ਼ਰਧਾਲੂ ਕੁਰਸੀ ਵਾਲੀ ਲਿਫਟ 'ਤੇ ਬੈਠ ਕੇ ਸਿਰਫ ਇਕ ਬਟਨ ਦੱਬਣ ਨਾਲ ਹੇਠਾਂ ਪਰਿਕਰਮਾ ਤੱਕ ਪੁੱਜ ਜਾਵੇਗਾ। ਇਸੇ ਤਰ੍ਹਾਂ ਪਰਿਕਰਮਾ ਤੋਂ ਉਪਰ ਵੀ ਜਾ ਸਕੇਗਾ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਕੁਰਸੀ ਵਾਲੀਆਂ ਲਿਫਟਾਂ ਚਾਰ ਦਿਸ਼ਾਵਾਂ ਤੋਂ ਪਰਿਕਰਮਾ ਵਿਚ ਦਾਖਲ ਹੋਣ ਲਈ ਸਥਾਪਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ 'ਚੋਂ 3 ਲਿਫਟਾਂ ਸਥਾਪਤ ਹੋ ਚੁਕੀਆਂ ਹਨ ਤੇ ਇਕ 'ਤੇ ਕੰਮ ਚੱਲ ਰਿਹਾ ਹੈ।

## ਖੇਤੀ ਵਿਗਿਆਨੀ ਡਾ. ਕਾਲਕਟ ਨਹੀਂ ਰਹੇ



**ਚੰਡੀਗੜ੍ਹ:** ਉਘੇ ਖੇਤੀ ਵਿਗਿਆਨੀ ਡਾ. ਗੁਰਚਰਨ ਸਿੰਘ ਕਾਲਕਟ ਦਾ ਦੇਹਾਂਤ ਹੋ ਗਿਆ। ਉਹ 91 ਵਰ੍ਹਿਆਂ ਦੇ ਸਨ। ਡਾ. ਕਾਲਕਟ ਨੂੰ ਮਾਮੂਲੀ ਬਿਮਾਰੀ ਕਾਰਨ ਪੀ.ਜੀ.ਆਈ. ਦਾਖਲ ਕਰਾਇਆ ਗਿਆ ਸੀ।

ਡਾ. ਕਾਲਕਟ ਦੀ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਖੇਤੀ ਅਰਥਚਾਰੇ ਨੂੰ ਵੱਡੀ ਦੇਣ ਹੈ। ਉਹ ਪੰਜਾਬ ਦੇ ਖੇਤੀਬਾੜੀ ਵਿਭਾਗ ਵਿਚ ਉਪ ਡਾਇਰੈਕਟਰ ਭਰਤੀ ਹੋਣ ਤੋਂ ਬਾਅਦ ਆਪਣੀ ਕੁਸ਼ਲਤਾ ਅਤੇ ਮਿਹਨਤ ਨਾਲ ਵਿਸ਼ਵ ਬੈਂਕ ਤੱਕ ਵੱਡੇ ਅਹੁਦਿਆਂ ਉਤੇ ਪਹੁੰਚੇ। ਉਹ ਪੰਜਾਬ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਲੰਮਾ ਸਮਾਂ ਉਪ ਕੁਲਪਤੀ ਰਹੇ। ਉਨ੍ਹਾਂ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੇਂਦਰੀ ਖੇਤੀ ਮੰਤਰਾਲੇ ਵਿਚ ਖੇਤੀ ਕਮਿਸ਼ਨਰ ਦੇ ਅਹੁਦੇ ਉਤੇ ਤਾਇਨਾਤ ਕੀਤਾ ਤੇ ਉਸ ਤੋਂ ਬਾਅਦ ਵਾਸ਼ਿੰਗਟਨ ਡੀਸੀ ਵਿਚ ਵਿਸ਼ੇਸ਼ ਬੈਂਕ 'ਚ ਖੇਤੀ ਵਿਗਿਆਨੀ ਵਜੋਂ ਵੀ ਸੇਵਾ ਨਿਭਾਉਂਦੇ ਰਹੇ। ਪੰਜਾਬ ਸਰਕਾਰ ਨੇ ਸਾਲ 2005 ਵਿਚ ਜਦੋਂ ਪੰਜਾਬ ਖੇਤੀ ਕਮਿਸ਼ਨ ਦਾ ਗਠਨ ਕੀਤਾ ਤਾਂ ਉਨ੍ਹਾਂ ਨੂੰ ਪਹਿਲਾ ਚੇਅਰਮੈਨ ਨਿਯੁਕਤ ਕੀਤਾ ਗਿਆ।

## Matrimonials

### ਲੜਕੀ ਦੀ ਲੋੜ ਹੈ

Jat Sikh London born boy 28 years, 6'-1.5" tall, slim, fair, Post Graduate in Investment Management, working for American company in London. Seeking US born Jat Sikh girl, graduate, employed. Pl. contact gagandeep52@hotmail.com ; Ph (0)7966 069571 4-7

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

Wanted suitable girl for Ramgarhia Sikh Electrical engineer boy 29, 5'-9". Turbaned, Non Alcoholic. Working in a reputed company. Well settled. Caste no bar. Call: 313-718-0178 2-5

### ਵਰ ਦੀ ਲੋੜ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com 5-8

Wanted suitable U.S. citizen boy for U.S. citizen Jatt Sikh girl 27 yrs, 5'-2", Software Engineer from California. Down-to-earth traditional Punjabi family seeking similar family background. Contact: bsinghs408@gmail.com 5-8

**Punjab Times**
*Ph: 847-359-0746*
*Visit us on the web:*
***punjabtimesusa.com***

## ਅਕਾਲੀ ਸਰਕਾਰ ਦੇ ਨੀਲੇ ਕਾਰਡਾਂ ਦੀ ਥਾਂ ਸਮਾਰਟ ਕਾਰਡ

**ਪਟਿਆਲਾ:** ਦੇਸ਼ ਦੇ 69ਵੇਂ ਗਣਤੰਤਰ ਦਿਵਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਦਾ ਆਗਾਜ਼ ਕਰਦਿਆਂ ਪੰਜਾਬ ਦੇ ਲੋੜਵੰਦਾਂ ਨੂੰ ਵੱਖ-ਵੱਖ ਸਰਕਾਰੀ ਸਕੀਮਾਂ ਦੇ ਲਾਭ ਦੇਣ ਦੀ ਸ਼ੁਰੂਆਤ ਕੀਤੀ। ਇਸੇ ਦੌਰਾਨ ਉਨ੍ਹਾਂ ਨੇ ਖੁਰਾਕ ਅਤੇ ਸਿਵਲ ਸਪਲਾਈਜ ਵਿਭਾਗ ਦੀ ਪੁਰਾਣੀ ਆਟਾ ਦਾਲ ਸਕੀਮ ਲਈ ਨੀਲੇ ਕਾਰਡਾਂ ਨੂੰ ਰੱਦ ਕਰਦਿਆਂ ਇਨ੍ਹਾਂ ਦੀ ਥਾਂ 'ਤੇ ਸਮਾਰਟ ਕਾਰਡ ਜਾਰੀ ਕੀਤੇ।

ਮੁੱਖ ਮੰਤਰੀ ਨੇ ਸ਼ਹਿਰ ਪਟਿਆਲਾ ਅਤੇ ਜ਼ਿਲ੍ਹੇ ਦੇ ਬਾਕੀ ਦਿਹਾਤੀ ਖੇਤਰ ਦੇ ਵਿਕਾਸ ਲਈ 50 ਕਰੋੜ ਰੁਪਏ ਦੇ ਹੋਰ ਪ੍ਰਾਜੈਕਟਾਂ ਦਾ ਐਲਾਨ ਵੀ ਕੀਤਾ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਖੁਦਕੁਸ਼ੀਆਂ ਨਾ ਕਰਨ ਦੀ ਅਪੀਲ ਕੀਤੀ ਅਤੇ ਦੱਸਿਆ ਕਿ ਪੰਜਾਬ ਸਰਕਾਰ ਮਾੜੀ ਹਾਲਤ ਦੇ ਬਾਵਜੂਦ ਨਵੰਬਰ 2018 ਤੱਕ ਸਾਰੇ 17 ਲੱਖ ਕਿਸਾਨਾਂ ਨੂੰ ਸਰਕਾਰ ਦੀ ਕਰਜ਼ਾ ਮੁਆਫੀ ਸਕੀਮ ਦਾ ਲਾਭ ਦੇਵੇਗੀ। ਜਦੋਂ ਕਿ ਹੁਣ ਤੱਕ 10 ਲੱਖ 25 ਹਜ਼ਾਰ ਕਿਸਾਨਾਂ ਨੂੰ ਦੋ ਲੱਖ ਰੁਪਏ ਤੱਕ ਦੇ ਕਰਜ਼ ਮੁਆਫੀ ਦਾ ਲਾਭ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਸਰਕਾਰ ਸੰਭਾਲੀ ਤਾਂ ਅਕਾਲੀ-ਭਾਜਪਾ ਸਰਕਾਰ ਦੀ 10 ਸਾਲਾਂ ਦੀ ਮਾੜੀ ਕਾਰਗੁਜ਼ਾਰੀ ਦੇ ਚਲਦਿਆਂ 2 ਲੱਖ 8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ।

## ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ
ਸੰਪਰਕ ਕਰੋ:
ਫੋਨ: 262-391-7666
2-


## ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਤੌਰ 'ਤੇ ਲੋੜ ਹੈ
*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

**Restaurant Help**
**Immediately hiring Tandooria & Kitchen Helper for Indian restaurant in Indiana.**
*Good salary and free accommodation.
ਸੰਪਰਕ ਕਰੋ: ਟੋਨੀ
ਫੋਨ: 317-340-1470
5-6

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਲੰਡਨ ਵਿਚ ਭਾਰਤ ਪੱਖੀ ਤੇ ਵਿਰੋਧੀ ਗਰੁਪਾਂ ਵਿਚਾਲੇ ਟੱਕਰ

## ਆਜ਼ਾਦ ਕਸ਼ਮੀਰ ਤੇ ਖਾਲਿਸਤਾਨ ਦੇ ਪੱਖ 'ਚ ਹੋਏ ਪ੍ਰਦਰਸ਼ਨ

**ਲੰਡਨ:** ਭਾਰਤੀ ਹਾਈ ਕਮਿਸ਼ਨ ਬਾਹਰ ਭਾਰਤ ਪੱਖੀ ਅਤੇ ਵਿਰੋਧੀ ਗਰੁੱਪਾਂ ਦਰਮਿਆਨ ਟਕਰਾਅ ਹੋ ਗਿਆ। ਹਾਊਸ ਆਫ ਲਾਰਡਜ਼ ਦੇ ਪਾਕਿਸਤਾਨ ਪੱਖੀ ਮੈਂਬਰ ਲਾਰਡ ਨਜ਼ੀਰ ਅਹਿਮਦ ਵੱਲੋਂ ਗਣਤੰਤਰ ਦਿਵਸ ਮੌਕੇ ਕਸ਼ਮੀਰ ਦੀ ਆਜ਼ਾਦੀ ਅਤੇ ਖਾਲਿਸਤਾਨ ਦੇ ਪੱਖ ਵਿਚ 'ਕਾਲਾ ਦਿਨ' ਮਨਾਉਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਖਿਲਾਫ਼ ਕਈ ਭਾਰਤੀ ਤੇ ਬ੍ਰਿਟਿਸ਼ ਧੜੇ ਡਟ ਗਏ।

ਭਾਰਤ ਦੇ 69ਵੇਂ ਗਣਤੰਤਰ ਦਿਵਸ ਮੌਕੇ ਪਾਕਿਸਤਾਨ ਦੇ ਸਮਰਥਨ ਵਾਲੀ 'ਕਾਲਾ ਦਿਨ' ਮੁਹਿੰਮ ਦਾ ਉਦੇਸ਼ 'ਭਾਰਤ ਵਿਚ ਤਸ਼ੱਦਦ' ਨੂੰ ਉਭਾਰਨਾ ਸੀ। ਨਜ਼ੀਰ ਅਹਿਮਦ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਲੰਡਨ ਆਉਣ ਤੱਕ ਰੋਸ ਪ੍ਰਦਰਸ਼ਨ ਜਾਰੀ ਰਹਿਣਗੇ। ਲਾਰਡ ਨਜ਼ੀਰ ਦੇ ਰੋਸ ਮੁਜ਼ਾਹਰੇ ਦੀ ਯੋਜਨਾ ਖਿਲਾਫ਼ ਭਾਰਤੀ ਭਾਈਚਾਰੇ ਵੱਲੋਂ 'ਚਲੋ ਇੰਡੀਆ ਹਾਊਸ' ਮੁਹਿੰਮ ਛੇੜੀ ਗਈ। ਦੋਵੇਂ ਧਿਰਾਂ ਵੱਲੋਂ ਭਾਰਤੀ ਹਾਈ ਕਮਿਸ਼ਨ ਦੀ ਇਮਾਰਤ ਬਾਹਰ ਇਕ ਦੂਜੇ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਟਕਰਾਅ ਰੋਕਣ ਲਈ ਸਕਾਟਲੈਂਡ ਯਾਰਡ ਅਧਿਕਾਰੀ ਮੌਜੂਦ ਸਨ।




ਭਾਰਤੀ ਹਾਈ ਕਮਿਸ਼ਨ ਨੇ ਇਸ ਰੋਸ ਪ੍ਰਦਰਸ਼ਨ ਨੂੰ 'ਬੇਆਬਰੂ ਸਿਆਸਤਦਾਨ ਦਾ ਲਾਚਾਰ ਯਤਨ' ਕਰਾਰ ਦਿੱਤਾ, ਜਿਸ ਨੂੰ ਯਹੂਦੀਆਂ ਖਿਲਾਫ਼ ਵਿਵਾਦ ਛੇੜਨ ਬਾਅਦ 2013 ਵਿਚ ਲੇਬਰ ਪਾਰਟੀ ਨੇ ਮੁਅੱਤਲ ਕਰ ਦਿੱਤਾ ਸੀ। ਕੱਟੜਪੰਥੀਆਂ ਦੇ ਸਮਰਥਕ ਮੰਨੇ ਜਾਂਦੇ ਲਾਰਡ ਨਜ਼ੀਰ ਨੂੰ ਖਤਰਨਾਕ ਡਰਾਈਵਿੰਗ ਲਈ ਸਜ਼ਾ ਵੀ ਹੋ ਚੁੱਕੀ ਹੈ। ਕਸ਼ਮੀਰ ਦੀ ਆਜ਼ਾਦੀ ਅਤੇ ਖਾਲਿਸਤਾਨ ਦੀ ਮੰਗ ਲਈ ਲਾਰਡ ਨਜ਼ੀਰ ਦੀ ਅਗਵਾਈ ਹੇਠ ਸੈਂਕੜੇ ਪ੍ਰਦਰਸ਼ਨਕਾਰੀਆਂ ਨੂੰ ਭਾਰਤ ਪੱਖੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਦੋਵੇਂ ਧਿਰਾਂ ਹੱਥੋ-ਪਾਈ ਵੀ ਹੋਈਆਂ। ਭਾਰਤੀ ਕਾਰਕੁਨ ਤੇ ਲੇਖਕ ਨੇ ਕਿਹਾ, 'ਮੈਂ ਇਥੇ ਲਾਰਡ ਨਜ਼ੀਰ ਨੂੰ ਦੱਸਣ ਆਇਆ ਹਾਂ ਕਿ ਉਹ ਮੇਰੇ ਸੂਬੇ ਜੰਮੂ ਕਸ਼ਮੀਰ ਲਈ ਆਜ਼ਾਦੀ ਮੰਗ ਰਹੇ ਹਨ ਪਰ ਮੈਂ ਪਾਕਿ ਦੇ ਸਮਰਥਨ ਵਾਲੇ ਅਤਿਵਾਦ, ਗੋਲੀਬੰਦੀ ਦੀ ਉਲੰਘਣਾ ਅਤੇ ਉਨ੍ਹਾਂ ਦੀ ਗੁੱਝੀ ਜੰਗ ਤੋਂ ਆਜ਼ਾਦੀ ਚਾਹੁੰਦਾ ਹਾਂ।'

ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਬਾਹਰ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿਚ ਪ੍ਰਦਰਸ਼ਨ ਖਿਲਾਫ਼ ਖੜ੍ਹੇ ਹੋਣ ਵਾਲਿਆਂ ਦੀ ਸ਼ਲਾਘਾ ਕੀਤੀ ਹੈ। ਸ੍ਰੀ ਰਿਜਿਜੂ ਨੇ ਟਵੀਟ ਕੀਤਾ, 'ਲੰਡਨ ਵਿਚ ਰਹਿੰਦੇ ਭਾਰਤੀ ਦੇਸ਼ ਭਗਤਾਂ ਨੂੰ ਸਲਾਮ। ਮੁੱਠੀ ਭਰ ਕੱਟੜਵਾਦੀ ਭਾਰਤ ਦੇ ਹੌਸਲੇ ਨੂੰ ਝੁਕਾ ਨਹੀਂ ਸਕਦੇ।'

### ਕੈਨੇਡਾ ਦੇ ਗਰਮਖਿਆਲੀਆਂ ਲਈ ਵੀਜ਼ਾ ਸਖਤੀ ਦੀ ਤਿਆਰੀ

**ਜਲੰਧਰ:** ਭਾਰਤ ਸਰਕਾਰ ਕੈਨੇਡਾ ਦੇ ਉਨ੍ਹਾਂ ਗਰਮਖਿਆਲੀ ਸਿੱਖਾਂ ਲਈ ਵੀਜ਼ਾ ਸ਼ਰਤਾਂ ਸਖਤ ਕਰਨ ਉਤੇ ਵਿਚਾਰ ਕਰ ਰਹੀ ਹੈ ਜਿਨ੍ਹਾਂ ਨੇ ਭਾਰਤੀ ਰਾਜਦੂਤਾਂ ਦੇ ਗੁਰਦੁਆਰਿਆਂ ਵਿਚ ਦਾਖਲੇ ਉਤੇ ਪਾਬੰਦੀ ਲਾਈ ਸੀ।

ਜ਼ਿਕਰਯੋਗ ਹੈ ਕਿ ਓਂਟਾਰੀਓ ਦੇ 14 , ਐਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਦੇ 16 ਗੁਰਦੁਆਰਿਆਂ ਦੀਆਂ ਕਮੇਟੀਆਂ ਨੇ ਭਾਰਤੀ ਰਾਜਦੂਤਾਂ ਅਤੇ ਅਧਿਕਾਰੀਆਂ ਦੇ ਦਾਖਲੇ ਉਤੇ ਪਾਬੰਦੀ ਲਾਈ ਸੀ।

ਸੂਤਰਾਂ ਅਨੁਸਾਰ ਕੈਨੇਡਾ ਵਿਚਲੇ ਭਾਰਤੀ ਅਧਿਕਾਰੀਆਂ ਨੇ ਪਾਬੰਦੀ ਦੇ ਫੈਸਲੇ ਨਾਲ ਸਿੱਧੇ ਅਤੇ ਅਸਿੱਧੇ ਰੂਪ ਨਾਲ ਜੁੜੇ ਸਿੱਖ ਆਗੂਆਂ ਦੀ ਸੂਚੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ।

### ਨਾਈਟ ਕਲੱਬ 'ਚ ਤਕਰਾਰ ਦੌਰਾਨ ਪੰਜਾਬੀ ਕਾਮੇ ਦੀ ਮੌਤ

**ਵੈਨਕੂਵਰ:** ਵੈਨਕੂਵਰ ਸਥਿਤ ਕਬਾਨਾ ਕਲੱਬ ਵਿਚ ਦੋ ਗਰੁੱਪਾਂ ਦੀ ਤਕਰਾਰ ਦੌਰਾਨ ਕਲੱਬ ਦੇ ਕਾਮੇ ਦੀ ਮੌਤ ਹੋ ਗਈ। ਉਹ ਦੋਹਾਂ ਧਿਰਾਂ ਨੂੰ ਸਮਝਾ ਬੁਝਾ ਕੇ ਸ਼ਾਂਤ ਕਰ ਰਿਹਾ ਸੀ। ਮ੍ਰਿਤਕ ਦੀ ਪਛਾਣ 23 ਸਾਲਾ ਕੁਲਵਿੰਦਰ ਸਿੰਘ ਬਿੰਦ ਵਜੋਂ ਹੋਈ ਹੈ। ਉਸ ਨੇ ਕੁਝ ਮਹੀਨੇ ਪਹਿਲਾਂ ਹੀ ਕਲੱਬ 'ਚ ਕੰਮ ਸ਼ੁਰੂ ਕੀਤਾ ਸੀ।

ਪੁਲਿਸ ਨੇ ਵੀ ਇਹ ਗੱਲ ਮੰਨ ਲਈ ਹੈ ਕਿ ਉਹਦੀ ਮੌਤ ਬਚਾਅ ਕਰਾਉਣ ਦੇ ਯਤਨ ਦੌਰਾਨ ਇਕ ਗਰੁੱਪ ਵੱਲੋਂ ਲਾਈਆਂ ਸੱਟਾਂ ਕਾਰਨ ਹੋਈ ਹੈ। ਮ੍ਰਿਤਕ ਪੰਜਾਬੀ ਨੂੰ ਜਾਣਨ ਵਾਲਿਆਂ ਦਾ ਕਹਿਣਾ ਹੈ ਕਿ ਉਹ ਬਹੁਤ ਹੀ ਮਿਲਣਸਾਰ ਤੇ ਸਹਿਜ ਸੁਭਾਅ ਵਾਲਾ ਸੀ। ਲੜਾਈ ਦੌਰਾਨ ਦੋਹਾਂ ਧਿਰਾਂ ਦੇ ਤਿੰਨ ਲੋਕਾਂ ਨੂੰ ਵੀ ਸੱਟਾਂ ਲੱਗੀਆਂ। ਪੁਲਿਸ ਵੱਲੋਂ ਲੜਾਈ ਦੇ ਕਾਰਨ ਤੇ ਦੋਸ਼ੀਆਂ ਦੀ ਪਛਾਣ ਕੀਤੀ ਜਾ ਰਹੀ ਹੈ।

## ਜਦੋਂ ਪੰਜਾਬੀ ਨੇ ਭਜਾਏ ਲੁਟੇਰੇ...

**ਲੰਡਨ:** ਯੂ. ਕੇ. ਵਿਚ ਭਾਰਤੀ ਮੂਲ ਦੇ ਦੁਕਾਨਦਾਰ ਨੇ ਹਥੌੜਿਆਂ ਨਾਲ ਲੈਸ ਤਿੰਨ ਲੁਟੇਰਿਆਂ ਦਾ ਬਹਾਦਰੀ ਨਾਲ ਟਾਕਰਾ ਕੀਤਾ ਜਦੋਂਕਿ ਉਸ ਕੋਲ ਲੁਟੇਰਿਆਂ ਦਾ ਸਾਹਮਣਾ ਕਰਨ ਲਈ ਮਹਿਜ਼ ਗੱਤੇ ਦੇ ਡੱਬੇ ਸਨ। ਰਾਜ ਸੰਧੂ (55) ਦਾ ਇਹ ਦਲੇਰਾਨਾ ਕਦਮ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਿਆ ਹੈ। ਰਾਤ ਨੂੰ ਵਾਰਵਿਕਸ਼ਾਇਰ ਦੇ ਵੈਲਫੋਰਡ-ਆਨ-ਏਵਨ ਵਿਚ ਮੇਅਪੋਲ ਸਟੋਰਜ਼ ਉਤੇ ਉਹ ਲੁਟੇਰਿਆਂ ਨਾਲ ਜੂਝਿਆ। ਬਾਂਹਾਂ ਝਰੀਟੀਆਂ ਜਾਣ ਦੇ ਬਾਵਜੂਦ ਉਸ ਨੇ ਲੁਟੇਰਿਆਂ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ ਤੇ ਭੱਜੇ ਜਾਂਦੇ ਲੁਟੇਰੇ ਕੁਝ ਕੁ ਨਗਦੀ ਹੀ ਲਿਜਾ ਸਕੇ।

ਸ੍ਰੀ ਸੰਧੂ ਨੇ ਕੋਵੈਂਟਰੀ ਟੈਲੀਗ੍ਰਾਫ ਨੂੰ ਦੱਸਿਆ, "ਮੇਰੇ ਵਿਚ ਸੁਭਾਵਿਕ ਦਲੇਰੀ ਹੈ। ਮੈਨੂੰ ਲੱਗਦਾ ਹੈ ਕਿ ਜੇ ਮੈਂ ਟਾਕਰਾ ਨਾ ਕਰਦਾ ਤਾਂ ਉਨ੍ਹਾਂ ਮੇਰੇ ਸਿਰ ਵਿਚ ਹਥੌੜਾ ਮਾਰਨਾ ਸੀ। ਮੈਂ ਕਾਊਂਟਰ ਪਿੱਛੇ ਜਾਣ ਦਾ ਯਤਨ ਕਰ ਰਿਹਾ ਸੀ ਕਿਉਂਕਿ ਉਥੇ ਪੈਨਿਕ ਬਟਨ ਹੈ ਪਰ ਹਥੌੜਿਆਂ ਨਾਲ ਹਮਲੇ ਕਾਰਨ ਉਸ ਨੇ ਕੰਮ ਕਰਨਾ ਬੰਦ ਕਰ ਦਿੱਤਾ।"

ਜਦੋਂ ਲੁਟੇਰੇ ਦੁਕਾਨ 'ਚ ਦਾਖਲ ਹੋਏ ਤਾਂ ਰਾਜ ਸੰਧੂ ਕੈਸ਼ ਮਸ਼ੀਨ ਖਾਲੀ ਕਰ ਰਿਹਾ ਸੀ ਪਰ ਉਨ੍ਹਾਂ ਦਾ ਧਿਆਨ ਪੋਸਟ ਆਫਿਸ ਸੇਫ ਉਤੇ ਸੀ ਜਦੋਂ ਉਹ ਇਸ ਨੂੰ ਖੋਲ੍ਹਣ ਵਿਚ ਨਾਕਾਮ ਰਹੇ ਤਾਂ ਉਹ ਦੁਕਾਨਦਾਰ ਵੱਲ ਹੋ ਗਏ ਜਿਸ ਕੋਲ ਆਪਣੇ ਆਪ ਨੂੰ ਬਚਾਉਣ ਲਈ ਮਹਿਜ਼ ਗੱਤੇ ਦੇ ਡੱਬੇ ਸਨ।

# ਪਰਵਾਸੀਆਂ ਨੂੰ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਨਿਵੇਸ਼ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਸਿਹਤ ਅਤੇ ਸਿੱਖਿਆ ਖੇਤਰ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਮੂਲ ਦੇ ਲੋਕਾਂ ਨੂੰ ਆਪੋ-ਆਪਣੇ ਜੱਦੀ ਪਿੰਡਾਂ-ਸ਼ਹਿਰਾਂ ਵਿਚ ਸਕੂਲਾਂ ਤੇ ਡਿਸਪੈਂਸਰੀਆਂ/ਹਸਪਤਾਲਾਂ ਦੇ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਲਈ ਵਿੱਤੀ ਸਹਾਇਤਾ ਦੇਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ।

ਪੰਜਾਬ ਵਿਧਾਨ ਸਭਾ ਵਿਚ ਸਪੀਕਰ ਦੇ ਦਫਤਰ ਵਿਚ ਯੂਰਪ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਇਕ ਸੰਯੁਕਤ ਵਫਦ ਨੇ ਰਾਣਾ ਕੇਪੀ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਬਹੁਤੇ ਪਰਵਾਸੀ ਪੰਜਾਬੀ ਸਿਆਸੀ ਸਰਗਰਮੀਆਂ 'ਤੇ ਪੈਸਾ ਖਰਚ ਕਰਦੇ ਹਨ ਜਦਕਿ ਉਨ੍ਹਾਂ ਨੂੰ ਆਪਣੀ ਮਿਹਨਤ ਦੀ ਕਮਾਈ ਸਮਾਜਿਕ ਭਲਾਈ ਦੇ ਕੰਮਾਂ ਉਤੇ ਖਰਚ ਕਰਨੀ ਚਾਹੀਦੀ ਹੈ। ਵਫਦ ਮੈਂਬਰਾਂ ਵੱਲੋਂ ਪਰਵਾਸੀ ਪੰਜਾਬੀਆਂ ਦੇ ਜ਼ਮੀਨਾਂ ਸਬੰਧੀ ਝਗੜਿਆਂ ਦੇ ਜਲਦੀ ਹੱਲ ਲਈ ਕੋਈ ਢਾਂਚਾ ਸਥਾਪਤ ਕਰਨ ਦੀ ਮੰਗ ਵੀ ਕੀਤੀ ਗਈ। ਸਪੀਕਰ ਨੇ ਭਰੋਸਾ ਦਿੱਤਾ ਕਿ ਇਸ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਬਹੁਤ ਗੰਭੀਰ ਹੈ ਅਤੇ ਜਲਦੀ ਹੀ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਨੀਤੀ ਲਿਆਂਦੀ ਜਾਵੇਗੀ। ਵਫਦ ਮੈਂਬਰਾਂ ਵਿਚ ਰਾਜਵਿੰਦਰ ਸਿੰਘ, ਕਮਲਪ੍ਰੀਤ ਧਾਲੀਵਾਲ, ਦਿਲਬਾਗ ਸਿੰਘ, ਜਗਤਾਰ ਸਿੰਘ, ਗੁਰਮੇਲ ਸਿੰਘ, ਅਮਰ ਸਿੰਘ, ਸਤਨਾਮ ਸਿੰਘ, ਕੁਲਵੰਤ ਸਿੰਘ, ਬਲਵਿੰਦਰ ਗਿੱਲ, ਗੁਰਭਾਈ ਧਾਲੀਵਾਲ, ਬਲਜਿੰਦਰ ਜੈਨਪੁਰ, ਹਰਜਿੰਦਰ ਗਿੱਲ, ਕਮਲ, ਸੰਦੀਪ ਵੜੈਚ, ਪੰਕਜ ਕੈਨ, ਕਰਨ ਬੁੱਟਰ, ਬੌਬੀ ਢਿੱਲੋਂ, ਅਮਨ ਹੇਅਰ ਅਤੇ ਨਛੱਤਰ ਕਲਸੀ ਹਾਜ਼ਰ ਸਨ।

## ਸੂਫੀ ਗਾਇਕ ਸਾਬਰ ਕੋਟੀ ਸਪੁਰਦੇ-ਏ-ਖਾਕ

**ਜਲੰਧਰ:** ਪੰਜਾਬੀ ਸੂਫੀ ਗਾਇਕ ਸਾਬਰ ਕੋਟੀ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਤੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਸਨ। ਸਾਬਰ ਕੋਟੀ ਦਾ ਪਰਿਵਾਰ ਇਥੇ ਦੀਪ ਨਗਰ ਵਿਚ ਰਹਿ ਰਿਹਾ ਹੈ। ਉਨ੍ਹਾਂ ਦੀ ਮੌਤ ਦੀ ਖਬਰ ਸੁਣ ਕੇ ਸੰਗੀਤ ਦੀ ਦੁਨੀਆਂ ਵਿਚ ਸੋਗ ਦੀ ਲਹਿਰ ਫੈਲ ਗਈ।



ਸਾਬਰ ਕੋਟੀ ਨੇ ਗਾਇਕੀ ਦੇ ਖੇਤਰ ਵਿਚ ਆਪਣਾ ਨਾਂ ਕਮਾਉਣ ਲਈ ਸਖਤ ਮਿਹਨਤ ਤੇ ਸੰਘਰਸ਼ ਕੀਤਾ ਸੀ। ਉਹ ਉਸਤਾਦ ਪੂਰਨ ਸ਼ਾਹ ਕੋਟੀ ਅਤੇ ਉਸਤਾਦ ਬਖਸ਼ੀ ਰਾਮ ਦੇ ਸ਼ਾਗਿਰਦ ਸਨ। ਸਾਬਰ ਕੋਟੀ ਨੇ ਸੂਫੀ ਗਾਇਕ ਹੰਸ ਰਾਜ ਹੰਸ ਨਾਲ ਵੀ ਲੰਮਾ ਸਮਾਂ ਗੁਜ਼ਾਰਿਆ। ਸਾਬਰ ਕੋਟੀ ਦੇ ਪਰਿਵਾਰ ਵਿਚ ਪਤਨੀ ਤੇ ਦੋ ਪੁੱਤਰ ਹਨ। ਉਸ ਦਾ ਇਕ ਪੁੱਤ ਸੰਗੀਤ ਖੇਤਰ ਵਿਚ ਦਾਖਲ ਹੋ ਚੁੱਕਾ ਹੈ।

# ਆਈ.ਪੀ.ਐਲ. ਨਿਲਾਮੀ: ਕੇ.ਐਲ. ਰਾਹੁਲ ਤੇ ਪਾਂਡੇ 'ਤੇ ਨੋਟਾਂ ਦਾ ਮੀਂਹ

**ਬੰਗਲੌਰ:** ਅਮੀਰਾਂ ਦੀ ਖੇਡ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਵਿਚ ਭਾਰਤ ਅਤੇ ਇੰਗਲੈਂਡ ਦੇ ਖਿਡਾਰੀਆਂ ਦਾ ਕਰੋੜਾਂ ਰੁਪਏ ਵਿਚ ਮੁੱਲ ਪਿਆ। ਫਰੈਂਚਾਈਜ਼ੀਆਂ ਨੇ ਭਾਰਤੀ ਖਿਡਾਰੀ ਕੇ.ਐਲ. ਰਾਹੁਲ ਅਤੇ ਮਨੀਸ਼ ਪਾਂਡੇ ਉਤੇ ਪੈਸਿਆਂ ਦਾ ਖੂਬ ਮੀਂਹ ਵਰ੍ਹਾਇਆ ਜਦਕਿ ਇੰਗਲੈਂਡ ਦੇ ਹਰਫਨਮੌਲਾ ਬੇਨ ਸਟੋਕਸ ਦੀ ਸਭ ਤੋਂ ਵੱਧ ਕੀਮਤ ਲੱਗੀ।



ਯੁਵਰਾਜ ਨੂੰ ਕਿੰਗਜ਼ ਇਲੈਵਨ ਪੰਜਾਬ ਅਤੇ ਹਰਭਜਨ ਨੂੰ ਚੇਨਈ ਸੁਪਰ ਕਿੰਗਜ਼ (ਸੀ.ਐਸ.ਕੇ.) ਨੇ ਉਨ੍ਹਾਂ ਦੇ ਆਧਾਰ ਮੁੱਲ ਦੋ-ਦੋ ਕਰੋੜ ਰੁਪਏ ਵਿਚ ਖਰੀਦਿਆ। ਬੋਲੀ ਵਿਚ ਕਿੰਗਜ਼ ਇਲੈਵਨ ਪੰਜਾਬ ਅਤੇ ਚੇਨਈ ਸੁਪਰ ਕਿੰਗਜ਼ ਨੂੰ ਪਛਾੜ ਕੇ ਰਾਜਸਥਾਨ ਰਾਇਲਜ਼ ਨੇ ਸਟੋਕਸ ਨੂੰ 12.5 ਕਰੋੜ ਰੁਪਏ ਵਿਚ ਖਰੀਦਿਆ। ਸਲਾਮੀ ਬੱਲੇਬਾਜ਼ ਰਾਹੁਲ ਅਤੇ ਮੱਧ ਕ੍ਰਮ ਦੇ ਬੱਲੇਬਾਜ਼ ਪਾਂਡੇ ਉਤੇ ਕ੍ਰਮਵਾਰ ਕਿੰਗਜ਼ ਇਲੈਵਨ ਪੰਜਾਬ ਅਤੇ ਸਨਰਾਈਜ਼ ਹੈਦਰਾਬਾਦ ਨੇ 11-11 ਕਰੋੜ ਰੁਪਏ ਖਰਚੇ। ਇਨ੍ਹਾਂ ਉਤੇ ਲੱਗੀ ਕੀਮਤ ਨੂੰ ਵੇਖਦਿਆਂ ਦੋਵਾਂ ਖਿਡਾਰੀਆਂ ਦੇ ਅਸਲੀ ਫਰੈਂਚਾਈਜ਼ੀ ਆਰ.ਸੀ.ਬੀ. ਅਤੇ ਕੇ. ਕੇ. ਆਰ. ਨੇ ਮੈਚ ਦਾ ਅਧਿਕਾਰ (ਐਮ.ਟੀ.ਆਰ.) ਕਾਰਡ ਨਹੀਂ ਵਰਤਿਆ।

ਸਨਰਾਈਜ਼ ਹੈਦਰਾਬਾਦ ਨੇ ਆਪਣੇ ਅਫਗਾਨੀ ਸਪਿਨਰ ਰਸ਼ੀਦ ਖਾਨ ਅਰਮਾਨ ਨੂੰ ਨੌਂ ਕਰੋੜ ਰੁਪਏ ਵਿਚ ਮੁੜ ਖਰੀਦ ਲਿਆ। ਭਾਰਤੀ ਟੀਮ ਵਿਚੋਂ ਬਾਹਰ ਚੱਲ ਰਹੇ ਕਰੁਨ ਨਾਇਰ 'ਤੇ ਕਿੰਗਜ਼ ਇਲੈਵਨ ਪੰਜਾਬ ਨੇ ਪੰਜ ਲੱਖ 60 ਹਜ਼ਾਰ ਰੁਪਏ ਲਾਏ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਦੀ ਅਗਵਾਈ ਵਾਲੀ ਚੇਨਈ ਸੁਪਰ ਕਿੰਗਜ਼ ਨੇ ਕੇਦਾਰ ਜਾਧਵ 'ਤੇ ਸੱਤ ਕਰੋੜ 80 ਲੱਖ ਰੁਪਏ ਦੀ ਚੰਗੀ ਕੀਮਤ ਲਾਈ।

ਇਸੇ ਤਰ੍ਹਾਂ ਚੇਨਈ ਨੇ ਆਪਣੇ ਪੁਰਾਣੇ ਖਿਡਾਰੀ ਰਵੀਚੰਦਰਨ ਅਸ਼ਵਿਨ ਨੂੰ ਜ਼ਿਆਦਾ ਤਵੱਜੋ ਨਹੀਂ ਦਿੱਤੀ, ਜਿਸ ਨੂੰ ਪੰਜਾਬ ਨੇ ਸੱਤ ਕਰੋੜ 60 ਲੱਖ ਰੁਪਏ ਵਿਚ ਲੈ ਲਿਆ।

ਟੀ-20 ਖਿਡਾਰੀ ਸੰਜੂ ਸੈਮਸਨ ਨੂੰ ਰਾਜਸਥਾਨ ਨੇ ਅੱਠ ਕਰੋੜ ਅਤੇ ਕੇ.ਕੇ.ਆਰ. ਨੇ ਰੋਬਿਨ ਉਥੱਪਾ ਨੂੰ ਛੇ ਕਰੋੜ ਚਾਲੀ ਲੱਖ ਰੁਪਏ ਵਿਚ ਖਰੀਦਿਆ। ਆਰ.ਸੀ.ਬੀ. ਨੇ ਕਰਨ ਸ਼ਰਮਾ ਉਤੇ ਪੰਜ ਕਰੋੜ ਅਤੇ ਯੁਜ਼ਵੇਂਦਰ ਚਾਹਲ 'ਤੇ ਛੇ ਕਰੋੜ ਰੁਪਏ ਲਾਏ ਜਦੋਂਕਿ ਕੇ.ਕੇ.ਆਰ. ਨੇ ਕੁਲਦੀਪ ਯਾਦਵ 'ਤੇ ਪੰਜ ਕਰੋੜ 80 ਲੱਖ ਰੁਪਏ ਲਾਏ। ਦਿੱਲੀ ਡੇਅਰਡੇਵਿਲਜ਼ ਨੇ ਰਾਹੁਲ ਤੇਵਤੀਆ ਨੂੰ ਅਤੇ ਕੇ.ਕੇ.ਆਰ. ਨੇ ਵਿਕਟਕੀਪਰ ਦਿਨੇਸ਼ ਕਾਰਤਿਕ ਨੂੰ ਸੱਤ ਕਰੋੜ 40 ਲੱਖ ਰੁਪਏ ਵਿਚ ਖਰੀਦਿਆ। ਰਿਧੀਮਾਨ ਸਾਹਾ ਪੰਜ ਕਰੋੜ ਰੁਪਏ ਵਿਚ ਸਨਰਾਈਜ਼ ਨਾਲ ਚਲੇ ਗਏ ਜਦੋਂਕਿ ਪਾਰਥਿਵ ਪਟੇਲ ਦਾ ਕੋਈ ਮੁੱਲ ਨਹੀਂ ਪਿਆ।

ਇਸ ਵਾਰ ਦੀ ਆਈ.ਪੀ.ਐਲ. ਬੋਲੀ ਵਿਚ ਸਟੋਕਸ ਦੀ ਚੜ੍ਹਾਈ ਰਹੀ। ਹਾਲਾਂਕਿ ਪਿਛਲੀ ਵਾਰ ਸਟੋਕਸ ਨੂੰ ਰਾਈਜ਼ਿੰਗ ਪੁਣੇ ਸੁਪਰਜਾਇੰਟਸ ਨੇ ਸਾਢੇ 14 ਕਰੋੜ ਰੁਪਏ ਵਿਚ ਖਰੀਦਿਆ ਸੀ। ਇਸ ਤੋਂ ਇਲਾਵਾ ਮਿਸ਼ੇਲ ਸਟਾਰਕ ਅਤੇ ਗਲੈਨ ਮੈਕਸਵੈਲ ਨੂੰ ਕਲਕੱਤਾ ਨਾਈਟ ਰਾਈਡਰਜ਼ (ਕੇ.ਕੇ.ਆਰ.) ਅਤੇ ਦਿੱਲੀ ਡੇਅਰਡੇਵਿਲਜ਼ ਨੇ ਕ੍ਰਮਵਾਰ ਨੌਂ ਕਰੋੜ 60 ਲੱਖ ਰੁਪਏ ਅਤੇ ਨੌਂ ਕਰੋੜ ਰੁਪਏ ਵਿਚ ਖਰੀਦਿਆ। ਕੇ.ਕੇ.ਆਰ. ਨੇ ਕ੍ਰਿਸ ਲਾਈਨ ਨੂੰ ਨੌਂ ਕਰੋੜ 60 ਲੱਖ ਰੁਪਏ ਵਿਚ ਲਿਆ ਜਦੋਂਕਿ ਦਿੱਲੀ ਡੇਅਰਡੇਵਿਲਜ਼ ਨੇ ਗੌਤਮ ਗੰਭੀਰ ਉਤੇ ਦੋ ਕਰੋੜ 80 ਲੱਖ ਰੁਪਏ ਦੀ ਕੀਮਤ ਲਾਈ।

### ਕ੍ਰਿਸ ਗੇਲ ਦੀ ਵੀ ਸੁਣੀ ਗਈ

**ਬੈਂਗਲੂਰ:** ਆਈ.ਪੀ.ਐਲ. 11 ਦੀ ਨਿਲਾਮੀ ਵਿਚ ਕ੍ਰਿਸ ਗੇਲ ਨੂੰ ਦੋ ਵਾਰ ਨਕਾਰ ਦਿੱਤਾ ਗਿਆ ਪਰ ਤੀਸਰੀ ਵਾਰ ਕਿੰਗਜ਼ ਇਲੈਵਨ ਪੰਜਾਬ ਵੱਲੋਂ ਦਰਿਆਦਿਲੀ ਵਿਖਾਉਂਦੇ ਹੋਏ ਪ੍ਰੀਟੀ ਜ਼ਿੰਟਾ ਤੇ ਸਹਿਵਾਗ ਨੇ ਉਸ ਦੀ ਬੋਲੀ ਲਗਾ ਹੀ ਦਿੱਤੀ।



ਹਾਲਾਂਕਿ ਕ੍ਰਿਸ ਗੇਲ ਆਪਣੀ ਮੁਢਲੀ ਕੀਮਤ 2 ਕਰੋੜ ਰੁਪਏ ਵਿਚ ਹੀ ਵਿਕੇ ਹਨ। ਇਸ ਮੌਕੇ ਨਿਪਾਲ ਦੇ ਨੌਜਵਾਨ ਕ੍ਰਿਕਟਰ ਸੰਦੀਪ ਲਮੀਛਾਨੇ ਨੇ ਦਿੱਲੀ ਡੇਅਰਡੇਵਿਲਜ਼ ਦੀ ਟੀਮ ਵਿਚ ਆਪਣੀ ਜਗ੍ਹਾ ਬਣਾ ਲਈ ਹੈ। ਇਸ 17 ਸਾਲਾ ਲੈੱਗ ਸਪਿਨਰ ਨੂੰ ਦਿੱਲੀ ਡੇਅਰਡੇਵਿਲਜ਼ ਨੇ ਉਸ ਦੇ ਮੁਢਲੀ ਕੀਮਤ 20 ਲੱਖ ਰੁਪਏ ਵਿਚ ਖਰੀਦਿਆ ਹੈ। ਇਹ ਨਿਪਾਲੀ ਕ੍ਰਿਕਟਰ ਸਾਲ 2016 ਵਿਚ ਅੰਡਰ-19 ਵਿਸ਼ਵ ਕੱਪ ਦੌਰਾਨ ਤਦ ਸੁਰਖੀਆਂ ਵਿਚ ਆਇਆ ਸੀ ਜਦ ਉਸ ਨੇ ਇਕ ਮੈਚ ਵਿਚ ਹੈਟ੍ਰਿਕ ਸਮੇਤ 5 ਵਿਕਟ ਆਪਣੇ ਨਾਂ ਕੀਤੀਆਂ ਸਨ।

# ਸਰਹੱਦੀ ਗੋਲੀਬਾਰੀ ਦਾ ਸ਼ਿਕਾਰ ਜਵਾਨਾਂ ਦੇ ਪਰਿਵਾਰ ਲਾਰਿਆਂ ਆਸਰੇ

**ਚੰਡੀਗੜ੍ਹ:** ਭਾਰਤ ਪਾਕਿਸਤਾਨ ਸਰਹੱਦ ਉਤੇ ਹੁੰਦੀ ਗੋਲੀਬਾਰੀ ਅਤੇ ਕਸ਼ਮੀਰ ਦੇ ਹਾਲਾਤ ਕਾਰਨ ਜਵਾਨਾਂ ਅਤੇ ਸਰਹੱਦੀ ਖੇਤਰਾਂ ਵਿਚ ਰਹਿੰਦੇ ਲੋਕਾਂ ਦੇ ਸਿਰ ਉਤੇ ਖਤਰੇ ਦੇ ਬੱਦਲ ਮੰਡਰਾਉਂਦੇ ਰਹਿੰਦੇ ਹਨ। ਫੌਜ ਅਤੇ ਬੀ.ਐਸ.ਐਫ. ਵਿਚ ਭਰਤੀ ਨੌਜਵਾਨਾਂ ਦੀਆਂ ਪੰਜਾਬ ਦੇ ਘਰਾਂ ਵਿਚ ਆ ਰਹੀਆਂ ਲਾਸ਼ਾਂ ਗਮਗੀਨ ਮਾਹੌਲ ਪੈਦਾ ਕਰਨ ਵਾਲੀਆਂ ਹਨ। ਸਰਕਾਰਾਂ ਇਨ੍ਹਾਂ ਜਵਾਨਾਂ ਦੇ ਪਰਿਵਾਰਾਂ ਨੂੰ ਸੰਭਾਲਣ ਦੇ ਨਾਮ ਉਤੇ ਕਈ ਯੋਜਨਾਵਾਂ ਦਾ ਐਲਾਨ ਕਰਦੀਆਂ ਹਨ ਪਰ ਉਨ੍ਹਾਂ ਉਤੇ ਅਮਲ ਘੱਟ ਹੀ ਹੋ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਸਰਹੱਦਾਂ ਅਤੇ ਦੇਸ਼ ਦੀ ਰੱਖਿਆ ਲਈ ਮਰਨ ਵਾਲੇ ਜਵਾਨਾਂ ਦੇ ਵਾਰਸਾਂ ਦੀ ਮਦਦ ਲਈ ਪੰਜ ਲੱਖ ਰੁਪਏ ਦੀ ਸਹਾਇਤਾ ਤੇ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸ਼ਹੀਦ ਦੇ ਬੱਚਿਆਂ ਨੂੰ ਪੜ੍ਹਾਈ ਵਿਚ ਰਾਖਵਾਂਕਰਨ ਅਤੇ ਮਹੀਨਾਵਾਰ ਪੈਨਸ਼ਨ ਦੇਣ ਦੀ ਵਿਵਸਥਾ ਹੈ। ਪਰ ਹੁਣ ਆਰਥਿਕ ਤੰਗੀ ਵਿਚੋਂ ਲੰਘ ਰਹੀ ਪੰਜਾਬ ਸਰਕਾਰ ਅਜਿਹੀਆਂ ਸਹੂਲਤਾਂ ਦੇਣ ਤੋਂ ਪਾਸਾ ਵੱਟ ਰਹੀ ਹੈ।



ਪਾਕਿਸਤਾਨੀ ਅਤਿਵਾਦੀਆਂ ਵੱਲੋਂ ਜੰਮੂ ਕਸ਼ਮੀਰ 'ਚ ਰਾਜੌਰੀ ਦੇ ਨੌਸ਼ਹਿਰਾ ਸੈਕਟਰ ਵਿਚ 18 ਜੁਲਾਈ 2017 ਨੂੰ ਕੀਤੀ ਗੋਲੀਬਾਰੀ ਦੌਰਾਨ ਸਕੂਲ ਵਿਚ ਫਸੇ 217 ਬੱਚਿਆਂ ਨੂੰ ਬਾਹਰ ਕੱਢਣ ਵੇਲੇ ਭਾਰਤੀ ਫੌਜ ਦੇ 8 ਸਿੱਖ ਲਾਈਟ ਯੂਨਿਟ ਦਾ ਜਸਪ੍ਰੀਤ ਸਿੰਘ ਜੱਸੀ (24) ਸ਼ਹੀਦ ਹੋ ਗਿਆ ਸੀ। ਉਹ ਤਲਵੰਡੀ ਮੱਲ੍ਹੀਆਂ, ਮੋਗਾ ਦਾ ਰਹਿਣ ਵਾਲਾ ਸੀ, ਜਿਸ ਦੀ ਅੰਤਿਮ ਅਰਦਾਸ ਮੌਕੇ ਪੰਜਾਬ ਸਰਕਾਰ ਵੱਲੋਂ ਕਈ ਐਲਾਨ ਕੀਤੇ ਗਏ ਸਨ। ਇਨ੍ਹਾਂ ਵਿਚ ਸ਼ਹੀਦ ਦੇ ਛੋਟੇ ਭਰਾ ਨੂੰ ਪੁਲਿਸ ਵਿਚ ਨੌਕਰੀ ਅਤੇ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ ਦੇਣਾ ਸ਼ਾਮਲ ਸੀ, ਪਰ ਛੇ ਮਹੀਨੇ ਬੀਤਣ ਬਾਅਦ ਵੀ ਪਰਿਵਾਰ ਆਰਥਿਕ ਤੰਗੀ ਨਾਲ ਜੂਝ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਐਲਾਨੀ ਰਕਮ ਵਿਚੋਂ ਪੰਜ ਲੱਖ ਰੁਪਏ ਸ਼ਹੀਦ ਦੀ ਅੰਤਿਮ ਅਰਦਾਸ ਮੌਕੇ ਜ਼ਿਲ੍ਹਾ ਸੈਨਿਕ ਭਲਾਈ ਦਫਤਰ ਵੱਲੋਂ ਦਿੱਤੇ ਗਏ ਸਨ, ਪਰ ਸਰਕਾਰੀ ਨੌਕਰੀ ਦਾ ਵਾਅਦਾ ਹਾਲੇ ਵਫਾ ਨਹੀਂ ਹੋਇਆ।

ਸ਼ਹੀਦ ਜਸਪ੍ਰੀਤ ਸਿੰਘ ਜੱਸੀ ਦੇ ਪਿਤਾ ਸਰਬਣ ਸਿੰਘ ਨੇ ਦੱਸਿਆ ਕਿ ਉਹ ਮਜ਼ਦੂਰੀ ਕਰ ਕੇ ਆਪਣੇ ਬੱਚਿਆਂ ਦਾ ਪੇਟ ਪਾਲ ਰਹੇ ਹਨ, ਪਰ ਸਰਕਾਰ ਵੱਲੋਂ ਐਲਾਨੀ ਗਈ ਰਕਮ ਦਾ ਨਾ ਹੀ ਪੰਜ ਲੱਖ ਰੁਪਏ ਬਕਾਇਆ ਦਿੱਤਾ ਗਿਆ ਹੈ ਅਤੇ ਨਾ ਹੀ ਛੋਟੇ ਪੁੱਤਰ ਨੂੰ ਪੁਲਿਸ ਵਿਭਾਗ ਵਿਚ ਨੌਕਰੀ ਮਿਲੀ ਹੈ। ਇਸੇ ਤਰ੍ਹਾਂ ਭਾਰਤੀ ਫੌਜ ਦੇ 2-ਸਿੱਖ ਰੈਜਮੈਂਟ ਦੇ ਲਾਂਸ ਨਾਇਕ ਗੁਰਮੇਲ ਸਿੰਘ 23 ਦਸੰਬਰ 2017 ਨੂੰ ਜੰਮੂ ਕਸ਼ਮੀਰ ਦੇ ਰਾਜੌਰੀ ਸੈਕਟਰ ਵਿਚ ਸਰਹੱਦ ਉਤੇ ਪਾਕਿਸਤਾਨੀ ਫੌਜ ਵੱਲੋਂ ਘਾਤ ਲਾ ਕੇ ਕੀਤੇ ਹਮਲੇ ਵਿਚ ਸ਼ਹੀਦ ਹੋ ਗਏ ਸਨ। ਉਨ੍ਹਾਂ ਦੇ ਸਿਰ 'ਤੇ ਪਰਿਵਾਰ ਦੀ ਪੂਰੀ ਜ਼ਿੰਮੇਵਾਰੀ ਸੀ। ਗੁਰਮੇਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਦੱਸਿਆ ਕਿ ਉਸ ਨੇ ਜ਼ਮੀਨ ਥੋੜ੍ਹੀ ਹੋਣ ਕਰ ਕੇ ਲੰਮਾ ਸਮਾਂ ਸਾਈਕਲ 'ਤੇ ਅੰਮ੍ਰਿਤਸਰ ਕਾਰਖਾਨੇ ਜਾ ਕੇ ਮਿਹਨਤ ਮਜ਼ਦੂਰੀ ਕਰ ਕੇ ਪਰਿਵਾਰ ਦਾ ਪਾਲਣ-ਪੋਸ਼ਣ ਕੀਤਾ ਅਤੇ ਬੱਚਿਆਂ ਨੂੰ ਪੜ੍ਹਾਇਆ। ਜਦੋਂ ਗੁਰਮੇਲ ਸਿੰਘ 2005 ਵਿਚ ਫੌਜ 'ਚ ਭਰਤੀ ਹੋ ਗਿਆ ਤਾਂ ਉਸ ਨੇ ਉਨ੍ਹਾਂ ਨੂੰ ਕਾਰਖਾਨੇ ਜਾਣ ਤੋਂ ਹਟਾ ਲਿਆ ਤੇ ਕਿਹਾ ਕਿ ਹੁਣ ਉਹ ਘਰ ਬੈਠ ਕੇ ਆਰਾਮ ਦੀ ਜ਼ਿੰਦਗੀ ਜਿਊਣ।

ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਗੁਰਮੇਲ ਸਿੰਘ ਦੇ ਸ਼ਹੀਦ ਹੋਣ ਮਗਰੋਂ ਇੰਜ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਪਰਿਵਾਰ ਪਹਿਲਾਂ ਵਾਲੇ ਗੁਰਬਤ ਭਰੇ ਸਮੇਂ ਵਿਚੋਂ ਲੰਘ ਰਿਹਾ ਹੋਵੇ। ਉਨ੍ਹਾਂ ਕਿਹਾ ਕਿ ਛੋਟਾ ਪੁੱਤਰ ਮਾਲਵਿੰਦਰ ਸਿੰਘ ਵੀ ਕੋਈ ਰੁਜ਼ਗਾਰ ਨਾ ਹੋਣ ਕਰ ਕੇ ਮਿਹਨਤ ਮਜ਼ਦੂਰੀ ਕਰਦਾ ਹੈ। ਹੁਣ ਤੱਕ ਪਰਿਵਾਰ ਨੂੰ ਪੰਜ ਲੱਖ ਰੁਪਏ ਪੰਜਾਬ ਸਰਕਾਰ ਅਤੇ ਇਕ ਲੱਖ ਰੁਪਏ ਸ਼ਹੀਦ ਗੁਰਮੇਲ ਸਿੰਘ ਦੇ ਸਾਥੀ ਫੌਜੀ ਜਵਾਨਾਂ ਵੱਲੋਂ ਸ਼ਰਧਾਂਜਲੀ ਸਮਾਗਮ ਵਾਲੇ ਦਿਨ ਪਹਿਲੀ ਜਨਵਰੀ ਨੂੰ ਸਹਾਇਤਾ ਰਾਸ਼ੀ ਵਜੋਂ ਪ੍ਰਾਪਤ ਹੋਏ ਸਨ। ਇਸ ਤੋਂ ਇਲਾਵਾ ਜੋ ਸਹਾਇਤਾ ਰਾਸ਼ੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮਿਲਣੀ ਹੈ, ਉਸ ਦੀ ਕਾਗਜ਼ੀ ਕਾਰਵਾਈ ਚੱਲ ਰਹੀ ਹੈ।

ਦੇਸ਼ ਲਈ ਆਪਣੀ ਜਾਨ ਵਾਰਨ ਵਾਲੇ ਪਿੰਡ ਵੇਈਂਪੂਈਂ ਦੇ ਨਾਇਬ ਸੂਬੇਦਾਰ ਸ਼ਹੀਦ ਪਰਮਜੀਤ ਸਿੰਘ ਦੀ ਮੌਤ ਮਗਰੋਂ ਉਸ ਦੇ ਪਰਿਵਾਰ ਤੇ ਖਾਸ ਕਰ ਕੇ ਉਸ ਦੀ ਪਤਨੀ ਨੂੰ ਕਬੀਲਦਾਰੀ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਗੰਭੀਰ ਮਾਨਸਿਕ ਖਲਾਅ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਪਰਮਜੀਤ ਸਿੰਘ ਨੂੰ ਪਿਛਲੇ ਸਾਲ ਜੰਮੂ ਦੇ ਪੁਣਛ ਸੈਕਟਰ ਵਿਚ ਪਹਿਲੀ ਮਈ ਦੀ ਸਵੇਰ ਨੂੰ ਪਾਕਿਸਤਾਨ ਦੀ ਬਾਰਡਰ ਐਕਸ਼ਨ ਟੀਮ (ਬੈਟ) ਨੇ ਸ਼ਹੀਦ ਕਰ ਦਿੱਤਾ ਸੀ।

ਪਰਮਜੀਤ ਸਿੰਘ ਦੀ ਵਿਧਵਾ ਪਰਮਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਦੀ ਸ਼ਹਾਦਤ ਮਗਰੋਂ ਬੱਚਿਆਂ ਦੇ ਪਾਲਣ-ਪੋਸ਼ਣ ਸਮੇਤ ਕਬੀਲਦਾਰੀ ਦੀਆਂ ਅਚਾਨਕ ਆ ਪਈਆਂ ਜ਼ਿੰਮੇਵਾਰੀਆਂ ਨੇ ਉਸ ਦੀ ਮਾਨਸਿਕ ਸਥਿਤੀ 'ਤੇ ਵੀ ਪ੍ਰਭਾਵ ਪਾਇਆ ਹੈ। ਸ਼ਹੀਦ ਦੀ ਸਭ ਤੋਂ ਵੱਡੀ ਧੀ ਸਿਮਰਨਦੀਪ ਕੌਰ ਦਸਵੀਂ ਜਮਾਤ ਵਿਚ ਪੜ੍ਹਦੀ ਹੈ, ਜਦਕਿ ਕਿ ਉਸ ਦੇ ਛੋਟੇ ਜੁੜਵਾਂ ਬੱਚਿਆਂ ਵਿਚੋਂ ਧੀ ਖੁਸ਼ਦੀਪ ਕੌਰ ਸਤਵੀਂ ਤੇ ਪੁੱਤਰ ਸਾਹਿਲਦੀਪ ਸਿੰਘ ਛੇਵੀਂ ਜਮਾਤ ਦਾ ਵਿਦਿਆਰਥੀ ਹੈ। ਪਰਿਵਾਰ ਦੀਆਂ ਹੋਰ ਸਮੱਸਿਆਵਾਂ ਦੇ ਨਾਲ ਹੀ ਪਰਮਜੀਤ ਕੌਰ ਨੂੰ ਆਪਣੇ ਬੱਚਿਆਂ ਦੀ ਉਚੇਰੀ ਪੜ੍ਹਾਈ ਦੀ ਚਿੰਤਾ ਵੀ ਸਤਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਉਸ ਨਾਲ ਕੀਤੇ ਗਏ ਵਾਅਦੇ ਅਨੁਸਾਰ ਉਸ ਨੂੰ ਅੱਜ ਤੱਕ ਵੀ ਰਿਹਾਇਸ਼ੀ ਪਲਾਟ ਨਾ ਦੇਣ ਕਰ ਕੇ ਉਸ ਨੂੰ ਪਿੰਡ ਵਿਚ ਹੀ ਬੱਚਿਆਂ ਦੀ ਪੜ੍ਹਾਈ ਆਦਿ ਦਾ ਧਿਆਨ ਰੱਖਦਿਆਂ ਵੱਖਰੀ ਰਿਹਾਇਸ਼ ਬਣਾਉਣੀ ਪੈ ਰਹੀ ਹੈ। ਪਿੰਡ ਵਿਚ ਸ਼ਹੀਦ ਦੀ ਯਾਦਗਾਰ ਬਣਾਉਣ, ਪਿੰਡ ਦੇ ਸਰਕਾਰੀ ਸਕੂਲ ਦਾ ਨਾਂ ਸ਼ਹੀਦ ਦੇ ਨਾਮ 'ਤੇ ਰੱਖਣ, ਪਿੰਡ ਵਿਚ ਸ਼ਹੀਦ ਦੀ ਯਾਦ ਵਿਚ ਖੇਡ ਦਾ ਮੈਦਾਨ ਬਣਾਉਣ ਆਦਿ ਦੇ ਕੰਮ ਹੁਣ ਤੱਕ ਸ਼ੁਰੂ ਨਹੀਂ ਕੀਤੇ ਗਏ।

## 'ਆਪ' ਵੱਲੋਂ ਮਾਝੇ ਵਿਚ ਪਕੜ ਮਜ਼ਬੂਤ ਕਰਨ ਲਈ ਹੰਭਲਾ

**ਅੰਮ੍ਰਿਤਸਰ:** ਵਿਧਾਨ ਸਭਾ ਚੋਣਾਂ ਅਤੇ ਨਗਰ ਨਿਗਮ ਚੋਣਾਂ ਵਿਚ ਮਾਤ ਖਾਣ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਨੇ ਇਕ ਵਾਰ



ਮੁੜ ਮਾਝਾ ਦੇ 25 ਵਿਧਾਨ ਸਭਾ ਹਲਕਿਆਂ ਵਿਚ ਆਪਣੀ ਪਕੜ ਮਜ਼ਬੂਤ ਕਰਨ ਲਈ ਹੰਭਲਾ ਮਾਰਨ ਦੀ ਯੋਜਨਾ ਤਿਆਰ ਕੀਤੀ ਹੈ। ਇਹ ਮੁਹਿੰਮ ਪਹਿਲੀ ਫਰਵਰੀ ਤੋਂ ਅਗਲੇ ਸਾਲ ਤੱਕ ਮਾਝਾ ਦੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚ 'ਮਾਝਾ ਮਜ਼ਬੂਤ ਮਿਸ਼ਨ' ਤਹਿਤ ਚਲਾਈ ਜਾਵੇਗੀ।

ਇਸ ਦਾ ਖੁਲਾਸਾ ਮਾਝਾ ਜ਼ੋਨ ਦੇ ਨਵ ਨਿਯੁਕਤ ਕਨਵੀਨਰ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ 25 ਵਿਧਾਨ ਸਭਾ ਹਲਕਿਆਂ ਵਿਚ ਇਕ ਸਾਲ ਦੌਰਾਨ 750 ਮੀਟਿੰਗਾਂ ਕਰ ਕੇ ਦਸ ਹਜ਼ਾਰ ਵਾਲੰਟੀਅਰ ਤਿਆਰ ਕੀਤੇ ਜਾਣਗੇ। ਇੰਜ, 25 ਵਿਧਾਨ ਸਭਾ ਹਲਕਿਆਂ ਵਿਚੋਂ ਦਸ ਹਜ਼ਾਰ ਵਾਲੰਟੀਅਰ ਤਿਆਰ ਕੀਤੇ ਜਾਣਗੇ, ਜੋ ਪਾਰਟੀ ਦੀਆਂ ਨੀਤੀਆਂ ਅਤੇ ਅਕਾਲੀ-ਭਾਜਪਾ ਗੱਠਜੋੜ ਦੀ ਕੇਂਦਰੀ ਸਰਕਾਰ, ਪੰਜਾਬ ਕਾਂਗਰਸ ਸਰਕਾਰ ਅਤੇ ਪਿਛਲੇ ਅਕਾਲੀ ਭਾਜਪਾ ਸਰਕਾਰ ਦੀਆਂ ਨਾਕਾਮੀਆਂ ਬਾਰੇ ਲੋਕਾਂ ਨੂੰ ਦੱਸਣਗੇ।

# ਮੰਤਰੀ ਦੀ ਕੁਰਸੀ ਲਈ ਬੇਚੈਨ ਹੋਏ ਕਾਂਗਰਸੀ ਵਿਧਾਇਕ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਦਾ ਇਸ਼ਾਰਾ ਮਿਲਣ ਤੋਂ ਬਾਅਦ ਪੰਜਾਬ ਦੇ ਮੰਤਰੀ ਮੰਡਲ ਵਿਚ ਵਾਧੇ ਲਈ ਤਿਆਰੀਆਂ ਹੁਣ ਤੋਂ ਹੀ ਸ਼ੁਰੂ ਹੋ ਗਈਆਂ ਹਨ। ਮੰਤਰੀ ਮੰਡਲ 'ਚ ਵਾਧੇ ਲਈ ਕਈ ਚਾਹਵਾਨ ਵਿਧਾਇਕ ਪਹਿਲਾਂ ਹੀ ਕਾਫੀ ਸਰਗਰਮ ਹੋ ਚੁੱਕੇ ਹਨ ਪਰ ਹੁਣ ਹਾਈ ਕਮਾਨ ਵੱਲੋਂ ਮਾਰਚ ਦੇ ਮਹੀਨੇ ਵਿਚ ਮੰਤਰੀ ਮੰਡਲ ਵਿਚ ਵਾਧੇ ਦੀ ਹਰੀ ਝੰਡੀ ਮਿਲਣ ਤੋਂ ਬਾਅਦ ਇਹ ਪ੍ਰਕਿਰਿਆ ਤੇਜ਼ ਹੋ ਗਈ ਹੈ। ਕਈ ਆਗੂ ਤਾਂ ਮੰਤਰੀ ਬਣਨ ਲਈ ਦਿੱਲੀ ਚੱਕਰ ਲਗਾ ਕੇ ਆਏ ਹਨ ਜਦਕਿ ਕਈ ਆਗੂ ਹੁਣ ਤੱਕ ਮੰਤਰੀ ਮੰਡਲ ਵਿਚ ਸਥਾਨ ਪਾਉਣ ਲਈ ਆਪਣੇ ਸੰਪਰਕਾਂ ਰਾਹੀਂ ਗੱਲਬਾਤ ਕਰ ਰਹੇ ਹਨ। ਫਰਵਰੀ ਤੇ ਆਖਰੀ ਹਫਤੇ ਵਿਚ ਲੁਧਿਆਣਾ ਨਿਗਮ ਦੀ ਚੋਣਾਂ ਹੋਣ ਤੋਂ ਬਾਅਦ ਚਾਰ ਨਿਗਮਾਂ ਦੀ ਚੋਣ ਪ੍ਰਕਿਰਿਆ ਬਿਲਕੁਲ ਖਤਮ ਹੋ ਜਾਵੇਗੀ।

ਇਸ ਵੇਲੇ ਪੰਜਾਬ ਮੰਤਰੀ ਮੰਡਲ ਵਿਚ ਮੰਤਰੀਆਂ ਦੇ ਮਾਮਲੇ ਵਿਚ ਮਾਲਵਾ ਖੇਤਰ ਦਾ ਬੋਲਬਾਲਾ ਹੈ। ਮੰਤਰੀ ਮੰਡਲ 'ਚ ਮਾਲਵਾ ਖੇਤਰ ਦੇ 6 ਮੰਤਰੀ ਅਤੇ ਮਾਝੇ ਦੇ 3 ਮੰਤਰੀ ਸ਼ਾਮਲ ਹਨ। ਮੰਤਰੀ ਮੰਡਲ 'ਚ ਦੋਆਬੇ ਦਾ ਇਕ ਮੰਤਰੀ ਸ਼ਾਮਲ ਸੀ, ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਅਸਤੀਫਾ ਦੇ ਦਿੱਤਾ ਹੈ।

ਜਾਣਕਾਰੀ ਮੁਤਾਬਕ ਪੰਜਾਬ ਮੰਤਰੀ ਮੰਡਲ ਵਿਚ 17 ਦੇ ਕਰੀਬ ਮੰਤਰੀ ਹੋ ਸਕਦੇ ਹਨ ਅਤੇ ਮਾਰਚ ਵਿਚ ਮੰਤਰੀ ਮੰਡਲ 'ਚ ਵਾਧੇ ਨਾਲ ਪਹਿਲੇ ਗੇੜ ਵਿਚ 4 ਤੋਂ 5 ਨਵੇਂ ਮੰਤਰੀ ਬਣਾਏ ਜਾ ਸਕਦੇ ਹਨ। ਰਾਣਾ ਗੁਰਜੀਤ ਸਿੰਘ ਦੇ ਅਸਤੀਫੇ ਕਰ ਕੇ ਦੋਆਬੇ ਤੋਂ ਇਸ ਵੇਲੇ ਕੋਈ ਮੰਤਰੀ ਨਹੀਂ ਹੈ ਜਿਸ ਕਰ ਕੇ ਹੁਣ ਦੋਆਬਾ ਤੋਂ ਹੀ ਚਾਰ ਦਾਅਵੇਦਾਰਾਂ ਦੇ ਨਾਂ ਸਾਹਮਣੇ ਆ ਰਹੇ ਹਨ ਜਿਨ੍ਹਾਂ ਵਿਚ ਚੱਬੇਵਾਲ ਤੋਂ ਰਾਜ ਕੁਮਾਰ ਦੇ ਨਾਂ ਤੋਂ ਇਲਾਵਾ ਉੜਮੁੜ ਤੋਂ ਸੰਗਤ ਸਿੰਘ ਗਿਲਜੀਆਂ, ਜਲੰਧਰ ਕੈਂਟ ਤੋਂ ਪ੍ਰਗਟ ਸਿੰਘ, ਜਲੰਧਰ ਪੱਛਮੀ ਤੋਂ ਸੁਸ਼ੀਲ ਰਿੰਕੂ ਦਾ ਨਾਂ ਉਭਰ ਕੇ ਸਾਹਮਣੇ ਆ ਰਿਹਾ ਹੈ। ਜੇਕਰ ਦੋਆਬੇ ਵਿਚ ਕਿਸੇ ਹਿੰਦੂ ਚਿਹਰੇ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨ ਦੀ ਗੱਲ ਆਈ ਤਾਂ ਜਲੰਧਰ ਕੇਂਦਰੀ ਤੋਂ ਰਜਿੰਦਰ ਬੇਰੀ ਦਾ ਦਾਅਵਾ ਵੀ ਕਾਫੀ ਮਜ਼ਬੂਤ ਦੱਸਿਆ ਜਾਂਦਾ ਹੈ।

### ਹਾਈਕਮਾਨ ਦੇ ਇਸ਼ਾਰੇ ਪਿੱਛੋਂ ਸਰਗਰਮੀਆਂ ਤੇਜ਼



ਦੋਆਬਾ ਖੇਤਰ ਤੋਂ ਜਿਥੇ ਦੋ ਮੰਤਰੀ ਮੰਤਰੀ ਮੰਡਲ ਵਿਚ ਸ਼ਾਮਲ ਕੀਤੇ ਜਾਣੇ ਹਨ ਜਦਕਿ ਮਾਝਾ ਅਤੇ ਮਾਲਵਾ ਵਿਚ ਇਕ-ਇਕ ਮੰਤਰੀ ਬਣਾਇਆ ਜਾਣਾ ਹੈ। ਮਾਝਾ ਤੋਂ ਇਸ ਵੇਲੇ ਸੀਨੀਅਰ ਆਗੂ ਓ.ਪੀ. ਸੋਨੀ, ਰਾਜ ਕੁਮਾਰ ਵੇਰਕਾ, ਸੁਖਜਿੰਦਰ ਸਿੰਘ ਰੰਧਾਵਾ ਦੇ ਨਾਂ ਦੀ ਚਰਚਾ ਹੈ। ਮਾਲਵੇ ਤੋਂ ਰਾਕੇਸ਼ ਪਾਂਡੇ, ਰਾਣਾ ਸੋਢੀ, ਵਿਜੇ ਇੰਦਰ ਸਿੰਗਲਾ, ਦਰਸ਼ਨ ਸਿੰਘ ਬਰਾੜ, ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਨਾਂ ਲਿਆ ਜਾ ਰਿਹਾ ਹੈ। ਪਾਰਟੀ ਹਾਈ ਕਮਾਨ ਨੇ ਮੰਤਰੀ ਮੰਡਲ ਵਿਚ ਵਾਧੇ ਲਈ ਵਿਚਾਰਾਂ ਸ਼ੁਰੂ ਕਰ ਦਿੱਤੀਆਂ ਹਨ ਤੇ ਇਸ ਲਈ ਮੰਤਰੀ ਮੰਡਲ ਵਿਚ ਸ਼ਾਮਲ ਕੀਤੇ ਜਾਣ ਤੋਂ ਪਹਿਲਾਂ ਸਾਰੇ ਆਗੂਆਂ ਦੇ ਰਿਪੋਰਟ ਕਾਰਡ ਬਣਾਏ ਜਾਣਗੇ।

## ਕੈਨੇਡੀਅਨ ਸੰਸਦ ਮੈਂਬਰ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਬਰੈਂਪਟਨ (ਕੈਨੇਡਾ) ਤੋਂ ਸੰਸਦ ਮੈਂਬਰ ਸਤਿੰਦਰਪਾਲ ਕੌਰ ਸਿੱਧੂ (ਸੋਨੀਆ ਸਿੱਧੂ) ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸੰਸਦ ਮੈਂਬਰ ਨੂੰ ਸੂਚਨਾ ਕੇਂਦਰ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸਿਰੋਪਾਉ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ।

ਸਤਿੰਦਰਪਾਲ ਕੌਰ ਸਿੱਧੂ ਨੇ ਕਿਹਾ ਕਿ ਇਸ ਪਾਵਨ ਅਸਥਾਨ ਤੋਂ ਸਾਂਝੀਵਾਲਤਾ ਦਾ ਸੁਨੇਹਾ ਮਿਲਦਾ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਵੀ ਕੀਤਾ।

# ਅਹੁਦੇਦਾਰੀਆਂ ਲਈ ਕਾਂਗਰਸੀ ਵੀ 'ਲਿਫਾਫਾ ਕਲਚਰ' ਦੇ ਰਾਹ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਏ ਜਾਂਦੇ 'ਬੰਦ ਲਿਫਾਫਾ ਕਲਚਰ' ਨੂੰ ਕੋਸਣ ਵਾਲੀ ਕਾਂਗਰਸ ਪਾਰਟੀ ਵੀ ਇਸੇ ਰਾਹ ਤੁਰ ਪਈ ਹੈ। ਪੰਜਾਬ ਦੇ ਤਿੰਨ ਮੁੱਖ ਸ਼ਹਿਰਾਂ- ਅੰਮ੍ਰਿਤਸਰ, ਪਟਿਆਲਾ ਤੇ ਜਲੰਧਰ ਦੇ ਮੇਅਰਾਂ, ਸੀਨੀਅਰ ਡਿਪਟੀ ਮੇਅਰਾਂ ਤੇ ਡਿਪਟੀ ਮੇਅਰਾਂ ਦੇ ਨਾਂ ਕਾਂਗਰਸ ਹਾਈਕਮਾਨ ਵੱਲੋਂ ਭੇਜੇ ਗਏ 'ਬੰਦ ਲਿਫਾਫਿਆਂ' ਵਿਚੋਂ ਹੀ ਨਿਕਲੇ ਹਨ। ਤਿੰਨ ਨਗਰ ਨਿਗਮਾਂ ਦੀਆਂ ਬੀਤੀ 17 ਦਸੰਬਰ ਨੂੰ ਹੋਈਆਂ ਚੋਣਾਂ ਤੋਂ ਬਾਅਦ ਹੀ ਮੇਅਰਾਂ ਤੇ ਬਾਕੀ ਅਹੁਦੇਦਾਰਾਂ ਦੇ ਨਾਂਵਾਂ ਸਬੰਧੀ ਕਿਆਸਅਰਾਈਆਂ ਚੱਲ ਰਹੀਆਂ ਸਨ।

ਸਮਝਿਆ ਜਾਂਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੀਤੇ ਦਿਨੀਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਸਮੇਂ ਤਿੰਨਾਂ ਨਿਗਮਾਂ ਦੇ ਮੇਅਰਾਂ, ਸੀਨੀਅਰ ਤੇ ਡਿਪਟੀ ਮੇਅਰਾਂ ਦੇ ਨਾਂਵਾਂ ਦੀ ਸੂਚੀ ਤਿਆਰ ਕੀਤੀ ਗਈ ਸੀ। ਆਖਰ ਤਿੰਨ ਹਫਤਿਆਂ ਦੀ ਉਡੀਕ ਤੋਂ ਬਾਅਦ ਅੰਮ੍ਰਿਤਸਰ ਤੇ ਪਟਿਆਲਾ ਅਤੇ ਜਲੰਧਰ ਦੇ ਮੇਅਰਾਂ ਤੇ ਬਾਕੀ ਅਹੁਦੇਦਾਰਾਂ ਦੇ ਨਾਂਵਾਂ ਦੇ ਪਾਰਟੀ ਪ੍ਰਧਾਨ ਤੇ ਮੁੱਖ ਮੰਤਰੀ ਵੱਲੋਂ ਭੇਜੇ ਬੰਦ ਲਿਫਾਫੇ ਨਿਗਮ ਹਾਊਸਾਂ ਦੀ ਪਲੇਠੀਆਂ ਮੀਟਿੰਗਾਂ ਸਮੇਂ ਐਨ ਮੌਕੇ ਉਤੇ ਖੋਲ੍ਹ ਦਿੱਤੇ।



ਅੰਮ੍ਰਿਤਸਰ ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਦੇ ਨਾਂ ਦਾ ਐਲਾਨ ਅੰਮ੍ਰਿਤਸਰ ਦੇ ਸੀਨੀਅਰ ਵਿਧਾਇਕ ਓਮ ਪ੍ਰਕਾਸ਼ ਸੋਨੀ ਵੱਲੋਂ ਪਾਰਟੀ ਪ੍ਰਧਾਨ ਵੱਲੋਂ ਭੇਜੇ ਬੰਦ ਲਿਫਾਫੇ 'ਚ ਪੱਤਰ ਕੱਢ ਕੇ ਕੀਤਾ ਗਿਆ ਜਦ ਕਿ ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ ਦਾ ਨਾਂ ਵਿਧਾਇਕ ਸੁਨੀਲ ਦੱਤੀ ਅਤੇ ਡਿਪਟੀ ਮੇਅਰ ਬਣੇ ਯੂਨਸ ਕੁਮਾਰ ਦੇ ਨਾਂ ਦੇ ਲਿਫਾਫੇ ਵਿਧਾਇਕ ਰਾਜ ਕੁਮਾਰ ਵੇਰਕਾ ਵੱਲੋਂ ਖੋਲ੍ਹ ਕੇ ਉਨ੍ਹਾਂ ਦੇ ਨਾਂਵਾਂ ਦੀ ਸੂਚਨਾ ਦਿੱਤੀ ਗਈ।

ਇਸੇ ਤਰ੍ਹਾਂ ਪਟਿਆਲਾ ਨਗਰ ਨਿਗਮ ਵਿਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਸੰਜੀਵ ਸ਼ਰਮਾ ਬਿੱਟੂ ਦੇ ਨਾਂ ਦਾ ਲਿਫਾਫਾ ਖੋਲ੍ਹ ਕੇ ਉਨ੍ਹਾਂ ਦੇ ਮੇਅਰ ਵਜੋਂ ਨਾਂ ਦੀ ਤਜ਼ਵੀਜ਼ ਪੇਸ਼ ਕੀਤੀ ਗਈ ਜਦ ਕਿ ਜਲੰਧਰ ਨਗਰ ਨਿਗਮ ਦੇ ਨਵੇਂ ਮੇਅਰ ਜਗਦੀਸ਼ ਰਾਜ ਰਾਜਾ ਦਾ ਨਾਂ ਵੀ ਵਿਧਾਇਕ ਪਰਗਟ ਸਿੰਘ ਹੱਥ ਭੇਜੇ ਲਿਫਾਫੇ ਵਿਚੋਂ ਨਿਕਲਿਆ।

ਜ਼ਿਕਰਯੋਗ ਹੈ ਕਿ ਇਨ੍ਹਾਂ ਸਮਾਗਮਾਂ 'ਚ ਸ਼ਾਮਲ ਹੋਣ ਲਈ ਪਾਰਟੀ ਵੱਲੋਂ ਸੱਦਾ ਪੱਤਰ ਤੇ ਪੁੱਛ ਪ੍ਰਤੀਤ ਨਾ ਕੀਤੇ ਜਾਣ ਤੋਂ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਅੱਜਕੱਲ੍ਹ ਖਾਸੇ ਨਾਰਾਜ਼ ਚੱਲ ਰਹੇ ਹਨ। ਇਸੇ ਦੌਰਾਨ ਸਥਾਨਕ ਕੁਝ ਅਕਾਲੀ ਆਗੂਆਂ ਨੇ ਕਾਂਗਰਸ ਦੇ ਲਿਫਾਫਾ ਕਲਚਰ ਉਤੇ ਤਨਜ ਕੱਸਦਿਆਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਹੋਰ ਤਾਂ ਕਿਸੇ ਨੂੰ ਕੀ ਦੱਸਣਾ ਸੀ ਸਬੰਧਤ ਮਹਿਕਮੇ ਦੇ ਮੰਤਰੀ ਸਿੱਧੂ ਨੂੰ ਵੀ ਹਨੇਰੇ 'ਚ ਰੱਖਿਆ ਗਿਆ ਜਦਕਿ ਅਕਾਲੀ ਦਲ ਵੱਲੋਂ ਜਮਹੂਰੀ ਪ੍ਰਣਾਲੀ ਰਾਹੀਂ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਜਾਂ ਪਾਰਟੀ ਦੇ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਂਦੀ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਵੱਲੋਂ ਜ਼ਮੀਨ ਖਰੀਦਣ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੁਦਰਤੀ ਤੌਰ ਉਤੇ ਅਹਿਮ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਜ਼ਮੀਨ ਖਰੀਦਣ ਦਾ ਮਾਮਲਾ ਭਖ ਗਿਆ ਹੈ। ਕੈਪਟਨ ਨੇ ਇਹ ਜ਼ਮੀਨ ਉਦੋਂ ਖਰੀਦੀ ਜਦੋਂ ਉਨ੍ਹਾਂ ਦੀ ਸਰਕਾਰ ਨੇ ਇਸ ਇਲਾਕੇ ਦੇ ਕੁਦਰਤ ਪੱਖੀ ਸੁਭਾਅ ਨੂੰ ਬਚਾਉਣ ਲਈ ਉਸਾਰੀਆਂ ਨੂੰ ਰੋਕਣ ਵਾਲੇ ਨੋਟੀਫਿਕੇਸ਼ਨ ਦੀ ਮਿਆਦ ਵਧਾਉਣ ਲਈ ਹੁਕਮ ਜਾਰੀ ਕਰਨੇ ਹਨ। ਇਸ ਅਹਿਮ ਨੋਟੀਫਿਕੇਸ਼ਨ ਦੀ ਮਿਆਦ 2 ਫਰਵਰੀ ਨੂੰ ਖਤਮ ਹੋ ਰਹੀ ਹੈ। ਜਦੋਂ ਇਹ ਨੋਟੀਫਿਕੇਸ਼ਨ ਖਤਮ ਹੋ ਗਿਆ ਤਾਂ ਇਸ ਇਲਾਕੇ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਵਿੱਚ ਉਸਾਰੀਆਂ ਲਈ ਰਾਹ ਪੱਧਰਾ ਹੋ ਜਾਵੇਗਾ। ਮੁੱਖ ਮੰਤਰੀ ਨੇ ਸਿਸਵਾਂ ਪਿੰਡ ਵਿਚ ਜ਼ਮੀਨ ਖਰੀਦੀ ਹੈ। ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੈਪਟਨ ਵੱਲੋਂ ਖਰੀਦੀ ਛੇ ਏਕੜ ਜ਼ਮੀਨ ਨਾਲ ਸਬੰਧਤ ਸ਼ਿਕਾਇਤ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਭੇਜ ਕੇ ਇਸ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਸ੍ਰੀ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ 3 ਫਰਵਰੀ 2003 ਦੀ ਨੋਟੀਫਿਕੇਸ਼ਨ ਅਨੁਸਾਰ ਉਕਤ ਇਲਾਕਾ ਪੰਜਾਬ ਲੈਂਡ ਪ੍ਰੀਵੈਨਸ਼ਨ ਐਕਟ (ਪੀ.ਐਲ.ਪੀ.ਏ.) ਅਧੀਨ ਆਉਂਦਾ ਹੈ। ਉਨ੍ਹਾਂ ਸ਼ੰਕਾ ਜ਼ਾਹਰ ਕੀਤਾ ਕਿ ਪੰਜਾਬ ਸਰਕਾਰ ਚੰਡੀਗੜ੍ਹ ਨੇੜਲੇ ਪਿੰਡਾਂ ਸਬੰਧੀ ਪੀ.ਐਲ.ਪੀ.ਏ. ਨੂੰ ਖਤਮ ਕਰਨ ਜਾ ਰਹੀ ਹੈ। ਇਹ ਉਨ੍ਹਾਂ ਲਈ ਇਕ ਸੁਨਹਿਰੀ ਮੌਕਾ ਹੋਵੇਗਾ, ਜਿਨ੍ਹਾਂ ਸ਼ਿਵਾਲਿਕ ਨੇੜਲੇ ਪਹਾੜੀ ਇਲਾਕੇ ਵਿਚ ਜ਼ਮੀਨਾਂ ਖਰੀਦੀਆਂ ਸਨ, ਪਰ ਇਸ ਐਕਟ ਤਹਿਤ ਇਨ੍ਹਾਂ ਜ਼ਮੀਨਾਂ 'ਤੇ ਕਿਸੇ ਵੀ ਪ੍ਰਕਾਰ ਦੀ ਉਸਾਰੀ ਜਾਂ ਖੁਦਾਈ ਕਰਨ ਉਤੇ ਰੋਕ ਲੱਗੀ ਹੋਈ ਸੀ।

ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਇਸ ਨੋਟੀਫਿਕੇਸ਼ਨ ਵਿਚ ਦੇਰੀ ਕਰਨ ਨਾਲ ਸਭ ਤੋਂ ਵੱਧ ਫਾਇਦਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਹੋਵੇਗਾ ਕਿਉਂਕਿ ਉਸ ਦੇ ਹੋਟਲ ਓਬਰਾਏ ਸੁਖਵਿਲਾਸ ਦੇ ਨਾਲ ਲੱਗਦੀ ਉਸ ਦੀ ਜ਼ਮੀਨ (ਕਰੀਬ ਤਿੰਨ ਏਕੜ) ਇਸ ਕਾਨੂੰਨ ਦੇ ਤਹਿਤ ਆਉਂਦੀ ਹੈ। ਇਸ ਤੋਂ ਇਲਾਵਾ ਇਥੇ ਗੌਲਫ ਕੋਰਸ ਰਿਜ਼ੌਰਟ ਤਿਆਰ ਕਰਨ ਵਾਲਿਆਂ ਨੂੰ ਸਿੱਧਾ ਫਾਇਦਾ ਹੋਵੇਗਾ।

ਮੁੱਖ ਮੰਤਰੀ ਨੂੰ ਜ਼ਮੀਨ ਵੇਚਣ ਵਾਲੇ ਕਿਸਾਨ ਓਮਕਾਰ ਸਿੰਘ ਨੇ ਦੱਸਿਆ ਕਿ ਜ਼ਮੀਨ ਖੇਤੀਯੋਗ ਹੈ ਤੇ ਇਸ ਵਿਚ ਛੋਟਾ ਘਰ ਬਣਾਇਆ ਜਾ ਸਕਦਾ ਹੈ।

ਇਸ ਸਬੰਧੀ ਜਦੋਂ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਮੰਨਿਆ ਕਿ ਜ਼ਮੀਨ ਦਾ ਇਕ ਹਿੱਸਾ ਪੀ.ਐਲ.ਪੀ.ਏ. ਤਹਿਤ ਆਉਂਦਾ ਹੈ।

# ਗੈਂਗਸਟਰਾਂ ਦੇ ਮਾਮਲੇ ਨਾਲ ਸਰਕਾਰਾਂ ਦੀ ਨਾਲਾਇਕੀ ਜੱਗ ਜ਼ਾਹਰ

*(ਸਫਾ ਇਕ ਦੀ ਬਾਕੀ)*

ਗੌਂਡਰ ਦੀ ਮੌਤ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਭਾਵੇਂ ਇਹ ਦਾਅਵਾ ਕਰ ਰਹੇ ਹਨ ਕਿ ਸੂਬੇ ਵਿਚ ਕਾਂਗਰਸ ਸਰਕਾਰ ਆਉਣ ਪਿੱਛੋਂ ਏ ਕੈਟੇਗਰੀ ਦੇ 47 ਅਤੇ ਬੀ ਕੈਟੇਗਰੀ ਦੇ 42 ਫੀਸਦੀ ਗੈਂਗਸਟਰਾਂ ਨੇ ਜਾਂ ਤਾਂ ਆਤਮ ਸਮਰਪਣ ਕਰ ਦਿੱਤਾ ਹੈ, ਜਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਪਰ ਸਚਾਈ ਇਹ ਹੈ ਕਿ ਪੰਜਾਬ ਵਿਚ ਅਜੇ 20 ਗਰੋਹ ਹੋਰ ਸਰਗਰਮ ਹਨ ਜਿਨ੍ਹਾਂ ਵਿਚੋਂ ਦਿਲਪ੍ਰੀਤ ਉਰਫ ਬਾਬਾ ਗੈਂਗ ਖਿਲਾਫ 16, ਗੋਪਾ ਘਨਸ਼ਾਮਪੁਰੀਆ ਗੈਂਗ ਖਿਲਾਫ 14, ਰਣਜੀਤ ਜੀਤਾ ਗੈਂਗ ਤੇ ਨਵਦੀਪ ਨਵੀ ਗੈਂਗ ਖਿਲਾਫ 13-13 ਅਤੇ ਗਗਨਦੀਪ ਗੰਗਣਾ ਗੈਂਗ ਖਿਲਾਫ 12 ਕੇਸ ਦਰਜ ਹਨ। ਗੈਂਗਸਟਰਾਂ ਦੀ ਚੜ੍ਹਤ ਪਿੱਛੇ ਪੁਲਿਸ ਦੀ ਮਿਲੀਭੁਗਤ ਵੀ ਹੁਣ ਲੁਕੀ ਨਹੀਂ ਰਹੀ। ਗੈਂਗਸਟਰ ਸੁੱਖਾ ਕਾਹਲੋਂ ਨੂੰ 22 ਜਨਵਰੀ 2015 ਨੂੰ ਵੱਡੀ ਗਿਣਤੀ ਹਥਿਆਰਬੰਦ ਪੁਲਿਸ ਮੁਲਾਜ਼ਮਾਂ ਦੇ ਸਾਹਮਣੇ ਵਿੱਕੀ ਗੌਂਡਰ ਨੇ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸੇ ਦੋਸ਼ ਵਿਚ ਗੌਂਡਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਪਰ ਉਹ ਅਤਿ ਸੁਰੱਖਿਆ ਵਾਲੀ ਨਾਭਾ ਜੇਲ੍ਹ ਵਿਚੋਂ ਫਰਾਰ ਹੋ ਗਿਆ। ਬਾਅਦ ਵਿਚ ਪਤਾ ਲੱਗਾ ਕਿ ਉਸ ਨੂੰ ਭਜਾਉਣ ਵਿਚ ਵੀ ਪੁਲਿਸ ਮੁਲਾਜ਼ਮਾਂ ਦਾ ਹੱਥ ਸੀ। ਗੌਂਡਰ ਦੇ ਸਾਥੀਆਂ ਨੂੰ ਝਾਲਰ ਵਾਲੀ ਪੱਗ ਇਕ ਪੁਲਿਸ ਮੁਲਾਜ਼ਮ ਨੇ ਹੀ ਬੰਨ੍ਹੀ ਸੀ, ਜੋ ਪੁਲਿਸ ਵਰਦੀ ਵਿਚ ਜੇਲ੍ਹ ਵਿਚ ਦਾਖਲ ਹੋਏ। ਹੁਣ ਗੌਂਡਰ ਦੀ ਮੌਤ ਪਿੱਛੋਂ ਉਸ ਦੇ ਰਿਸ਼ਤੇਦਾਰ ਦੋਸ਼ ਲਾ ਰਹੇ ਹਨ ਕਿ ਪੁਲਿਸ ਮੁਕਾਬਲੇ ਨੂੰ ਅੰਜਾਮ ਤੱਕ ਲਿਜਾਣ ਵਾਲੇ ਸੀ.ਆਈ.ਏ. ਰਾਜਪੁਰਾ ਦੇ ਇੰਚਾਰਜ ਵਿਕਰਮ ਸਿੰਘ ਬਰਾੜ ਅਤੇ ਵਿੱਕੀ ਗੌਂਡਰ ਸਪੋਰਟਸ ਕੋਟੇ ਵਿਚ ਹੋਣ ਕਰ ਕੇ ਇਕੱਠੇ ਖੇਡਦੇ ਅਤੇ ਪੜ੍ਹਦੇ ਰਹੇ ਹਨ। ਉਸ ਨੇ ਹੀ ਵਿੱਕੀ ਅਤੇ ਉਸ ਦੇ ਸਾਥੀਆਂ ਨੂੰ ਭਰੋਸੇ ਵਿਚ ਲੈ ਕੇ ਆਤਮ ਸਮਰਪਣ ਕਰਨ ਲਈ ਮਨਾਇਆ ਸੀ, ਪਰ ਮੌਕੇ 'ਤੇ ਉਨ੍ਹਾਂ ਦਾ ਝੂਠਾ ਪੁਲਿਸ ਮੁਕਾਬਲਾ ਬਣਾ ਦਿੱਤਾ ਗਿਆ। ਇਹ ਵੀ ਪਤਾ ਲੱਗਾ ਹੈ ਕਿ ਇਹ ਪੁਲਿਸ ਅਫਸਰ ਪਿਛਲੇ ਕਾਫੀ ਸਮੇਂ ਤੋਂ ਗੌਂਡਰ ਦੇ ਸੰਪਰਕ ਵਿਚ ਸੀ। ਅਸਲ ਵਿਚ, ਗੈਂਗਸਟਰਾਂ ਦੀ ਦਹਿਸ਼ਤ ਦਾ ਦੌਰ ਪਿਛਲੀ ਅਕਾਲੀ ਭਾਜਪਾ ਸਰਕਾਰ ਸਮੇਂ ਸ਼ੁਰੂ ਹੋਇਆ ਸੀ। ਸਿਆਸੀ ਸ਼ਹਿ 'ਤੇ ਨੌਜਵਾਨ ਧੜਾ-ਧੜ ਅਜਿਹੇ ਗਰੋਹਾਂ ਦਾ ਹਿੱਸਾ ਬਣੇ। ਉਦੋਂ ਲਾਕਾਨੂੰਨੀ ਦੇ ਮੁੱਦੇ 'ਤੇ ਬਾਦਲ ਸਰਕਾਰ ਨੂੰ ਵੱਡੇ ਪੱਧਰ ਉਤੇ ਲੋਕ ਰੋਹ ਦਾ ਸਾਹਮਣਾ ਵੀ ਕਰਨਾ ਪਿਆ।

ਗੈਂਗਸਟਰਾਂ ਦੇ ਪੁਲਿਸ ਦੀ ਪਹੁੰਚ ਤੋਂ ਦੂਰ ਹੋਣ 'ਤੇ ਜਦੋਂ ਸਵਾਲ ਉਠੇ ਤਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜੋਸ਼ ਵਿਚ ਆਖ ਗਏ ਸਨ ਕਿ ਉਨ੍ਹਾਂ ਨੂੰ ਪੰਜਾਬ ਵਿਚ ਕੀੜੀ ਦੇ ਤੁਰਨ-ਫਿਰਨ ਦੀ ਜਾਣਕਾਰੀ ਵੀ ਹੁੰਦੀ ਹੈ। ਫਿਰ ਸੁਖਬੀਰ ਬਾਦਲ ਇਸ ਦਾਅਵੇ ਉਤੇ ਬੁਰੀ ਤਰ੍ਹਾਂ ਘਿਰ ਗਿਆ ਕਿ ਜਦੋਂ ਉਨ੍ਹਾਂ ਨੂੰ ਕੀੜੀ ਦੇ ਤੁਰਨ-ਫਿਰਨ ਦੀ ਜਾਣਕਾਰੀ ਹੈ ਤਾਂ ਗੈਂਗਸਟਰਾਂ ਦੀ ਦਿਨ-ਬ-ਦਿਨ ਵਧਦੀ ਫੌਜ ਕਿਉਂ ਨਹੀਂ ਦਿਸਦੀ? ਗੈਂਗਸਟਰਾਂ ਦਾ ਮੁੱਦਾ ਵਿਧਾਨ ਸਭਾ ਚੋਣਾਂ ਵਿਚ ਵੀ ਉਭਰਿਆ ਸੀ। ਕਾਂਗਰਸ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਗੈਂਗਸਟਰਾਂ ਖਿਲਾਫ ਸਖਤੀ ਕਰੇਗੀ।

# ਖਾਨਾਜੰਗ ਨੇ ਪਾਇਆ ਕੈਪਟਨ ਨੂੰ ਘੇਰਾ

*(ਸਫਾ ਇਕ ਦੀ ਬਾਕੀ)*

ਮੁੱਖ ਸਕੱਤਰ ਦੇ ਦਫਤਰ ਵੱਲੋਂ ਮੋਹਰ ਨਹੀਂ ਲਾਈ ਗਈ। ਫਾਸਟਵੇਅ ਦੇ ਮਾਮਲੇ ਵਿਚ ਵੀ ਸਰਕਾਰ ਵੱਲੋਂ ਅਪਣਾਈ ਰਣਨੀਤੀ ਨੇ ਸਥਾਨਕ ਸਰਕਾਰ ਮੰਤਰੀ ਦੀ ਕਿਰਕਿਰੀ ਹੀ ਕੀਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਸਿੱਧੂ ਵੱਲੋਂ ਮੇਅਰਾਂ ਦੀ ਚੋਣ 'ਚ ਅਣਗੌਲਿਆ ਕਰਨ ਉਤੇ ਨਾਰਾਜ਼ਗੀ ਜਤਾਉਣ ਨਾਲ ਉਸ ਨੂੰ ਖੁੱਡੇ ਲਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਗੱਲ ਦੀ ਚਰਚਾ ਹੈ ਕਿ ਮੰਤਰੀ ਮੰਡਲ ਦੀ ਬੈਠਕ ਦੌਰਾਨ ਸਾਥੀਆਂ ਨੇ ਸਿੱਧੂ ਨਾਲ ਦੁਆ-ਸਲਾਮ ਤੱਕ ਨਹੀਂ ਕੀਤੀ। ਕੈਪਟਨ ਨੇ ਕੇਂਦਰੀ ਲੀਡਰਸ਼ਿਪ ਨੂੰ ਭਰੋਸੇ ਵਿਚ ਲੈ ਕੇ ਸਿੱਧੂ ਨੂੰ ਦੇ 'ਪਰ ਕੁਤਰਨ' ਕਰਨ ਦਾ ਫੈਸਲਾ ਕੀਤਾ ਹੈ। ਇਹ ਗੱਲ ਵੀ ਨਿਕਲੀ ਹੈ ਕਿ ਸਿੱਧੂ ਦੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਨੇੜਤਾ 'ਚ ਖਿੱਚੋਤਾਣ ਪੈਦਾ ਹੋ ਗਈ ਹੈ। ਸਿੱਧੂ ਨੇ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਲਈ ਪ੍ਰਚਾਰ ਕਰਨ ਤੋਂ ਨਾਂਹ ਕੀਤੀ ਸੀ। ਸਿੱਧੂ ਲਈ ਚੰਡੀਗੜ੍ਹ ਵਿਚ ਸੱਤ ਦਿਨਾਂ ਲਈ ਪਾਰਟੀ ਵੱਲੋਂ ਉਚੇਚਾ ਹੈਲੀਕਾਪਟਰ ਤਿਆਰ ਰੱਖਿਆ ਗਿਆ, ਪਰ ਸਿੱਧੂ ਨੇ ਆਪਣੇ ਕੇਸ 'ਚ ਫੈਸਲਾ ਆਉਣ ਦਾ ਹਵਾਲਾ ਦਿੱਤਾ ਅਤੇ ਭਾਜਪਾ ਖਿਲਾਫ ਕੋਈ ਸ਼ਬਦੀ ਹਮਲਾ ਕਰਨ ਤੋਂ ਨਾਂਹ ਕਰ ਦਿੱਤੀ। ਹੁਣ ਅੰਮ੍ਰਿਤਸਰ ਦੇ ਕਾਂਗਰਸੀ ਮੇਅਰ ਤੇ ਸਿੱਧੂ ਵਿਚਕਾਰ ਸੁਲ੍ਹਾ ਦੀਆਂ ਖਬਰਾਂ ਭਾਵੇਂ ਆ ਰਹੀਆਂ ਹਨ, ਪਰ ਇਹ ਸਿਆਸੀ ਦਿਖਾਵਾ ਹੀ ਜਾਪ ਰਹੀਆਂ ਹਨ ਕਿਉਂਕਿ ਸਿੱਧੂ ਨੇ ਆਪਣਾ ਰੋਸਾ ਅਜੇ ਬਰਕਰਾਰ ਰੱਖਿਆ ਹੋਇਆ ਹੈ।

# ਗਰੀਨ ਕਾਰਡ ਦੇ ਬਕਾਇਆ ਕੇਸਾਂ ਬਾਰੇ ਮੁਹਿੰਮ

**ਵਾਸ਼ਿੰਗਟਨ:** ਗਰੀਨ ਕਾਰਡਾਂ ਦੇ ਵੱਡੇ ਬੈਕਲਾਗ ਬਾਰੇ ਜਾਗਰੂਕ ਕਰਨ ਲਈ ਭਾਰਤੀ-ਅਮੈਰਿਕਨਾਂ ਵੱਲੋਂ ਅਮਰੀਕਾ ਵਿਚ ਕੌਮੀ ਪੱਧਰ ਉਤੇ ਮੁਹਿੰਮ ਛੇੜੀ ਗਈ ਹੈ। ਉਨ੍ਹਾਂ ਕਿਹਾ ਕਿ ਗਰੀਨ ਕਾਰਡ ਦੇ ਵੱਡੀ ਗਿਣਤੀ ਬਕਾਇਆ ਕੇਸ ਫਸੇ ਹੋਣ ਕਾਰਨ ਤਕਰੀਬਨ ਤਿੰਨ ਲੱਖ ਹੁਨਰਮੰਦ ਭਾਰਤੀ ਬਿਨੈਕਾਰ ਪ੍ਰਭਾਵਿਤ ਹੋ ਰਹੇ ਹਨ। ਨਵੇਂ ਗਰੁੱਪ 'ਜੀਸੀਰਿਫਾਰਮਜ਼. ਓਆਰਜੀ' ਨੇ ਕਿਹਾ ਕਿ ਮੌਜੂਦਾ ਨਿਯਮਾਂ ਤਹਿਤ ਪ੍ਰਤੀ ਮੁਲਕ ਹੱਦ ਤੈਅ ਕੀਤੇ ਜਾਣ ਕਾਰਨ ਹੁਨਰਮੰਦ ਪਰਵਾਸੀ ਭਾਰਤੀਆਂ ਨੂੰ ਗਰੀਨ ਕਾਰਡ ਲਈ 25-92 ਵਰ੍ਹੇ ਇੰਤਜ਼ਾਰ ਕਰਨ ਦੀ ਲੋੜ ਪਵੇਗੀ।

ਵ੍ਹਾਈਟ ਹਾਊਸ ਵੱਲੋਂ ਆਵਾਸ ਪ੍ਰਣਾਲੀ ਵਿਚ ਸੁਧਾਰਾਂ ਬਾਰੇ ਵੇਰਵੇ ਕਾਂਗਰਸ ਨੂੰ ਭੇਜੇ ਜਾਣ ਬਾਅਦ ਇਸ ਕੌਮੀ ਪੱਧਰੀ ਮੁਹਿੰਮ ਦਾ ਐਲਾਨ ਕੀਤਾ ਗਿਆ ਹੈ।

ਜੀਸੀਰਿਫਾਰਮਜ਼.ਓਆਰਜੀ ਦੇ ਪ੍ਰਧਾਨ ਸੰਪਤ ਸ਼ਿਵਾਂਗੀ ਨੇ ਕਿਹਾ, 'ਅਸੀਂ ਇਸ ਆਵਾਸ ਮੁੱਦੇ ਨਾਲ ਜੁੜੇ ਕੇਵਲ ਡਾਕਟਰਾਂ ਦੇ ਗਰੁੱਪ ਦਾ ਹੀ ਸਮਰਥਨ ਨਹੀਂ ਕੀਤਾ ਬਲਕਿ ਇੰਜੀਨੀਅਰਾਂ ਤੇ ਹੋਰ ਪੇਸ਼ੇਵਰਾਂ ਲਈ ਨਿਰਪੱਖ ਤੇ ਪਾਰਦਰਸ਼ੀ ਗਰੀਨ ਕਾਰਡ ਵੰਡ ਪ੍ਰਕਿਰਿਆ ਦਾ ਵੀ ਸਮਰਥਨ ਕੀਤਾ ਹੈ।'

# ਹਾਈ ਕੋਰਟ ਨੇ 'ਆਪ' ਵਿਧਾਇਕਾਂ ਬਾਰੇ ਮੰਗਿਆ ਹਲਫੀਆ ਬਿਆਨ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਹਲਫੀਆ ਬਿਆਨ ਦਾਖਲ ਕਰ ਕੇ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਨੂੰ ਲਾਭ ਵਾਲੇ ਅਹੁਦੇ ਕਾਰਨ ਅਯੋਗ ਠਹਿਰਾਉਣ ਵਾਲੇ ਫੈਸਲੇ ਪਿਛਲੇ ਤੱਥਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਹੈ। ਚੋਣ ਕਮਿਸ਼ਨ ਨੇ ਕਿਹਾ ਸੀ ਕਿ 'ਆਪ' ਵਿਧਾਇਕਾਂ ਵੱਲੋਂ ਉਨ੍ਹਾਂ ਨੂੰ ਅਯੋਗ ਠਹਿਰਾਏ ਜਾਣ ਵਾਲੇ ਫੈਸਲੇ ਨੂੰ ਚੁਣੌਤੀ ਦੇਣ ਲਈ ਪਾਈਆਂ ਪਟੀਸ਼ਨਾਂ 'ਚ ਲਾਏ ਕੁਝ ਦੋਸ਼ਾਂ 'ਤੇ ਉਹ ਜਵਾਬ ਦੇਣਾ ਚਾਹੁੰਦਾ ਹੈ।

ਚੋਣ ਕਮਿਸ਼ਨ ਨੇ ਅਦਾਲਤ 'ਚ ਕਿਹਾ ਸੀ ਕਿ ਉਸ ਵੱਲੋਂ ਰਾਸ਼ਟਰਪਤੀ ਨੂੰ 'ਆਪ' ਦੇ 20 ਵਿਧਾਇਕਾਂ, ਜਿਨ੍ਹਾਂ ਨੂੰ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਸੀ, ਨੂੰ ਅਯੋਗ ਕਰਾਰ ਦੇਣ ਬਾਰੇ ਦਿੱਤੀ ਰਾਇ 'ਤੇ ਉਹ ਕਾਇਮ ਰਹੇਗਾ। ਸ਼ੁਰੂ ਵਿਚ ਜਦੋਂ ਇਸ ਮਾਮਲੇ 'ਤੇ ਸੁਣਵਾਈ ਸ਼ੁਰੂ ਹੋਈ ਸੀ ਤਾਂ ਅਦਾਲਤ ਨੇ ਪਟੀਸ਼ਨਰਾਂ ਨੂੰ ਕਿਹਾ ਸੀ ਕਿ ਚੋਣ ਕਮਿਸ਼ਨ ਦੀ ਸਿਫਾਰਸ਼ ਦੇ ਸਾਰਅੰਸ਼ 'ਤੇ ਨਜ਼ਰ ਮਾਰਨ ਪਿਛੋਂ ਫੈਸਲਾ ਕੀਤਾ ਜਾਵੇ ਕਿ ਹਲਫੀਆ ਬਿਆਨ ਦੀ ਲੋੜ ਹੈ। ਦੂਜੇ ਗੇੜ ਦੀ ਸੁਣਵਾਈ ਦੌਰਾਨ ਬੈਂਚ ਨੇ ਕਿਹਾ ਕਿ 250 ਸਫਿਆਂ ਦਾ ਸਾਰਅੰਸ਼, ਜਿਸ ਵਿਚ ਕਈ ਦਸਤਾਵੇਜ਼ ਸ਼ਾਮਲ ਹਨ, ਬਹੁਤ ਵੱਡਾ ਹੈ। ਇਸ ਲਈ ਚੋਣ ਕਮਿਸ਼ਨ ਹਲਫੀਆ ਬਿਆਨ 'ਚ ਸੰਖੇਪ 'ਚ ਜਾਣਕਾਰੀ ਦੇਵੇ।

# ਝੂਠੇ ਮੁਕਾਬਲੇ ਦੇ ਡਰੋਂ ਗੈਂਗਸਟਰ ਰਵੀ ਦਿਓਲ ਵੱਲੋਂ ਸਮਰਪਣ

**ਸੰਗਰੂਰ:** ਪੰਜਾਬ ਪੁਲਿਸ ਨੂੰ ਜਗਦੀਸ਼ ਭੋਲਾ ਡਰੱਗ ਤਸਕਰੀ ਸਮੇਤ ਤਕਰੀਬਨ 12 ਕੇਸਾਂ 'ਚ ਲੋੜੀਂਦੇ ਤੇ 11 ਸਾਲਾਂ ਤੋਂ ਭਗੌੜੇ ਗੈਂਗਸਟਰ ਰਵੀਚਰਨ ਸਿੰਘ ਉਰਫ ਰਵੀ ਦਿਓਲ ਨੇ ਅਦਾਲਤ 'ਚ ਸਮਰਪਣ ਕਰ ਦਿੱਤਾ। ਰਵੀ ਦਿਓਲ ਅਨੁਸਾਰ ਉਸ ਨੇ ਪੰਜਾਬ ਪੁਲਿਸ ਦੇ ਝੂਠੇ ਮੁਕਾਬਲੇ ਡਰੋਂ ਸਮਰਪਣ ਕੀਤਾ ਹੈ। ਜ਼ਿਕਰਯੋਗ ਹੈ ਕਿ ਰਵੀ ਕੌਮੀ ਪੱਧਰ ਦਾ ਮੁੱਕੇਬਾਜ਼ ਰਿਹਾ ਹੈ ਅਤੇ ਗਾਇਕ ਵਜੋਂ ਵੀ ਨਾਮਣਾ ਖੱਟ ਚੁੱਕਾ ਹੈ। ਉਸ ਦਾ ਗੀਤ 'ਸਾਡਾ ਨੀ ਕਸੂਰ ਸਾਡਾ ਜ਼ਿਲ੍ਹਾ ਸੰਗਰੂਰ' ਕਾਫੀ ਮਕਬੂਲ ਹੋਇਆ ਸੀ।

ਜਾਣਕਾਰੀ ਅਨੁਸਾਰ ਭੋਲਾ ਡਰੱਗ ਕੇਸ 'ਚ ਫਤਹਿਗੜ੍ਹ ਸਾਹਿਬ ਪੁਲਿਸ ਨੇ ਅਪਰੈਲ 2013 ਵਿਚ ਕੇਸ ਦਰਜ ਕੀਤਾ ਸੀ, ਜਿਸ 'ਚ ਰਵੀ ਦਿਓਲ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ। ਰਵੀ ਖਿਲਾਫ਼ ਇਰਾਦਾ ਕਤਲ, ਲੜਾਈ ਝਗੜੇ ਆਦਿ ਦੇ ਕਰੀਬ ਅੱਠ ਕੇਸ ਸੰਗਰੂਰ 'ਚ ਅਤੇ ਐਨ.ਡੀ.ਪੀ.ਐਸ. ਐਕਟ ਤਹਿਤ ਚਾਰ ਕੇਸ ਫਤਹਿਗੜ੍ਹ ਸਾਹਿਬ ਅਤੇ ਪਟਿਆਲਾ ਵਿਚ ਦਰਜ ਹਨ। ਰਵੀ ਨੇ ਇਸ ਡਰੋਂ ਸਮਰਪਣ ਕੀਤਾ ਹੈ ਕਿ ਕਿਤੇ ਪੁਲਿਸ ਉਸ ਨੂੰ ਝੂਠੇ ਮੁਕਾਬਲੇ 'ਚ ਨਾ ਮਾਰ ਦੇਵੇ। 2007 ਬਾਅਦ ਰਵੀ ਮੁੰਬਈ ਚਲਾ ਗਿਆ ਸੀ, ਜਿਥੇ ਉਹ ਫਿਲਮ ਜਗਤ ਵਿਚ ਬਤੌਰ ਕਲਾਕਾਰ ਸਥਾਪਤ ਹੋਣ ਲਈ ਸੰਘਰਸ਼ ਕਰਦਾ ਰਿਹਾ। 2010 ਤੋਂ 2012 ਤੱਕ ਉਹ ਫਿਲਮ ਇੰਸਟੀਚਿਊਟ ਵਿਚ ਰਿਹਾ ਹੈ।

## ਬਜ਼ੁਰਗ ਨੂੰ ਨਾਲੇ 'ਚ ਧੱਕਾ ਦੇਣ ਵਾਲੇ ਨੂੰ ਕੈਦ

**ਨਵੀਂ ਦਿੱਲੀ:** ਅਦਾਲਤ ਨੇ ਬਜ਼ੁਰਗ ਨੂੰ ਨਾਲੇ ਵਿਚ ਧੱਕਾ ਦੇਣ ਦੇ ਦੋਸ਼ ਵਿਚ ਨੌਜਵਾਨ ਨੂੰ 5 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੇ ਬਜ਼ੁਰਗ ਕੋਲੋਂ 500 ਰੁਪਏ ਖੋਹਣ ਲਈ ਉਸ ਨੂੰ ਨਾਲੇ ਵਿਚ ਧੱਕਾ ਦੇ ਦਿੱਤਾ ਸੀ ਤੇ ਬਜ਼ੁਰਗ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸਰਹੱਦ 'ਤੇ ਨਸ਼ਾ ਤਸਕਰਾਂ ਨੇ ਸੋਸ਼ਲ ਮੀਡੀਆ ਨੂੰ ਬਣਾਇਆ ਹਥਿਆਰ

**ਅੰਮ੍ਰਿਤਸਰ:** ਸਰਹੱਦ ਪਾਰ ਬੈਠੇ ਪਾਕਿਸਤਾਨੀ ਤਸਕਰ ਤੇ ਅਤਿਵਾਦੀ ਭਾਰਤ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇਣ, ਗੁਪਤ ਸੁਨੇਹੇ ਭੇਜਣ ਅਤੇ ਨਸ਼ਾ ਤੇ ਹੋਰ ਇਤਰਾਜ਼ਯੋਗ ਵਸਤੂਆਂ ਭਾਰਤੀ ਤਸਕਰਾਂ ਤੱਕ ਪਹੁੰਚਾਉਣ ਲਈ ਸਾਰੀ ਜਾਣਕਾਰੀ ਵਟਸਐਪ ਤੇ ਫੈਸਬੁੱਕ ਦੀ ਮਾਰਫਤ ਸਾਂਝੀ ਕਰ ਰਹੇ ਹਨ।

ਤਸਕਰ ਤੇ ਅਤਿਵਾਦੀ ਇਸ ਤਰ੍ਹਾਂ ਨਾਲ ਬਿਨਾ ਖ਼ੁਫ਼ੀਆ ਏਜੰਸੀਆਂ ਦੀ ਨਜ਼ਰ 'ਚ ਆਇਆਂ ਧੜੱਲੇ ਨਾਲ ਆਪਣੇ ਸਾਥੀਆਂ ਤੱਕ ਕੋਈ ਵੀ ਸੁਨੇਹਾ ਆਸਾਨੀ ਨਾਲ ਪਹੁੰਚਾਉਣ 'ਚ ਸਫਲ ਹੋ ਰਹੇ ਹਨ। ਉਕਤ ਟੈਲੀਗ੍ਰਾਮ ਮੈਸੇਂਜਰ ਐਪ ਦੀ ਇਕ ਖਾਸੀਅਤ ਇਹ ਵੀ ਦੱਸੀ ਜਾ ਰਹੀ ਹੈ ਕਿ ਇਸ ਰਾਹੀਂ ਬੋਲ ਕੇ ਭੇਜਿਆ ਜਾਣ ਵਾਲਾ ਸੁਨੇਹਾ ਅਤਿਵਾਦੀ ਸੰਗਠਨ ਦੇ ਲੜਾਕਿਆਂ ਕੋਲ ਪਹੁੰਚਣ ਦੇ ਬਾਅਦ ਮੈਸੇਜ਼ ਆਪਣੇ ਆਪ ਹਟ ਜਾਂਦਾ ਹੈ। ਭੇਜੇ ਗਏ ਮੈਸੇਜ਼ ਦਾ ਕੋਈ ਬੈਕਅਪ ਨਾ ਰਹਿਣ ਕਰ ਕੇ ਮੈਸੇਜ਼ ਭੇਜਣ ਅਤੇ ਪ੍ਰਾਪਤ ਕਰਨ ਵਾਲੇ ਨੂੰ ਏਜੰਸੀਆਂ ਲਈ ਲੱਭਣਾ ਟੇਢੀ ਖੀਰ ਸਾਬਤ ਹੋ ਰਿਹਾ ਹੈ।

ਟੈਲੀਗ੍ਰਾਮ ਮੈਸੇਂਜਰ ਐਪ ਇਕ ਕਲਾਉਡ-ਬੇਸਡ ਇੰਸਟੈਂਟ ਮੈਸੇਜਿੰਗ ਸਰਵਿਸ ਹੈ ਜੋ ਚੈਟਿੰਗ ਕਰਨ 'ਤੇ ਸੁਪਰ ਫਾਸਟ ਹੋਣ ਦੇ ਨਾਲ-ਨਾਲ ਕਾਫੀ ਆਸਾਨ ਅਤੇ ਸੁਰੱਖਿਅਤ ਵੀ ਹੈ। ਇਸ ਵਿਚ ਉਪਭੋਗੀ ਦੇ ਸੁਨੇਹਿਆਂ ਨੂੰ ਨਿੱਜੀ ਰੱਖਿਆ ਜਾਂਦਾ ਹੈ। ਪੁਲਿਸ ਤੇ ਖ਼ੁਫ਼ੀਆ ਏਜੰਸੀਆਂ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਹੈ, ਜੋ ਥੋੜ੍ਹੇ ਜਿਹੇ ਪੈਸਿਆਂ ਦੇ ਲਾਲਚ ਵਿਚ ਆ ਕੇ ਆਪਣੇ ਨਾਂ ਉਤੇ ਲਿਆ ਮੋਬਾਈਲ ਸਿਮ ਆਸਾਨੀ ਨਾਲ ਅਜਿਹੇ ਖਤਰਨਾਕ ਲੋਕਾਂ ਨੂੰ ਵੇਚ



ਦਿੰਦੇ ਹਨ। ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਲਗਦਾ ਦਰਿਆ ਰਾਵੀ ਪਾਕਿਸਤਾਨੀ ਤਸਕਰਾਂ ਲਈ ਆਪਣੇ ਮਨਸੂਬਿਆਂ ਨੂੰ ਅੰਜਾਮ ਦੇਣ ਦਾ ਮੁਫੀਦ ਰਸਤਾ ਸਾਬਤ ਹੋ ਰਿਹਾ ਹੈ।

ਦਰਿਆ ਦੇ ਕੰਢੇ ਸਰਹੱਦ 'ਤੇ ਲਗਾਈ ਗਈ ਕੰਡੇਦਾਰ ਤਾਰ ਦੇ ਨਾਲ ਉਗੀਆਂ ਵੱਡੀਆਂ-ਵੱਡੀਆਂ ਝਾੜੀਆਂ ਦਾ ਲਾਹਾ ਲੈਂਦਿਆਂ ਸੁਰੱਖਿਆ ਦਸਤਿਆਂ ਦੀਆਂ ਨਜ਼ਰਾਂ ਬਚਾ ਕੇ ਸਰਹੱਦ ਪਾਰ ਘੁਸਪੈਠ ਕਰਨ ਤੇ ਨਸ਼ਾ ਜਾਂ ਹਥਿਆਰ ਪਹੁੰਚਾਉਣ 'ਚ ਕਾਮਯਾਬ ਹੋ ਜਾਂਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਹੁਣ ਸਰਹੱਦ ਪਾਰ ਤੋਂ ਨਸ਼ਿਆਂ ਦੇ ਨਾਲ-ਨਾਲ ਹਥਿਆਰਾਂ ਦੀ ਤਸਕਰੀ ਨੇ ਸੁਰੱਖਿਆ ਬਲਾਂ ਦੀ ਚਿੰਤਾ ਵਧਾ ਦਿੱਤੀ ਹੈ। ਬੀ.ਐਸ.ਐਫ. ਅਧਿਕਾਰੀਆਂ ਦਾ ਵੀ ਮੰਨਣਾ ਹੈ ਕਿ ਰਾਵੀ ਦਰਿਆ ਦੇ ਰਸਤੇ ਤਸਕਰੀ ਨੂੰ ਲਗਾਮ ਪਾਉਣ ਵਿਚ ਵੱਡੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਾਕਿਸਤਾਨ ਦੇ ਗ੍ਰਹਿ ਮੰਤਰੀ ਆਸਾਨ ਇਕਬਾਲ ਨੇ ਪਾਕਿ ਦੇ ਪੁਲਿਸ ਅਧਿਕਾਰੀਆਂ ਨਾਲ ਇਕ ਬੈਠਕ ਦੌਰਾਨ ਦਾਅਵਾ ਕੀਤਾ ਕਿ ਪਾਕਿਸਤਾਨ ਦੇ 5 ਹਜ਼ਾਰ ਤੋਂ ਵਧੇਰੇ ਸਾਬਕਾ ਅਤਿਵਾਦੀ ਮੌਜੂਦਾ ਸਮੇਂ ਪਾਕਿ ਕੱਟੜਪੰਥੀ ਸੰਗਠਨਾਂ ਲਈ ਦਾਨ ਦੇ ਰੂਪ ਵਿਚ ਦੇਸ਼-ਵਿਦੇਸ਼ ਤੋਂ ਧਨ ਇਕੱਠਾ ਕਰ ਰਹੇ ਹਨ।

## ਵ੍ਹੱਟਸਐਪ ਰਾਹੀਂ ਜਾਣਕਾਰੀ ਭੇਜਣ ਵਾਲਾ ਪੰਜਾਬੀ ਗ੍ਰਿਫਤਾਰ

**ਬਟਾਲਾ:** ਹੈਰੋਇਨ ਤੇ ਪੈਸੇ ਦੇ ਲਾਲਚ ਵਿਚ ਪਾਕਿਸਤਾਨ ਨੂੰ ਜਾਣਕਾਰੀ ਦੇਣ ਵਾਲੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਮੁਤਾਬਕ ਉਸ ਦਾ ਇਕ ਹੋਰ ਸਾਥੀ ਹਾਲੇ ਫਰਾਰ ਹੈ। ਇਹ ਨੌਜਵਾਨ ਪਾਕਿਸਤਾਨ ਵਿਚ ਬੈਠੇ ਲੋਕਾਂ ਨੂੰ ਸਰਹੱਦੀ ਇਲਾਕੇ ਦੀ ਜਾਣਕਾਰੀ ਦਿੰਦੇ ਸਨ।

ਜਾਣਕਾਰੀ ਪ੍ਰਾਪਤ ਕਰਨ ਵਾਲੇ ਲੋਕ ਘੁਸਪੈਠ ਕਰਨ ਦੀ ਫਿਰਾਕ ਵਿਚ ਸਨ। ਪੁਲਿਸ ਮੁਤਾਬਕ ਮਿਲਟਰੀ ਇੰਟੈਲੀਜੈਂਸ ਵੱਲੋਂ ਪ੍ਰਾਪਤ ਸੂਚਨਾ ਦੇ ਆਧਾਰ 'ਤੇ ਡੇਰਾ ਬਾਬਾ ਨਾਨਕ ਦੇ ਪਿੰਡ ਸ਼ਿਕਾਰ ਮਛੀਆ ਦੇ ਰਹਿਣ ਵਾਲੇ ਗਿਆਨਬੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਮੁਤਾਬਕ ਮੁਲਜ਼ਮ ਨਵੰਬਰ 2017 ਤੋਂ ਵ੍ਹੱਟਸਐਪ ਰਾਹੀਂ ਬਾਦਸ਼ਾਹ ਖਾਨ ਨਾਂ ਦੇ ਵਿਅਕਤੀ ਨਾਲ ਜਾਣਕਾਰੀ ਸਾਂਝੀ ਕਰਦੇ ਸਨ।

# ਕਿਸਾਨਾਂ ਦੀ ਮੁਫਤ ਬਿਜਲੀ ਵਾਲੀ ਸਹੂਲਤ ਖੋਹਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਛੇ ਬਿਜਲੀ ਫੀਡਰਾਂ ਅਧੀਨ ਆਉਂਦੇ ਸੂਬੇ ਦੇ 990 ਕਿਸਾਨਾਂ ਦੇ ਟਿਊਬਵੈੱਲਾਂ ਉਤੇ ਮੀਟਰ ਲਾਉਣ ਦੇ ਪਾਇਲਟ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਬੰਧਤ ਕਿਸਾਨਾਂ ਨੂੰ ਬਿਜਲੀ ਸਬਸਿਡੀ ਦੇ ਪੈਸੇ ਦਿੱਤੇ ਜਾਣਗੇ ਅਤੇ ਜੇ ਉਹ ਸਰਕਾਰ ਵੱਲੋਂ ਤੈਅ ਕੀਤੀ ਬਿਜਲੀ ਨਾਲੋਂ ਘੱਟ ਬਿਜਲੀ ਦੀ ਵਰਤੋਂ ਕਰਨਗੇ ਤਾਂ ਪੈਸੇ ਉਨ੍ਹਾਂ ਦੇ ਖਾਤਿਆਂ ਵਿਚ ਪਾਏ ਜਾਣਗੇ। ਇਸ ਤਰ੍ਹਾਂ ਕਿਸਾਨ ਬਿਜਲੀ ਦੀ ਵਰਤੋਂ ਘੱਟ ਕਰ ਕੇ ਪੈਸੇ ਬਚਾ ਸਕਣਗੇ। ਸਰਕਾਰ ਗਿਣਤੀ ਮਿਣਤੀਆਂ ਲਾ ਕੇ ਬਿਜਲੀ ਸਬਸਿਡੀ ਦੇ ਬੋਝ ਨੂੰ ਘਟਾਉਣਾ ਚਾਹੁੰਦੀ ਹੈ।



ਇਸ ਪਾਇਲਟ ਪ੍ਰੋਜੈਕਟ ਤਹਿਤ ਪੰਜਾਬ ਰਾਜ ਬਿਜਲੀ ਨਿਗਮ ਲਿਮ. (ਪੀ.ਐਸ.ਪੀ.ਸੀ.ਐਲ.) ਨੇ ਜੇ-ਪਾਲ ਸਾਊਥ ਏਸ਼ੀਆ ਅਤੇ ਵਿਸ਼ਵ ਬੈਂਕ ਦੇ ਨਾਲ 990 ਖੇਤੀਬਾੜੀ ਟਿਊਬਵੈੱਲਾਂ ਦੇ ਕੁਨੈਕਸ਼ਨਾਂ ਦਾ ਮੁਲਾਂਕਣ ਕਰਨ ਲਈ ਸਮਝੌਤਾ ਕੀਤਾ ਹੈ। ਇਸ ਪਾਇਲਟ ਪ੍ਰੋਜੈਕਟ ਤਹਿਤ ਲਾਭਪਾਤਰੀ ਕਿਸਾਨਾਂ ਨੂੰ ਸਬਸਿਡੀ ਦਾ ਨਗਦ ਭੁਗਤਾਨ ਕੀਤਾ ਜਾਵੇਗਾ ਜੋ ਫਸਲ ਦੀ ਸਿੰਜਾਈ ਲਈ ਬਿਜਲੀ ਲਾਗਤ ਉਤੇ ਅਧਾਰਤ ਹੋਵੇਗਾ। ਇਸ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਰਾਜ ਕਿਸਾਨ ਕਮਿਸ਼ਨ, ਖੇਤੀਬਾੜੀ ਵਿਭਾਗ ਅਤੇ ਜਲ ਸਰੋਤ ਵਿਭਾਗਾਂ ਵੱਲੋਂ ਅੰਤਿਮ ਰੂਪ ਦਿੱਤਾ ਜਾਵੇਗਾ।

ਕਿਸਾਨਾਂ ਨੂੰ ਬਿਜਲੀ ਦੀ ਖਪਤ ਲਈ ਬਿੱਲ ਜਾਰੀ ਕੀਤੇ ਜਾਣਗੇ ਅਤੇ ਬੱਚਤ (ਸਬਸਿਡੀ 'ਚੋਂ ਬਿੱਲ ਦੀ ਰਕਮ ਘਟਾ ਕੇ) ਨੂੰ ਬਰਕਰਾਰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇਗੀ। ਡੀ.ਬੀ.ਟੀ.ਈ. ਸਕੀਮ ਸੂਬੇ ਵਿਚ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਕਰੇਗੀ। ਇਹ ਸਬਸਿਡੀ ਨੂੰ ਤਰਕਸੰਗਤ ਬਣਾਉਣ, ਟਰਾਂਸਮਿਸ਼ਨ ਅਤੇ ਬਿਜਲੀ ਵੰਡ ਦੇ ਨੁਕਸਾਨ ਨੂੰ ਰੋਕਣ ਦਾ ਯਤਨ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਡੇ ਕਿਸਾਨਾਂ ਨੂੰ ਸਵੈ-ਇੱਛਾ ਨਾਲ ਸਬਸਿਡੀ ਛੱਡਣ ਦੀ ਮੁੜ ਅਪੀਲ ਕੀਤੀ ਹੈ।

ਮੁੱਖ ਮੰਤਰੀ ਦੀ ਇਸ ਤੋਂ ਪਹਿਲਾਂ ਵਾਲੀ ਅਪੀਲ ਨੂੰ ਮੱਠਾ ਹੁੰਗਾਰਾ ਮਿਲਿਆ ਸੀ। ਵਜ਼ਾਰਤ ਦੀ ਮੀਟਿੰਗ ਬਾਅਦ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਜੇ ਕੋਈ ਵੱਡਾ ਕਿਸਾਨ ਅੱਧੀ ਸਬਸਿਡੀ ਛੱਡਣਾ ਚਾਹੁੰਦਾ ਹੈ ਤਾਂ ਉਹ ਛੱਡ ਸਕਦਾ ਹੈ। ਇਸ ਨਾਲ ਬਿਜਲੀ ਦੀ ਫਜ਼ੂਲ ਖਪਤ ਨੂੰ ਰੋਕਣ ਵਿਚ ਵੀ ਮਦਦ ਮਿਲੇਗੀ। ਅਜਿਹੇ ਕਿਸਾਨਾਂ ਨੂੰ ਖੇਤੀਬਾੜੀ ਪੰਪਾਂ 'ਤੇ 50 ਫੀਸਦੀ ਤੱਕ ਸਬਸਿਡੀ ਛੱਡਣ ਜਾਂ 100 ਫੀਸਦੀ ਸਬਸਿਡੀ ਛੱਡਣ ਬਦਲੇ ਕ੍ਰਮਵਾਰ 202 ਰੁਪਏ ਪ੍ਰਤੀ ਬੀਐਚਪੀ ਪ੍ਰਤੀ ਮਹੀਨਾ ਜਾਂ 403 ਰੁਪਏ ਪ੍ਰਤੀ ਬੀਐਚਪੀ ਪ੍ਰਤੀ ਮਹੀਨਾ ਚੁਣਨ ਦਾ ਅਧਿਕਾਰ ਦਿੱਤਾ ਗਿਆ ਹੈ।

ਬਿਜਲੀ ਸਬਸਿਡੀ ਸਵੈ-ਇੱਛਾ ਨਾਲ ਛੱਡਣ ਵਾਲੇ ਖੇਤੀਬਾੜੀ ਖਪਤਕਾਰਾਂ ਕਾਰਨ ਸੂਬੇ 'ਤੇ ਸਬਸਿਡੀ ਦਾ ਬੋਝ ਘਟੇਗਾ ਜਿਸ ਦੇ ਨਾਲ ਝੋਨੇ ਦੇ ਸੀਜ਼ਨ ਦੌਰਾਨ ਬਿਨਾਂ ਕੱਟ ਅੱਠ ਘੰਟੇ ਅਤੇ ਝੋਨਾ ਨਾ ਲੱਗਣ ਵਾਲੇ ਮੌਸਮ 'ਚ ਇਕ ਦਿਨ ਛੱਡ ਕੇ 8-10 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ।

ਜੇ ਅਮੀਰ ਕਿਸਾਨ ਬਿਜਲੀ ਸਬਸਿਡੀ ਛੱਡਣ ਲਈ ਸਹਿਮਤ ਨਹੀਂ ਹੁੰਦੇ ਤਾਂ ਉਸ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਨੇ ਅੰਦਰਖਾਤੇ ਇਹ ਯੋਜਨਾ ਬਣਾ ਲਈ ਜਾਪਦੀ ਹੈ ਅਤੇ ਇਹ ਕਦਮ ਅਮੀਰ ਕਿਸਾਨਾਂ ਦੀਆਂ ਮੋਟਰਾਂ ਉਤੇ ਬਿੱਲ ਲਾਉਣ ਦੀ ਦਿਸ਼ਾ 'ਚ ਚੁੱਕਿਆ ਗਿਆ ਕਦਮ ਹੈ।

ਇਸ ਵੇਲੇ ਸੂਬੇ ਵਿਚ 13.50 ਲੱਖ ਖੇਤੀ ਟਿਊਬਵੈੱਲ ਹਨ। ਸੂਬਾ ਸਰਕਾਰ ਵੱਲੋਂ ਵਿੱਤੀ ਸਾਲ 2017-18 ਲਈ ਖੇਤੀ ਟਿਊਬਵੈੱਲਾਂ ਉਤੇ ਸਬਸਿਡੀ ਦੇ ਰੂਪ ਵਿਚ 6000 ਕਰੋੜ ਰੁਪਏ ਬਿਜਲੀ ਨਿਗਮ ਨੂੰ ਅਦਾ ਕੀਤੇ ਜਾਣੇ ਹਨ ਅਤੇ ਇਹ ਬੋਝ ਹਰੇਕ ਸਾਲ ਵਧਦਾ ਜਾ ਰਿਹਾ ਹੈ। ਜੇਕਰ ਅਮੀਰ ਕਿਸਾਨਾਂ ਵਿਚੋਂ ਇਕ ਫੀਸਦੀ ਕਿਸਾਨ ਵੀ ਸਵੈ-ਇੱਛਾ ਨਾਲ 50 ਫੀਸਦੀ ਸਬਸਿਡੀ ਵੀ ਛੱਡ ਦੇਣ ਤਾਂ ਇਸ ਨਾਲ ਸਬਸਿਡੀ ਦਾ ਸਾਲਾਨਾ ਅੰਦਾਜ਼ਨ 35 ਕਰੋੜ ਰੁਪਏ ਬੋਝ ਘੱਟ ਸਕਦਾ ਹੈ।

## ਅਕਾਲੀ ਦਲ ਵੱਲੋਂ 'ਪੋਲ ਖੋਲ੍ਹ ਰੈਲੀਆਂ' ਦੀ ਤਿਆਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਭਰ ਵਿਚ ਹਲਕਾ ਵਾਈਜ਼ 'ਪੋਲ ਖੋਲ੍ਹ ਰੈਲੀਆਂ' ਦੀਆਂ ਤਰੀਕਾਂ ਦਾ ਐਲਾਨ ਕੀਤਾ ਹੈ। ਇਨ੍ਹਾਂ ਰੈਲੀਆਂ ਦਾ ਆਰੰਭ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 7 ਫਰਵਰੀ ਨੂੰ ਫਾਜ਼ਿਲਕਾ ਤੋਂ ਕਰਨਗੇ।

ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਇਨ੍ਹਾਂ ਰੈਲੀਆਂ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ ਅਤੇ ਹੋਰ ਵਰਗਾਂ ਨਾਲ ਕੀਤੇ ਗਏ ਵਿਸ਼ਵਾਸਘਾਤਾਂ ਨੂੰ ਲੋਕਾਂ ਦੀ ਕਚਹਿਰੀ ਵਿਚ ਨੰਗਾ ਕੀਤਾ ਜਾਵੇਗਾ।

# ਪੰਜਾਬ ਲੋਕ ਸੇਵਾ ਕਮਿਸ਼ਨ ਨੂੰ 'ਬੈਸਟ ਈ-ਗਵਰਨੈਂਸ ਪ੍ਰਾਜੈਕਟ' ਪੁਰਸਕਾਰ

**ਪਟਿਆਲਾ:** ਪੰਜਾਬ ਲੋਕ ਸੇਵਾ ਕਮਿਸ਼ਨ ਨੇ ਆਪਣੀ ਕਾਰਗੁਜ਼ਾਰੀ ਵਿਚ ਸੁਧਾਰ ਕਰਦਿਆਂ 'ਬੈਸਟ ਈ-ਗਵਰਨੈਂਸ ਪ੍ਰੋਜੈਕਟ' ਪੁਰਸਕਾਰ ਪ੍ਰਾਪਤ ਕੀਤਾ ਹੈ। ਦੇਸ਼ ਦਾ ਇਹ ਵੱਕਾਰੀ ਐਵਾਰਡ ਕੰਪਿਊਟਰ ਸੁਸਾਇਟੀ ਆਫ ਇੰਡੀਆ ਤੇ ਨਿਹਾਲੈਂਟ ਵੱਲੋਂ ਕਮਿਸ਼ਨ ਵਿਚ ਪਿਛਲੇ ਸਾਲਾਂ ਦੌਰਾਨ ਭਰਤੀ ਪ੍ਰਕਿਰਿਆ ਵਿਚ ਪਾਰਦਰਸ਼ੀ ਤੇ ਸਾਫ-ਸੁਥਰਾ ਮਾਹੌਲ ਹੋਣ ਦੇ



ਇਵਜ਼ ਪ੍ਰਦਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦੇਸ਼ ਦੇ ਬਾਕੀ ਲੋਕ ਸੇਵਾ ਕਮਿਸ਼ਨਾਂ ਨੂੰ ਵੀ ਜ਼ੋਰ ਦਿੱਤਾ ਗਿਆ ਹੈ ਕਿ ਉਹ ਆਪਣੀ ਬਿਹਤਰ ਕਾਰਗੁਜ਼ਾਰੀ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਸੇਧ ਲੈਣ।

ਦੱਸਣਯੋਗ ਹੈ ਕਿ ਤਕਰੀਬਨ ਡੇਢ ਦਹਾਕਾ ਪਹਿਲਾਂ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਖ ਨੂੰ ਭਰਤੀਆਂ ਵਿਚ ਧਾਂਦਲੀ ਤੇ ਭ੍ਰਿਸ਼ਟਾਚਾਰ ਕਾਰਨ ਕਾਫੀ ਖੋਰਾ ਲੱਗਾ ਸੀ। ਉਸ ਸਮੇਂ ਕਮਿਸ਼ਨ ਦੇ ਚੇਅਰਮੈਨ ਰਹੇ ਰਵਿੰਦਰਪਾਲ ਸਿੰਘ ਸਿੱਧੂ ਉਰਫ ਰਵੀ ਸਿੱਧੂ ਨੂੰ ਭਰਤੀਆਂ ਵਿਚ ਘਪਲੇ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਵਿਜੀਲੈਂਸ ਬਿਊਰੋ ਪੰਜਾਬ ਦੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਸਨ। ਆਖਰਕਾਰ, ਦੇਸ਼ ਦੇ ਰਾਸ਼ਟਰਪਤੀ ਨੇ ਚੇਅਰਮੈਨ ਰਵੀ ਸਿੱਧੂ ਨੂੰ ਬਰਖਾਸਤ ਕਰ ਦਿੱਤਾ ਸੀ।

ਅਜਿਹੇ ਲੰਮੇ ਮਾੜੇ ਦੌਰ ਮਗਰੋਂ ਹੁਣ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਵੱਕਾਰੀ ਪੁਰਸਕਾਰ ਹਾਸਲ ਕਰ ਕੇ ਆਪਣੇ ਦਾਗ ਧੋ ਲਏ ਹਨ। ਮਾਹਿਰਾਂ ਤੇ ਚਿੰਤਕਾਂ ਦਾ ਕਹਿਣਾ ਹੈ ਕਿ 'ਬੈਸਟ ਈ-ਗਵਰਨੈਂਸ ਪ੍ਰੋਜੈਕਟ' ਪੁਰਸਕਾਰ ਸਿੱਧੇ ਤੌਰ ਉਤੇ ਕਮਿਸ਼ਨ ਦੇ ਸਹੀ ਤੇ ਪਾਰਦਰਸ਼ੀ ਢੰਗ ਨਾਲ ਰਿਕਰੂਟਮੈਂਟ ਕਰਨ ਦੇ ਉਦਮ ਦੀ ਪੁਸ਼ਟੀ ਕਰਦਾ ਹੈ। ਦੱਸਣਯੋਗ ਹੈ ਕਿ ਦੇਸ਼ ਦੇ ਲੋਕ ਸੇਵਾ ਕਮਿਸ਼ਨਾਂ ਵਿਚ ਉਤਮ ਕਾਰਜ ਕੁਸ਼ਲਤਾ ਲਿਆਉਣ ਲਈ ਪ੍ਰਸ਼ਾਸਕੀ ਸੁਧਾਰ ਕਮੇਟੀ ਦੇ ਹੁਕਮਾਂ ਨਾਲ 'ਅਜ਼ੀਮ ਪ੍ਰੇਮਜੀ ਯੂਨੀਵਰਸਿਟੀ' ਬੰਗਲੌਰ ਤੋਂ ਇਕ ਅਧਿਐਨ ਟੀਮ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਕੰਮਕਾਜ ਅਤੇ ਪ੍ਰਕਿਰਿਆ ਬਾਰੇ ਆਡਿਟ ਕੀਤੀ ਗਈ ਸੀ। ਇਹ ਪੁਰਸਕਾਰ ਕਲਕੱਤਾ ਵਿਚ ਪਿਛਲੇ ਦਿਨੀਂ ਹੋਏ ਸਨਮਾਨ ਸਮਾਰੋਹ ਦੌਰਾਨ ਕਮਿਸ਼ਨ ਨੇ ਪ੍ਰਾਪਤ ਕਰ ਲਿਆ ਹੈ।

# ਪੰਜਾਬ ਦੀਆਂ 60 ਹਜ਼ਾਰ ਧੀਆਂ ਨੂੰ 'ਸਰਕਾਰੀ ਆਸ਼ੀਰਵਾਦ' ਦੀ ਉਡੀਕ

**ਬਠਿੰਡਾ:** ਹਜ਼ਾਰਾਂ ਧੀਆਂ ਦੀ ਗੋਦ ਵਿਚ ਹੁਣ ਨਿਆਣੇ ਖੇਡ ਰਹੇ ਹਨ ਪਰ ਉਨ੍ਹਾਂ ਨੂੰ ਅਜੇ ਤੱਕ ਨਾ ਸਰਕਾਰੀ 'ਸ਼ਗਨ' ਮਿਲਿਆ ਹੈ ਅਤੇ ਨਾ 'ਆਸ਼ੀਰਵਾਦ'। ਪੰਜਾਬ ਭਰ ਵਿਚ ਤਕਰੀਬਨ 60 ਹਜ਼ਾਰ ਧੀਆਂ ਨੂੰ ਸਰਕਾਰੀ 'ਸ਼ਗਨ' ਨਹੀਂ ਮਿਲਿਆ ਹੈ, ਜਿਨ੍ਹਾਂ ਦੇ ਗਰੀਬ ਮਾਪਿਆਂ ਨੇ ਸਰਕਾਰੀ ਮਦਦ ਦੀ ਝਾਕ ਵਿਚ ਕਰਜ਼ੇ ਚੁੱਕ ਕੇ ਵਿਆਹ ਕੀਤੇ ਸਨ। ਮੁਕਤਸਰ ਦੇ ਪਿੰਡ ਉਦੇਕਰਨ ਦੀ ਕੁਲਦੀਪ ਕੌਰ ਦੀ ਬੇਟੀ ਤਿੰਨ ਮਹੀਨੇ ਦੀ ਹੋ ਗਈ ਹੈ ਪਰ ਉਸ ਦੇ ਮਾਪਿਆਂ ਨੂੰ ਸਰਕਾਰੀ 'ਸ਼ਗਨ' ਨਹੀਂ ਮਿਲਿਆ ਹੈ।

ਬਠਿੰਡਾ ਦੇ ਪਿੰਡ ਬਹਿਮਣ ਜੱਸਾ ਸਿੰਘ ਦੀ ਧੀ ਸ਼ੈਲੋ ਦੇ ਬੇਟਾ ਹੋ ਗਿਆ ਹੈ ਪਰ ਸਰਕਾਰੀ ਸ਼ਗਨ ਉਸ ਦੇ ਬੂਹੇ ਨਹੀਂ ਆਇਆ। ਬਹਿਮਣ ਜੱਸਾ ਸਿੰਘ ਦੇ ਮਜ਼ਦੂਰ ਨਿਰਮਲ ਸਿੰਘ ਨੇ ਦੱਸਿਆ ਕਿ ਉਸ ਦਾ ਦੋਹਤਾ ਤਿੰਨ ਮਹੀਨੇ ਦਾ ਹੋ ਗਿਆ ਹੈ। ਲੜਕੀ ਦੇ ਵਿਆਹ ਵੇਲੇ ਕਿਸੇ ਤੋਂ ਕਰਜ਼ਾ ਇਸ ਆਸ ਨਾ ਚੁੱਕਿਆ ਸੀ ਕਿ ਸਰਕਾਰੀ ਸ਼ਗਨ ਦੀ ਰਕਮ ਮਿਲ ਜਾਵੇਗੀ। ਪਿੰਡ ਕੋਟਗੁਰੂ ਦੀ ਧੀ ਜਸਵਿੰਦਰ ਕੌਰ ਨੂੰ ਜਦੋਂ ਲੰਮੀ ਉਡੀਕ ਮਗਰੋਂ ਵੀ ਸ਼ਗਨ ਨਾ ਮਿਲਿਆ ਤਾਂ ਹੁਣ ਉਸ ਨੇ ਆਪਣੇ ਬੇਟੇ ਦਾ ਨਾਂ ਵੀ 'ਸਹਿਜਦੀਪ' ਰੱਖਿਆ। ਉਸ ਦੇ ਭਰਾ ਗੁਰਮੇਲ ਸਿੰਘ ਨੇ ਦੱਸਿਆ ਕਿ ਸਰਕਾਰੀ ਸਹਿਜ ਨੇ ਉਨ੍ਹਾਂ ਨੂੰ ਕਿਸੇ ਪਾਸੇ ਦਾ ਨਹੀਂ ਛੱਡਿਆ। ਪਿੰਡ ਗਿਆਨਾ ਦੀ ਕੁੜੀ ਰਜਨੀ ਦੇਵੀ ਦੀ ਗੋਦ ਇਕ ਮਹੀਨੇ ਦਾ ਬੱਚਾ ਖੇਡ ਰਿਹਾ ਹੈ ਪਰ ਉਸ ਦੇ ਮਾਪੇ 'ਸਿਆਸੀ ਖੇਡਾਂ' ਤੋਂ ਪਰੇਸ਼ਾਨ ਹਨ।

ਹਾਕਮ ਧਿਰ ਦੇ ਵਿਧਾਇਕ ਦੇ ਪਿੰਡ ਕਾਂਗੜ ਦੀ ਧੀ ਰਣਦੀਪ ਕੌਰ ਕੋਲ ਹੁਣ ਇਕ ਮਹੀਨੇ ਦਾ ਬੇਟਾ ਹੈ। ਰਣਦੀਪ ਦੇ ਭਰਾ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸਰਕਾਰੀ ਸ਼ਗਨ ਦੀ ਉਮੀਦ 'ਚ ਉਨ੍ਹਾਂ ਨੇ ਭੈਣ ਦੇ ਵਿਆਹ ਸਮੇਂ ਵਿਆਜ ਉਤੇ ਪੈਸੇ ਫੜ ਲਏ ਸਨ, ਜੋ ਅਜੇ ਤੱਕ ਨਹੀਂ ਮੁੜੇ। ਉਹ ਦਫਤਰਾਂ ਦੇ ਚੱਕਰ ਕੱਟ ਕੱਟ ਥੱਕ ਗਏ ਹਨ। ਜਗਾ ਰਾਮ ਤੀਰਥ ਦੀ ਕਿਰਨ ਕੌਰ ਕੋਲ 22 ਦਿਨ ਦੀ ਬੇਟੀ ਹੈ। ਇਸ ਤਰ੍ਹਾਂ ਦੇ ਹਜ਼ਾਰਾਂ ਘਰ ਹਨ, ਜਿਨ੍ਹਾਂ ਨੂੰ ਭਾਗ ਲੱਗ ਗਏ ਹਨ ਪਰ ਸਰਕਾਰ ਵੋਟਾਂ ਲੈਣ ਮਗਰੋਂ ਸਭ ਕੁਝ ਭੁੱਲ ਗਈ ਹੈ।

ਦੱਸਣਯੋਗ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਇਸ ਯੋਜਨਾ ਦਾ ਨਾਂ 'ਸ਼ਗਨ ਸਕੀਮ' ਸੀ। ਕੈਪਟਨ ਹਕੂਮਤ ਨੇ ਇਸ ਦਾ ਨਾਂ ਬਦਲ ਕੇ 'ਆਸ਼ੀਰਵਾਦ ਸਕੀਮ' ਰੱਖ ਦਿੱਤਾ ਹੈ। ਕੈਪਟਨ ਹਕੂਮਤ ਨੇ ਪਹਿਲੀ ਜੁਲਾਈ, 2017 ਤੋਂ ਆਸ਼ੀਰਵਾਦ ਸਕੀਮ ਦੀ ਰਕਮ 15 ਹਜ਼ਾਰ ਤੋਂ ਵਧਾ ਕੇ 21 ਹਜ਼ਾਰ ਕਰ ਦਿੱਤੀ ਹੈ। ਕੈਪਟਨ ਸਰਕਾਰ 'ਆਸ਼ੀਰਵਾਦ' ਦਾ ਮਹੂਰਤ ਵੀ ਨਹੀਂ ਕਰ ਸਕੀ ਹੈ। ਦਸੰਬਰ 2016 ਤੋਂ 31 ਮਾਰਚ, 2017 ਤੱਕ 'ਸ਼ਗਨ ਸਕੀਮ' ਦੇ 25 ਹਜ਼ਾਰ ਕੇਸ ਪੈਂਡਿੰਗ ਪਏ ਹਨ ਜਦੋਂਕਿ ਕੈਪਟਨ ਹਕੂਮਤ ਦੀ ਆਸ਼ੀਰਵਾਦ ਸਕੀਮ ਦੇ ਪਹਿਲੀ ਅਪਰੈਲ, 2017 ਤੋਂ 31 ਦਸੰਬਰ, 2017 ਤੱਕ ਤਕਰੀਬਨ 35 ਹਜ਼ਾਰ ਕੇਸ ਪੈਂਡਿੰਗ ਪਏ ਹਨ। ਸਭ ਬਕਾਏ ਕਲੀਅਰ ਕਰਨ ਵਾਸਤੇ ਤਕਰੀਬਨ 105 ਕਰੋੜ ਦੀ ਲੋੜ ਹੈ। ਪਹਿਲੀ ਜੁਲਾਈ, 2017 ਤੋਂ ਇਸ ਸਕੀਮ ਦੀ ਰਾਸ਼ੀ ਵਧਾ ਕੇ 21 ਹਜ਼ਾਰ ਕਰਨ ਮਗਰੋਂ ਦਸੰਬਰ ਮਹੀਨੇ ਤੱਕ 23 ਹਜ਼ਾਰ ਕੇਸ ਆ ਚੁੱਕੇ ਹਨ। ਮਾਪਿਆਂ ਨੂੰ ਇਹ ਵੀ ਡਰ ਹੈ ਕਿ ਕਿਤੇ ਨਵੀਂ ਹਕੂਮਤ ਪੁਰਾਣੀ ਸਰਕਾਰ ਦੇ ਪੈਂਡਿੰਗ ਕੇਸਾਂ 'ਤੇ ਪੋਚਾ ਹੀ ਨਾ ਫੇਰ ਦੇਵੇ।

# ਮੁਕਾਬਲੇ ਵਿਚ ਦੋ ਸਾਥੀਆਂ ਸਣੇ ਮਾਰਿਆ ਗਿਆ ਗੈਂਗਸਟਰ ਗੌਂਡਰ

**ਚੰਡੀਗੜ੍ਹ:** ਨਾਭਾ ਜੇਲ੍ਹ ਬਰੇਕ ਦੇ ਮੁੱਖ ਸਰਗਨੇ ਅਤੇ ਖਤਰਨਾਕ ਗੈਂਗਸਟਰ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ ਤੇ ਉਸ ਦੇ ਦੋ ਸਾਥੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਪੁਲਿਸ ਦੀਆਂ ਪੰਜ ਟੀਮਾਂ ਵਿਚ ਸ਼ਾਮਲ 35 ਮੁਲਾਜ਼ਮਾਂ ਵੱਲੋਂ



ਉਚ ਤਕਨੀਕੀ ਅਤੇ ਖੁਫੀਆ ਉਪਰੇਸ਼ਨ ਚਲਾ ਕੇ 10 ਖਤਰਨਾਕ ਕੇਸਾਂ ਵਿਚ ਲੋੜੀਂਦੇ ਗੌਂਡਰ ਅਤੇ ਸਾਥੀਆਂ ਨੂੰ ਮਾਰਿਆ। ਜਦੋਂ ਪੁਲਿਸ ਨੇ ਗੈਂਗਸਟਰਾਂ ਨੂੰ ਰਾਜਸਥਾਨ ਦੀ ਇਕ ਢਾਣੀ ਦੇ ਮਕਾਨ ਵਿਚ ਘੇਰ ਲਿਆ ਤਾਂ ਗੋਲੀਆਂ ਚਲਾਉਂਦੇ ਪ੍ਰੇਮਾ ਲਹੌਰੀਏ ਨੂੰ ਤਾਂ ਘਰ ਦੀ ਕੰਧ ਟੱਪਦਿਆਂ ਹੀ ਮਾਰ ਮੁਕਾਇਆ ਜਦਕਿ ਗੌਂਡਰ ਨੂੰ ਕੰਧ 'ਤੇ ਚੜ੍ਹਨ ਦਾ ਮੌਕਾ ਵੀ ਨਾ ਦਿੱਤਾ। ਗੌਂਡਰ ਦੇ ਤੀਜੇ ਸਾਥੀ ਦੀ ਸ਼ਨਾਖਤ ਸਵਿੰਦਰ ਸਿੰਘ (30) ਵਾਸੀ ਘਰਿੰਡਾ ਵਜੋਂ ਹੋਈ ਹੈ।

ਗੌਂਡਰ 'ਤੇ ਪੰਜਾਬ ਪੁਲਿਸ ਵੱਲੋਂ 7 ਲੱਖ ਰੁਪਏ ਅਤੇ ਬਾਕੀ ਇਨਾਮ ਰਾਜਸਥਾਨ ਪੁਲਿਸ ਵੱਲੋਂ ਰੱਖਿਆ ਗਿਆ ਸੀ। ਗੌਂਡਰ ਕਈ ਫੇਸਬੁੱਕ ਅਕਾਊਂਟਸ ਦੀ ਵਰਤੋਂ ਕਰ ਰਿਹਾ ਸੀ ਜੋ ਖਾੜੀ ਦੇਸ਼ਾਂ, ਸਾਈਪ੍ਰਸ ਅਤੇ ਜਰਮਨੀ ਸਮੇਤ ਵੱਖ-ਵੱਖ ਮੁਲਕਾਂ ਤੋਂ ਉਸ ਦੇ ਸਹਿਯੋਗੀਆਂ ਵੱਲੋਂ ਚਲਾਏ ਜਾ ਰਹੇ ਸਨ। ਪੁਲਿਸ ਦਾ ਦਾਅਵਾ ਹੈ ਕਿ ਗੌਂਡਰ ਨੂੰ ਨਜ਼ਦੀਕੀ ਸਾਥੀ ਅਤੇ ਹੈਂਡਲਰ ਰਮਨਜੀਤ ਸਿੰਘ ਉਰਫ ਰੋਮੀ (ਹਾਂਗਕਾਂਗ) ਰਾਹੀਂ ਪਾਕਿਸਤਾਨ ਤੋਂ ਸਵੈ-ਚਾਲਿਤ ਅਸਾਲਟ ਰਾਈਫਲ ਪ੍ਰਾਪਤ ਹੋਈ ਸੀ ਅਤੇ ਰਮਨਜੀਤ ਸਿੰਘ ਵਿਰੁੱਧ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਜਾ ਚੁੱਕਾ ਹੈ। ਪ੍ਰੇਮ ਸਿੰਘ ਉਰਫ ਪ੍ਰੇਮਾ ਲਹੌਰੀਆ ਵੀ 'ਏ' ਸ਼੍ਰੇਣੀ ਦਾ ਗੈਂਗਸਟਰ ਸੀ ਜਿਸ ਉਤੇ 2 ਲੱਖ ਰੁਪਏ ਦਾ ਇਨਾਮ ਸੀ। ਪਿਛਲੇ ਹਫਤੇ ਵਿਸ਼ੇਸ਼ ਟੀਮ ਨੂੰ ਜਾਣਕਾਰੀ ਮਿਲੀ ਸੀ ਕਿ ਫਾਜ਼ਿਲਕਾ, ਫਿਰੋਜ਼ਪੁਰ ਅਤੇ ਤਰਨਤਾਰਨ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਦੋਹਾਂ ਨੂੰ ਦੇਖਿਆ ਗਿਆ ਹੈ। 26 ਜਨਵਰੀ ਨੂੰ ਪੁਲਿਸ ਟੀਮ ਨੂੰ ਸੂਚਨਾ ਮਿਲੀ ਸੀ ਕਿ ਦੋਵੇਂ ਅਪਰਾਧੀ ਪਿੰਡ ਪੰਜਾਵਾ ਵਿਚ ਲਖਵਿੰਦਰ ਸਿੰਘ ਉਰਫ ਲੱਖਾ ਦੀ 'ਢਾਣੀ' ਉਪਰ ਲੁਕੇ ਹੋਏ ਹਨ। ਪੁਲਿਸ ਟੀਮ ਨੂੰ ਦੇਖ ਕੇ ਤਿੰਨੇ ਕਮਰੇ ਵਿਚੋਂ ਬਾਹਰ ਭੱਜੇ ਅਤੇ ਪੁਲਿਸ ਉਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਜਵਾਬੀ ਕਾਰਵਾਈ ਵਿਚ ਗੌਂਡਰ ਅਤੇ ਲਹੌਰੀਆ ਮਾਰੇ ਗਏ ਅਤੇ ਤੀਜਾ ਸਾਥੀ ਜਖ਼ਮੀ ਹੋ ਗਿਆ ਜਿਸ ਨੂੰ ਅਬੋਹਰ ਦੇ ਹਸਪਤਾਲ 'ਚ ਇਲਾਜ ਲਈ ਲਿਆਂਦਾ ਗਿਆ ਜਿਥੇ ਉਸ ਦੀ ਮੌਤ ਹੋ ਗਈ। ਜਿਸ ਢਾਣੀ 'ਚ ਗੈਂਗਸਟਰ ਦੋ ਦਿਨਾਂ ਤੋਂ ਲੁਕੇ ਹੋਏ ਸਨ, ਉਹ ਇਲਾਕਾ ਪਿੰਡ ਪੱਕੀ, ਥਾਣਾ ਹਿੰਦੂਮੱਲ ਕੋਟ, ਜ਼ਿਲ੍ਹਾ ਗੰਗਾਨਗਰ, ਰਾਜਸਥਾਨ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਅਤੇ ਪੰਜਾਬ ਦੀ ਸਰਹੱਦ ਤੋਂ ਸਿਰਫ 50 ਮੀਟਰ ਦੂਰ ਹੈ।

## ਪਰਿਵਾਰ ਦੇ ਗਲੇ ਨਹੀਂ ਉਤਰ ਰਿਹਾ ਪੁਲਿਸ ਮੁਕਾਬਲਾ

**ਲੰਬੀ:** ਭਤੀਜੇ ਦੀ ਪੁਲਿਸ ਮੁਕਾਬਲੇ ਵਿਚ ਮੌਤ ਵਿੱਕੀ ਗੌਂਡਰ ਦੇ ਚਾਚਿਆਂ-ਤਾਇਆਂ ਦੇ ਗਲੇ ਨਹੀਂ ਉਤਰ ਰਹੀ। ਪਰਿਵਾਰ ਨੇ ਦੋਸ਼ ਲਾਇਆ ਕਿ ਪੰਜਾਬ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਕੇ ਬਾਅਦ ਵਿਚ ਰਾਜਸਥਾਨ ਦੀ ਹੱਦ 'ਤੇ ਲਿਜਾ ਕੇ ਮੁਕਾਬਲਾ ਵਿਖਾ ਕੇ ਮਾਰ ਦਿੱਤਾ, ਜਿਸ ਦੀ ਉਚ ਪੱਧਰੀ ਪੜਤਾਲ ਹੋਣੀ ਚਾਹੀਦੀ ਹੈ। ਵਿੱਕੀ ਦੇ ਮਾਮੇ ਗੁਰਭੇਜ ਸਿੰਘ ਨੇ ਪੁਲਿਸ ਮੁਕਾਬਲੇ ਨੂੰ ਅੰਜਾਮ ਤੱਕ ਲੈ ਕੇ ਜਾਣ ਵਾਲੇ ਸੀ.ਆਈ.ਏ. ਰਾਜਪੁਰਾ ਦੇ ਇੰਚਾਰਜ ਵਿਕਰਮ ਸਿੰਘ ਬਰਾੜ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਉਹ (ਵਿਕਰਮ) ਅਤੇ ਵਿੱਕੀ ਦੋਵੇਂ ਸਪੋਰਟਸ ਕੋਟੇ ਵਿਚ ਹੋਣ ਕਰ ਕੇ ਇਕੱਠੇ ਖੇਡਦੇ ਤੇ ਪੜ੍ਹਦੇ ਰਹੇ ਹਨ। ਉਸ ਨੇ ਹੀ ਵਿੱਕੀ ਤੇ ਉਸ ਦੇ ਸਾਥੀਆਂ ਨੂੰ ਭਰੋਸੇ ਵਿਚ ਲੈ ਕੇ ਆਤਮ ਸਮਰਪਣ ਕਰਨ ਲਈ ਮਨਾਇਆ ਸੀ, ਪਰ ਮੌਕੇ 'ਤੇ ਉਨ੍ਹਾਂ ਦਾ ਝੂਠਾ ਪੁਲੀਸ ਮੁਕਾਬਲਾ ਬਣਾ ਦਿੱਤਾ ਗਿਆ। ਵਿੱਕੀ ਦੇ ਚਾਚੇ ਜਗਦੀਸ਼ ਸਿੰਘ ਪੱਪੂ ਨੇ ਵੀ ਗੁਰਭੇਜ ਸਿੰਘ ਵੱਲੋਂ ਲਾਏ ਦੋਸ਼ਾਂ ਦੀ ਪੁਸ਼ਟੀ ਕੀਤੀ ਹੈ।

## ਖਿਡਾਰੀ ਤੋਂ ਅਪਰਾਧ ਦਾ ਰਾਹ

**ਚੰਡੀਗੜ੍ਹ:** ਵਿੱਕੀ ਗੌਂਡਰ ਚਰਚਿਤ ਨਾਭਾ ਜੇਲ੍ਹ ਬਰੇਕ ਕਾਂਡ ਦਾ ਮੁੱਖ ਮੁਲਜ਼ਮ ਸੀ। ਉਹ ਨਵੰਬਰ 2016 ਵਿਚ ਜੇਲ੍ਹ ਤੋਂ ਫਰਾਰ ਹੋ ਗਿਆ ਸੀ। ਇਸ ਤੋਂ ਇਲਾਵਾ ਵਿੱਕੀ ਗੌਂਡਰ ਨੇ ਗੈਂਗਸਟਰ ਸੁੱਖਾ ਕਾਹਲੋਂ ਨੂੰ ਪੁਲਿਸ ਹਿਰਾਸਤ ਵਿਚ ਹੀ ਕਤਲ ਕਰ ਦਿੱਤਾ ਸੀ। ਮਾਰੇ ਗਏ ਗੈਂਗਸਟਰਾਂ ਦੇ ਸਿਰ 'ਤੇ ਪੰਜਾਬ ਪੁਲਿਸ ਨੇ ਲੱਖਾਂ ਦਾ ਇਨਾਮ ਰੱਖਿਆ ਹੋਇਆ ਸੀ। ਹਰਜਿੰਦਰ ਸਿੰਘ ਭੁੱਲਰ ਉਰਫ ਵਿੱਕੀ ਗੌਂਡਰ ਜਿਸ ਦਾ ਨਾਂ ਪੰਜਾਬ ਦੇ ਗੈਂਗਸਟਰਾਂ ਦੀ ਸੂਚੀ ਵਿਚ ਸਭ ਤੋਂ ਉਪਰ ਸੀ, ਮਲੋਟ ਦੇ ਪਿੰਡ ਸਰਾਵਾਂ ਬੋਧਲਾਂ ਦਾ ਰਹਿਣ ਵਾਲਾ ਸੀ। ਇਹ ਨੌਜਵਾਨ ਜਲੰਧਰ ਦੇ ਸਪੋਰਟਸ ਸਕੂਲ ਵਿਚ ਪੜ੍ਹਦਾ ਸੀ ਤੇ ਨਾਲ ਹੀ ਡਿਸਕਸ-ਥ੍ਰੋਅ ਦਾ ਖਿਡਾਰੀ ਵੀ ਸੀ।

ਗੈਂਗਸਟਰ ਸੁੱਖਾ ਕਾਹਲੋਂ ਨੂੰ 22 ਜਨਵਰੀ 2015 'ਚ ਪੁਲਿਸ ਹਿਰਾਸਤ ਵਿਚ ਦਿਨ ਦਿਹਾੜੇ ਗੋਲੀਆਂ ਮਾਰਨ ਤੋਂ ਬਾਅਦ ਵਿੱਕੀ ਗੌਂਡਰ ਮਸ਼ਹੂਰ ਹੋ ਗਿਆ।

ਪੰਜਾਬ ਪੁਲਿਸ ਨੇ ਉਸ ਨੂੰ ਸੁੱਖਾ ਕਾਹਲੋਂ ਦੇ ਕਤਲ ਤੇ ਹੋਰ ਕਈ ਮਾਮਲਿਆਂ ਵਿਚ ਗ੍ਰਿਫਤਾਰ ਕਰ ਲਿਆ ਸੀ। ਮਾਮਲਾ ਹਾਲੇ ਅਦਾਲਤ ਵਿਚ ਹੀ ਸੀ ਪਰ 27 ਨਵੰਬਰ 2016 ਨੂੰ ਨਾਭਾ ਜੇਲ੍ਹ ਵਿਚੋਂ ਫਰਾਰ ਹੋ ਗਿਆ। ਉਸ ਨਾਲ ਖਾਲਿਸਤਾਨੀ ਹਰਮਿੰਦਰ ਸਿੰਘ ਮਿੰਟੂ ਵੀ ਜੇਲ੍ਹ ਵਿਚੋਂ ਭੱਜ ਗਿਆ ਸੀ, ਪਰ ਛੇਤੀ ਹੀ ਕਾਬੂ ਆ ਗਿਆ ਸੀ।

# ਵਿਦੇਸ਼ਾਂ 'ਚ ਵੀ ਗੈਂਗਸਟਰ ਕਲਚਰ ਦਾ ਸ਼ਿਕਾਰ ਹੋਏ ਪੰਜਾਬੀ

## ਅੱਠ ਸਾਲਾਂ 'ਚ 67 ਪੰਜਾਬੀ ਨੌਜਵਾਨ ਗਏ ਮੌਤ ਦੇ ਮੂੰਹ

**ਚੰਡੀਗੜ੍ਹ:** ਗੈਂਗਵਾਰ ਪੰਜਾਬ ਵਿਚ ਹੀ ਨਹੀਂ ਕੌਮਾਂਤਰੀ ਵਰਤਾਰਾ ਹੈ। ਪੰਜਾਬੀਆਂ ਦੇ ਬੱਚੇ ਵਿਦੇਸ਼ਾਂ ਵਿਚ ਜਾ ਕੇ ਵੀ ਗੈਂਗਵਾਰ ਦਾ ਹਿੱਸਾ ਬਣ ਰਹੇ ਹਨ। ਕੈਨੇਡਾ ਦੀ ਧਰਤੀ ਉਤੇ ਪੰਜਾਬੀ ਗੈਂਗਵਾਰ ਦਾ ਵੱਡੇ ਪੱਧਰ 'ਤੇ ਸ਼ਿਕਾਰ ਹੋਏ ਹਨ। ਅੰਕੜਿਆਂ ਅਨੁਸਾਰ 2009 ਤੋਂ ਹੁਣ ਤੱਕ ਇਸ ਧੜੇਬੰਦਕ ਲੜਾਈ ਕਾਰਨ 425 ਤੋਂ ਵਧੇਰੇ ਜਾਨਾਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿਚ 67 ਪੰਜਾਬੀ ਸਿੱਖ ਗੱਭਰੂ ਸ਼ਾਮਲ ਹਨ।



ਇਸ ਵਰ੍ਹੇ ਅਜਿਹੀ ਬਦਲਾਖੋਰੀ ਦੀ ਅੱਗ ਹੋਰ ਤੇਜ਼ ਹੋ ਚੁੱਕੀ ਹੈ, ਜਿਸ ਨੇ ਜਨਵਰੀ ਤੋਂ ਹੁਣ ਤੱਕ 17 ਪੰਜਾਬੀ ਜਵਾਨਾਂ ਸਮੇਤ 58 ਜ਼ਿੰਦਗੀਆਂ ਖੋਹ ਲਈਆਂ। ਧੜੇਬਾਜ਼ੀ ਅਤੇ ਹੋਰ ਰੰਜਿਸ਼ੀ ਘਟਨਾਵਾਂ 'ਤੇ ਝਾਤੀ ਮਾਰੀਏ ਤਾਂ 23 ਜਨਵਰੀ 2017 ਨੂੰ 22 ਸਾਲਾ ਕਰਨਪ੍ਰਤਾਪ ਵੜੈਚ ਨੂੰ ਸਰੀ ਵਿਚ ਉਸ ਦੀ ਗੱਡੀ 'ਚ ਗੋਲੀ ਦਾ ਸ਼ਿਕਾਰ ਬਣਾਇਆ।

ਇਕ ਹੋਰ ਪੰਜਾਬੀ ਸਟੀਵ ਨਾਗਰਾ ਦੇ ਕਤਲ ਮਾਮਲੇ 'ਚ ਸੁਣਵਾਈ ਅਧੀਨ 36 ਸਾਲਾ ਹਰਸ਼ਾਨ ਬੈਂਸ ਨੂੰ 26 ਜਨਵਰੀ ਵਾਲੇ ਦਿਨ ਮੌਤ ਦੇ ਘਾਟ ਉਤਾਰ ਦਿੱਤਾ ਗਿਆ। 9 ਫਰਵਰੀ 2017 ਨੂੰ ਮਨਿੰਦਰ ਵੜੈਚ (38) ਅਤੇ 20 ਫਰਵਰੀ ਨੂੰ ਸਤਕਾਰ ਸਿੱਧੂ (23) ਵਿਰੋਧੀਆਂ ਦੀ ਗੋਲੀ ਦਾ ਨਿਸ਼ਾਨਾ ਬਣ ਗਏ। 9 ਮਾਰਚ 2017 ਨੂੰ 32 ਸਾਲਾ ਨਵਦੀਪ ਸੰਘੇੜਾ ਅਤੇ 49 ਸਾਲਾ ਹਰਜੀਤ ਸਿੰਘ ਮਾਨ ਨੂੰ ਇਕੱਠਿਆਂ ਹੀ ਕਤਲ ਕਰ ਦਿੱਤਾ ਗਿਆ। 13 ਮਾਰਚ 2017 ਨੂੰ 29 ਸਾਲਾ ਬਰਿੰਦਰਜੀਤ ਭੰਗੂ ਅਤੇ 24 ਮਾਰਚ 2017 ਨੂੰ 20 ਸਾਲਾ ਜਸਕਰਨ ਲਾਲੀ ਵੀ ਗੈਂਗਵਾਰ ਦਾ ਨਿਸ਼ਾਨਾ ਬਣੇ। 26 ਮਾਰਚ 2017 ਨੂੰ ਜਸਪ੍ਰੀਤ ਧਾਲੀਵਾਲ ਦਾ ਕਤਲ ਹੋ ਗਿਆ ਅਤੇ 14 ਮਈ ਨੂੰ ਜਸਦੀਪ ਕਲੇਰ (24) ਦੀ ਸ਼ੱਕੀ ਹਮਲੇ 'ਚ ਮੌਤ ਹੋ ਗਈ। 4 ਅਗਸਤ 2017 ਨੂੰ 18 ਸਾਲਾ ਜਸਪ੍ਰੀਤ ਸਿੱਧੂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। 29 ਅਗਸਤ ਨੂੰ 22 ਸਾਲਾ ਪਰਦੀਪ ਸਿੰਘ ਦਾ ਕਤਲ ਕਰ ਦਿੱਤਾ ਗਿਆ ਅਤੇ ਦੋ ਦਿਨ ਬਾਅਦ 31 ਅਗਸਤ ਨੂੰ 18 ਸਾਲਾ ਸਹਿਜ ਸਿੱਧੂ ਨੂੰ ਗੋਲੀ ਮਾਰ ਦਿੱਤੀ ਗਈ। 27 ਅਕਤੂਬਰ 2017 ਨੂੰ 27 ਸਾਲਾ ਰਣਦੀਪ ਕੰਗ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਜਦਕਿ ਉਸ ਦਾ ਭਰਾ ਗੈਰੀ ਇਸ ਹਮਲੇ 'ਚ ਜ਼ਖ਼ਮੀ ਹੋ ਗਿਆ।

ਸਥਾਨਕ ਗੈਂਗਵਾਰ ਦਾ ਸ਼ਿਕਾਰ ਬਣੇ ਲਗਭਗ ਸਾਰੇ ਪੰਜਾਬੀ ਨੌਜਵਾਨ ਕੈਨੇਡਾ ਦੇ ਜੰਮਪਲ ਸਨ ਅਤੇ ਉਨ੍ਹਾਂ ਵਿਚੋਂ ਬਹੁਤੇ ਨਸ਼ੇ ਤੇ ਧੜੇਬੰਦੀ 'ਚ ਸਰਗਰਮ ਸਨ। ਉਕਤ ਪੰਜਾਬੀਆਂ ਤੋਂ ਇਲਾਵਾ ਇਸ ਹਾਲਾਤ ਦੀ ਬਲੀ ਚੜ੍ਹੇ ਲੋਕਾਂ 'ਚ ਚੀਨੇ, ਗੋਰੇ ਅਤੇ ਅਸਮਾਈਲੀ ਸ਼ਾਮਲ ਹਨ।

ਗੈਂਗਵਾਰ ਉਤੇ ਰੋਕਥਾਮ 'ਚ ਪੁਲਿਸ ਦੀ ਲਾਚਾਰੀ ਦਾ ਮੁੱਖ ਕਾਰਨ ਧੜਿਆਂ ਵੱਲੋਂ ਆਪਣੀ ਦੁਸ਼ਮਣੀ ਆਪੇ ਨਜਿੱਠਣ ਦੀ ਹਿਰਸ ਹੈ ਅਤੇ ਬਹੁਤੀ ਵਾਰ ਹਮਲਾਵਰ 'ਤੇ ਸ਼ੱਕ ਹੋਣ ਦੇ ਬਾਵਜੂਦ ਪੁਲਿਸ ਨੂੰ ਦੱਸਿਆ ਨਹੀਂ ਜਾਂਦਾ। ਪੁਲਿਸ ਵੱਲੋਂ ਧੜੇਬਾਜ਼ੀ 'ਚ ਸ਼ਾਮਲ ਨੌਜਵਾਨਾਂ ਦੀ ਪਛਾਣ ਮਗਰੋਂ ਉਨ੍ਹਾਂ ਦੀਆਂ ਤਸਵੀਰਾਂ ਜਨਤਕ ਕੀਤੀਆਂ ਜਾਂਦੀਆਂ ਹਨ ਅਤੇ ਆਮ ਲੋਕਾਂ ਨੂੰ ਉਨ੍ਹਾਂ ਤੋਂ ਪਾਸੇ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ।

# ਗੈਂਗਸਟਰ ਰਜਤ ਮਲਹੋਤਰਾ ਪੁਲਿਸ ਹਿਰਾਸਤ ਵਿਚੋਂ ਫਰਾਰ

**ਅੰਮ੍ਰਿਤਸਰ:** ਗੈਂਗਸਟਰ ਰਜਤ ਮਲਹੋਤਰਾ ਉਰਫ ਕਰਨ ਮਸਤੀ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ। ਉਸ ਨੂੰ ਪੇਸ਼ੀ ਲਈ ਅਦਾਲਤ ਵਿਚ ਲਿਆਂਦਾ ਗਿਆ ਸੀ। ਉਹ ਜੱਗੂ ਭਗਵਾਨਪੁਰੀਆ ਅਤੇ ਬੌਬੀ ਮਲਹੋਤਰਾ ਗੈਂਗ ਨਾਲ ਜੁੜਿਆ ਹੋਇਆ ਹੈ। ਰਜਤ ਨੂੰ ਚਾਰ ਹੋਰ ਹਵਾਲਾਤੀਆਂ ਨਾਲ ਪੇਸ਼ੀ ਵਾਸਤੇ ਕੋਰਟ ਕੰਪਲੈਕਸ ਵਿਚ ਲਿਆਂਦਾ ਗਿਆ ਸੀ।

ਇਸ ਦੌਰਾਨ ਜਦੋਂ ਉਨ੍ਹਾਂ ਨੂੰ ਇਥੇ ਬਖਸ਼ੀ ਖਾਨੇ ਵਿਚ ਬੰਦ ਕਰਨ ਲਈ ਲਿਜਾਇਆ ਜਾ ਰਿਹਾ ਸੀ ਤਾਂ ਉਹ ਕਿਸੇ ਤਰ੍ਹਾਂ ਆਪਣੀ ਹਥਕੜੀ ਖੋਲ੍ਹਣ ਵਿਚ ਸਫਲ ਹੋ ਗਿਆ ਅਤੇ ਪੁਲਿਸ ਨੂੰ ਝਾਂਸਾ ਦੇ ਕੇ ਭੱਜ ਗਿਆ। ਚੇਤੇ ਰਹੇ ਕਿ ਪੁਲਿਸ ਨੇ ਗੈਂਗਸਟਰ ਰਜਤ ਨੂੰ ਪਿਛਲੇ ਵਰ੍ਹੇ ਨਿਖਿਲ ਤਖੀ ਉਰਫ ਸਟਾਇਲਿਸ਼ ਨਾਲ ਅਕਤੂਬਰ ਮਹੀਨੇ ਵਿਚ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਕੋਲੋਂ ਦੋ ਦੇਸੀ ਪਿਸਤੌਲਾਂ ਅਤੇ ਕੁਝ ਕਾਰਤੂਸ ਸਮੇਤ ਚੋਰੀ ਦਾ ਮੋਟਰਸਾਈਕਲ ਬਰਾਮਦ ਹੋਇਆ ਸੀ। ਰਜਤ ਲੁੱਟ ਖੋਹ, ਕਤਲ ਅਤੇ ਡਕੈਤੀ ਦੀਆਂ ਘਟਨਾਵਾਂ ਵਿਚ ਲੋੜੀਂਦਾ ਸੀ। 2016 ਵਿਚ ਉਸ ਨੇ ਹੁਸ਼ਿਆਰਪੁਰ ਵਿਚ ਇਕ ਬੈਂਕ ਵਿਚ ਡਕੈਤੀ ਕੀਤੀ ਸੀ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਬਕਾਇਆ ਕੇਸਾਂ ਦੇ ਨਿਬੇੜੇ ਲਈ ਸਰਗਰਮ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਤਿੰਨ ਲੱਖ ਤੋਂ ਵੱਧ ਪੈਂਡਿੰਗ ਕੇਸਾਂ ਦੇ ਨਿਬੇੜੇ ਲਈ ਲਗਾਤਾਰ ਅਦਾਲਤੀ ਕਾਰਵਾਈ ਚਲਾਉਣ ਲਈ ਪੰਜ ਵਿਸ਼ੇਸ਼ ਡਿਵੀਜ਼ਨ ਅਤੇ ਸਿੰਗਲ ਬੈਂਚਾਂ ਦਾ ਗਠਨ ਕੀਤਾ ਹੈ।




ਚੀਫ ਜਸਟਿਸ ਵੱਲੋਂ ਜੁਡੀਸ਼ਲ ਰਜਿਸਟਰਾਰ ਨੇ ਪਾਸ ਕੀਤੇ ਹੁਕਮਾਂ ਵਿਚ ਸਪਸ਼ਟ ਕੀਤਾ ਹੈ ਕਿ ਡਿਵੀਜ਼ਨ ਅਤੇ ਸਿੰਗਲ ਬੈਂਚ 10 ਵਰ੍ਹਿਆਂ ਤੋਂ ਵੱਧ ਸਮੇਂ ਤੋਂ ਪੈਂਡਿੰਗ ਅਪਰਾਧਕ ਮਾਮਲਿਆਂ ਦੀ ਸੁਣਵਾਈ ਕਰਨਗੇ ਜਿਨ੍ਹਾਂ ਬਾਰੇ ਦੋਵੇਂ ਧਿਰਾਂ ਦੇ ਵਕੀਲ ਸਨਿਚਰਵਾਰ ਨੂੰ ਸੁਣਵਾਈ ਲਈ ਇਜਾਜ਼ਤ ਦੇਣਗੇ। ਹਾਈ ਕੋਰਟ ਨੇ ਪਹਿਲ ਦੇ ਆਧਾਰ 'ਤੇ 1990 ਕੇਸਾਂ ਨੂੰ ਚੁੱਕਦਿਆਂ ਬੀਤੇ ਵਰ੍ਹੇ ਸਤੰਬਰ ਤੋਂ ਸਨਿਚਰਵਾਰ ਨੂੰ ਵਿਸ਼ੇਸ਼ ਸੁਣਵਾਈ ਸੈਸ਼ਨ ਸ਼ੁਰੂ ਕੀਤਾ ਸੀ। ਚੀਫ ਜਸਟਿਸ ਨੇ ਉਦੋਂ ਛੇ ਵਿਸ਼ੇਸ਼ ਡਿਵੀਜ਼ਨ ਬੈਂਚ ਅਤੇ 20 ਸਿੰਗਲ ਬੈਂਚ ਬਣਾਏ ਸੀ। ਸਨਿਚਰਵਾਰ ਨੂੰ 32 ਜੱਜਾਂ ਨੇ ਸੁਣਵਾਈ ਕੀਤੀ ਸੀ।

ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਮਈ 2017 ਵਿਚ ਪੈਂਡਿੰਗ ਕੇਸਾਂ ਦੀ ਗਿਣਤੀ 2011 ਦੇ 24366 ਕੇਸਾਂ ਦੇ ਮੁਕਾਬਲੇ ਵਧ ਕੇ 314870 ਹੋ ਗਈ ਹੈ। ਪੈਂਡਿੰਗ ਕੇਸਾਂ ਦੀ ਗਿਣਤੀ 2016 ਵਿਚ 3 ਲੱਖ ਦਾ ਅੰਕੜਾ ਪਾਰ ਕਰ ਗਈ ਸੀ। ਪੈਂਡਿੰਗ ਕੇਸਾਂ ਦਾ ਮਾਮਲਾ ਸਿੱਧੇ ਤੌਰ 'ਤੇ ਜੱਜਾਂ ਦੀ ਘਾਟ ਨਾਲ ਜੁੜਿਆ ਹੋਇਆ ਹੈ।

# ਧਰਨਾਕਾਰੀਆਂ ਤੋਂ ਖਿਝੇ ਡੀ.ਐਸ.ਪੀ. ਨੇ ਆਪਣੇ ਹੀ ਸਿਰ ਵਿਚ ਮਾਰੀ ਗੋਲੀ

**ਜੈਤੋ:** ਯੂਨੀਵਰਸਿਟੀ ਕਾਲਜ ਵਿਚ ਜੈਤੋ ਦੇ ਐਸ.ਐਚ.ਓ. ਗੁਰਜੀਤ ਸਿੰਘ ਖਿਲਾਫ਼ ਵਿਦਿਆਰਥੀਆਂ ਵੱਲੋਂ ਲਾਏ ਧਰਨੇ ਦੌਰਾਨ ਡੀ.ਐਸ.ਪੀ. ਬਲਜਿੰਦਰ ਸਿੰਘ ਸੰਧੂ ਨੇ ਆਪਣੇ ਸਿਰ ਵਿਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਗੋਲੀ ਡੀ.ਐਸ.ਪੀ. ਦੇ ਸਿਰ ਵਿਚੋਂ ਆਰ ਪਾਰ ਹੋ ਕੇ ਗੰਨਮੈਨ ਲਾਲ ਸਿੰਘ ਨੂੰ ਜਾ ਲੱਗੀ ਜਿਸ ਕਾਰਨ ਉਹ ਜਖ਼ਮੀ ਹੋ ਗਿਆ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਧਰਨੇ ਦੌਰਾਨ ਡੀ.ਐਸ.ਪੀ. ਤਣਾਅ ਵਿਚ ਆ ਗਿਆ ਤੇ ਧਰਨਾਕਾਰੀਆਂ ਤੋਂ ਖਿਝ ਕੇ ਉਸ ਨੇ ਇਹ ਕਦਮ ਚੁੱਕਿਆ।



ਜਾਣਕਾਰੀ ਮੁਤਾਬਕ 12 ਜਨਵਰੀ ਨੂੰ ਐਸ.ਐਚ.ਓ. ਗੁਰਜੀਤ ਸਿੰਘ ਨੇ ਕਾਲਜ ਦੇ ਦੋ ਵਿਦਿਆਰਥੀਆਂ ਤੇ ਇਕ ਵਿਦਿਆਰਥਣ ਦੀ ਥਾਣੇ ਲਿਜਾ ਕੇ ਕੁੱਟਮਾਰ ਕੀਤੀ ਸੀ। ਵਿਦਿਆਰਥੀਆਂ ਵੱਲੋਂ ਇਹ ਮਾਮਲਾ ਪੁਲਿਸ ਦੇ ਉਚ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਐਸ.ਐਚ.ਓ. ਵਿਰੁੱਧ ਕੋਈ ਕਾਰਵਾਈ ਨਾ ਹੋਣ 'ਤੇ ਇਨਕਲਾਬੀ ਵਿਦਿਆਰਥੀ ਮੰਚ ਵੱਲੋਂ ਕਾਲਜ ਵਿਚ ਧਰਨਾ ਦਿੱਤਾ ਗਿਆ ਸੀ। ਧਰਨਾਕਾਰੀਆਂ ਨੂੰ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨੇ ਸਮਰਥਨ ਦਿੱਤਾ ਸੀ। ਡੀ.ਆਈ.ਜੀ. ਨੇ ਕਿਹਾ ਕਿ ਰੋਸ ਮੁਜ਼ਾਹਰੇ 'ਚ ਡੀ.ਐਸ.ਪੀ. ਵੱਲੋਂ ਖੁਦ ਨੂੰ ਗੋਲੀ ਮਾਰਨ ਦੇ ਮਾਮਲੇ ਦੀ ਵਿਭਾਗ ਪੜਤਾਲ ਕਰ ਰਿਹਾ ਹੈ।

ਦੱਸਣਯੋਗ ਹੈ ਕਿ ਡੀ.ਐਸ.ਪੀ. ਬਲਜਿੰਦਰ ਸਿੰਘ ਰਾਜਪੁਰਾ (ਪਟਿਆਲਾ) ਦਾ ਵਸਨੀਕ ਸੀ। ਪੁਲਿਸ ਪਹਿਲਾਂ ਡੀ.ਐਸ.ਪੀ. ਦੀ ਮੌਤ ਨੂੰ ਕਤਲ ਵਜੋਂ ਪੇਸ਼ ਕਰ ਰਹੀ ਸੀ ਪਰ ਸੋਸ਼ਲ ਮੀਡੀਆ 'ਤੇ ਸਮੁੱਚੀ ਘਟਨਾ ਦੀ ਵੀਡੀਓ ਜਨਤਕ ਹੋਣ ਬਾਅਦ ਪੁਲਿਸ ਨੂੰ ਆਪਣਾ ਪੱਖ ਬਦਲਣਾ ਪਿਆ।

# ਮਾਂ ਦਾ ਪਤਾ ਲੈਣ ਹਸਪਤਾਲ ਆਇਆ ਨੌਜਵਾਨ ਹਾਦਸੇ ਦਾ ਸ਼ਿਕਾਰ

**ਮੁੰਬਈ:** ਹਸਪਤਾਲ ਵਿਚ ਦਾਖਲ ਮਾਂ ਨੂੰ ਮਿਲਣ ਆਏ ਇਕ 32 ਸਾਲਾ ਨੌਜਵਾਨ ਦੀ ਐਮ.ਆਰ.ਆਈ. ਮਸ਼ੀਨ 'ਚ ਫਸ ਕੇ ਮੌਤ ਹੋ ਗਈ। ਪੁਲਿਸ ਨੇ ਇਸ ਸਬੰਧੀ ਡਾਕਟਰ ਸਮੇਤ ਤਿੰਨ ਲੋਕਾਂ ਨੂੰ ਹਿਰਾਸਤ 'ਚ ਲਿਆ ਹੈ। ਮਾਂ ਨੂੰ ਹਸਪਤਾਲ 'ਚ ਮਿਲਣ ਗਏ ਰਾਜੇਸ਼ ਮਾਰੂ ਨਾਂ ਦੇ ਨੌਜਵਾਨ ਨੂੰ ਹਸਪਤਾਲ ਦੇ ਇਕ ਵਾਰਡ ਦੇ ਮੁਲਾਜ਼ਮ ਨੇ ਐਮ.ਆਰ.ਆਈ. ਕਮਰੇ 'ਚ ਆਕਸੀਜਨ ਸਿਲੰਡਰ ਲਿਜਾਣ ਨੂੰ ਕਿਹਾ। ਉਹ ਜਿਵੇਂ ਹੀ ਕਮਰੇ 'ਚ ਗਿਆ ਤਾਂ ਚੁੰਬਕੀ ਸ਼ਕਤੀ ਦੇ ਚੱਲਦਿਆਂ ਮਸ਼ੀਨ ਨੇ ਉਸ ਨੂੰ ਆਪਣੀ ਵੱਲ ਖਿੱਚ ਲਿਆ।

ਇਸ ਤੋਂ ਬਾਅਦ ਰਾਜੇਸ਼ ਦੇ ਹੱਥ 'ਚ ਫੜਿਆ ਸਿਲੰਡਰ ਖੁੱਲ੍ਹ ਗਿਆ ਅਤੇ ਉਸ ਦੀ ਗੈਸ ਮੂੰਹ ਦੇ ਰਾਹੀਂ ਰਾਜੇਸ਼ ਦੇ ਢਿੱਡ 'ਚ ਚਲੀ ਗਈ ਅਤੇ ਸਿਰਫ 2 ਮਿੰਟਾਂ 'ਚ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਇਸ ਘਟਨਾ ਲਈ ਹਸਪਤਾਲ ਪ੍ਰਸ਼ਾਸਨ ਤੇ ਡਾਕਟਰਾਂ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਰਾਜੇਸ਼ ਨੂੰ ਅੰਦਰ ਬੁਲਾਇਆ ਗਿਆ ਤਾਂ ਐਮ.ਆਰ.ਆਈ. ਮਸ਼ੀਨ ਚਾਲੂ ਸੀ, ਜਦਕਿ ਵਾਰਡ ਦੇ ਇਕ ਮੁਲਾਜ਼ਮ ਨੇ ਪਹਿਲਾਂ ਕਿਹਾ ਸੀ ਕਿ ਮਸ਼ੀਨ ਬੰਦ ਹੈ।

# ਮੋਦੀ ਸਰਕਾਰ ਨੂੰ ਘੇਰਨ ਲਈ ਬਣੇਗਾ ਸਾਂਝਾ ਮੋਰਚਾ

**ਨਵੀਂ ਦਿੱਲੀ:** ਭਾਜਪਾ ਤੇ ਕਾਂਗਰਸ, ਦੋਵੇਂ ਪਾਰਟੀਆਂ 2019 'ਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਵਿਚ ਜੁਟ ਗਈਆਂ ਹਨ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਵੱਲੋਂ ਵੱਖ-ਵੱਖ ਸੂਬਿਆਂ ਦੇ ਦੌਰੇ ਕਰ ਕੇ ਵੱਡੇ ਨੇਤਾਵਾਂ ਨਾਲ ਰਣਨੀਤਕ ਚਰਚਾ ਕੀਤੀ ਜਾ ਰਹੀ ਹੈ। ਹੁਣ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਵੀ ਮੋਦੀ ਸਰਕਾਰ ਤੇ ਭਾਜਪਾ ਨੂੰ ਘੇਰਨ ਲਈ ਵਿਰੋਧੀ ਧਿਰ ਨੂੰ ਇਕਜੁਟ ਕਰਨ ਲਈ ਪਹਿਲਕਦਮੀ ਸ਼ੁਰੂ ਕਰ ਦਿੱਤੀ ਹੈ। ਭਾਵੇਂ ਇਹ ਗੱਲਬਾਤ ਅਜੇ ਬਜਟ ਸੈਸ਼ਨ ਦੌਰਾਨ ਮੋਦੀ ਸਰਕਾਰ ਨੂੰ ਘੇਰਨ ਦੀ ਯੋਜਨਾ ਬਣਾਉਣ ਬਾਰੇ ਹੈ ਪਰ ਇਸ ਨੂੰ 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਚਿੱਤ ਕਰਨ ਲਈ ਉਠਾਇਆ ਜਾਣ ਵਾਲਾ ਪਹਿਲਾ ਕਦਮ ਮੰਨਿਆ ਜਾ ਰਿਹਾ ਹੈ।

ਗੁਜਰਾਤ ਚੋਣਾਂ ਵਿਚ ਕਾਂਗਰਸ ਦੀ ਬੇਹਤਰ ਕਾਰਗੁਜ਼ਾਰੀ ਤੋਂ ਕਾਂਗਰਸੀ ਨੇਤਾ ਬਹੁਤ ਆਸਵੰਦ ਹਨ, ਕਾਂਗਰਸ ਦੇ ਚਾਣਕਿਆ ਮੰਨੇ ਜਾਂਦੇ ਅਹਿਮਦ ਪਟੇਲ ਨੂੰ ਉਮੀਦ ਹੈ ਕਿ ਬੇਹਤਰ ਰਣਨੀਤੀ ਤੇ ਦਮਦਾਰ ਉਮੀਦਵਾਰਾਂ ਦੇ ਦਮ ਉਤੇ ਮੋਦੀ ਨਾਲ ਟੱਕਰ ਲਈ ਜਾ ਸਕਦੀ ਤੇ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ।

ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਇਕ ਸੀਨੀਅਰ ਨੇਤਾ ਨੇ ਦੱਸਿਆ ਕਿ ਸੋਨੀਆ ਗਾਂਧੀ ਤੇ ਸ਼ਰਦ ਪਵਾਰ ਵਿਚਾਲੇ ਹੋਈ ਲੰਮੀ ਗੱਲਬਾਤ ਦੌਰਾਨ ਦੋਵੇਂ ਨੇਤਾਵਾਂ ਨੇ ਗੈਰ-ਭਾਜਪਾ ਮੋਰਚੇ ਦੀ ਰੂਪ-ਰੇਖਾ ਬਣਾਈ ਹੈ ਤੇ ਹੁਣ ਹੋਰ ਵਿਰੋਧੀ ਪਾਰਟੀਆਂ ਨੂੰ ਇਸ ਮੋਰਚੇ 'ਚ ਸ਼ਾਮਲ ਕਰਨ ਲਈ ਉਨ੍ਹਾਂ ਨਾਲ ਗੱਲਬਾਤ ਕੀਤੀ ਜਾਵੇਗੀ।

ਸ਼ਰਦ ਪਵਾਰ ਨੇ ਆਪਣੀ ਪਾਰਟੀ ਦੇ ਸੰਸਦ ਮੈਂਬਰਾਂ ਤੇ ਨੇਤਾਵਾਂ ਨੂੰ ਕਾਂਗਰਸ ਖਿਲਾਫ਼ ਨਾ ਬੋਲਣ ਦੀ ਸਲਾਹ ਦਿੱਤੀ ਹੈ, ਦੋਵੇਂ ਨੇਤਾਵਾਂ ਵਿਚਾਲੇ ਹੋਈ ਗੱਲਬਾਤ 'ਚ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਹਾਰਾਸ਼ਟਰ 'ਚ ਸੀਟਾਂ ਦੇ ਤਾਲਮੇਲ ਬਾਰੇ ਫਾਰਮੂਲਾ ਤਿਆਰ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਸੋਨੀਆ ਗਾਂਧੀ ਵੱਲੋਂ ਮੋਦੀ ਖਿਲਾਫ਼ ਸਾਂਝਾ ਮੋਰਚਾ ਬਣਾਉਣ ਲਈ ਦੂਸਰੇ ਰਾਜਾਂ ਦੀਆਂ ਗੈਰ ਭਾਜਪਾ ਪਾਰਟੀਆਂ ਨਾਲ ਗੱਲਬਾਤ ਕੀਤੀ ਜਾਵੇਗੀ।

## ਫਰਾਂਸ ਨੇ ਨਾਗਰਿਕਾਂ ਨੂੰ ਇਕ ਗਲਤੀ ਕਰਨ ਦਾ ਹੱਕ ਦਿੱਤਾ

**ਪੈਰਿਸ:** ਫਰਾਂਸ ਸਰਕਾਰ ਨੇ ਇਕ ਨਵਾਂ ਕਾਨੂੰਨ ਬਣਾਇਆ ਹੈ। ਇਥੇ ਪਾਰਲੀਮੈਂਟ ਮੈਂਬਰਾਂ ਨੇ ਅਜਿਹਾ ਬਿੱਲ ਪਾਸ ਕੀਤਾ ਹੈ, ਜਿਹੜਾ ਲੋਕਾਂ ਨੂੰ 'ਇਕ ਗਲਤੀ ਕਰਨ ਦਾ ਹੱਕ' ਦਿੰਦਾ ਹੈ। ਫਰਾਂਸ ਦੀ ਕੌਮੀ ਅਸੈਂਬਲੀ (ਪਾਰਲੀਮੈਂਟ) ਵਿਚ ਮੈਂਬਰਾਂ ਨੇ ਪਹਿਲਾਂ ਲਾਗੂ ਕਾਨੂੰਨ ਵਿਚ ਸੋਧ ਕਰ ਕੇ ਉਸ ਦੇ ਪੱਖ ਵਿਚ ਵੋਟ ਪਾਏ। ਇਸ ਤਹਿਤ ਹੁਣ ਫਰਾਂਸ ਵਿਚ ਲੋਕਾਂ ਨੂੰ ਇਕ ਗਲਤੀ ਕਰਨ ਦਾ ਹੱਕ ਦੇ ਦਿੱਤਾ ਗਿਆ ਹੈ। ਦੱਸ ਦਈਏ ਕਿ ਫਰਾਂਸ ਦੇ ਨਵੇਂ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਆਪਣੀ ਚੋਣ ਮੁਹਿੰਮ ਦੌਰਾਨ ਇਸ ਕਾਨੂੰਨ ਨੂੰ ਲਿਆਉਣ ਦੀ ਗੱਲ ਕੀਤੀ ਸੀ।

ਇਸ ਕਾਨੂੰਨ ਤਹਿਤ ਫਰਾਂਸ ਦੇ ਨਾਗਰਿਕ ਚੰਗੀ ਨੀਅਤ ਰੱਖ ਕੇ ਗਲਤੀ ਕਰ ਸਕਦੇ ਹਨ। ਇਸ ਗਲਤੀ ਉਤੇ ਉਨ੍ਹਾਂ ਨੂੰ ਸਜ਼ਾ ਨਹੀਂ ਹੋਵੇਗੀ। ਇਸ ਕਾਨੂੰਨ ਹੇਠ ਫਰਾਂਸ ਵਿਚ ਲੋਕ ਜੇ ਸਰਕਾਰੀ ਕੰਮ ਕਰਵਾਉਣ ਵੇਲੇ ਕੋਈ ਗਲਤੀ ਕਰ ਦਿੰਦੇ ਹਨ ਤੇ ਇਸ ਪਿੱਛੇ ਉਨ੍ਹਾਂ ਦੀ ਨੀਅਤ ਸਾਫ, ਭਾਵ ਕੋਈ ਗਲਤ ਇਰਾਦਾ ਨਹੀਂ ਤਾਂ ਉਨ੍ਹਾਂ ਦੀ ਗਲਤੀ ਮੁਆਫ ਕੀਤੀ ਜਾਵੇਗੀ।

ਇਹ ਛੋਟ ਸਿਰਫ ਅਜਿਹੀ ਪਹਿਲੀ ਗਲਤੀ ਕਰਨ ਉਤੇ ਮਿਲੇਗੀ। ਇਸ ਤੋਂ ਇਲਾਵਾ ਜੇ ਪ੍ਰਸ਼ਾਸਨ ਚਾਹੇ ਤਾਂ ਜਾਂਚ ਕਰ ਸਕਦਾ ਹੈ ਕਿ ਗਲਤੀ ਪਿੱਛੇ ਦੀ ਨੀਅਤ ਚੰਗੀ ਹੈ ਜਾਂ ਬੁਰੀ। ਜੇ ਇਹ ਗਲਤੀ ਸਿਹਤ ਵਿਭਾਗ ਦੇ ਕੰਮਕਾਜ ਵਿਚ ਹੁੰਦੀ ਹੈ ਤਾਂ ਉਸ ਉਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ।

## ਜਾਣਬੁਝ ਕੇ ਸਲੋਕ ਦਾ ਗਲਤ ਉਚਾਰਨ ਨਹੀਂ ਕੀਤਾ: ਲੌਂਗੋਵਾਲ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਵੱਲੋਂ ਗੁਰਬਾਣੀ



ਦੇ ਸਲੋਕ ਦਾ ਉਚਾਰਨ ਜਾਣਬੁਝ ਕੇ ਗਲਤ ਨਹੀਂ ਕੀਤਾ ਗਿਆ ਅਤੇ ਨਾ ਹੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਬਾਰੇ ਉਹ ਕਦੇ ਸੋਚ ਸਕਦੇ ਹਨ। ਉਨ੍ਹਾਂ ਸਤਿਕਾਰ ਕਮੇਟੀ ਵੱਲੋਂ ਗੁਰਬਾਣੀ ਦੇ ਸਲੋਕ ਨੂੰ ਤੋੜ-ਮਰੋੜ ਕੇ ਬੋਲਣ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਵੱਲੋਂ ਗੁਰਮਤਿ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਵਿਚ ਸਭ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

ਲੌਂਗੋਵਾਲ ਨੇ ਕਿਹਾ ਕਿ ਕੁਝ ਲੋਕਾਂ ਨੂੰ ਚੰਗਾ ਕੰਮ ਬਰਦਾਸ਼ਤ ਨਹੀਂ ਹੁੰਦਾ ਅਤੇ ਅਜਿਹੇ ਲੋਕਾਂ ਦਾ ਕੰਮ ਹੀ ਵਿਰੋਧ ਕਰਨਾ ਹੁੰਦਾ ਹੈ। ਕਈ ਵਾਰ ਗਲਤੀ ਹੋ ਜਾਂਦੀ ਹੈ, ਜਿਸ ਨੂੰ ਗਲਤ ਢੰਗ ਨਾਲ ਨਹੀਂ ਲੈਣਾ ਚਾਹੀਦਾ। ਐਸ.ਜੀ.ਪੀ.ਸੀ. ਵੱਲੋਂ ਗੁਰਮਤਿ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਲਈ ਤਿੰਨ ਤਖਤ ਸਾਹਿਬਾਨ ਵਿਖੇ ਉਪ ਦਫਤਰ ਬਣਾਏ ਗਏ ਹਨ, ਜਿਥੇ ਹਰ ਐਤਵਾਰ ਧਾਰਮਿਕ ਸਮਾਗਮ ਹੋਇਆ ਕਰਨਗੇ। ਜ਼ਿਕਰਯੋਗ ਹੈ ਕਿ ਸਤਿਕਾਰ ਕਮੇਟੀ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਪ੍ਰਧਾਨ ਵੱਲੋਂ ਦਮਦਮਾ ਸਾਹਿਬ ਵਿਖੇ 21 ਜਨਵਰੀ ਨੂੰ ਹੋਏ ਧਾਰਮਿਕ ਸਮਾਗਮ ਵਿਚ ਗੁਰਬਾਣੀ ਦੀ ਤੁਕ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਸੀ।

## ਨਿਸ਼ਾਨ ਸਾਹਿਬ 'ਤੇ ਚੋਲਾ ਚੜ੍ਹਾਉਂਦਿਆਂ ਕਰੰਟ ਲੱਗਣ ਨਾਲ ਦੋ ਮੌਤਾਂ

**ਰਾਜਪੁਰਾ:** ਪਿੰਡ ਰਾਮ ਨਗਰ ਸੈਣੀਆਂ ਦੇ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਉਤੇ ਚੋਲਾ ਚੜ੍ਹਾਉਂਦਿਆਂ ਕਰੰਟ ਲੱਗ ਜਾਣ ਨਾਲ ਦੋ ਜਣਿਆਂ ਦੀ ਝੁਲਸਣ ਕਾਰਨ ਮੌਤ ਹੋ ਗਈ ਜਦੋਂ ਕਿ ਦੋ ਗੰਭੀਰ ਜ਼ਖਮੀ ਹੋ ਗਏ। ਗੁਰਦੁਆਰੇ 'ਚ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਸਨ। ਇਸੇ ਦੌਰਾਨ ਸੰਗਤ 'ਚੋਂ 4 ਵਿਅਕਤੀ ਜਗਤਾਰ ਸਿੰਘ, ਕੁਲਵੰਤ ਸਿੰਘ, ਰਾਜਕੁਮਾਰ ਤੇ ਅਵਤਾਰ ਸਿੰਘ ਵਾਸੀ ਪਿੰਡ ਰਾਮਨਗਰ ਸੈਣੀਆਂ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਲੱਗੇ।

ਇਸੇ ਦੌਰਾਨ ਨਿਸ਼ਾਨ ਸਾਹਿਬ ਨੂੰ ਸਿੱਧਾ ਰੱਖਣ ਲਈ ਲਾਈਆਂ ਲੋਹੇ ਦੀਆਂ ਤਾਰਾਂ ਵਿਚੋਂ ਇਕ ਟੁੱਟ ਗਈ ਤੇ ਟੁੱਟ ਕੇ ਗੁਰਦੁਆਰੇ ਨੇੜਿਉਂ ਲੰਘਦੀ ਹਾਈ ਪਾਵਰ ਬਿਜਲੀ ਦੀਆਂ ਤਾਰਾਂ ਨਾਲ ਟਕਰਾ ਗਈ। ਨਿਸ਼ਾਨ ਸਾਹਿਬ ਦੇ ਪਾਈਪ 'ਚ ਕਰੰਟ ਆ ਗਿਆ ਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲ ਰਹੇ ਚਾਰੇ ਵਿਅਕਤੀ ਝੁਲਸ ਗਏ। ਜਗਤਾਰ ਸਿੰਘ ਅਤੇ ਕੁਲਵੰਤ ਸਿੰਘ ਵਾਸੀ ਪਿੰਡ ਰਾਮਨਗਰ ਸੈਣੀਆਂ ਦੀ ਮੌਤ ਹੋ ਗਈ, ਜਦੋਂ ਕਿ ਰਾਜ ਕੁਮਾਰ ਤੇ ਅਵਤਾਰ ਸਿੰਘ ਗੰਭੀਰ ਜ਼ਖਮੀ ਹੋ ਗਏ।

## ਤਤਕਾਲ ਪਾਸਪੋਰਟ ਲਈ ਵੈਰੀਫਿਕੇਸ਼ਨ ਤੋਂ ਛੋਟ

**ਜਲੰਧਰ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਤਤਕਾਲ ਪਾਸਪੋਰਟ ਲੈਣ ਲਈ ਗਜ਼ਟਿਡ ਅਧਿਕਾਰੀ ਜਾਂ ਹਲਕੇ ਦੇ ਥਾਣਾ ਮੁਖੀ ਕੋਲੋਂ ਵੈਰੀਫਿਕੇਸ਼ਨ ਸਰਟੀਫਿਕੇਟ ਵਾਲੀ ਸ਼ਰਤ ਖਤਮ ਕਰ ਦਿੱਤੀ ਹੈ।

ਇਹ ਸ਼ਰਤ ਖਤਮ ਹੋਣ ਨਾਲ ਪਾਸਪੋਰਟ ਮਿਲਣਾ ਹੁਣ ਹੋਰ ਵੀ ਸੁਖਾਲਾ ਹੋ ਜਾਵੇਗਾ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਇਸ ਸਬੰਧੀ ਦੇਸ਼ ਦੇ ਸਾਰੇ ਖੇਤਰੀ ਪਾਸਪੋਰਟ ਦਫਤਰਾਂ ਨੂੰ ਹੁਕਮ ਜਾਰੀ ਕੀਤੇ ਹਨ। ਇਸ ਤੋਂ ਪਹਿਲਾਂ ਤਤਕਾਲ ਪਾਸਪੋਰਟ ਹਾਸਲ ਕਰਨ ਲਈ ਦਰਖਾਸਤਕਰਤਾ ਨੂੰ ਵੈਰੀਫਿਕੇਸ਼ਨ ਸਰਟੀਫਿਕੇਟ ਦੇਣਾ ਪੈਂਦਾ ਸੀ।

# ਜਗਮੀਤ ਸਿੰਘ ਬਰਾੜ ਨੇ ਤ੍ਰਿਣਮੂਲ ਕਾਂਗਰਸ ਛੱਡੀ

**ਨਵੀਂ ਦਿੱਲੀ:** ਫਰੀਦਕੋਟ ਤੋਂ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਦੀ ਪੰਜਾਬ ਇਕਾਈ



ਦੇ ਪ੍ਰਧਾਨਗੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਪਾਰਟੀ ਮੁਖੀ ਮਮਤਾ ਬੈਨਰਜੀ ਨੂੰ ਉਨ੍ਹਾਂ ਦੀ ਕੋਲਕਾਤਾ ਰਿਹਾਇਸ਼ ਉਤੇ ਅਸਤੀਫੇ ਵਾਲਾ ਪੱਤਰ ਸੌਂਪਿਆ। ਉਨ੍ਹਾਂ ਕਿਹਾ ਕਿ ਉਹ ਪੰਜਾਬ 'ਚ ਆਪਣੇ ਦੋਸਤਾਂ ਅਤੇ ਹਮਾਇਤੀਆਂ ਨਾਲ ਵਿਚਾਰ ਵਟਾਂਦਰਾ ਕਰ ਕੇ ਭਵਿੱਖ ਦੀ ਆਪਣੀ ਰਣਨੀਤੀ ਬਾਰੇ ਫੈਸਲਾ ਲੈਣਗੇ।

ਸ੍ਰੀ ਬਰਾੜ ਪਿਛਲੇ ਸਾਲ ਟੀ.ਐਮ.ਸੀ. ਵਿਚ ਸ਼ਾਮਲ ਹੋ ਗਏ ਸਨ ਅਤੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦਾ ਮੁਖੀ ਬਣਾਇਆ ਗਿਆ ਸੀ। ਅਸਤੀਫੇ ਵਿਚ ਸ੍ਰੀ ਬਰਾੜ ਨੇ ਕਿਹਾ ਹੈ ਕਿ ਉਨ੍ਹਾਂ ਸਾਂਝੇ ਹਿੱਤਾਂ ਲਈ ਆਪਣੀ ਊਰਜਾ ਅਤੇ ਸਾਧਨ ਜੁਟਾਏ ਸਨ ਪਰ ਇੰਜ ਜਾਪਦਾ ਹੈ ਕਿ ਤੁਸੀਂ (ਮਮਤਾ ਬੈਨਰਜੀ) ਪੰਜਾਬ 'ਚ ਆਪਣੀ ਦਿਲਚਸਪੀ ਗੁਆ ਚੁੱਕੇ ਹੋ। ਪਿਛਲੇ ਸਾਲ ਉਨ੍ਹਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨਾਲ ਮਤਭੇਦ ਹੋਣ ਕਰਕੇ ਕਾਂਗਰਸ ਪਾਰਟੀ ਨੂੰ ਵਿਦਾ ਆਖ ਦਿੱਤਾ ਸੀ।

ਸ੍ਰੀ ਬਰਾੜ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਾਰਜਕਾਲ ਦੌਰਾਨ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਰਹੇ ਸਨ। ਉਹ 10 ਸਾਲਾਂ ਤੱਕ ਕਾਂਗਰਸ ਵਰਕਿੰਗ ਕਮੇਟੀ ਦੇ ਪੱਕੇ ਇਨਵਾਇਟੀ ਰਹੇ ਅਤੇ ਏਆਈਸੀਸੀ ਦੇ 2010 ਤੋਂ 2013 ਤੱਕ ਜਨਰਲ ਸਕੱਤਰ ਵੀ ਰਹੇ। ਉਨ੍ਹਾਂ ਨੂੰ 2004 ਅਤੇ 2009 ਵਿਚ ਲੋਕ ਸਭਾ ਚੋਣਾਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

# ਰੱਖਿਆ ਸਬੰਧਾਂ ਬਾਰੇ ਭਾਰਤ-ਕੰਬੋਡੀਆ ਵੱਲੋਂ ਅਹਿਮ ਸਮਝੌਤੇ

**ਨਵੀਂ ਦਿੱਲੀ:** ਭਾਰਤ ਅਤੇ ਕੰਬੋਡੀਆ ਨੇ ਜੁਰਮ ਰੋਕਣ, ਉਨ੍ਹਾਂ ਦੀ ਜਾਂਚ ਅਤੇ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਵਿਚ ਸਹਿਯੋਗ ਵਧਾਉਣ ਉਤੇ ਸਹਿਮਤੀ ਜਤਾਉਣ ਦੇ ਨਾਲ ਹੀ ਸੀਨੀਅਰ ਰੱਖਿਆ ਅਧਿਕਾਰੀਆਂ ਦੇ ਆਦਾਨ-ਪ੍ਰਦਾਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਵਪਾਰ ਤੇ ਨਿਵੇਸ਼, ਊਰਜਾ



ਸਮੇਤ ਚਾਰ ਸਮਝੌਤਿਆਂ ਉਤੇ ਦਸਤਖਤ ਕੀਤੇ। ਇਸ ਤੋਂ ਇਲਾਵਾ ਭਾਰਤ ਨੇ ਕੰਬੋਡੀਆ ਦੀ ਸਤੁੰਗ ਸਵਾ ਹਾਬ ਜਲ ਸਰੋਤਾਂ ਦੇ ਵਿਕਾਸ ਪ੍ਰੋਜੈਕਟ ਲਈ ਤਿੰਨ ਕਰੋੜ 69 ਲੱਖ ਡਾਲਰ ਦਾ ਕਰਜ਼ਾ ਦੇਣ ਦਾ ਫੈਸਲਾ ਲਿਆ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਕੰਬੋਡੀਆਈ ਹਮਰੁਤਬਾ ਸਾਮਡੇਚ ਹੁਨ ਸੇਨ ਦਰਮਿਆਨ ਵਿਆਪਕ ਗੱਲਬਾਤ ਮਗਰੋਂ ਇਨ੍ਹਾਂ ਸਮਝੌਤਿਆਂ ਉਤੇ ਦਸਤਖਤ ਕੀਤੇ ਗਏ। ਦੋਵੇਂ ਆਗੂਆਂ ਨੇ ਦੁਵੱਲੇ ਰੱਖਿਆ ਸਬੰਧ ਵਧਾਉਣ ਸੰਭਾਲ, ਖੇਤੀਬਾੜੀ-ਸੈਰ ਸਪਾਟਾ ਤੇ ਸਭਿਆਚਾਰ ਜਿਹੇ ਅਹਿਮ ਖੇਤਰਾਂ 'ਚ ਭਾਈਵਾਲੀ ਤੇ ਸਬੰਧ ਵਧਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਭਾਰਤ ਅਤੇ ਕੰਬੋਡੀਆ ਨੇ ਮਨੁੱਖੀ ਤਸਕਰੀ ਰੋਕਣ ਲਈ ਵੀ ਦਸਤਖਤ ਕੀਤੇ ਜਿਸ ਤਹਿਤ ਦੋਵੇਂ ਮੁਲਕ ਅਜਿਹੀ ਤਸਕਰੀ ਨੂੰ ਰੋਕਣ ਅਤੇ ਬਚਾਅ ਕਾਰਜਾਂ ਲਈ ਇਕ-ਦੂਜੇ ਨੂੰ ਸਹਿਯੋਗ ਦੇਣਗੇ। ਉਨ੍ਹਾਂ 2018-2020 ਦਰਮਿਆਨ ਸਭਿਆਚਾਰ ਆਦਾਨ-ਪ੍ਰਦਾਨ ਦੇ ਸਮਝੌਤੇ ਨੂੰ ਵੀ ਸਹੀਬੱਧ ਕੀਤਾ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਜਲ੍ਹਿਆਂਵਾਲਾ ਬਾਗ ਦੇ ਬੋਰਡ 'ਤੇ ਮਾਂ ਬੋਲੀ ਨੂੰ 67 ਵਰ੍ਹੇ ਪਿੱਛੋਂ ਮਿਲੀ ਬਣਦੀ ਥਾਂ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਦੇ ਬਾਹਰ ਲਗਾਏ ਗਏ 'ਜਲ੍ਹਿਆਂਵਾਲਾ ਬਾਗ ਦੀ ਯਾਦਗਾਰ' ਨਾਂ ਵਾਲੇ ਬੋਰਡ ਉਤੇ ਇਸ ਸਮਾਰਕ ਦੇ ਉਸਾਰੇ ਜਾਣ ਦੇ 67ਵਰ੍ਹੇ ਬਾਅਦ ਪਹਿਲੀ ਵਾਰ ਮਾਂ ਬੋਲੀ ਪੰਜਾਬੀ ਨੂੰ ਉਪਰ ਸਥਾਨ ਦਿੱਤਾ ਗਿਆ ਹੈ। ਸਮਾਰਕ ਉਸਾਰੇ ਜਾਣ ਉਪਰੰਤ ਇਸ ਦੀ ਦੇਖ-ਰੇਖ ਲਈ 1951 ਵਿਚ ਗਠਿਤ ਕੀਤੀ 'ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਟਰੱਸਟ' ਵੱਲੋਂ ਅੰਗਰੇਜ਼ੀ ਨੂੰ ਉਪਰ ਤੇ ਮਾਂ ਬੋਲੀ ਨੂੰ ਹੇਠਲਾ ਸਥਾਨ ਦਿੰਦਿਆਂ ਉਕਤ ਬੋਰਡ 'ਤੇ ਸਮਾਰਕ ਦਾ ਨਾਂ ਲਿਖਿਆ ਗਿਆ ਸੀ।

ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਬੀਤੇ ਦਿਨੀਂ ਬੋਰਡ ਵਿਚ ਉਕਤ ਤਬਦੀਲੀ ਕੀਤੀ ਗਈ, ਜਿਸ ਦਾ ਵੱਖ-ਵੱਖ ਸਮਾਜਿਕ ਸੰਸਥਾਵਾਂ ਸਮੇਤ ਸਾਂਝਾ ਅਧਿਆਪਕ ਮੋਰਚਾ, ਡੈਮੋਕ੍ਰੇਟਿਕ ਟੀਚਰ ਫਰੰਟ ਐਸੋਸੀਏਸ਼ਨ, ਗੌਰਮਿੰਟ ਟੀਚਰ ਯੂਨੀਅਨ, ਵਿਰਸਾ ਵਿਹਾਰ ਸੁਸਾਇਟੀ, ਪੰਜਾਬੀ ਹੈਰੀਟੇਜ ਫਾਊਂਡੇਸ਼ਨ, ਪੰਜਾਬੀ ਫੋਕਲੋਰ ਰਿਸਰਚ ਸੰਸਥਾ ਆਦਿ ਨੇ ਸਵਾਗਤ ਕੀਤਾ। ਜ਼ਿਕਰਯੋਗ ਹੈ ਕਿ ਸਮਾਰਕ ਦੇ ਬਾਹਰ ਪ੍ਰਮੁੱਖ ਰਸਤੇ ਉਤੇ ਲਾਏ ਉਕਤ ਬੋਰਡ ਉਤੇ ਸਭ ਤੋਂ ਉਪਰ ਅੰਗਰੇਜ਼ੀ, ਉਸ ਦੇ ਹੇਠਾਂ ਹਿੰਦੀ ਅਤੇ ਤੀਜੇ ਨੰਬਰ ਉਤੇ ਪੰਜਾਬੀ ਵਿਚ 'ਜਲ੍ਹਿਆਂਵਾਲਾ ਬਾਗ ਦੀ ਯਾਦਗਾਰ' ਲਿਖਦਿਆਂ ਉਰਦੂ ਵਿਚ ਇਹੋ ਨਾਂ ਖੱਬੇ ਪਾਸੇ ਵੱਖ ਲਿਖਿਆ ਗਿਆ ਸੀ। ਉਕਤ ਬਾਗ ਦੇ ਖੂਨੀ ਸਾਕੇ ਵਿਚ ਸ਼ਹੀਦ ਹੋਣ ਵਾਲੇ 381 ਨਾਗਰਿਕਾਂ ਦੇ ਨਾਂ ਵੀ ਸਮਾਰਕ ਦੀ ਸ਼ਹੀਦੀ ਲਾਟ ਹੇਠਾਂ ਅੰਗਰੇਜ਼ੀ 'ਚ ਲਿਖੇ ਗਏ ਹਨ। ਇਹ




ਦੇ ਇਲਾਵਾ ਯਾਦਗਾਰ ਦੇ ਪ੍ਰਮੁੱਖ ਦਰਵਾਜ਼ੇ ਸਾਹਮਣੇ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਨਾਂ ਵੀ ਪੰਜਾਬੀ ਤੇ ਹਿੰਦੀ 'ਚ ਲਿਖੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ।

# ਸਿੱਖ ਕਤਲੇਆਮ ਵੇਲੇ ਕਈ ਹਲਕਿਆਂ ਵਿਚ ਘੁੰਮਿਆਂ ਸੀ ਰਾਜੀਵ ਗਾਂਧੀ

## ਟਾਈਟਲਰ ਨੇ ਇੰਟਰਵਿਊ ਵਿਚ ਕੀਤਾ ਖੁਲਾਸਾ

**ਨਵੀਂ ਦਿੱਲੀ:** ਨਵੰਬਰ 1984 ਦੌਰਾਨ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਵੇਲੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਿੱਲੀ ਦੇ ਕਈ ਹਲਕਿਆਂ ਵਿਚ ਘੁੰਮੇ ਸਨ। ਉਹ ਬਿਨਾਂ ਸੁਰੱਖਿਆ ਤੇ ਖੁਦ ਕਾਰ ਚਲਾ ਕੇ ਕਈ ਪ੍ਰਭਾਵਿਤ ਇਲਾਕਿਆਂ ਵਿਚ ਗਏ। ਇਹ ਸਨਸਨੀਖੇਜ਼ ਖੁਲਾਸਾ ਕਾਂਗਰਸੀ ਆਗੂ ਜਗਦੀਸ਼ ਟਾਈਟਲਰ, ਜੋ ਸਿੱਖ ਕਤਲੇਆਮ ਵਿਚ ਮੁੱਖ ਮੁਲਜ਼ਮ ਹੈ, ਨੇ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਕੀਤਾ। ਇੰਟਰਵਿਊ ਵਿਚ ਟਾਈਟਲਰ ਨੇ ਦੱਸਿਆ ਕਿ ਜਦੋਂ ਰਾਜੀਵ ਗਾਂਧੀ ਖੁਦ ਕਾਰ ਚਲਾ ਕੇ ਉਨ੍ਹਾਂ ਦੇ ਹਲਕੇ 'ਚ ਘੁੰਮੇ ਸਨ ਤਾਂ ਉਹ ਵੀ ਉਨ੍ਹਾਂ ਦੇ ਨਾਲ ਸਨ।



ਟਾਈਟਲਰ ਨੇ ਰਾਜੀਵ ਖਿਲਾਫ਼ ਲਾਏ ਦੋਸ਼ਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਦੰਗਿਆਂ 'ਚ ਕੋਈ ਭੂਮਿਕਾ ਨਹੀਂ ਸੀ। ਟਾਈਟਲਰ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਵੀ ਬੇਬੁਨਿਆਦ ਦੱਸਿਆ ਤੇ ਕਿਹਾ ਕਿ ਉਹ ਖੁਦ ਇਕ ਸਿੱਖ ਪਰਿਵਾਰ ਨਾਲ ਸਬੰਧਤ ਹਨ ਤੇ ਕਦੇ ਸਿੱਖਾਂ ਦਾ ਨੁਕਸਾਨ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਅੱਜ ਤੱਕ ਕਿਸੇ ਅਦਾਲਤ ਨੇ ਵੀ ਉਨ੍ਹਾਂ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ। ਰਾਜੀਵ ਗਾਂਧੀ ਬਾਰੇ ਟਾਈਟਲਰ ਦੇ ਖੁਲਾਸੇ ਉਤੇ ਸਿੱਖਾਂ ਤੇ ਕਾਨੂੰਨੀ ਹਲਕਿਆਂ 'ਚ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲੀ ਹੈ।

### ਸਰਕਾਰ ਨੇ ਹੁਣ ਤੱਕ ਤੱਥ ਲੁਕਾਏ: ਫੂਲਕਾ

ਸੀਨੀਅਰ ਵਕੀਲ ਐਚ. ਐਸ. ਫੂਲਕਾ ਨੇ ਹੈਰਾਨੀ ਜ਼ਾਹਰ ਕੀਤੀ ਹੈ ਕਿ ਹੁਣ ਤੱਕ ਸਰਕਾਰ ਨੇ ਇਹ ਤੱਥ ਲੁਕਾਇਆ ਕਿਉਂ? ਉਨ੍ਹਾਂ ਕਿਹਾ ਕਿ ਇਸ ਤੱਥ ਦੀ ਪੜਤਾਲ ਹੋਣੀ ਚਾਹੀਦੀ ਹੈ ਕਿ ਰਾਜੀਵ ਗਾਂਧੀ ਦੰਗਾ ਪ੍ਰਭਾਵਿਤ ਇਲਾਕਿਆਂ 'ਚ ਕਿਉਂ ਗਏ ਸਨ। ਦਿੱਲੀ ਦੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਵੀ ਕਿਹਾ ਕਿ ਇਸ ਖੁਲਾਸੇ ਨਾਲ ਉਨ੍ਹਾਂ ਦੇ ਦੋਸ਼ ਦੀ ਪੁਸ਼ਟੀ ਹੁੰਦੀ ਹੈ ਕਿ ਸਿੱਖਾਂ ਦਾ ਕਤਲੇਆਮ ਯੋਜਨਾਬੱਧ ਸੀ।



# ਤਾਰਾ ਨੂੰ ਬੇਅੰਤ ਸਿੰਘ ਹੱਤਿਆ ਦਾ ਕੋਈ ਅਫਸੋਸ ਨਹੀਂ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੀ ਜ਼ਿੰਮੇਵਾਰੀ ਜਗਤਾਰ ਸਿੰਘ ਸਿੰਘ ਤਾਰਾ ਨੇ ਅਦਾਲਤ ਵਿਚ ਕਬੂਲ ਲਈ ਹੈ। ਚੰਡੀਗੜ੍ਹ (ਯੂ. ਟੀ.) ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਸਬੀਰ ਸਿੰਘ ਸਿੱਧੂ ਨੂੰ ਛੇ ਪੰਨਿਆਂ ਦੇ ਦਿੱਤੇ ਲਿਖਤੀ ਬਿਆਨ ਵਿਚ ਉਸ ਨੇ ਹੱਤਿਆ ਕਾਂਡ ਉਤੇ ਕੋਈ ਅਫਸੋਸ ਨਹੀਂ ਜਤਾਇਆ ਹੈ।

ਅਦਾਲਤ ਵਿਚ ਤਾਰਾ ਨੇ ਆਈ.ਪੀ.ਸੀ. ਦੀ ਧਾਰਾ 313 ਤਹਿਤ ਲਿਖਤੀ ਜੁਰਮ ਕਬੂਲ ਕੀਤਾ ਹੈ। ਇਸ ਤੋਂ ਪਹਿਲਾਂ ਉਹ ਪੁਲਿਸ ਕੋਲ ਆਈ.ਪੀ.ਸੀ. ਦੀ ਧਾਰਾ 164 ਤਹਿਤ ਜ਼ਿੰਮੇਵਾਰੀ ਲੈ ਚੁੱਕਿਆ ਹੈ। ਤਾਰਾ ਨੇ ਅਦਾਲਤ ਨੂੰ ਦਿੱਤੇ ਇਕਬਾਲੀਆ ਬਿਆਨ ਵਿਚ ਕਿਹਾ ਹੈ ਕਿ ਉਹ ਹੱਤਿਆ ਕਾਂਡ ਨੂੰ ਅੰਜਾਮ ਦੇਣ ਲਈ ਪੰਜਾਬ ਸਕੱਤਰੇਤ ਤੱਕ ਖੁਦ ਕਾਰ ਚਲਾ ਕੇ ਗਿਆ ਸੀ, ਜਦੋਂ ਕਿ ਭਾਈ ਦਿਲਾਵਰ ਸਿੰਘ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਉਸ ਦੇ ਨਾਲ ਸਨ।

## ਅਦਾਲਤ ਸਾਹਮਣੇ ਕਬੂਲੀ ਹੱਤਿਆ ਦੀ ਜ਼ਿੰਮੇਵਾਰੀ



ਉਸ ਨੇ ਦੋਸ਼ ਲਾਇਆ ਕਿ ਬੇਅੰਤ ਸਿੰਘ ਨੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਮਾਰਿਆ ਸੀ, ਜਿਸ ਕਰ ਕੇ ਉਸ ਦਾ ਕਤਲ ਕੀਤਾ ਗਿਆ। ਬਿਆਨ ਵਿਚ ਬੇਅੰਤ ਸਿੰਘ ਦੇ ਮੁੱਖ ਮੰਤਰੀ ਰਹਿੰਦਿਆਂ ਵਧੀਕੀਆਂ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਇਨਾਮ ਅਤੇ ਤਰੱਕੀਆਂ ਦੇਣ ਉਤੇ ਗੁੱਸਾ ਜ਼ਾਹਿਰ ਕੀਤਾ ਗਿਆ ਹੈ।

ਸੀ.ਬੀ.ਆਈ. ਦੇ ਵਕੀਲ ਐਸ.ਕੇ. ਸਕਸੈਨਾ ਅਗਲੀ ਤਰੀਕ ਮੌਕੇ ਉਸ ਦੇ ਇਕਬਾਲੀਆ ਬਿਆਨ ਬਾਰੇ ਸਵਾਲ ਕਰਨਗੇ। ਇਸ ਤੋਂ ਪਹਿਲਾਂ ਆਈ.ਪੀ.ਸੀ. ਦੀ ਧਾਰਾ 319 ਤਹਿਤ ਸੀ.ਬੀ.ਆਈ. ਦੇ ਵਕੀਲ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿਚ ਉਹ ਬੇਅੰਤ ਸਿੰਘ ਨੂੰ ਮਾਰਨ ਦੀ ਜ਼ਿੰਮੇਵਾਰੀ ਲੈ ਚੁੱਕਿਆ ਹੈ। ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲ ਸਿਮਰਜੀਤ ਸਿੰਘ ਨੇ ਦੱਸਿਆ ਕਿ ਕੇਸ ਦੀ ਅਗਲੀ ਸੁਣਵਾਈ 7 ਫਰਵਰੀ ਨੂੰ ਹੋਵੇਗੀ। ਸਾਬਕਾ ਮੁੱਖ ਮੰਤਰੀ ਦੀ 31 ਅਗਸਤ 1995 ਨੂੰ ਬੰਬ ਧਮਾਕੇ ਵਿਚ ਮੌਤ ਹੋ ਗਈ ਸੀ ਅਤੇ ਪੁਲਿਸ ਨੇ ਕਤਲ ਦੇ ਦੋਸ਼ ਵਿਚ 9 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਸੀ।

ਇਸ ਤੋਂ ਪਹਿਲਾਂ ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਵੀ ਉਸ ਨੂੰ ਮਾਰਨ ਦਾ ਜ਼ਿੰਮਾ ਆਪਣੇ ਸਿਰ ਲੈ ਚੁੱਕੇ ਹਨ। ਭਾਈ ਰਾਜੋਆਣਾ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਹੈ, ਜਦੋਂ ਕਿ ਭਾਈ ਹਵਾਰਾ ਤਿਹਾੜ ਜੇਲ੍ਹ ਵਿਚ ਉਮਰ ਕੈਦ ਕੱਟ ਰਿਹਾ ਹੈ। ਹੋਰ ਮੁਲਜ਼ਮਾਂ ਵਿਚੋਂ ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਲਖਵਿੰਦਰ ਸਿੰਘ ਅਤੇ ਗੁਰਮੀਤ ਸਿੰਘ ਬੁੜੈਲ ਜੇਲ੍ਹ ਵਿਚ ਬੰਦ ਹਨ, ਜਦ ਕਿ ਨਸੀਬ ਸਿੰਘ, ਸ਼ਮਸ਼ੇਰ ਸਿੰਘ ਅਤੇ ਨਵਜੋਤ ਸਿੰਘ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਤਾਰਾ ਦੇ 20 ਅਤੇ 21 ਜਨਵਰੀ 2003 ਨੂੰ ਜੇਲ੍ਹ ਵਿਚੋਂ ਫਰਾਰ ਹੋ ਜਾਣ ਅਤੇ ਬਾਅਦ ਵਿਚ ਫੜੇ ਜਾਣ ਕਰ ਕੇ ਕੇਸ ਦੀ ਸੁਣਵਾਈ ਵੱਖਰੀ ਕਰ ਦਿੱਤੀ ਗਈ ਸੀ। ਕੇਸ ਦਾ 31 ਜੁਲਾਈ 2007 ਨੂੰ ਫੈਸਲਾ ਆਉਣ ਵੇਲੇ ਤਾਰਾ ਫਰਾਰ ਸੀ।

# ਡੇਢ ਸੌ ਤੋਂ ਵੱਧ ਔਰਤਾਂ ਦਾ ਸ਼ੋਸ਼ਣ ਕਰਨ ਵਾਲੇ ਭਾਰਤੀ ਡਾਕਟਰ ਨੂੰ ਕੈਦ

**ਲੈਨਸਿੰਗ, ਮਿਸ਼ੀਗਨ:** ਇਲਾਜ ਦੇ ਨਾਂ ਉਤੇ ਕਈ ਔਰਤਾਂ ਨਾਲ ਸ਼ਰੀਰਕ ਸ਼ੋਸ਼ਣ ਦੇ ਮਾਮਲੇ 'ਚ ਅਮਰੀਕਾ ਵਿਚ ਜਿਮਨਾਸਟਿਕ ਨਾਲ ਜੁੜੇ ਸਾਬਕਾ ਡਾਕਟਰ ਲੈਰੀ ਨਾਸਰ ਨੂੰ 40 ਤੋਂ 175 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਨਾਸਰ ਦਾ ਸ਼ਿਕਾਰ ਬਣੀਆਂ 150 ਤੋਂ ਵਧੇਰੇ ਔਰਤਾਂ ਦੀ ਗਵਾਹੀ ਤੋਂ ਬਾਅਦ ਜੱਜ ਰੋਜ਼ਮੈਰੀ ਐਕਵਲੀਨ ਨੇ ਕਿਹਾ, "ਮੈਂ ਹੁਣੇ ਤੁਹਾਡੇ ਡੈੱਥ ਵਾਰੰਟ ਦੇ ਸਾਈਨ ਕੀਤੇ ਹਨ।"

ਲੈਨਸਿੰਗ ਦੀ ਇਕ ਤਣਾਅ ਭਰੀ ਅਦਾਲਤ ਵਿਚ ਜੱਜ ਨੇ 54 ਸਾਲ ਦੇ ਨਾਸਰ ਨੂੰ ਕਿਹਾ, "ਤੁਸੀਂ ਦੁਬਾਰਾ ਕਦੇ ਜੇਲ੍ਹ ਵਿਚੋਂ ਬਾਹਰ ਨਿਕਲਣ ਦੇ ਹੱਕਦਾਰ ਨਹੀਂ ਹੋ।" ਆਪਣਾ ਪੱਖ ਰੱਖਣ ਦਾ ਮੌਕਾ ਮਿਲਣ 'ਤੇ ਨਾਸਰ ਨੇ ਮੁਆਫੀ ਮੰਗਦਿਆਂ ਕਿਹਾ, "ਤੁਸੀਂ ਜੋ ਵੀ ਕਿਹਾ ਉਸ ਦਾ ਮੇਰੇ 'ਤੇ ਗਹਿਰਾ ਅਸਰ ਪਿਆ ਹੈ ਤੇ ਇਨ੍ਹਾਂ ਗੱਲਾਂ ਨੇ ਮੈਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਹੈ।"

# ਅੰਮ੍ਰਿਤਸਰ ਤੋਂ ਬਰਮਿੰਘਮ ਲਈ ਸਿੱਧੀ ਉਡਾਣ ਸ਼ੁਰੂ

**ਨਵੀਂ ਦਿੱਲੀ:** ਏਅਰ ਇੰਡੀਆ ਨੇ ਪੰਜਾਬ ਵਾਸੀਆਂ ਨੂੰ ਗਣਤੰਤਰ ਦਿਵਸ ਦਾ ਤੋਹਫਾ ਦਿੰਦਿਆਂ ਅੰਮ੍ਰਿਤਸਰ ਤੋਂ ਬਰਮਿੰਘਮ ਨੂੰ ਸਿੱਧੀ ਉਡਾਣ ਸ਼ੁਰੂ ਕਰ ਦਿੱਤੀ ਹੈ। ਇਹ ਉਡਾਣ ਹਫਤੇ ਵਿਚ ਦੋ ਦਿਨ ਮੰਗਲਵਾਰ ਅਤੇ ਵੀਰਵਾਰ ਨੂੰ ਹੋਵੇਗੀ।

ਏਅਰ ਇੰਡੀਆ ਵੱਲੋਂ ਜਾਰੀ ਕੀਤੀ ਜਾਣਕਾਰੀ ਅਨੁਸਾਰ ਜਹਾਜ਼ ਦਿੱਲੀ ਤੋਂ ਸਵੇਰੇ 11 . 20 ਉਤੇ ਚੱਲ ਕੇ ਬਾਅਦ ਦੁਪਹਿਰ 12.25 ਉਤੇ ਅੰਮ੍ਰਿਤਸਰ ਪੁੱਜੇਗਾ। ਅੰਮ੍ਰਿਤਸਰ ਤੋਂ 1.55 ਬਾਅਦ ਦੁਪਹਿਰ ਰਵਾਨਾ ਹੋ ਕੇ 5.15 ਸ਼ਾਮ ਨੂੰ ਬਰਮਿੰਘਮ ਪੁੱਜੇਗਾ। ਵਾਪਸੀ ਬਰਮਿੰਘਮ ਵਾਇਆ ਅੰਮ੍ਰਿਤਸਰ ਦਿੱਲੀ ਹੋਵੇਗੀ।

# ਚਾਰਾ ਘੁਟਾਲਾ: ਲਾਲੂ ਨੂੰ ਤੀਜੇ ਕੇਸ 'ਚ ਪੰਜ ਸਾਲ ਦੀ ਸਜ਼ਾ

**ਪਟਨਾ:** ਰਾਸ਼ਟਰੀ ਜਨਤਾ ਦਲ (ਆਰ. ਜੇ. ਡੀ.) ਮੁਖੀ ਲਾਲੂ ਪ੍ਰਸਾਦ ਦੀਆਂ ਮੁਸੀਬਤਾਂ ਵਿਚ ਉਸ ਸਮੇਂ ਹੋਰ ਵਾਧਾ ਹੋ ਗਿਆ ਜਦੋਂ ਬਹੁ ਕਰੋੜੀ ਚਾਰਾ ਘੁਟਾਲੇ ਨਾਲ ਸਬੰਧਤ ਤੀਜੇ ਕੇਸ 'ਚ ਸੀ.ਬੀ.ਆਈ. ਦੀ ਰਾਂਚੀ ਸਥਿਤ ਵਿਸ਼ੇਸ਼ ਅਦਾਲਤ ਨੇ ਉਸ ਨੂੰ ਪੰਜ ਸਾਲ ਦੀ ਸਜ਼ਾ ਸੁਣਾ ਦਿੱਤੀ।



ਚਾਈਬਾਸਾ ਖਜ਼ਾਨੇ 'ਚੋਂ 1990ਵਿਆਂ 'ਚ 37.62 ਕਰੋੜ ਰੁਪਏ ਫਰਜ਼ੀ ਢੰਗ ਨਾਲ ਕਢਵਾਉਣ ਦੇ ਕੇਸ 'ਚ ਐਸ.ਐਸ. ਪ੍ਰਸਾਦ ਦੀ ਅਦਾਲਤ ਨੇ ਬਿਹਾਰ ਦੇ ਇਕ ਹੋਰ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਨੂੰ ਵੀ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਲਾਲੂ ਪ੍ਰਸਾਦ ਅਤੇ ਮਿਸ਼ਰਾ ਨੂੰ 10-10 ਲੱਖ ਰੁਪਏ ਦੇ ਜੁਰਮਾਨੇ ਕੀਤੇ ਹਨ। ਇਹੋ ਸਜ਼ਾ ਬਿਹਾਰ ਵਿਧਾਨ ਸਭਾ ਦੀ ਜਨ ਸਲਾਹਕਾਰ ਕਮੇਟੀ ਦੇ ਸਾਬਕਾ ਚੇਅਰਮੈਨ ਜਗਦੀਸ਼ ਸ਼ਰਮਾ ਅਤੇ ਸਾਬਕਾ ਵਿਧਾਇਕ ਆਰ.ਕੇ. ਰਾਣਾ ਨੂੰ ਵੀ ਸੁਣਾਈ ਹੈ। ਬਿਹਾਰ ਦੇ ਸਾਬਕਾ ਮੰਤਰੀ ਵਿਦਿਆ ਸਾਗਰ ਨਿਸ਼ਾਦ ਅਤੇ ਸਾਬਕਾ ਵਿਧਾਇਕ ਧਰੁਵ ਭਗਤ ਨੂੰ ਤਿੰਨ-ਤਿੰਨ ਸਾਲ ਦੀ ਕੈਦ ਅਤੇ ਡੇਢ-ਡੇਢ ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ।

ਸੀ.ਬੀ.ਆਈ. ਅਦਾਲਤ ਨੇ ਤਿੰਨ ਸਾਬਕਾ ਅਧਿਕਾਰੀਆਂ ਫੂਲ ਚੰਦ ਸਿੰਘ, ਮਹੇਸ਼ ਪ੍ਰਸਾਦ ਅਤੇ ਸਜਲ ਚੱਕਰਵਰਤੀ ਨੂੰ ਚਾਰ-ਚਾਰ ਸਾਲ ਦੀ ਕੈਦ ਅਤੇ ਦੋ-ਦੋ ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਅਦਾਲਤ ਨੇ ਦੋ ਅਧਿਕਾਰੀਆਂ ਰਾਮ ਪ੍ਰਕਾਸ਼ ਰਾਮ ਅਤੇ ਡਾਕਟਰ ਮੁਕੇਸ਼ ਕੁਮਾਰ ਸ਼੍ਰੀਵਾਸਤਵ ਤੇ ਚਾਰਾ ਸਪਲਾਈ ਕਰਨ ਵਾਲੇ ਚਾਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਕੇਸ ਦੇ ਹੋਰ ਦੋਸ਼ੀਆਂ ਨੂੰ ਵੱਖ-ਵੱਖ ਸਜ਼ਾਵਾਂ ਸੁਣਾਈਆਂ ਗਈਆਂ ਹਨ। ਇਸ ਕੇਸ 'ਚ 76 ਮੁਲਜ਼ਮ ਨਾਮਜ਼ਦ ਸਨ ਜਿਨ੍ਹਾਂ 'ਚੋਂ 14 ਦੀ ਮੌਤ ਹੋ ਗਈ ਸੀ।

# ਰਾਸ਼ਟਰਪਤੀ ਵੱਲੋਂ 85 ਪਦਮ ਐਵਾਰਡਾਂ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ 85 ਪਦਮ ਐਵਾਰਡਾਂ ਨੂੰ ਮਨਜ਼ੂਰੀ ਦੇ ਦਿੱਤੀ, ਜਿਨ੍ਹਾਂ ਵਿਚ ਤਿੰਨ ਪਦਮ ਵਿਭੂਸ਼ਨ, ਨੌਂ ਪਦਮ ਭੂਸ਼ਨ ਅਤੇ 73 ਪਦਮ ਸ੍ਰੀ ਐਵਾਰਡ ਸ਼ਾਮਲ ਹਨ। ਕਲਾ ਅਤੇ ਸੰਗੀਤ ਦੇ ਖੇਤਰ ਵਿਚ ਇਲਈਆ ਰਾਜਾ, ਗੁਲਾਮ ਮੁਸਤਫਾ ਅਤੇ ਪਰਮੇਸ਼ਵਰਮ ਦੀ ਪਦਮ ਵਿਭੂਸ਼ਨ ਲਈ ਚੋਣ ਕੀਤੀ ਗਈ ਹੈ।



ਇਸੇ ਤਰ੍ਹਾਂ ਪਦਮ ਭੂਸ਼ਣ ਲਈ ਬਿਲੀਅਰਡਜ਼ ਵਿਚ ਕਰਨਾਟਕ ਦੇ ਪੰਕਜ ਅਡਵਾਨੀ, ਅਧਿਆਤਮ ਵਿਚ ਫਿਲੀਪੋਸੇ ਮਾਰ ਕ੍ਰਿਸੋਸਟਮ ਅਤੇ ਕ੍ਰਿਕਟ ਵਿਚ ਮਹਿੰਦਰ ਸਿੰਘ ਧੋਨੀ, ਰੂਸੀ ਲੋਕ ਮਾਮਲਿਆਂ ਲਈ ਐਲਗਜ਼ੈਂਡਰ ਕਾਡਕਿਨ, ਪੁਰਾਤਤਵ ਵਿਚ ਰਾਮਾਚੰਦਰਨ ਨਾਗਾਸਵਾਮੀ, ਅਮਰੀਕੀ ਸਾਹਿਤ ਵਿਚ ਵੇਦ ਪ੍ਰਕਾਸ਼ ਨੰਦਾ, ਕਲਾ ਵਿਚ ਲਕਸ਼ਮਨ ਪਾਏ, ਅਰਵਿੰਦਰ ਪਾਰਿਖ ਅਤੇ ਸ਼ਾਰਦਾ ਸਿਨਹਾ ਦੀ ਚੋਣ ਕੀਤੀ ਗਈ ਹੈ।

ਇਸ ਤਰ੍ਹਾਂ ਪਦਮਸ੍ਰੀ ਲਈ 73 ਵਿਅਕਤੀਆਂ ਦੀ ਚੋਣ ਕੀਤੀ ਗਈ ਹੈ ਜਿਨ੍ਹਾਂ ਵਿਚ ਦਵਾਈਆਂ ਦੇ ਖੇਤਰ ਵਿਚ ਅਭੈ ਬੰਗ, ਰਾਨੀ ਬੰਗ, ਸਮਾਜਿਕ ਕੰਮ ਲਈ ਦਾਮੋਦਰ ਗਣੇਸ਼ ਬਾਗਪਤ, ਪੱਤਰਕਾਰੀ ਵਿਚ ਗੋਵਿੰਦ ਬਰੂਆ ਅਤੇ ਕਲਾ ਦੇ ਖੇਤਰ ਵਿਚ ਸਵਰੂਪ ਭਾਟੀਆ, ਸਮਾਜਿਕ ਕੰਮਾਂ ਲਈ ਸੁਧਾਂਸ਼ੂ ਬਿਸਵਾਸ, ਵੇਟਲਿਫਟਿੰਗ ਵਿਚ ਸਾਇਕੋਮ ਮੀਰਾਬਾਈ ਚਾਨੂ, ਸਾਹਿਤ ਵਿਚ ਪੰਡਿਤ ਸ਼ਿਆਮਲਾਲ ਚਤੁਰਵੇਦੀ, ਸਨਅਤ ਵਿਚ ਜੋਸੇ ਮਾ ਜੋਏ, ਕਲਾ ਵਿਚ ਲੰਗਪੋਕਲਾਕਪਾਮ ਐਸ. ਦੇਵੀ, ਟੈਨਿਸ ਸੋਮਦੇਵ ਦੇਵਵਰਮਨ, ਦਵਾਈਆਂ ਯੋਸ਼ੀ ਢੋਡਨ, ਸਾਹਿਤ ਅਰੂਪ ਕੁਮਾਰ ਦੱਤਾ, ਕਲਾ ਡੋਡਾਰੰਗੇ ਗੌੜਾ ਆਦਿ ਸ਼ਾਮਲ ਹਨ।

## ਸਿਧੇਸ਼ਵਰ ਸਵਾਮੀ ਨੇ ਵਾਪਸ ਕੀਤਾ ਪਦਮਸ੍ਰੀ

**ਨਵੀਂ ਦਿੱਲੀ:** ਧਾਰਮਿਕ ਗੁਰੂ ਸਿਧੇਸ਼ਵਰ ਸਵਾਮੀ, ਜਿਨ੍ਹਾਂ ਨੂੰ ਪਦਮਸ੍ਰੀ ਪੁਰਸਕਾਰ ਲਈ ਚੁਣਿਆ ਗਿਆ ਸੀ, ਨੇ ਇਹ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ 'ਚ ਉਨ੍ਹਾਂ ਪੁਰਸਕਾਰ ਵਾਪਸੀ ਨੂੰ ਕਿਸੇ ਕਿਸਮ ਦੀ ਸਿਆਸਤ ਦਾ ਹਿੱਸਾ ਮੰਨਣ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸੰਨਿਆਸੀ ਹੋਣ ਕਾਰਨ ਉਨ੍ਹਾਂ ਨੂੰ ਪੁਰਸਕਾਰ ਪਸੰਦ ਨਹੀਂ ਹਨ।

# ਹੇਲੀ ਨੇ ਟਰੰਪ ਨਾਲ ਪ੍ਰੇਮ ਸਬੰਧਾਂ ਨੂੰ ਅਫਵਾਹ ਦੱਸਿਆ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਨਿੱਕੀ ਹੇਲੀ, ਜੋ ਯੂ.ਐਨ. ਲਈ ਅਮਰੀਕਾ ਦੀ ਸੀਨੀਅਰ ਸਫੀਰ ਹੈ, ਨੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਉਸ ਦੇ ਪ੍ਰੇਮ ਸਬੰਧਾਂ ਬਾਰੇ ਅਫਵਾਹਾਂ ਨੂੰ 'ਬੇਹੱਦ ਅਪਮਾਨਜਨਕ' ਅਤੇ 'ਘਿਨਾਉਣੀਆਂ' ਦੱਸਿਆ ਹੈ। ਦੱਸਣਯੋਗ ਹੈ ਕਿ ਨਿੱਕੀ ਹੇਲੀ



ਕਿਸੇ ਵੀ ਰਾਸ਼ਟਰਪਤੀ ਪ੍ਰਸ਼ਾਸਨ ਵਿਚ ਕੈਬਨਿਟ ਰੈਂਕ ਦੀ ਪਹਿਲੀ ਭਾਰਤੀ-ਅਮਰੀਕੀ ਅਧਿਕਾਰੀ ਹੈ। 'ਪੋਲਿਟੀਕੋ' ਨਾਲ ਇੰਟਰਵਿਊ ਦੌਰਾਨ ਨਿੱਕੀ ਨੇ ਕਿਹਾ, 'ਮੈਂ ਇਕ ਵਾਰ ਰਾਸ਼ਟਰਪਤੀ ਦੇ ਜਹਾਜ਼ ਏਅਰ ਫੋਰਸ ਵਨ ਵਿਚ ਗਈ ਸੀ ਅਤੇ ਉਦੋਂ ਜਹਾਜ਼ ਵਿਚ ਹੋਰ ਕਈ ਲੋਕ ਮੌਜੂਦ ਸਨ।'

ਨਿਊ ਯਾਰਕ ਦੇ ਲੇਖਕ ਮਾਈਕਲ ਵੋਲਫ ਦੀ ਕਿਤਾਬ 'ਫਾਇਰ ਐਂਡ ਫਿਊਰੀ' ਵਿਚ ਉਸ ਖਿਲਾਫ਼ ਲਾਏ ਦੋਸ਼ਾਂ ਦਾ ਜ਼ਿਕਰ ਕਰਦਿਆਂ ਨਿੱਕੀ ਨੇ ਕਿਹਾ, 'ਉਹ ਕਹਿੰਦਾ ਹੈ ਕਿ ਆਪਣੇ ਰਾਜਸੀ ਭਵਿੱਖ ਲਈ ਮੈਂ ਓਵਲ ਵਿਚ ਰਾਸ਼ਟਰਪਤੀ ਨਾਲ ਬਹੁਤ ਜ਼ਿਆਦਾ ਗੱਲਾਂ ਕਰ ਰਹੀ ਹਾਂ। ਮੈਂ ਕਦੇ ਵੀ ਰਾਸ਼ਟਰਪਤੀ ਨਾਲ ਆਪਣੇ ਭਵਿੱਖ ਬਾਰੇ ਗੱਲਬਾਤ ਨਹੀਂ ਕੀਤੀ ਅਤੇ ਮੈਂ ਕਦੇ ਵੀ ਉਨ੍ਹਾਂ ਨੂੰ ਇਕੱਲੀ ਨਹੀਂ ਮਿਲੀ। ਇਕ ਦਹਾਕੇ ਤੋਂ ਸਿਆਸਤ ਵਿਚ ਸਰਗਰਮ ਅਤੇ ਦੱਖਣੀ ਕੈਰੋਲਾਈਨਾ ਦੀ ਸਾਬਕਾ ਗਵਰਨਰ 46 ਸਾਲਾ ਨਿੱਕੀ ਹੇਲੀ ਨੂੰ ਇਸ ਤੋਂ ਪਹਿਲਾਂ ਵੀ ਅਜਿਹੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਹੈ।

# ਗੈਰਕਾਨੂੰਨੀ ਪਰਵਾਸੀਆਂ ਬਾਰੇ ਟਰੰਪ ਦੇ ਸੁਰ ਨਰਮ

**ਵਾਸ਼ਿੰਗਟਨ:** ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਡੈਮੋਕਰੈਟ ਪਾਰਟੀ ਨਾਲ ਸਮਝੌਤੇ ਦੇ ਹਿੱਸੇ ਵਜੋਂ ਅਮਰੀਕਾ ਦੇ ਅਖੌਤੀ 'ਡਰੀਮਰਜ਼' ਲਈ 10 ਤੋਂ 12 ਸਾਲਾਂ ਵਿਚ ਨਾਗਰਿਕਤਾ ਦਾ ਰਾਹ ਖੋਲ੍ਹਣ ਲਈ ਤਿਆਰ ਹੈ। ਟਰੰਪ ਦੀ ਇਸ ਕਾਰਵਾਈ ਨਾਲ ਭਾਰਤੀ ਮੂਲ ਦੇ ਹਜ਼ਾਰਾਂ ਗੈਰਕਾਨੂੰਨੀ ਪਰਵਾਸੀਆਂ ਨੂੰ ਵੀ ਲਾਭ ਹੋ ਸਕਦਾ ਹੈ।

ਦਾਵੋਸ ਵਿਚ ਵਿਸ਼ਵ ਆਰਥਿਕ ਫੋਰਮ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਵਿਟਜ਼ਰਲੈਂਡ ਜਾਣ ਤੋਂ ਪਹਿਲਾਂ ਉਨ੍ਹਾਂ ਵਾਈਟ ਹਾਊਸ ਵਿਚ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਨਾਗਰਿਕਤਾ ਦੇਣ ਦੀ ਇਹ ਪ੍ਰਕਿਰਿਆ ਭਵਿੱਖ ਵਿਚ ਕਿਸੇ ਵੀ ਸਮੇਂ 10 ਤੋਂ 12 ਸਾਲ ਵਿਚ ਹੋਵੇਗੀ। ਉਨ੍ਹਾਂ ਇਸ ਨੂੰ ਪਰਵਾਸੀਆਂ ਦੀ ਸਖਤ ਮਿਹਨਤ ਲਈ ਲਾਭ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਕਹੋ ਕਿ ਉਨ੍ਹਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਇਸ ਨਾਲ ਅਮਰੀਕਾ ਵਿਚ ਬਿਨਾਂ ਦਸਤਾਵੇਜ਼ਾਂ ਦੇ ਦਾਖਲ ਹੋਏ 690000 ਪਰਵਾਸੀਆਂ ਨੂੰ ਲਾਭ ਮਿਲਣ ਦੀ ਆਸ ਹੈ।

ਇਨ੍ਹਾਂ ਵਿਚ ਹਜ਼ਾਰਾਂ ਪਰਵਾਸੀ ਭਾਰਤੀ ਮੂਲ ਦੇ ਹਨ। ਸ਼ਬਦ 'ਡਰੀਮਰਜ਼' ਜਿਹੜਾ ਅਮਰੀਕਾ ਵਿਚ ਬਿਨਾਂ ਦਸਤਾਵੇਜ਼ਾਂ ਦੇ ਗੈਰਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪਰਵਾਸੀਆਂ ਲਈ




ਵਰਤਿਆ ਜਾਂਦਾ ਹੈ, 'ਡਰੀਮ ਐਕਟ' ਵਿਚੋਂ ਲਿਆ ਹੈ। ਕੁਝ ਸ਼ਰਤਾਂ ਤਹਿਤ 'ਡਰੀਮਰਜ਼' ਨੂੰ ਨਾਗਰਿਕਤਾ ਮੁਹੱਈਆ ਕਰਨ ਲਈ ਪਹਿਲੀ ਵਾਰ ਇਹ ਬਿੱਲ 2001 ਵਿਚ ਲਿਆਂਦਾ ਗਿਆ ਸੀ ਪਰ ਇਹ ਪਾਸ ਨਹੀਂ ਹੋ ਸਕਿਆ। ਉਧਰ, ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ ਕਿ ਇਸ ਮੁੱਦੇ ਬਾਰੇ ਅਜੇ ਕੋਈ ਅੰਤਿਮ ਫੈਸਲਾ ਨਹੀਂ ਲਿਆ।

ਟਰੰਪ ਮੈਕਸੀਕੋ ਦੇ ਨਾਲ ਲੱਗਦੀ ਸਰਹੱਦ ਉਤੇ ਕੰਧ ਬਣਾਉਣ ਲਈ 20 ਅਰਬ ਡਾਲਰ ਅਤੇ ਹੋਰ ਸਰਹੱਦੀ ਸੁਰੱਖਿਆ ਉਪਾਵਾਂ ਲਈ ਪੰਜ ਅਰਬ ਡਾਲਰ ਫੰਡ ਮੁਹੱਈਆ ਕਰਨ ਦੀ ਮੰਗ ਕਰ ਰਹੇ ਹਨ। ਟਰੰਪ ਨੇ ਕਿਹਾ ਕਿ ਕੰਧ ਲਈ ਫੰਡ ਦੀ ਮਨਜ਼ੂਰੀ ਤੋਂ ਬਿਨਾਂ 'ਡਾਸਾ' ਯੋਜਨਾ ਉਤੇ ਕੋਈ ਸਮਝੌਤਾ ਨਹੀਂ ਹੋਵੇਗਾ। ਜੇਕਰ ਕੰਧ ਨਹੀਂ ਬਣੇਗੀ ਤਾਂ ਗੈਰਕਾਨੂੰਨੀ ਪਰਵਾਸੀਆਂ ਲਈ ਕੋਈ ਰਾਹਤ ਨਹੀਂ। ਟਰੰਪ ਨੇ ਕਿਹਾ ਕਿ ਉਹ 800 ਮੀਲ ਲੰਮੀ ਕੰਧ ਲਈ ਗੱਲ ਕਰ ਰਹੇ ਹਨ। ਇਹ ਕੰਧ ਨਿਵੇਸ਼ ਲਈ ਜ਼ਿਆਦਾ ਲਾਭਦਾਇਕ ਸਾਬਤ ਹੋਵੇਗੀ। ਇਸ ਨਾਲ ਅਰਬਾਂ ਡਾਲਰ ਦੀ ਬੱਚਤ ਹੋਵੇਗੀ।

# ਧਰਤੀ ਉਤੇ ਪਾਣੀ ਦੀ ਹੋਂਦ ਬਾਰੇ ਖੁੱਲ੍ਹਿਆ ਰਾਜ਼

**ਬੋਸਟਨ:** ਧਰਤੀ ਉਤੇ ਜੀਵਨ ਦੇ ਵਿਕਾਸ ਲਈ ਪਾਣੀ ਅਤੇ ਕਾਰਬਨ ਬਹੁਤ ਜ਼ਰੂਰੀ ਤੱਤਾਂ 'ਚ ਸ਼ੁਮਾਰ ਹਨ। ਇਨ੍ਹਾਂ ਦੋਵਾਂ ਤੋਂ ਬਿਨਾਂ ਧਰਤੀ 'ਤੇ ਜੀਵਨ ਮੁਮਕਿਨ ਹੋਣਾ ਮਹਿਜ਼ ਕੋਰੀ ਕਲਪਨਾ ਹੈ। ਇਹ ਦੋਵੇਂ ਤੱਤ ਧਰਤੀ ਉਤੇ ਕਿਸ ਤਰ੍ਹਾਂ ਪਹੁੰਚੇ, ਇਸ ਉਤੇ ਵਿਗਿਆਨੀ ਲਗਾਤਾਰ ਖੋਜ ਕਰ ਰਹੇ ਹਨ। ਹਾਲੀਆ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਸੌਰ ਮੰਡਲ ਵਿਕਸਿਤ ਹੋਣ ਦੇ 20 ਲੱਖ ਸਾਲ ਬਾਅਦ (ਮੌਜੂਦਾ ਸਮੇਂ ਤੋਂ 4.56 ਅਰਬ ਸਾਲ ਪਹਿਲਾਂ) ਉਲਕਾ ਪਿੰਡ ਧਰਤੀ 'ਤੇ ਪਾਣੀ ਲੈ ਆਏ ਸਨ। ਉਦੋਂ ਧਰਤੀ ਦਾ ਆਕਾਰ ਮੌਜੂਦਾ ਆਕਾਰ ਤੋਂ ਸਿਰਫ 20 ਫੀਸਦੀ ਹੀ ਸੀ।

ਮੈਸਾਚੁਸੇਟਸ ਇੰਸਟੀਟਿਊਟ ਆਫ ਟੈਕਨਾਲੋਜੀ, ਅਮਰੀਕਾ ਦੇ ਵਿਗਿਆਨੀ ਐਡਮ ਸੈਰਫੀਅਨ ਨੇ ਕਿਹਾ ਹੈ, "ਇਨ੍ਹਾਂ ਉਲਕਾ ਪਿੰਡਾਂ ਦੇ ਪੈਰੇਂਟ ਬਾਡੀ ਭਾਵ ਧੂਮਕੇਤੂ ਅਤੇ ਛੋਟੇ ਗ੍ਰਹਿਆਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਇਸ ਤੋਂ ਪਤਾ



ਲੱਗੇਗਾ ਕਿ ਸੌਰ ਮੰਡਲ ਦੇ ਸ਼ੁਰੂਆਤੀ ਸਾਲਾਂ 'ਚ ਇਹ ਕਿਥੇ ਪਾਏ ਜਾਂਦੇ ਸਨ ਅਤੇ ਉਨ੍ਹਾਂ ਕੋਲ ਕਿੰਨੀ ਮਾਤਰਾ 'ਚ ਪਾਣੀ ਉਪਲਬਧ ਸੀ।

ਸੌਰ ਮੰਡਲ ਦੇ ਅੰਦਰੂਨੀ ਹਿੱਸੇ 'ਚ ਅੱਜ ਤੋਂ 4.56 ਅਰਬ ਸਾਲ ਪਹਿਲਾਂ ਏਂਗਰਾਈਟ ਉਲਕਾ ਪਿੰਡਾਂ ਦਾ ਨਿਰਮਾਣ ਹੋਇਆ ਸੀ। ਉਸ ਸਮੇਂ ਸੌਰ ਮੰਡਲ ਬਹੁਤ ਗਰਮ ਸੀ। ਇਸ ਕਾਰਨ ਛੋਟੇ ਗ੍ਰਹਿ ਪਿਘਲਣ ਲੱਗੇ ਸਨ। 4800 ਡਿਗਰੀ ਸੈਲਸੀਅਸ 'ਤੇ ਕਾਰਬਨ ਵੀ ਭਾਫ ਬਣ ਕੇ ਉਡ ਜਾਂਦਾ ਸੀ। ਅਜਿਹੇ ਵਿਚ ਪਾਣੀ ਦਾ ਨਿਰਮਾਣ ਮੁਮਕਿਨ ਨਹੀਂ ਸੀ। ਹਾਈਡ੍ਰੋਜ਼ਨ, ਜੋ ਪਾਣੀ ਦਾ ਮੁੱਖ ਘਟਕ ਹੈ, ਉਹ ਘੱਟ ਤਾਪਮਾਨ 'ਚ ਹੀ ਭਾਫ ਬਣ ਜਾਂਦਾ ਹੈ। ਇਸ ਤਰ੍ਹਾਂ ਪਾਣੀ ਦੇ ਧਰਤੀ 'ਤੇ ਆਉਣ ਦੇ ਸਮੇਂ ਦੀ ਗੱਲ ਸਾਫ ਨਹੀਂ ਹੋ ਪਾ ਰਹੀ ਸੀ। ਵਿਗਿਆਨੀਆਂ ਨੇ ਫਿਰ ਉਲਕਾ ਪਿੰਡਾਂ 'ਚ ਮੌਜੂਦ ਓਲੀਵਾਈਨ ਤੱਤਾਂ ਦਾ ਅਧਿਐਨ ਕੀਤਾ।

# ਬਰਤਾਨਵੀ ਸਿੱਖ ਮੁਟਿਆਰ ਨੂੰ ਸਾਢੇ ਤਿੰਨ ਸਾਲ ਜੇਲ੍ਹ

**ਲੰਡਨ:** ਇਸਲਾਮ ਧਰਮ ਕਬੂਲ ਕਰ ਕੇ ਇਸਲਾਮਿਕ ਸਟੇਟ ਵਿਚ ਸ਼ਾਮਲ ਹੋਣ ਲਈ ਸੀਰੀਆ ਜਾਣ ਦੀ ਤਾਂਘ ਰੱਖਣ ਵਾਲੀ ਬਰਤਾਨਵੀ ਸਿੱਖ ਮੁਟਿਆਰ ਸੰਦੀਪ ਸਮਰਾ (18) ਨੂੰ ਯੂ. ਕੇ. ਦੀ ਅਦਾਲਤ ਨੇ ਸਾਢੇ ਤਿੰਨ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਉਹ ਜੰਗ ਲੱਗੇ ਸੀਰੀਆ 'ਚ ਨਰਸ ਵਜੋਂ ਕੰਮ ਕਰਨਾ ਚਾਹੁੰਦੀ ਹੈ।



ਸੰਦੀਪ ਸਮਰਾ ਨੇ ਬਰਮਿੰਘਮ ਦੀ ਕਰਾਊਨ ਅਦਾਲਤ ਵਿਚ ਦਾਅਵਾ ਕੀਤਾ ਸੀ ਕਿ ਉਹ ਨਰਸ ਵਜੋਂ ਕੰਮ ਕਰ ਕੇ ਦਹਿਸ਼ਤੀ ਜਥੇਬੰਦੀ ਦੀ ਮਦਦ ਕਰਨਾ ਚਾਹੁੰਦੀ ਸੀ। ਉਸ ਨੂੰ ਪਿਛਲੇ ਸਾਲ ਉਦੋਂ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਹ ਨਵਾਂ ਪਾਸਪੋਰਟ ਹਾਸਲ ਕਰਨ ਦੇ ਯਤਨ ਵਿਚ ਸੀ। ਉਸ ਉਤੇ ਪਿਛਲੇ ਸਾਲ ਪਹਿਲੀ ਤੋਂ 31 ਜੁਲਾਈ ਦਰਮਿਆਨ ਜੰਗ ਦੇ ਝੰਬੇ ਸੀਰੀਆ ਜਾਣ ਦਾ ਯਤਨ ਕਰ ਕੇ ਦਹਿਸ਼ਤੀ ਸਰਗਰਮੀਆਂ ਨਾਲ ਜੁੜਨ ਦਾ ਦੋਸ਼ ਹੈ। ਸਮਰਾ ਨੇ ਹਾਲਾਂਕਿ ਕਿਸੇ ਵੀ ਹਿੰਸਕ ਕਾਰਵਾਈ 'ਚ ਸ਼ਮੂਲੀਅਤ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਕਿ ਅਤਿਵਾਦ ਵਿਰੋਧੀ ਟੀਮ ਵੱਲੋਂ ਉਸ ਦੇ ਪਰਿਵਾਰ ਨੂੰ ਉਹਦੇ ਇਸਲਾਮ ਧਰਮ ਧਾਰਨ ਕਰਨ ਬਾਰੇ ਦੱਸੇ ਜਾਣ ਮਗਰੋਂ ਉਹ ਯੂ. ਕੇ. ਛੱਡਣਾ ਚਾਹੁੰਦੀ ਸੀ।

ਅਦਾਲਤ ਵਿਚ ਪੇਸ਼ ਕੀਤੇ ਆਪਣੇ ਇਕ ਆਨਲਾਈਨ ਸੁਨੇਹੇ ਵਿਚ ਉਸ ਨੇ ਕਿਹਾ, "ਮੈਂ ਜਾਣਾ ਚਾਹੁੰਦੀ ਹਾਂ, ਇਨਸ਼ਾ ਅੱਲ੍ਹਾ ਜੇਕਰ ਇਹ ਮੁਮਕਿਨ ਹੋਇਆ- ਘੱਟੋ ਘੱਟ ਸਾਡੀਆਂ ਨਰਸਾਂ ਫੌਜੀਆਂ ਦੀ ਮਦਦ ਕਰ ਸਕਦੀਆਂ ਹਨ, ਮੈਂ ਸਚਮੁੱਚ ਜਾਣਾ ਚਾਹੁੰਦੀ ਹਾਂ।"

ਸਮਰਾ ਨੇ ਆਪਣੇ ਪਲੇਠੇ ਪਾਸਪੋਰਟ ਲਈ ਸਤੰਬਰ 2015 ਵਿਚ ਅਪਲਾਈ ਕੀਤਾ ਸੀ, ਪਰ ਅਧਿਆਪਕਾਂ ਵੱਲੋਂ ਜਤਾਈ ਫਿਕਰਮੰਦੀ ਮਗਰੋਂ ਉਸ ਦੇ ਪਿਤਾ ਨੇ ਇਹ ਪੁਲਿਸ ਨੂੰ ਫੜ੍ਹਾ ਦਿੱਤਾ। ਪਿਛਲੇ ਸਾਲ ਜੂਨ ਵਿਚ ਉਸ ਨੇ ਫਿਰ ਅਪਲਾਈ ਕੀਤਾ, ਪਰ ਇਸ ਤੋਂ ਪਹਿਲਾਂ ਜਦੋਂ ਉਸ ਨੂੰ ਗ੍ਰਿਫਤਾਰ ਕਰ ਕੇ ਉਸ ਦਾ ਫੋਨ ਕਬਜ਼ੇ 'ਚ ਲਿਆ ਤਾਂ ਉਸ ਦੇ ਸੀਰੀਆ ਜਾਣ ਦੀ ਯੋਜਨਾ ਦਾ ਪਤਾ ਲੱਗ ਗਿਆ। ਉਹਦੇ ਸੋਸ਼ਲ ਮੀਡੀਆ ਸੁਨੇਹਿਆਂ ਤੋਂ ਇਹੀ ਪਤਾ ਲੱਗਦਾ ਹੈ ਕਿ ਉਹ ਆਈ. ਐਸ. ਲਈ ਮਰਨ ਦਾ ਇਰਾਦਾ ਰੱਖਦੀ ਸੀ।

# ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਸਸਤਾ ਦੇਸ਼

**ਹਿਊਸਟਨ:** 112 ਮੁਲਕਾਂ ਦੇ ਹਾਲੀਆ ਸਰਵੇਖਣ ਮੁਤਾਬਕ ਦੱਖਣੀ ਅਫਰੀਕਾ ਬਾਅਦ ਰਹਿਣ ਜਾਂ ਸੇਵਾ ਮੁਕਤੀ ਲਈ ਭਾਰਤ ਸਭ ਤੋਂ ਸਸਤਾ ਮੁਲਕ ਹੈ। ਗੋਬੈਂਕਿੰਗਰੇਟਜ਼ ਵੱਲੋਂ ਕਰਾਏ ਸਰਵੇਖਣ 'ਚ ਚਾਰ ਅਹਿਮ ਸਮਰਥਾ ਮਾਪਦੰਡਾਂ- ਸਥਾਨਕ ਖਰੀਦ ਸ਼ਕਤੀ ਸੂਚਕ ਅੰਕ, ਕਿਰਾਇਆ (ਰੈਂਟ) ਸੂਚਕ ਅੰਕ, ਕਰਿਆਨਾ ਸੂਚਕ ਅੰਕ ਅਤੇ ਖਪਤਕਾਰ ਮੁੱਲ ਸੂਚਕ ਅੰਕ- ਦੇ ਆਧਾਰ 'ਤੇ ਮੁਲਕਾਂ ਨੂੰ ਰੈਂਕਿੰਗ ਦਿੱਤੀ ਗਈ ਹੈ।

ਇਸ ਰੈਂਕਿੰਗ ਵਿਚ ਦੱਖਣੀ ਅਫਰੀਕਾ ਸਭ ਤੋਂ ਸਸਤਾ ਮੁਲਕ ਹੈ। ਵਿਸ਼ਵ ਭਰ ਵਿਚੋਂ ਪਲੈਟੀਨਮ ਅਤੇ ਸੋਨੇ ਦੇ ਸਭ ਤੋਂ ਵੱਡੇ ਉਤਪਾਦਕ ਦੱਖਣੀ ਅਫਰੀਕਾ 'ਚ ਸਥਾਨਕ ਖਰੀਦ ਸ਼ਕਤੀ, ਜੋ ਨਿਊ ਯਾਰਕ ਵਾਸੀਆਂ ਨਾਲੋਂ ਵੀ ਵੱਧ ਹੈ, ਕਾਫੀ ਜ਼ਿਆਦਾ ਹੈ। ਗੁਆਂਢੀ ਮੁਲਕ ਨੇਪਾਲ ਬਾਅਦ 50 ਸਭ ਤੋਂ ਸਸਤੇ ਮੁਲਕਾਂ ਵਿਚੋਂ ਭਾਰਤ ਵਿਚ ਕਿਰਾਇਆ ਸੂਚਕ ਅੰਕ ਸਭ ਤੋਂ ਘੱਟ ਹੈ, ਜਿਸ ਕਾਰਨ ਭਾਰਤ ਵਿਚ ਰਹਿਣਾ ਹੋਰ ਮੁਲਕਾਂ ਮੁਕਾਬਲੇ ਕਾਫੀ ਸਸਤਾ ਹੋ ਸਕਦਾ ਹੈ। ਭਾਰਤ ਵਿਚ ਕੁਝ ਖਪਤਕਾਰ ਵਸਤਾਂ ਤੇ ਕਰਿਆਨਾ ਵਸਤਾਂ ਦਾ ਭਾਅ ਸਭ ਤੋਂ ਘੱਟ ਹੈ। ਕੋਲਕਾਤਾ ਵਿਚ ਰਹਿੰਦੇ ਇਕ ਵਿਅਕਤੀ ਵੱਲੋਂ ਤਕਰੀਬਨ 285 ਅਮਰੀਕੀ ਡਾਲਰ ਨਾਲ ਮਹੀਨਾ ਭਰ ਗੁਜ਼ਾਰਾ ਕੀਤਾ ਜਾ ਸਕਦਾ ਹੈ।

ਇਸ ਸਰਵੇਖਣ ਮੁਤਾਬਕ ਇਨ੍ਹਾਂ 50 ਸਭ ਤੋਂ ਸਸਤੇ ਮੁਲਕਾਂ ਵਿਚੋਂ ਭਾਰਤ ਵਿਚ ਵਸੋਂ ਸਭ ਤੋਂ ਜ਼ਿਆਦਾ ਹੈ। ਗੌਰਤਲਬ ਹੈ ਕਿ ਭਾਰਤ ਵਿਚ ਸਵਾ ਅਰਬ ਆਬਾਦੀ ਹੈ। ਭਾਰਤ ਦੀਆਂ ਪ੍ਰਮੁੱਖ ਸਨਅਤਾਂ ਵਿਚ ਟੈਕਸਟਾਈਲਜ਼, ਕੈਮੀਕਲਜ਼ ਅਤੇ ਫੂਡ ਪ੍ਰੋਸੈਸਿੰਗ ਸ਼ਾਮਲ ਹੈ।

ਇਸ ਸਰਵੇਖਣ ਮੁਤਾਬਕ ਭਾਰਤ ਵਿਚ ਸਥਾਨਕ ਖਰੀਦ ਸ਼ਕਤੀ 20.9 ਫੀਸਦੀ ਘੱਟ, ਕਿਰਾਇਆ (ਰੈਂਟ) 95.2 ਫੀਸਦੀ ਸਸਤਾ, ਕਰਿਆਨੇ ਦਾ ਸਾਮਾਨ 74.4 ਫੀਸਦੀ ਸਸਤਾ, ਸਥਾਨਕ ਵਸਤਾਂ ਤੇ ਸੇਵਾਵਾਂ 74.9 ਫੀਸਦੀ ਸਸਤੀਆਂ ਹਨ। ਕੋਲੰਬੀਆ (13ਵੀਂ ਰੈਂਕਿੰਗ), ਪਾਕਿਸਤਾਨ (14), ਨੇਪਾਲ (28) ਤੇ ਬੰਗਲਾਦੇਸ਼ (40) ਵਰਗੇ ਆਪਣੇ ਗੁਆਂਢੀ ਮੁਲਕਾਂ ਨਾਲੋਂ ਭਾਰਤ ਸਸਤਾ ਹੈ। ਇਸ ਸਰਵੇਖਣ ਅਨੁਸਾਰ ਬਰਮੂਡਾ (112ਵੀਂ ਰੈਂਕਿੰਗ), ਬਹਾਮਾਸ (111), ਹਾਂਗਕਾਂਗ (110), ਸਵਿਟਜ਼ਰਲੈਂਡ (109) ਅਤੇ ਘਾਨਾ (108) ਸਭ ਤੋਂ ਮਹਿੰਗੇ ਮੁਲਕ ਹਨ।

## ਨਿਊਜ਼ੀਲੈਂਡ ਸਰਕਾਰ ਭਾਰਤ ਨਾਲ ਵਪਾਰ ਲਈ ਗੰਭੀਰ: ਬਖਸ਼ੀ

**ਲੁਧਿਆਣਾ:** ਨਿਊਜ਼ੀਲੈਂਡ ਵਿਚ ਪਹਿਲੇ ਭਾਰਤੀ ਅਤੇ ਗੁਰਸਿੱਖ ਸੰਸਦ ਮੈਂਬਰ ਕੰਵਲਜੀਤ ਸਿੰਘ ਬਖਸ਼ੀ ਨੇ ਕਿਹਾ ਕਿ ਭਾਰਤ-ਨਿਊਜ਼ੀਲੈਂਡ ਵਿਚਾਲੇ ਵਪਾਰ ਦੀਆਂ ਸੰਭਾਵਨਾਵਾਂ ਵੇਖਦਿਆਂ 'ਫਰੀ ਟਰੇਡ ਐਗਰੀਮੈਂਟ' ਕਰਨ ਬਾਰੇ ਨਿਊਜ਼ੀਲੈਂਡ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

ਉਹ ਸਰਾਭਾ ਨਗਰ ਵਿਚ ਹੋਟਲ ਕਾਰੋਬਾਰੀ ਹਰਜਿੰਦਰ ਸਿੰਘ ਕੁਕਰੇਜਾ ਵੱਲੋਂ ਰੱਖੇ ਸਨਮਾਨ ਸਮਾਗਮ ਮੌਕੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਸ੍ਰੀ ਬਖਸ਼ੀ ਨਿਊਜ਼ੀਲੈਂਡ ਵੱਲੋਂ ਭਾਰਤ ਸਮੇਤ ਅੱਠ ਮੁਲਕਾਂ ਦੇ ਪਾਰਲੀਮਾਨੀ ਦੋਸਤਾਨਾ ਗਰੁੱਪਾਂ ਦੇ ਮੁਖੀ ਅਤੇ ਮੈਂਬਰ ਵੀ ਹਨ।



# ਫਿਲਮ 'ਪਦਮਾਵਤ' ਨੂੰ ਭਰਵਾਂ ਲੋਕ ਹੁੰਗਾਰਾ

**ਨਵੀਂ ਦਿੱਲੀ:** ਬਾਲੀਵੁੱਡ ਦੀ ਵਿਵਾਦਤ ਫਿਲਮ 'ਪਦਮਾਵਤ' ਭਾਰੀ ਤਣਾਅ ਹੇਠ ਜਦੋਂ ਰਿਲੀਜ਼ ਹੋਈ ਤਾਂ ਉਸ ਨੂੰ ਵਿਰੋਧ ਕਰਨ ਵਾਲਿਆਂ ਨਾਲੋਂ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ। ਹਿੰਸਾ ਦੀਆਂ ਧਮਕੀਆਂ ਤੋਂ ਬੇਪਰਵਾਹ ਦਰਸ਼ਕਾਂ ਨੇ ਫਿਲਮ ਵਿਚ ਅਜਿਹਾ ਕੋਈ ਦ੍ਰਿਸ਼ ਨਾ ਹੋਣ ਦਾ ਦਾਅਵਾ ਕੀਤਾ ਜਿਸ ਨਾਲ ਕਿਸੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਲੱਗਦੀ ਹੋਵੇ।

ਤਣਾਅ ਦਰਮਿਆਨ ਸਿਨਮਾ ਘਰਾਂ ਨੂੰ ਉਚੇਚੇ ਤੌਰ ਉਤੇ ਸੁਰੱਖਿਆ ਛਤਰੀ ਪ੍ਰਦਾਨ ਕੀਤੀ ਗਈ ਸੀ। ਡੇਢ ਸੌ ਕਰੋੜ ਰੁਪਏ ਦੀ ਫਿਲਮ ਮੁਲਕ ਦੀਆਂ 4 ਹਜ਼ਾਰ ਸਕਰੀਨਾਂ ਉਤੇ ਰਿਲੀਜ਼ ਹੋਈ। ਫਿਲਮ ਦੇ ਨਿਰਮਾਤਾ ਵਾਇਆਕੌਮ 18 ਨੇ ਦਾਅਵਾ ਕੀਤਾ ਕਿ ਮੁਲਕ ਵਿਚ ਪਹਿਲੇ ਦਿਨ ਹੀ 10 ਲੱਖ ਤੋਂ ਵੱਧ ਲੋਕਾਂ ਨੇ 'ਪਦਮਾਵਤ' ਨੂੰ ਦੇਖਿਆ। ਕੇਂਦਰ ਵੱਲੋਂ ਰਾਜਾਂ ਉਤੇ ਅਮਨ ਤੇ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਦੀ ਜ਼ਿੰਮੇਵਾਰੀ ਪਾਉਣ ਮਗਰੋਂ ਕੁਝ ਥਾਵਾਂ 'ਤੇ ਕਰਨੀ ਸੈਨਾ ਦੇ ਹਿੰਸਕ ਪ੍ਰਦਰਸ਼ਨ ਦੀਆਂ ਰਿਪੋਰਟਾਂ ਮਿਲੀਆਂ ਹਨ। ਗੁਰੂਗ੍ਰਾਮ 'ਚ ਕਰਨੀ ਸੈਨਾ ਦੇ 18 ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਹਿੰਸਾ ਅਤੇ ਸੰਪਤੀ ਦੇ ਨੁਕਸਾਨ ਦੇ ਡਰ ਕਾਰਨ ਸੋਨੀਪਤ ਅਤੇ ਪੰਚਕੂਲਾ ਵਿਚ ਥੀਏਟਰ ਮਾਲਕਾਂ ਨੇ 'ਪਦਮਾਵਤ' ਦਿਖਾਉਣ ਤੋਂ ਇਨਕਾਰ ਕਰ ਦਿੱਤਾ। ਗੁਆਂਢੀ ਸੂਬੇ ਪੰਜਾਬ 'ਚ ਮਾਹੌਲ ਸ਼ਾਂਤ ਰਿਹਾ। ਉਤਰ ਪ੍ਰਦੇਸ਼ ਦੇ ਵਾਰਾਨਸੀ 'ਚ ਮਾਲ ਦੇ ਬਾਹਰ ਇਕ ਵਿਅਕਤੀ ਨੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨੂੰ ਰੋਕ ਦਿੱਤਾ ਗਿਆ। ਉਥੇ ਹੰਗਾਮਾ ਕਰਨ ਲਈ ਦੋ ਔਰਤਾਂ ਸਮੇਤ ਛੇ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਰਾਜਸਥਾਨ ਅਤੇ ਮੱਧ ਪ੍ਰਦੇਸ਼ 'ਚ ਕੁਝ ਥਾਵਾਂ ਉਤੇ ਭਾਰੀ ਹਿੰਸਾ ਹੋਈ। ਉਂਜ ਉਥੇ ਫਿਲਮ ਨੂੰ ਰਿਲੀਜ਼ ਨਹੀਂ ਕੀਤਾ ਗਿਆ ਹੈ। ਕਰਨੀ ਸੈਨਾ ਦੇ ਪ੍ਰਧਾਨ ਮਹੀਪਾਲ ਮਕਰਾਨਾ ਨੇ ਜੈਪੁਰ 'ਚ ਕਿਹਾ ਕਿ ਫਿਲਮ ਖਿਲਾਫ਼ ਪ੍ਰਦਰਸ਼ਨ ਜਾਰੀ ਰਹਿਣਗੇ।

ਇਸ ਮੌਕੇ ਸ਼ਹਿਰ 'ਚ ਰੈਲੀ ਵੀ ਕੱਢੀ ਗਈ। ਕਈ ਸੜਕਾਂ ਨੂੰ ਜਾਮ ਕੀਤਾ ਗਿਆ ਅਤੇ ਦੁਕਾਨਾਂ 'ਚ ਭੰਨ-ਤੋੜ ਕੀਤੀ ਗਈ। ਉਦੈਪੁਰ 'ਚ ਕਰੀਬ 24 ਦੁਕਾਨਾਂ ਉਤੇ ਪਥਰਾਅ ਕੀਤਾ ਗਿਆ। ਮੱਧ ਪ੍ਰਦੇਸ਼ ਦੇ ਇੰਦੌਰ, ਉਜੈਨ ਅਤੇ ਗਵਾਲੀਅਰ 'ਚ ਕਾਰੋਬਾਰੀ ਅਦਾਰੇ ਬੰਦ ਰਹੇ ਪਰ ਵਿਦਿਅਕ ਸੰਸਥਾਨ ਖੁੱਲ੍ਹੇ ਰਹੇ। ਉਧਰ, ਕਰਨੀ ਸੈਨਾ ਵੱਲੋਂ ਗੁਜਰਾਤ 'ਚ ਬੰਦ ਦੇ ਦਿੱਤੇ ਗਏ ਸੱਦੇ ਨੂੰ ਬਹੁਤ ਘੱਟ ਹੁੰਗਾਰਾ ਮਿਲਿਆ। ਗੁਜਰਾਤ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਇਹਤਿਆਤ ਵਜੋਂ ਅਹਿਮਦਾਬਾਦ ਤੋਂ ਮਹਿਸਾਨਾ ਅਤੇ ਬਨਾਸਕਾਂਠਾ 'ਚ ਬੱਸ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਸਨ। ਉਂਜ ਸੂਬੇ ਦੇ ਜ਼ਿਆਦਾਤਰ ਹਿੱਸਿਆਂ ਵਿਚ ਵਿਦਿਅਕ ਅਦਾਰੇ, ਦਫਤਰ ਅਤੇ ਬਾਜ਼ਾਰ ਖੁੱਲ੍ਹੇ ਰਹੇ।

ਕਾਂਗਰਸ ਆਗੂ ਦਿਗਵਿਜੈ ਸਿੰਘ ਨੇ ਕਿਹਾ ਕਿ ਅਜਿਹੀਆਂ ਫਿਲਮਾਂ ਨਹੀਂ ਬਣਾਈਆਂ ਜਾਣੀਆਂ ਚਾਹੀਦੀਆਂ ਜਿਹੜੀਆਂ ਇਤਿਹਾਸਕ ਤੱਥਾਂ ਉਤੇ ਆਧਾਰਤ ਨਾ ਹੋਣ। ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬੱਚਿਆਂ 'ਤੇ ਪਥਰਾਅ ਕਰਨ ਵਾਲਿਆਂ ਦੀ ਨਿਖੇਧੀ ਕਰਦਿਆਂ ਸਰਕਾਰ ਦੇ ਖਾਮੋਸ਼ ਰਹਿਣ ਉਤੇ ਸਵਾਲ ਉਠਾਏ।

## ਪਾਕਿ ਸੈਂਸਰ ਬੋਰਡ ਵੱਲੋਂ ਫਿਲਮ ਨੂੰ ਬਿਨਾਂ ਕੱਟ ਝੰਡੀ

**ਇਸਲਾਮਾਬਾਦ:** ਪਾਕਿਸਤਾਨ ਦੇ ਸੈਂਸਰ ਬੋਰਡ ਨੇ 'ਪਦਮਾਵਤ' ਨੂੰ ਬਿਨਾਂ ਕੱਟ ਪੂਰੇ ਮੁਲਕ ਵਿਚ ਵਿਖਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਸਲਾਮਾਬਾਦ ਅਧਾਰਤ ਫਿਲਮ ਸੈਂਸਰਜ਼ ਦੇ ਕੇਂਦਰੀ ਬੋਰਡ (ਸੀ.ਬੀ.ਐਫ.ਸੀ.) ਦੇ ਚੇਅਰਮੈਨ ਮੁਬਾਸ਼ਿਰ ਹਸਨ ਨੇ ਇਸ ਬਾਬਤ ਐਲਾਨ ਕੀਤਾ ਹੈ। ਸੰਜੈ ਲੀਲਾ ਭੰਸਾਲੀ ਦੀ ਇਸ ਪੀਰੀਅਡ ਡਰਾਮਾ ਫਿਲਮ ਵਿਚ ਦਿੱਲੀ ਸਲਤਨਤ ਦੇ ਮੁਸਲਿਮ ਸ਼ਾਸਕ ਅਲਾਊਦੀਨ ਖਿਲਜੀ ਨੂੰ ਨਕਾਰਾਤਮਕ ਕਿਰਦਾਰ 'ਚ ਵਿਖਾਏ ਜਾਣ ਕਰ ਕੇ ਅਜਿਹਾ ਖਦਸ਼ਾ ਸੀ ਕਿ ਫਿਲਮ ਦੇ ਕੁਝ ਦ੍ਰਿਸ਼ਾਂ ਉਤੇ ਕੈਂਚੀ ਫਿਰ ਸਕਦੀ ਹੈ, ਪਰ ਸੈਂਸਰ ਬੋਰਡ ਦੀ ਝੰਡੀ ਨੇ ਇਨ੍ਹਾਂ ਖਦਸ਼ਿਆਂ ਨੂੰ ਦੂਰ ਕਰ ਦਿੱਤਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 3 ਫਰਵਰੀ 2018*

## ਕਿਹੜੇ ਪਾਸੇ ਤੁਰਿਆ ਪੰਜਾਬ?

ਐਤਕੀਂ 26 ਜਨਵਰੀ ਵਾਲਾ ਦਿਨ ਘੱਟੋ-ਘੱਟ ਪੰਜਾਬ ਲਈ ਐਨ ਵੱਖਰਾ ਸੀ। ਮੁਲਕ ਦੇ ਹਾਕਮ ਜਦੋਂ ਗਣਤੰਤਰ ਦਿਵਸ ਮਨਾਉਣ ਵਿਚ ਮਸਰੂਫ ਸਨ ਤਾਂ ਪੰਜਾਬ-ਰਾਜਸਥਾਨ ਹੱਦ ਉਤੇ ਹੋਏ ਪੁਲਿਸ ਮੁਕਾਬਲੇ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਇਸ ਮੁਕਾਬਲੇ ਵਿਚ ਚਰਚਿਤ ਗੈਂਗਸਟਰ ਵਿੱਕੀ ਗੌਂਡਰ ਉਰਫ ਹਰਜਿੰਦਰ ਸਿੰਘ ਭੁੱਲਰ ਅਤੇ ਉਸ ਦੇ ਦੋ ਹੋਰ ਸਾਥੀ ਮਾਰੇ ਗਏ। ਪੰਜਾਬ ਪੁਲਿਸ ਨੇ ਇਸ ਨੂੰ ਆਪਣੀ ਖਾਸ ਪ੍ਰਾਪਤੀ ਵਜੋਂ ਪ੍ਰਚਾਰਿਆ। ਹੋਰ ਤਾਂ ਹੋਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਿਸ ਨੂੰ ਇਸ ਕਾਰਵਾਈ ਲਈ ਸ਼ਾਬਾਸ਼ ਵੀ ਦੇ ਦਿੱਤੀ; ਇਥੇ ਹੀ ਬੱਸ ਨਹੀਂ ਹੋਈ, ਮੁਲਕ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਿੱਲੀ ਤੋਂ ਚੱਲ ਕੇ ਚੰਡੀਗੜ੍ਹ ਪੁੱਜੇ ਅਤੇ ਇਸ 'ਸਫਲ' ਮੁਕਾਬਲੇ ਲਈ ਕੈਪਟਨ ਦੀ ਪਿੱਠ ਥਾਪੜੀ, ਹਾਲਾਂਕਿ ਲੋਕ ਇਸ ਮੁਕਾਬਲੇ ਉਤੇ ਹੀ ਸਵਾਲ ਕਰ ਰਹੇ ਹਨ। ਇਸ ਤੋਂ ਸਾਫ ਜ਼ਾਹਰ ਹੋ ਗਿਆ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਨੌਜਵਾਨਾਂ ਅਤੇ ਸਮਾਜ ਪ੍ਰਤੀ ਕਿਸ ਤਰ੍ਹਾਂ ਦੀ ਪਹੁੰਚ ਹੈ। ਪਿਛਲੇ ਕੁਝ ਸਮੇਂ ਤੋਂ ਵਿੱਕੀ ਗੌਂਡਰ ਅਤੇ ਹੋਰ ਨਾਮੀ ਗੈਂਗਸਟਰਾਂ ਬਾਰੇ ਜੋ ਕੁਝ ਮੀਡੀਆ ਵਿਚ ਨਸ਼ਰ ਹੋ ਰਿਹਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਇਹ ਨੌਜਵਾਨ ਕਿਨ੍ਹਾਂ ਹਾਲਾਤ ਵਿਚੋਂ ਲੰਘ ਕੇ ਅਪਰਾਧ ਦੇ ਰਾਹ ਉਤੇ ਪਏ ਹਨ। ਮੀਡੀਆ ਦੇ ਇਕ ਹਿੱਸੇ ਨੇ ਭਾਵੇਂ ਇਨ੍ਹਾਂ ਗੈਂਗਸਟਰਾਂ ਨੂੰ ਕੁਝ ਜ਼ਿਆਦਾ ਅਤੇ ਬੇਵਜ੍ਹਾ ਹੀ ਵਡਿਆਇਆ ਹੈ, ਪਰ ਸੱਚ ਇਹੀ ਹੈ ਕਿ ਇਹ ਨੌਜਵਾਨ ਚੰਗੇ ਪਾਸੇ ਲੱਗ ਕੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣ ਸਕਦੇ ਸਨ, ਪਰ ਮੁਲਕ ਦੇ ਸਮਾਜਕ, ਖਾਸ ਕਰ ਕੇ ਸਿਆਸੀ ਢਾਂਚੇ ਨੇ ਇਨ੍ਹਾਂ ਨੂੰ ਫੇਲ੍ਹ ਕਰ ਦਿੱਤਾ। ਸਿਤਮਜ਼ਰੀਫੀ ਇਹ ਹੈ ਕਿ ਇਕ ਪੂਰੀ ਪੀੜ੍ਹੀ ਦੇ ਇਕ ਹਿੱਸੇ ਵੱਲੋਂ ਇਉਂ ਮਾੜੇ ਪਾਸੇ ਜਾ ਲੱਗਣ ਬਾਰੇ ਗੰਭੀਰਤਾ ਨਾਲ ਸੋਚਣ ਦੀ ਥਾਂ ਸਿਆਸੀ ਲੀਡਰ ਸਸਤੀ ਮਸ਼ਹੂਰੀ ਦੇ ਰਾਹ ਪੈ ਗਏ ਹਨ। ਜ਼ਾਹਰ ਹੈ ਕਿ ਸਾਡੇ ਆਗੂ ਅਜੇ ਵੀ ਹਾਲਾਤ ਤੋਂ ਸਬਕ ਸਿੱਖਣ ਲਈ ਗੰਭੀਰ ਨਹੀਂ ਜਾਪਦੇ।

ਇਸ ਪ੍ਰਸੰਗ ਵਿਚ ਹੁਣ ਜੋ ਅਧਿਐਨ ਸਾਹਮਣੇ ਆਇਆ ਹੈ, ਉਸ ਤੋਂ ਇਹੀ ਕਨਸੋਅ ਮਿਲਦੀ ਹੈ ਕਿ ਅਜਿਹੇ ਗੈਂਗਸਟਰ ਜਾਂ ਗਰੋਹ ਕਿਸੇ ਸਰਪ੍ਰਸਤੀ ਤੋਂ ਬਗੈਰ ਉਠਣੇ ਸੰਭਵ ਨਹੀਂ ਹਨ। ਇਨ੍ਹਾਂ ਗੈਂਗਸਟਰਾਂ ਦੀ ਸਿੱਧੀ ਸਿਆਸੀ ਸਰਪ੍ਰਸਤੀ ਬਾਰੇ ਫਿਲਹਾਲ ਕੋਈ ਸੂਹ ਸਾਹਮਣੇ ਨਹੀਂ ਆਈ ਹੈ, ਪਰ ਇਹ ਗੱਲ ਪੱਕੀ ਹੈ ਕਿ ਸਾਡੇ ਸਿਸਟਮ ਨੇ ਹੀ ਨੌਜਵਾਨਾਂ ਨੂੰ ਇਸ ਰਾਹ ਵੱਲ ਧੱਕਿਆ ਹੈ। ਉਂਜ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਦਸ ਸਾਲ ਦੇ ਸਮੇਂ ਦੌਰਾਨ ਜਿਸ ਤਰ੍ਹਾਂ ਦੀ ਖੁੱਲ੍ਹ ਬੁਰਛਾਗਰਦੀ ਨੂੰ ਦਿੱਤੀ ਗਈ, ਉਸ ਨਾਲ ਅਜਿਹੇ ਗਰੋਹਾਂ ਦਾ ਪਨਪਣਾ ਕੋਈ ਵੱਡੀ ਗੱਲ ਨਹੀਂ। ਸੂਬੇ ਵਿਚ ਕਾਨੂੰਨੀ, ਗੈਰ-ਕਾਨੂੰਨੀ ਹਥਿਆਰਾਂ ਦੀ ਕੋਈ ਤੋਟ ਨਹੀਂ। ਬੇਰੁਜ਼ਗਾਰਾਂ, ਖਾਸ ਕਰ ਕੇ ਪੇਂਡੂ ਖੇਤਰਾਂ ਵਿਚ, ਦੀ ਫੌਜ ਮਾਰੀ ਮਾਰੀ ਘੁੰਮ ਰਹੀ ਹੈ। ਇਸੇ ਕਰ ਕੇ ਹੀ ਤਾਂ ਪਰਵਾਸ ਦਾ ਅਮੁੱਕ ਵਰਤਾਰਾ ਹੁਣ ਵਿਕਰਾਲ ਰੂਪ ਅਖਤਿਆਰ ਕਰ ਚੁਕਾ ਹੈ। ਪਹਿਲਾਂ ਵੀ ਇਕ ਵਾਰ ਨਹੀਂ, ਅਨੇਕ ਵਾਰ ਅਜਿਹਾ ਵਾਪਰ ਚੁਕਾ ਹੈ, ਜਦੋਂ ਨੌਜਵਾਨ ਪੀੜ੍ਹੀ ਸਿਸਟਮ ਤੋਂ ਬਾਗੀ ਹੋ ਕੇ ਆਪਣਾ ਰਾਹ ਤਲਾਸ਼ਣ ਦਾ ਯਤਨ ਕਰਦੀ ਰਹੀ ਹੈ। ਇਕ ਹੋਰ ਅਧਿਐਨ ਦਰਸਾਉਂਦਾ ਹੈ ਕਿ ਮੁਲਕ ਦੇ ਜਮਹੂਰੀ ਪ੍ਰਬੰਧ ਅੰਦਰ ਨੌਜਵਾਨਾਂ ਦਾ ਹਿੱਸਾ ਬਹੁਤ ਨਿਗੂਣਾ ਹੈ। 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਅਖਵਾਉਣ ਵਾਲੇ ਮੁਲਕ ਦੇ ਨੌਜਵਾਨਾਂ ਦੇ ਇਸ ਪ੍ਰਬੰਧ ਵਿਚ ਨਿਗੂਣੇ ਹਿੱਸੇ ਕਾਰਨ ਹੀ ਅਜਿਹੀਆਂ ਅਲਾਮਤਾਂ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਲਗਾਤਾਰ ਸਿਰ ਚੁੱਕਦੀਆਂ ਰਹੀਆਂ ਹਨ। ਸਰਕਾਰਾਂ ਇਨ੍ਹਾਂ ਅਲਾਮਤਾਂ ਬਾਰੇ ਪੁਣ-ਛਾਣ ਕਰਨ ਜਾਂ ਇਨ੍ਹਾਂ ਦਾ ਹੱਲ ਕੱਢਣ ਦੀ ਥਾਂ ਇਨ੍ਹਾਂ ਨੂੰ ਕਾਨੂੰਨ-ਵਿਵਸਥਾ ਨਾਲ ਜੋੜ ਦਿੰਦੀਆਂ ਹਨ। ਇਸ ਦਾ ਸਿੱਧਾ ਸਿੱਟਾ ਕਤਲੋਗਾਰਤ ਵਿਚ ਹੀ ਨਿਕਲਦਾ ਹੈ ਅਤੇ ਫਿਰ ਕੈਪਟਨ ਅਮਰਿੰਦਰ ਸਿੰਘ ਤੇ ਰਾਜਨਾਥ ਸਿੰਘ ਵਰਗੇ ਲੀਡਰ ਨੌਜਵਾਨਾਂ ਦੀ ਮੌਤ ਨੂੰ ਆਪਣੀ ਛਾਤੀ ਉਤੇ ਤਮਗਿਆਂ ਵਾਂਗ ਸਜਾ ਲੈਂਦੇ ਹਨ। ਅਸਲ ਵਿਚ ਇਹ ਉਹੀ ਘਾਤਕ ਹਿੰਸਾ ਹੈ, ਜੋ ਓਪਰੀ ਨਜ਼ਰੇ ਕਿਸੇ ਨੂੰ ਨਜ਼ਰ ਨਹੀਂ ਆਉਂਦੀ, ਪਰ ਇਸ ਦੀ ਮਾਰ ਬਹੁਤ ਡੂੰਘੀ ਪੈਂਦੀ ਹੈ ਅਤੇ ਇਸ ਦਾ ਅਸਰ ਵੀ ਦੇਰ ਤੱਕ ਰਹਿੰਦਾ ਹੈ।

ਦੁਨੀਆਂ ਭਰ ਦਾ ਇਤਿਹਾਸ ਦੱਸਦਾ ਹੈ ਕਿ ਅਜਿਹੇ ਮਸਲੇ ਗੋਲੀ ਨਾਲ ਕਦੀ ਵੀ ਹੱਲ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਮਾਮਲਿਆਂ ਵਿਚ ਸਿਆਸੀ-ਸਮਾਜਕ ਅਤੇ ਹੋਰ ਪਹਿਲੂਆਂ ਤੋਂ ਵਿਚਾਰ ਕਰਨੀ ਜ਼ਰੂਰੀ ਹੁੰਦੀ ਹੈ, ਪਰ ਸਾਡਾ ਇਤਿਹਾਸ ਦੱਸਦਾ ਹੈ ਕਿ ਜਦੋਂ ਕਦੇ ਵੀ ਸੂਬੇ ਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ ਹੈ, ਇਸ ਦੀ ਪ੍ਰਤੀਕ੍ਰਿਆ ਐਨ ਉਸੇ ਤਰ੍ਹਾਂ ਦੀ ਰਹੀ ਹੈ ਜਿਸ ਤਰ੍ਹਾਂ ਦੀ ਪ੍ਰਤੀਕ੍ਰਿਆ ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦਿੱਤੀ ਹੈ। ਇਸ ਮਾਮਲੇ 'ਤੇ, ਸਭ ਖਾਮੀਆਂ ਅਤੇ ਕਮਜ਼ੋਰੀਆਂ ਦੇ ਬਾਵਜੂਦ ਦਿੱਲੀ ਦੀ 'ਆਪ' ਸਰਕਾਰ ਤੋਂ ਕੁਝ ਸਬਕ ਸਿੱਖੇ ਜਾ ਸਕਦੇ ਹਨ। ਇਸ ਸਰਕਾਰ ਨੇ ਆਪਣੀਆਂ ਸੀਮਾਵਾਂ ਦੇ ਬਾਵਜੂਦ, ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿਚ ਉਹ ਕੁਝ ਕਰ ਦਿਖਾਇਆ ਹੈ ਜੋ ਮੁਲਕ ਦੇ ਹੋਰ ਕਿਸੇ ਸੂਬੇ ਜਾਂ ਕਿਸੇ ਆਗੂ ਨੇ ਅਜੇ ਤੱਕ ਸੋਚਿਆ ਤੱਕ ਨਹੀਂ ਹੈ। ਇਨ੍ਹਾਂ ਦੋਹਾਂ ਹੀ ਖੇਤਰਾਂ (ਸਿੱਖਿਆ ਤੇ ਸਿਹਤ) ਦੇ ਮਾਮਲੇ ਵਿਚ ਪੰਜਾਬ ਦੇ ਹਾਲਾਤ ਚੰਗੇ ਨਹੀਂ ਹਨ। ਦਰਅਸਲ, ਰਵਾਇਤੀ ਪਾਰਟੀਆਂ ਜਿਨ੍ਹਾਂ ਦਾ ਮੁੱਖ ਮਕਸਦ ਹੁਣ ਸਿਰਫ ਸੱਤਾ ਹਾਸਲ ਕਰਨਾ ਹੀ ਰਹਿ ਗਿਆ ਹੈ, ਨੇ ਇਨ੍ਹਾਂ ਅਹਿਮ ਮੁੱਦਿਆਂ ਦੀ ਅਜੇ ਤੱਕ ਪਹਿਲੀ ਪੂਣੀ ਵੀ ਨਹੀਂ ਕੱਤੀ ਹੈ। ਇਸ ਮਾਮਲੇ ਵਿਚ ਆਵਾਮ ਅਤੇ ਬੁੱਧੀਜੀਵੀ ਰਲ ਕੇ ਸਰਕਾਰਾਂ ਨੂੰ ਇਸ ਪਾਸੇ ਸੋਚਣ ਲਈ ਮਜਬੂਰ ਕਰ ਸਕਦੇ ਹਨ। ਬਾਗੀਆਨਾ ਸੁਰ ਪੰਜਾਬੀਆਂ ਦੇ ਸੁਭਾਅ ਅੰਦਰ ਵੱਸੀ ਹੋਈ ਹੈ, ਇਸ ਨੂੰ ਤਰਤੀਬ ਦੇਣ ਦੀ ਲੋੜ ਹੈ। ਨਹੀਂ ਤਾਂ ਪਹਿਲਾਂ ਵਾਂਗ ਇਹ ਆਗੂ ਅਜਿਹੇ ਮਸਲਿਆਂ ਨੂੰ ਕਾਨੂੰਨ-ਵਿਵਸਥਾ ਵਾਲੇ ਖਾਨੇ ਵਿਚ ਪਾ ਕੇ ਆਪੋ-ਆਪਣੀ ਸਿਆਸਤ ਚਲਾਉਂਦੇ ਰਹਿਣਗੇ ਅਤੇ ਨੌਜਵਾਨ ਪੀੜ੍ਹੀ ਆਪਣੀ ਜਾਨ ਨਾਲ ਇਸ ਦੀ ਕੀਮਤ ਤਾਰਦੀ ਰਹੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਅੰਗ ਨਹੀਂ!*

ਆਇਆ ਵੱਸਦਾ ਗੁਰਾਂ ਦੇ ਨਾਂ ਕਹਿੰਦੇ, ਸਾਰੇ ਦੇਸ਼ 'ਚੋਂ ਸੂਬਾ ਖੁਸ਼ਹਾਲ ਯਾਰੋ।
ਕੀ ਸਰਕਾਰ ਸਮਾਜ ਤੇ ਸਿਆਸਤੀ ਨੇ, ਸਭ ਦੀ ਉਖੜੀ ਜਾਪਦੀ ਚਾਲ ਯਾਰੋ।
ਖਿੱਚ-ਧੂਹ ਖੁਦਗਰਜ਼ੀ ਦਾ ਬੋਲ ਬਾਲਾ, ਰਿਹਾ ਫਰਜ਼ਾਂ ਨੂੰ ਵਿਰਲਾ ਕੋਈ ਪਾਲ ਯਾਰੋ।
ਸਹਿਣਸ਼ੀਲਤਾ ਸਬਰ ਦਾ ਭੋਗ ਪਾ ਕੇ, ਮਰਨ-ਮਾਰਨ ਦੇ ਸੋਚਦੇ ਖਿਆਲ ਯਾਰੋ।
ਉਡਿਆ ਅਮਨ ਕਾਨੂੰਨ ਹੈ ਖੰਭ ਲਾ ਕੇ, ਆਵੇ ਚਿਹਰੇ 'ਤੇ ਖੁਸ਼ੀ ਦਾ ਰੰਗ ਕਿੱਦਾਂ?
ਖਬਰਾਂ ਆਉਂਦੀਆਂ ਰੋਜ ਮਨਹੂਸ ਜਿਹੀਆਂ, ਫੁਰਨ ਕਵੀ ਨੂੰ ਕਾਵਿ-ਵਿਅੰਗ ਕਿੱਦਾਂ?

# ਗੁਰਦੁਆਰਿਆਂ 'ਚ ਕੂਟਨੀਤਕਾਂ ਉਤੇ ਪਾਬੰਦੀ ਦਾ ਸੱਚ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਕੁਝ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਭਾਰਤ ਦੇ ਸਰਕਾਰੀ ਨੁਮਾਇੰਦਿਆਂ ਦੇ ਬੋਲਣ 'ਤੇ ਲਾਈ ਪਾਬੰਦੀ ਬਾਰੇ ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਦਾ ਲੇਖ ਛਪਿਆ ਸੀ। ਇਸ ਵਾਰ ਅਸੀਂ ਭਾਈ ਅਸ਼ੋਕ ਸਿੰਘ ਬਾਗੜੀਆਂ ਦਾ ਇਸੇ ਮਸਲੇ ਉਤੇ ਲਿਖਿਆ ਲੇਖ ਛਾਪ ਰਹੇ ਹਾਂ। ਉਨ੍ਹਾਂ ਗੁਰਦੁਆਰਾ ਕਮੇਟੀਆਂ ਦੇ ਇਸ ਕਦਮ ਨੂੰ ਸਹੀ ਗਰਦਾਨਦਿਆਂ ਇਸ ਮਸਲੇ ਬਾਰੇ ਮੀਡੀਆ ਦੇ ਇਕ ਹਿੱਸੇ ਅੰਦਰ ਪਾਏ ਜਾ ਰਹੇ ਭੰਬਲਭੂਸੇ ਬਾਰੇ ਵਿਚਾਰਾਂ ਕੀਤੀਆਂ ਹਨ। ਨਾਲ ਹੀ ਸਿੱਖਾਂ ਦੇ ਅਹਿਮ ਯੋਗਦਾਨ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ। -ਸੰਪਾਦਕ***

ਬ੍ਰਿਟੇਨ, ਅਮਰੀਕਾ ਅਤੇ ਕੈਨੇਡਾ ਦੀਆਂ ਕਈ ਗੁਰਦੁਆਰਾ ਕਮੇਟੀਆਂ ਵੱਲੋਂ ਮਿਲ ਕੇ ਭਾਰਤੀ ਅਧਿਕਾਰੀਆਂ, ਖ਼ਾਸ ਕਰ ਕੇ ਸਫਾਰਤੀ ਅਧਿਕਾਰੀਆਂ ਦੇ ਗੁਰਦੁਆਰਿਆਂ ਵਿਚ ਆਉਣ 'ਤੇ ਪਾਬੰਦੀ ਲਗਾ ਦੇਣ ਵਾਲੀ ਖ਼ਬਰ ਅੱਜ ਕੱਲ੍ਹ ਮੀਡੀਆ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਮੀਡੀਆ ਵੱਲੋਂ



**ਭਾਈ ਅਸ਼ੋਕ ਸਿੰਘ ਬਾਗੜੀਆਂ**
**ਫੋਨ: 91-98140-95308**

ਕਈ ਤਰ੍ਹਾਂ ਦੇ ਭੁਲੇਖੇ ਪਾ ਕੇ ਖਬਰ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੀਡੀਆ ਵੱਲੋਂ ਜੋ ਖ਼ਬਰ ਦਿੱਤੀ ਜਾ ਰਹੀ ਹੈ ਅਤੇ ਜੋ ਅਸਲ ਵਿਚ ਗੁਰਦੁਆਰਾ ਕਮੇਟੀਆਂ ਨੇ ਮਿਲ ਕੇ ਫ਼ੈਸਲਾ ਕੀਤਾ ਹੈ, ਉਨ੍ਹਾਂ ਦੋਵਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਆਖਿਰ ਕੀ ਕਾਰਨ ਹੈ ਕਿ ਗੁਰਦੁਆਰਾ ਕਮੇਟੀਆਂ ਨੂੰ ਇਸ ਤਰ੍ਹਾਂ ਦਾ ਕਦਮ ਚੁੱਕਣ ਦੀ ਲੋੜ ਮਹਿਸੂਸ ਹੋਈ? ਇਸ ਗੱਲ ਨੂੰ ਬੜੀ ਸੰਜੀਦਗੀ ਅਤੇ ਗਹਿਰਾਈ ਨਾਲ ਘੋਖਣਾ ਜ਼ਰੂਰੀ ਹੈ। ਜੇਕਰ ਸਰਸਰੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹ ਪਾਬੰਦੀ ਭਾਰਤੀ ਅਹਿਲਕਾਰਾਂ ਉਤੇ ਹੈ, ਪਰ ਜੇ ਇਸ ਨੂੰ ਗਹਿਰਾਈ ਨਾਲ ਸਮਝਿਆ ਜਾਵੇ ਤਾਂ ਅਸਲ ਵਿਚ ਇਹ ਪਾਬੰਦੀ ਭਾਰਤ ਸਰਕਾਰ ਪ੍ਰਤੀ ਵਿਰੋਧ ਪ੍ਰਦਰਸ਼ਨ ਕਰਨ ਲਈ ਲਗਾਈ ਜਾਪਦੀ ਹੈ।

ਸਿੱਖਾਂ ਦੀ ਚਾਪਲੂਸੀ ਜਾਂ ਵਾਹ-ਵਾਹ ਕਰਨ ਵਾਸਤੇ ਸਰਕਾਰਾਂ ਅਤੇ ਪ੍ਰੈਸ ਨੇ ਕਦੇ ਵੀ ਕੋਈ ਕਸਰ ਨਹੀਂ ਛੱਡੀ, ਕਿਉਂਕਿ ਉਹ ਜਾਣਦੀ ਹੈ ਕਿ ਭਾਰਤ ਦੀ ਜੰਗੇ-ਏ-ਆਜ਼ਾਦੀ ਵਿਚ ਸਿੱਖਾਂ ਦੀ ਭੂਮਿਕਾ ਦੀ ਭਾਰਤ ਦੇ ਇਤਿਹਾਸ ਵਿਚ ਕੋਈ ਮਿਸਾਲ ਨਹੀਂ। ਨਿੱਕੀ ਜਿਹੀ ਕੌਮ ਹੁੰਦੇ ਹੋਏ ਵੀ 90 ਫ਼ੀਸਦੀ ਕੁਰਬਾਨੀਆਂ ਦੇ ਕੇ ਭਾਰਤ ਨੂੰ ਆਜ਼ਾਦ ਕਰਾਉਣ ਵਿਚ ਆਪਣਾ ਵਿੱਤੋਂ ਵਧ ਯੋਗਦਾਨ ਪਾਇਆ ਅਤੇ ਇਸ ਦੇਸ਼ ਪ੍ਰਤੀ ਆਪਣੇ ਪਿਆਰ ਅਤੇ ਸਤਿਕਾਰ ਦੀ ਚਰਮ ਸੀਮਾ ਨੂੰ ਛੂਹ ਕੇ ਭਾਰਤ ਦੀ ਇਸ ਘੱਟ-ਗਿਣਤੀ ਨੂੰ ਦੇਸ਼ ਦੇ ਲੀਡਰਾਂ ਨੇ ਸਿਰਮੌਰ ਕੌਮ ਕਬੂਲਿਆ। ਆਖਿਰ ਭਾਰਤ ਵਿਚੋਂ ਅੰਗਰੇਜ਼ਾਂ ਨੇ ਜਾਣ ਦਾ ਫ਼ੈਸਲਾ ਕਰ ਲਿਆ, ਪਰ ਇਸ ਦੀ ਕੀਮਤ ਸਿੱਖ ਕੌਮ ਅਤੇ ਉਨ੍ਹਾਂ ਦੀ ਜਨਮ ਭੂਮੀ ਪੰਜਾਬ ਨੂੰ ਆਪਣੀ ਬਰਬਾਦੀ ਨਾਲ ਚੁਕਾਉਣੀ ਪਈ। ਸਮੇਂ ਦੇ ਸਿਰਕੱਢ ਆਗੂਆਂ ਨੇ ਸਿੱਖਾਂ ਦੀ ਦੇਸ਼ ਭਗਤੀ ਨੂੰ ਦੇਖਦੇ ਹੋਏ ਵੱਡੇ ਵੱਡੇ ਵਾਅਦੇ ਸਿੱਖਾਂ ਨਾਲ ਕੀਤੇ ਤਾਂ ਜੋ ਸਿੱਖਾਂ ਨੂੰ ਆਪਣੇ ਨਾਲ ਰੱਖਿਆ ਜਾਵੇ। ਅਜੇ ਆਜ਼ਾਦੀ ਨੂੰ ਦੋ ਸਾਲ ਹੀ ਹੋਏ ਸਨ ਕਿ ਇਨ੍ਹਾਂ ਵਾਅਦਿਆਂ ਨੂੰ 11 ਮਈ 1949 ਵਿਚ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਫਿਰ 10 ਅਕਤੂਬਰ 1947 ਨੂੰ ਸਰਕੂਲਰ ਜਾਰੀ ਕਰ ਦਿੱਤਾ ਕਿ ਸਿੱਖ ਜਰਾਇਮ ਪੇਸ਼ਾ ਕੌਮ ਹੈ, ਲਿਹਾਜ਼ਾ ਇਨ੍ਹਾਂ 'ਤੇ ਨਜ਼ਰ ਰੱਖੀ ਜਾਵੇ। 1947 ਦੀ ਮਾਰ ਤੋਂ ਅਜੇ ਸਿੱਖਾਂ ਨੂੰ ਸੁਰਤ ਵੀ ਨਹੀਂ ਆਈ ਕਿ ਕੌਮ ਦੇ ਲੀਡਰ ਮਾਸਟਰ ਤਾਰਾ ਸਿੰਘ ਨੂੰ ਦੇਸ਼ ਧ੍ਰੋਹੀ ਕਹਿ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਥੋੜ੍ਹਾ ਸਮਾਂ ਹੋਰ ਲੰਘਣ 'ਤੇ ਜਦੋਂ ਸਾਰੀਆਂ ਛੋਟੀਆਂ-ਵੱਡੀਆਂ ਰਿਆਸਤਾਂ ਨੂੰ ਭਾਰਤ ਵਿਚ ਮਿਲਾਉਣ ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਭਾਰਤ ਦੀ ਸੂਬੇਬੰਦੀ ਹੋਣ ਲੱਗੀ ਤਾਂ ਸਿੱਖਾਂ ਨੂੰ ਆਪਣੇ ਪੰਜਾਬੀ ਸੂਬੇ ਲਈ ਅਤਿ ਦਰਜੇ ਦੀ ਜਦੋ-ਜਹਿਦ ਕਰਨੀ ਪਈ। ਅਖੀਰ ਪੰਜਾਬ ਦੇ ਕਈ ਪੰਜਾਬੀ ਬੋਲਦੇ ਇਲਾਕੇ ਇਸ ਤੋਂ ਜ਼ਬਰਦਸਤੀ ਖੋਹ ਕੇ, ਨਵਾਂ ਸੂਬਾ ਹਰਿਆਣਾ ਬਣਾ ਕੇ ਉਸ ਵਿਚ ਧੱਕ ਦਿੱਤੇ। ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਸਾਈ ਗਈ, ਪਰ ਪੰਜਾਬ ਨੂੰ ਵੰਡਣ ਉਪਰੰਤ ਸਿੱਖਾਂ ਨੂੰ ਨੀਵਾਂ ਦਿਖਾਉਣ ਵਾਸਤੇ ਇਸ ਨੂੰ ਪੰਜਾਬ ਤੋਂ ਬਾਹਰ ਕਰ ਕੇ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਕੇ ਖੋਹ ਲਿਆ। ਪੰਜਾਬ ਵਿਚ ਬਣੇ ਨੰਗਲ-ਡੈਮ ਹਾਈਡ੍ਰੋ-ਪਾਵਰ ਪਲਾਂਟ ਦੇ ਅਧਿਕਾਰ ਵੀ ਖੋਹ ਲਏ ਗਏ। ਫਿਰ ਸਿੱਖ ਅਜੇ ਸਬਰ ਕਰ ਕੇ ਬੈਠੇ ਹੀ ਸਨ ਕਿ ਕੁਝ ਸਾਲਾਂ ਵਿਚ ਪੰਜਾਬ 1980 ਅਤੇ 1990ਵੇਂ ਦਹਾਕਿਆਂ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਭਰਪੂਰ ਕੋਸ਼ਿਸ਼ ਕਰ ਕੇ ਇਨ੍ਹਾਂ ਦਾ ਲੱਕ ਤੋੜਨ ਜਿਹੇ ਕੋਝੇ ਯਤਨ ਕੀਤੇ ਗਏ। ਅਪਰੇਸ਼ਨ ਬਲਿਊ ਸਟਾਰ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ 'ਤੇ ਕਾਰਵਾਈ ਕਰਦੇ ਹੋਏ ਨੇਸਤੋ-ਨਾਬੂਦ ਕਰਨ ਦੀ ਘਿਨੌਣੀ ਹਰਕਤ ਕੀਤੀ ਗਈ।




ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਅਖੌਤੀ ਮੁਕਾਬਲਿਆਂ ਵਿਚ ਮਾਰ ਦਿੱਤਾ ਅਤੇ ਉਨ੍ਹਾਂ ਦੇ ਘਰ-ਬਾਰ ਬਰਬਾਦ ਕਰ ਦਿੱਤੇ। ਸਿੱਖ ਭਾਰਤੀ ਨਿਆਂ ਵਿਵਸਥਾ ਵਿਚ ਆਪਣਾ ਵਿਸ਼ਵਾਸ ਰੱਖਦੇ ਹੋਏ ਇਨਸਾਫ਼ ਲਈ ਅਦਾਲਤਾਂ ਵੱਲ ਦਹਾਕਿਆਂ ਬੱਧੀ ਆਸ ਭਰੀ ਨਜ਼ਰ ਨਾਲ ਤੱਕਦੇ ਰਹੇ, ਪਰ ਉਨ੍ਹਾਂ ਨੂੰ ਕਦੇ ਇਨਸਾਫ਼ ਨਹੀਂ ਮਿਲਿਆ। ਸਾਲ 2000 ਵਿਚ ਅਮਰੀਕਾ ਦੇ ਰਾਸ਼ਟਰਪਤੀ ਦੀ ਭਾਰਤ ਯਾਤਰਾ ਸਮੇਂ 36 ਬੇਗੁਨਾਹ ਸਿੱਖਾਂ ਨੂੰ ਘਰੋਂ ਕੱਢ ਕੇ ਕਸ਼ਮੀਰ ਵਿਚ ਅਤਿਵਾਦ ਦਿਖਾਉਣ ਲਈ ਭੇਟ ਕਰ ਦਿੱਤਾ, ਪਰ ਕੋਈ ਇਨਸਾਫ਼ ਨਹੀਂ ਮਿਲਿਆ। ਪੰਜਾਬ ਅਤੇ ਪੰਜਾਬੀ ਦੀ ਮੁਖਾਲਫਤ ਇੰਨੀ ਕਿ ਪੰਜਾਬ ਵਿਚੋਂ ਵੱਖ ਕੀਤੇ ਰਾਜ ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਨਾਂ ਦੇ ਕੇ ਤੈਲਗੂ ਭਾਸ਼ਾ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ।

ਇਸ ਸਭ ਕੁਝ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਆਪਣੀ ਰੋਜ਼ੀ ਰੋਟੀ ਅਤੇ ਸਨਮਾਨ ਭਰਪੂਰ ਜ਼ਿੰਦਗੀ ਲਈ ਵਿਦੇਸ਼ਾਂ ਦੀ ਰਾਹ ਫੜੀ, ਕਿਉਂਕਿ ਪੰਜਾਬ ਵਿਚ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਾਧਨ ਨਹੀਂ ਮੁਹੱਈਆ ਕਰਵਾਏ ਗਏ। ਵਿਦੇਸ਼ਾਂ ਵਿਚ ਜਾ ਕੇ ਸਿੱਖਾਂ ਨੇ ਗੁਰੂ ਦੀ ਓਟ ਅਤੇ ਆਪਣੇ ਮਿਹਨਤੀ ਸੁਭਾਅ ਸਦਕਾ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਉਹ ਮੱਲਾਂ ਮਾਰੀਆਂ, ਜਿਸ ਕਾਰਨ ਭਾਰਤੀ ਸਰਕਾਰਾਂ ਨੂੰ ਸਿੱਖਾਂ ਪ੍ਰਤੀ ਇੱਕ ਵਾਰ ਫਿਰ ਸੋਚਣ ਲਈ ਮਜਬੂਰ ਕਰ ਦਿੱਤਾ; ਪਰ ਵਿਦੇਸ਼ਾਂ ਵਿਚ ਵਸੇ ਸਿੱਖ ਸਦਾ ਹੀ ਭਾਰਤੀ ਸਰਕਾਰਾਂ ਨਾਲ ਆਪਣੇ ਨਾਲ ਹੋਈ ਨਾਇਨਸਾਫ਼ੀ ਦਾ ਗਿਲਾ ਕਰਦੇ ਰਹੇ ਅਤੇ ਕੀਤੇ ਜਾ ਰਹੇ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਰਹੇ। ਉਨ੍ਹਾਂ ਵਿਦੇਸ਼ਾਂ ਵਿਚ ਆਪਣੀ ਸੰਗਤੀ ਪ੍ਰਥਾ ਨੂੰ ਕਾਇਮ ਰੱਖਣ, ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਅਤੇ ਰੂਹਾਨੀ ਪੂਰਤੀ ਲਈ ਆਪਣੇ ਧਾਰਮਿਕ ਸਥਾਨ, ਗੁਰਦੁਆਰੇ ਸਥਾਪਤ ਕੀਤੇ।

*ਗੁਰਦੁਆਰਾ ਮੈਨੇਜਮੈਂਟਾਂ ਦਾ ਮੰਨਣਾ ਹੈ ਕਿ ਇਹ ਅਹਿਲਕਾਰ ਗੁਰਦੁਆਰਿਆਂ ਵਿਚ ਜਾ ਕੇ ਰਾਜਨੀਤਕ ਦਲਾਂ ਦੇ ਏਜੰਡੇ ਦਾ ਪ੍ਰਸਾਰ ਕਰਦੇ ਹਨ, ਜਿਸ ਨਾਲ ਪੰਥ ਵਿਚ ਵੰਡੀਆਂ ਦਾ ਖ਼ਤਰਾ ਵਧ ਰਿਹਾ ਹੈ। ਇਹ ਪਾਬੰਦੀ ਸਿਰਫ਼ ਸਫਾਰਤੀ ਅਧਿਕਾਰੀਆਂ 'ਤੇ ਲਗਾਈ ਗਈ ਹੈ। ਜੇਕਰ ਕੋਈ ਸਫਾਰਤੀ ਅਧਿਕਾਰੀ ਆਮ ਸੰਗਤ ਦੇ ਰੂਪ ਵਿਚ ਆਪਣੇ ਰੁਤਬੇ ਨੂੰ ਗੁਰੂ ਘਰ ਤੋਂ ਬਾਹਰ ਰੱਖ ਕੇ ਆਉਂਦਾ ਹੈ ਤਾਂ ਉਸ ਉਤੇ ਕੋਈ ਪਾਬੰਦੀ ਨਹੀਂ, ਉਹ ਸੰਗਤ ਦਾ ਆਨੰਦ ਮਾਣਦਾ ਹੋਇਆ ਗੁਰੂ ਕਾ ਲੰਗਰ ਛਕ ਕੇ ਆਪਣੀ ਸ਼ਰਧਾ ਅਨੁਸਾਰ ਸੇਵਾ ਵੀ ਕਰ ਸਕਦਾ ਹੈ।*

ਪਿਛਲੇ ਕਾਫ਼ੀ ਸਮੇਂ ਤੋਂ ਭਾਰਤ ਸਰਕਾਰ ਵਿਦੇਸ਼ਾਂ ਵਿਚ ਆਪਣੇ ਅਹਿਲਕਾਰਾਂ ਰਾਹੀਂ ਗੁਰਦੁਆਰਿਆਂ ਵਿਚ ਆਪਣੇ ਪੱਖ ਦਾ ਪ੍ਰਚਾਰ ਕਰ ਰਹੀ ਹੈ ਜਿਸ ਨਾਲ ਉਥੇ ਵੱਸਦੇ ਸਿੱਖਾਂ ਵਿਚ ਆਪਸੀ ਉਲਝਣਾਂ ਵਧ ਰਹੀਆਂ ਹਨ। ਗੁਰਦੁਆਰਾ ਮੈਨੇਜਮੈਂਟਾਂ ਦਾ ਇਹ ਮੰਨਣਾ ਹੈ ਕਿ ਇਹ ਅਹਿਲਕਾਰ ਗੁਰਦੁਆਰਿਆਂ ਵਿਚ ਜਾ ਕੇ ਰਾਜਨੀਤਕ ਦਲਾਂ ਦੇ ਪ੍ਰਤੀਨਿਧ ਬਣ ਕੇ ਉਨ੍ਹਾਂ ਦੇ ਏਜੰਡੇ ਦਾ ਪ੍ਰਸਾਰ ਕਰਦੇ ਹਨ, ਜਿਸ ਨਾਲ ਪੰਥ ਵਿਚ ਵੰਡੀਆਂ ਦਾ ਖ਼ਤਰਾ ਵਧ ਰਿਹਾ ਹੈ। ਇਥੇ ਭਾਰਤੀ ਮੀਡੀਆ ਦੇ ਕੁ-ਪ੍ਰਚਾਰ ਨੂੰ ਵੀ ਉਜਾਗਰ ਕਰਨਾ ਅਤਿਅੰਤ ਜ਼ਰੂਰੀ ਹੈ ਕਿ ਇਹ ਪਾਬੰਦੀ ਸਿਰਫ਼ ਸਫਾਰਤੀ ਅਧਿਕਾਰੀਆਂ 'ਤੇ ਲਗਾਈ ਗਈ ਹੈ। ਜੇਕਰ ਕੋਈ ਸਫਾਰਤੀ ਅਧਿਕਾਰੀ ਆਮ ਸੰਗਤ ਦੇ ਰੂਪ ਵਿਚ ਆਪਣੇ ਰੁਤਬੇ ਨੂੰ ਗੁਰੂ ਘਰ ਤੋਂ ਬਾਹਰ ਰੱਖ ਕੇ ਆਉਂਦਾ ਹੈ ਤਾਂ ਉਸ ਉਤੇ ਕੋਈ ਪਾਬੰਦੀ ਨਹੀਂ, ਉਹ ਸੰਗਤ ਦਾ ਆਨੰਦ ਮਾਣਦਾ ਹੋਇਆ ਗੁਰੂ ਕਾ ਲੰਗਰ ਛਕ ਕੇ ਆਪਣੀ ਸ਼ਰਧਾ ਅਨੁਸਾਰ ਸੇਵਾ ਵੀ ਕਰ ਸਕਦਾ ਹੈ। ਇਹ ਕਾਰਵਾਈ ਗੁਰਦੁਆਰਿਆਂ ਨੂੰ ਸਿਆਸਤ ਤੋਂ ਦੂਰ ਰੱਖਣ ਲਈ ਚੁੱਕਿਆ ਗਿਆ ਸਾਰਥਿਕ ਕਦਮ ਹੈ।

# ਰਾਮਦੇਵ ਦੀ ਆਰਥਕ ਆਜ਼ਾਦੀ ਦੀ ਹਕੀਕਤ

ਕੁਝ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਵਿਚ ਬਾਬਾ ਰਾਮਦੇਵ ਦੇ ਇਸ਼ਤਿਹਾਰ ਪ੍ਰਸਾਰਤ ਹੁੰਦੇ ਹਨ ਜਿਨ੍ਹਾਂ ਮੁਤਾਬਕ, ਮੁਲਕ ਦੀ 55 ਹਜ਼ਾਰ ਕਰੋੜ ਰੁਪਏ ਦੀ ਆਰਥਿਕਤਾ ਉਪਰ ਈਸਟ ਇੰਡੀਆ ਕੰਪਨੀ ਵਰਗੀਆਂ ਕੰਪਨੀਆਂ ਦਾ ਕਬਜ਼ਾ ਹੈ। ਸਾਨੂੰ ਇਨ੍ਹਾਂ ਦੀ ਆਰਥਿਕ ਲੁੱਟ-ਖਸੁੱਟ ਅਤੇ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਅਤੇ ਆਰਥਿਕ ਆਜ਼ਾਦੀ ਪ੍ਰਾਪਤ ਕਰਨ ਲਈ ਪ੍ਰਣ ਕਰਨਾ ਚਾਹੀਦਾ ਹੈ। ਇਸ ਇਸ਼ਤਿਹਾਰਬਾਜ਼ੀ ਤੋਂ ਇਹ ਸਵਾਲ ਉਠਣੇ ਲਾਜ਼ਮੀ ਹਨ: ਕੀ ਅਸੀਂ ਵਿਦੇਸ਼ੀ ਕੰਪਨੀਆਂ ਦੀਆਂ ਲੁੱਟ-ਖਸੁੱਟ ਤੋਂ ਪੀੜਤ ਹਾਂ? ਕੀ ਸਾਡੀ ਆਰਥਿਕ ਆਜ਼ਾਦੀ, ਵਾਕਈ ਆਜ਼ਾਦੀ ਨਾ



**ਦਰਸ਼ਨ ਸਿੰਘ ਖਟਕੜ**
**ਫੋਨ: 91-98151-29130**

ਹੋ ਕੇ ਅਸਲ ਵਿਚ ਗ਼ੁਲਾਮੀ ਹੈ? ਜੇ ਇਉਂ ਹੈ ਤਾਂ ਫਿਰ ਰਾਜਸੀ ਆਜ਼ਾਦੀ ਇੰਨੀ ਕਮਜ਼ੋਰ ਕਿਉਂ ਹੈ ਜਿਹੜੀ ਇਹ ਗੁਲਾਮੀ ਸਹਿ ਰਹੀ ਹੈ? ਰਾਮਦੇਵ ਦਾ ਮਾਣ-ਸਨਮਾਨ ਦੇਖ ਕੇ ਇਸ ਤੱਥ ਨੂੰ ਸੱਚ ਹੀ ਮੰਨ ਲੈਣਾ ਚਾਹੀਦਾ ਹੈ ਅਤੇ ਇਸ ਦੇ ਅਰਥਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ। ਆਮ ਧਾਰਨਾ ਹੈ ਕਿ ਰਾਮਦੇਵ, ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਕਿਸੇ ਨਾ ਕਿਸੇ ਪੱਧਰ ਦੇ ਕਾਰਕੁਨ ਹਨ। ਉਨ੍ਹਾਂ ਦੇ ਕਈ ਬਿਆਨ ਇਸ ਸੱਚਾਈ ਦੀ ਪੁਸ਼ਟੀ ਵੀ ਕਰਦੇ ਹਨ। ਇਸ ਤੋਂ ਬਿਨਾਂ ਜਿਸ ਹੁਸ਼ਿਆਰੀ ਅਤੇ ਕਲਾਕਾਰੀ ਨਾਲ ਉਨ੍ਹਾਂ ਨੇ ਪਹਿਲਾਂ ਯੋਗ ਦਾ ਧਰਮ ਨਿਰਲੇਪ ਅਕਸ ਉਭਾਰਿਆ, ਤੇ ਫਿਰ ਇਸ ਨੂੰ ਸਨਾਤਨੀ ਹਿੰਦੂ ਧਰਮ ਨਾਲ ਜਾ ਨੱਥੀ ਕੀਤਾ, ਉਹ ਵੀ ਇਸ ਸਿੱਟੇ ਦੀ ਪੁਸ਼ਟੀ ਕਰਦਾ ਹੈ।

ਆਰ.ਐਸ.ਐਸ. ਸਾਰੇ ਸੰਘ ਪਰਿਵਾਰ ਦੀ ਮਾਰਗ ਦਰਸ਼ਕ ਅਤੇ ਵਿਚਾਰਧਾਰਕ ਇਕਾਈ ਹੈ। ਭਾਜਪਾ ਇਸ ਦਾ ਸਿਆਸੀ ਵਿੰਗ ਹੈ। ਜਦੋਂ ਵੀ ਭਾਜਪਾ ਕੇਂਦਰ ਦੀ ਸੱਤਾ 'ਤੇ ਕਾਬਜ਼ ਹੋਈ ਹੈ, ਇਸ ਨੇ ਸਾਮਰਾਜੀ ਦੇਸ਼ਾਂ ਵੱਲੋਂ ਠੋਸੀਆਂ ਅਤੇ ਉਨ੍ਹਾਂ ਦੀਆਂ ਹਿੱਤਕਾਰੀ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਕਾਂਗਰਸ ਨਾਲੋਂ ਵੀ ਦੋ ਕਦਮ ਅੱਗੇ ਜਾ ਕੇ ਲਾਗੂ ਕੀਤਾ ਹੈ। ਇਨ੍ਹਾਂ ਨੀਤੀਆਂ ਵਿਚ ਵਿਦੇਸ਼ੀ ਸਰਮਾਏ ਨੂੰ ਭਾਰਤ ਅੰਦਰ ਵੜਨ ਦੀ ਪੂਰੀ ਖੁੱਲ੍ਹ ਹੈ, ਸਹੂਲਤਾਂ ਹਨ ਅਤੇ ਮੋਟੇ ਮੁਨਾਫ਼ੇ ਕਮਾਉਣ ਦੇ ਭਰਪੂਰ ਮੌਕੇ ਮੁਹੱਈਆ ਕੀਤੇ ਜਾਂਦੇ ਹਨ। ਇਨ੍ਹਾਂ ਨੀਤੀਆਂ ਨੂੰ ਆਰ.ਐਸ.ਐਸ. ਦੀ ਪ੍ਰਵਾਨਗੀ ਅਤੇ ਪੁਸ਼ਟੀ ਤੋਂ ਬਿਨਾਂ ਨਹੀਂ ਲਾਗੂ ਕੀਤਾ ਜਾ ਰਿਹਾ। ਵਿਦੇਸ਼ੀ ਸਰਮਾਇਆ ਆਰਥਿਕ ਖੇਤਰ ਵਿਚ ਲੁੱਟ-ਖਸੁੱਟ ਕਰ ਰਿਹਾ, ਭ੍ਰਿਸ਼ਟਾਚਾਰ ਵਧਾ ਰਿਹਾ, ਬੇਕਾਰੀ, ਮੰਦਹਾਲੀ ਤੇ ਗੁਰਬਤ ਵਧਾ ਰਿਹਾ ਹੈ। ਰਾਮਦੇਵ ਦੇ ਸ਼ਬਦਾਂ ਵਿਚ ਇਹ ਲੁੱਟ-ਖਸੁੱਟ ਅਤੇ ਗੁਲਾਮੀ ਹੈ। ਜੇ ਇਉਂ ਹੈ ਤਾਂ ਉਹ ਭਾਜਪਾ ਦੀ ਸਰਕਾਰ ਤੋਂ ਇਸ ਲੁੱਟ ਅਤੇ ਗੁਲਾਮੀ ਦਾ ਅੰਤ ਕਰਨ ਦੀ ਮੰਗ ਕਿਉਂ ਨਹੀਂ ਕਰਦੇ? ਜਦ ਇਹ ਮੰਗ ਨਹੀਂ ਕਰਦੇ ਤਾਂ ਇਸ 'ਲੁੱਟ ਅਤੇ ਗੁਲਾਮੀ' ਤੋਂ ਛੁਟਕਾਰਾ ਪਾਉਣ ਦੇ ਪ੍ਰਣ ਦਾ ਕੀ ਅਰਥ ਰਹਿ ਜਾਂਦਾ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ ਇਕ ਹੋਰ ਤੱਥ ਵਿਚਾਰਨਾ ਜ਼ਰੂਰੀ ਹੈ। ਸੰਘ ਪਰਿਵਾਰ ਦਾ ਹੀ ਇੱਕ ਹੋਰ ਅੰਗ ਹੈ ਸਵਦੇਸ਼ੀ ਜਾਗਰਣ ਮੰਚ। ਇਹ ਮੰਚ ਸਵਦੇਸ਼ੀ ਦਾ ਨਾਅਰਾ ਉਭਾਰਦਾ ਹੈ ਅਤੇ ਵਿਦੇਸ਼ੀ ਸਰਮਾਏ ਤੇ ਵਿਦੇਸ਼ੀ ਮਾਲ ਖਿਲਾਫ ਵੀ ਆਵਾਜ਼ ਉਠਾਉਂਦਾ ਹੈ; ਕਦੇ ਕਦੇ ਕਰੜੇ ਸ਼ਬਦਾਂ ਵਿਚ ਵੀ ਇਉਂ ਕਰਦਾ ਹੈ। ਕਾਰਨ ਇਹ ਹੈ ਕਿ ਇਹ ਮੰਚ ਛੋਟੇ ਵਪਾਰੀਆਂ, ਕਾਰੋਬਾਰੀਆਂ ਦੀ ਆਵਾਜ਼ ਬਣਦਾ ਹੈ। ਇਹ ਨੀਤੀ ਉਸ ਨੀਤੀ ਦੀ ਹੀ ਲਗਾਤਾਰਤਾ ਹੈ ਜਿਹੜੀ ਜਨ ਸੰਘ ਦੇ ਦਿਨਾਂ ਤੋਂ ਚਲੀ ਆਉਂਦੀ ਹੈ। ਉਦੋਂ ਜਨ ਸੰਘ ਦਾ ਮੁੱਖ ਆਰਥਿਕ ਤੇ ਸਮਾਜੀ ਆਧਾਰ ਛੋਟੇ ਵਪਾਰੀਆਂ ਤੇ ਕਾਰੋਬਾਰੀਆਂ ਵਿਚ ਸੀ। ਇਹ ਉਨ੍ਹਾਂ ਦੇ ਹਿਤਾਂ ਦੀ ਪੈਰਵੀ ਕਰਦਾ ਹੁੰਦਾ ਸੀ ਅਤੇ ਅੱਜ ਇਹੀ ਕਾਰਜ ਸਵਦੇਸ਼ੀ ਜਾਗਰਣ ਮੰਚ ਕਰਦਾ ਹੈ; ਪਰ ਇਹ ਵੱਡੇ ਕਾਰਪੋਰੇਟਾਂ, ਦੇਸੀ ਤੇ ਵਿਦੇਸ਼ੀ, ਖਿਲਾਫ ਕਿਸੇ ਸੰਘਰਸ਼ ਵਿਚ ਨਹੀਂ ਪੈਂਦਾ, ਕਿਉਂਕਿ ਇਉਂ ਕਰ ਕੇ ਇਹ ਆਪਣੀ ਭਾਜਪਾ ਸਰਕਾਰ ਦੇ ਕੰਮਾਂ ਵਿਚ ਵਿਘਨ ਪਾ ਰਿਹਾ ਹੋਵੇਗਾ ਅਤੇ ਭਾਜਪਾ ਸਰਕਾਰ ਦੀਆਂ ਆਰਥਿਕ ਨੀਤੀਆਂ ਦਾ ਵਿਰੋਧ ਕਰਕੇ ਸਰਕਾਰ ਦੀ ਬਦਨਾਮੀ ਕਰਵਾ ਰਿਹਾ ਹੋਵੇਗਾ। ਇਸ ਕਰ ਕੇ ਇਹ ਸਿਰਫ਼ ਸਵਦੇਸ਼ੀ ਭਾਵਨਾਵਾਂ ਟੁੰਬਦਾ ਹੈ, ਉਕਸਾਂਦਾ ਹੈ ਅਤੇ ਇਨ੍ਹਾਂ ਨੂੰ ਨਰਮ ਤੇ ਕਾਗਜ਼ੀ ਵਿਰੋਧ ਰਾਹੀਂ ਖ਼ਾਰਿਜ ਕਰਵਾ ਕੇ, ਇਸ ਤਬਕੇ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਇਹ ਵਿਰੋਧ-ਪ੍ਰਬੰਧਨ ਦੀ ਦਾਅਪੇਚਕ ਖੇਡ ਹੀ ਹੈ। ਇਸ ਕਰ ਕੇ ਇਸ ਮੰਚ ਦਾ ਸਵਦੇਸ਼ੀ, ਦੇਸ਼ ਭਗਤੀ ਅਤੇ ਕੌਮਵਾਦ ਸਿਰਫ਼ ਖੋਖਲਾ ਅਤੇ ਗੁੰਮਰਾਹ-ਕਰੂ ਨਾਅਰਾ ਹੈ।

***ਰਾਮਦੇਵ ਦਾ ਪ੍ਰਚਾਰ ਵੀ ਦਬਾਅ-ਪਾਊ ਦਾਅਪੇਚ ਹੈ। ਉਹ ਕੁੱਲ ਸੰਘ ਪਰਿਵਾਰ ਦੇ ਅੰਗ ਵਜੋਂ ਵਿਦੇਸ਼ੀ ਕਾਰਪੋਰੇਟਾਂ ਦੀ ਆਰਥਿਕ 'ਲੁੱਟ ਤੇ ਗੁਲਾਮੀ' ਨੂੰ ਉਛਾਲਦਾ ਹੈ ਤਾਂ ਕਿ ਉਸ ਦੀ ਭਾਜਪਾ ਸਰਕਾਰ ਵਿਦੇਸ਼ੀ ਕਾਰਪੋਰੇਟਾਂ ਨੂੰ ਇਹ ਦਬਾਅ ਦਿਖਾ ਕੇ, ਉਨ੍ਹਾਂ ਤੋਂ ਕੁਝ ਰਿਆਇਤਾਂ ਹਾਸਲ ਕਰ ਸਕੇ ਅਤੇ ਦੇਸੀ ਕਾਰਪੋਰੇਟਾਂ ਨੂੰ ਇਹ ਰਿਆਇਤਾਂ ਦਿਵਾ ਸਕੇ। 1925 ਤੋਂ ਬਾਅਦ ਭਾਰਤ ਦੇ ਕਾਰੋਬਾਰੀਆਂ ਅਤੇ ਵੱਡੇ ਸਨਅਤੀ ਘਰਾਣਿਆਂ ਦੀ ਨੀਤੀ ਅਤੇ ਹੋਣੀ ਵੀ ਇਹੀ ਰਹੀ ਹੈ। ਉਹ ਆਪਣੀ ਸਿਆਸੀ ਧਿਰ, ਕਾਂਗਰਸ ਰਾਹੀਂ ਵੀ, ਤੇ ਆਪ ਵੀ, ਬਰਤਾਨਵੀ ਸਰਕਾਰ ਨੂੰ ਲੋਕਾਂ ਦੇ ਗੁੱਸੇ ਦਾ ਡਰ ਦਿਖਾ ਕੇ, ਕੁਝ ਰੋਸ ਦਰਜ ਕਰਵਾ ਕੇ, ਆਖ਼ਿਰ ਸਮਝੌਤਾ ਕਰ ਲੈਂਦੇ ਸਨ।***

ਰਾਮਦੇਵ ਦਾ ਪ੍ਰਚਾਰ ਵੀ ਦਬਾਅ-ਪਾਊ ਦਾਅਪੇਚ ਹੈ। ਉਹ ਕੁੱਲ ਸੰਘ ਪਰਿਵਾਰ ਦੇ ਅੰਗ ਵਜੋਂ ਵਿਦੇਸ਼ੀ ਕਾਰਪੋਰੇਟਾਂ ਦੀ ਆਰਥਿਕ 'ਲੁੱਟ ਤੇ ਗੁਲਾਮੀ' ਨੂੰ ਉਛਾਲਦਾ ਹੈ ਤਾਂ ਕਿ ਉਸ ਦੀ ਭਾਜਪਾ ਸਰਕਾਰ ਵਿਦੇਸ਼ੀ ਕਾਰਪੋਰੇਟਾਂ ਨੂੰ ਇਹ ਦਬਾਅ ਦਿਖਾ ਕੇ, ਉਨ੍ਹਾਂ ਤੋਂ ਕੁਝ ਰਿਆਇਤਾਂ ਹਾਸਲ ਕਰ ਸਕੇ ਅਤੇ ਦੇਸੀ ਕਾਰਪੋਰੇਟਾਂ ਨੂੰ ਇਹ ਰਿਆਇਤਾਂ ਦਿਵਾ ਸਕੇ। 1925 ਤੋਂ ਬਾਅਦ ਭਾਰਤ ਦੇ ਕਾਰੋਬਾਰੀਆਂ ਅਤੇ ਵੱਡੇ ਸਨਅਤੀ ਘਰਾਣਿਆਂ ਦੀ ਨੀਤੀ ਅਤੇ ਹੋਣੀ ਵੀ ਇਹੀ ਰਹੀ ਹੈ। ਉਹ ਆਪਣੀ ਸਿਆਸੀ ਧਿਰ, ਕਾਂਗਰਸ ਰਾਹੀਂ ਵੀ, ਤੇ ਆਪ ਵੀ, ਬਰਤਾਨਵੀ ਸਰਕਾਰ ਨੂੰ ਲੋਕਾਂ ਦੇ ਗੁੱਸੇ ਦਾ ਡਰ ਦਿਖਾ ਕੇ, ਕੁਝ ਰੋਸ ਦਰਜ ਕਰਵਾ ਕੇ, ਆਖ਼ਿਰ ਸਮਝੌਤਾ ਕਰ ਲੈਂਦੇ ਸਨ। ਬਰਤਾਨਵੀ ਸਾਮਰਾਜੀ ਹਾਕਮ ਆਪਣੇ ਸਾਰੇ ਹਿਤਾਂ ਤੇ ਲੋੜਾਂ ਨੂੰ ਮਿਣ-ਗੱਠ ਕੇ ਅਜਿਹੀਆਂ ਰਿਆਇਤਾਂ ਦੇ ਦਿਆ ਕਰਦੇ ਸਨ। ਰਿਆਇਤਾਂ ਦੇ ਗੱਫਿਆਂ ਦਾ ਸਬੰਧ ਦੇਸ਼ ਦੇ ਅੰਦਰੂਨੀ ਅਤੇ ਕੌਮਾਂਤਰੀ ਹਾਲਾਤ ਨਾਲ ਵੀ ਰਿਹਾ ਹੈ। ਭਾਰਤ ਦਾ ਆਰਥਿਕ ਇਤਿਹਾਸ ਵਾਚਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਦੇ ਸਨਅਤਕਾਰਾਂ ਨੂੰ ਨਵੇਂ ਕਾਰੋਬਾਰ ਦੀ ਆਗਿਆ ਪਹਿਲੀ ਅਤੇ ਦੂਸਰੀ ਸੰਸਾਰ ਜੰਗ ਦੌਰਾਨ ਖਾਸ ਤੌਰ 'ਤੇ ਮਿਲੀ ਸੀ। ਲੁੱਕ ਦੇ ਡਰੰਮ ਬਣਾਉਣ, ਰੇਲ ਦੀਆਂ ਪਟੜੀਆਂ ਦੇ ਸਲੀਪਰ (ਲੱਕੜੀ ਦੇ ਫੱਟੇ) ਬਣਾਉਣ, ਸਰੀਆ, ਪੱਤੀ ਆਦਿ ਬਣਾਉਣ ਦੇ ਲਾਇਸੈਂਸ ਇਨ੍ਹਾਂ ਜੰਗਾਂ ਦੌਰਾਨ ਹੀ ਮਿਲੇ ਸਨ। ਕਾਰਨ ਸਪਸ਼ਟ ਸੀ। ਜੰਗ ਕਾਰਨ



ਸਾਮਰਾਜੀ ਸਰਮਾਏਦਾਰ ਆਪਣਾ ਸਰਮਾਇਆ ਹਥਿਆਰਸਾਜ਼ ਸਨਅਤ, ਦਵਾਈ ਸਨਅਤ, ਬਾਰੂਦ ਸਨਅਤ ਵਿਚ ਲਾਉਣ ਲਈ ਮਜਬੂਰ ਸਨ, ਇਸ ਕਰ ਕੇ ਸਾਧਾਰਨ ਅਤੇ ਗ਼ੈਰ-ਜੰਗੀ ਸਾਜ਼ੋ-ਸਮਾਨ ਵਿਚ ਇਹ ਸਰਮਾਇਆ ਨਹੀਂ ਸੀ ਫਸਾਉਣਾ ਚਾਹੁੰਦੇ। ਇਹ ਸਨਅਤਾਂ ਵਧੇਰੇ ਜਾਂ ਉਕਾ ਹੀ ਉਨ੍ਹਾਂ ਸਾਮਰਾਜੀ ਦੇਸ਼ਾਂ ਦੇ ਅੰਦਰ ਹੀ ਹੁੰਦੀਆਂ ਸਨ, ਕਿਉਂਕਿ ਉਥੇ ਸੁਰੱਖਿਅਤ ਸਨ। ਸੜਕੀ ਤੇ ਰੇਲ ਆਵਾਜਾਈ ਲਈ ਲੋੜੀਂਦੇ ਸਾਜ਼ੋ-ਸਮਾਨ ਦੀ ਜ਼ਰੂਰਤ ਸੀ। ਤੇ ਉਸ ਨੂੰ ਬਣਾਉਣ ਦੀ ਆਗਿਆ ਦੇਸੀ ਸਮਝੌਤੇਬਾਜ਼ ਸਨਅਤਕਾਰਾਂ ਨੂੰ ਦੇ ਦਿੱਤੀ ਜਾਂਦੀ ਸੀ।

ਅੱਜ ਤੱਕ ਵੀ ਸਾਮਰਾਜ ਦੀ ਇਹ ਨੀਤੀ ਕਾਇਮ ਹੈ। ਉਹ ਆਪਣਾ ਸਰਮਾਇਆ ਅਤਿਆਧੁਨਿਕ ਤਕਨੀਕ 'ਤੇ ਆਧਾਰਿਤ ਸਨਅਤਾਂ ਵਿਚ ਲਾਉਂਦੇ ਹਨ ਅਤੇ ਬਚਦਾ ਸਨਅਤੀ ਖੇਤਰ ਜਾਂ ਇਸ ਦੀ ਕੋਈ ਸ਼ਾਖਾ ਦੇਸੀ ਕਾਰਪੋਰੇਟਾਂ ਲਈ ਛੱਡ ਦਿੰਦੇ ਹਨ। ਦੇਸੀ ਕਾਰਪੋਰੇਟ ਇਹ ਰਿਆਇਤਾਂ ਲੈ ਕੇ ਫੁੱਲੇ ਨਹੀਂ ਸਮਾਉਂਦੇ ਅਤੇ ਥਾਪੀਆਂ ਮਾਰ ਕੇ ਆਪਣੀ ਵਡੱਤਣ ਅਤੇ ਸ਼ਕਤੀ ਦਾ ਐਲਾਨ ਕਰਦੇ ਰਹਿੰਦੇ ਹਨ; ਬਹੁਤ ਵੱਡੀ ਆਰਥਿਕ ਸ਼ਕਤੀ ਬਣ ਜਾਣ ਦੇ ਦਮਗਜੇ ਮਾਰਨ ਲੱਗਦੇ ਹਨ। ਸਾਮਰਾਜੀ ਸਰਮਾਏ ਤੇ ਤਕਨੀਕ ਉਪਰ ਇਨ੍ਹਾਂ ਦੀ ਨਿਰਭਰਤਾ ਪੱਕੀ, ਸਥਾਈ ਅਤੇ ਅਬਦਲ ਰਹਿੰਦੀ ਹੈ। ਇਸ ਤਰ੍ਹਾਂ ਅਨਿਰਭਰਤਾ ਜਾਂ ਸਵੈ-ਨਿਰਭਰਤਾ ਛਲਾਵਾ, ਰੂਪਕ ਅਤੇ ਰਸਮੀ ਬਣੀ ਰਹਿੰਦੀ ਹੈ, ਪਰ ਨਿਰਭਰਤਾ ਸਥਾਈ ਅਤੇ ਹਕੀਕੀ ਬਣੀ ਪਈ ਹੈ। ਇਸ ਕਰ ਕੇ ਹੀ ਭਾਰਤ ਦੇ ਕਾਰਪੋਰੇਟਾਂ ਨੂੰ ਦਲਾਲ ਦਾ ਨਾਮ ਦਿੱਤਾ ਜਾਂਦਾ ਹੈ।

ਸੰਘ ਪਰਿਵਾਰ ਬਹੁ-ਮੂੰਹੀਂ ਸੰਸਥਾ ਹੈ। ਇਸ ਦੇ ਵੱਖ ਵੱਖ ਅੰਗਾਂ ਵਿਚ ਕੰਮ ਦੀ ਵੰਡ ਹੈ। ਜੇ ਕੋਈ ਅੰਗ ਵਧਵਾਂ, ਹੂੰਝਾਫੇਰ ਜਾਂ ਨੀਤੀ-ਉਲੰਘ ਬਿਆਨ ਦੇ ਦਿੰਦਾ ਹੈ ਤਾਂ ਬਾਕੀ ਅੰਗ ਉਸ ਬਾਰੇ ਫੌਰੀ ਪ੍ਰਤੀਕਿਰਿਆ ਦੇਣੋਂ ਚੁੱਪ ਰਹਿ ਲੈਂਦੇ ਹਨ। ਰਾਮਦੇਵ 55 ਹਜ਼ਾਰ ਕਰੋੜ ਰੁਪਏ ਦੀ ਆਰਥਿਕਤਾ ਉਪਰ ਵਿਦੇਸ਼ੀ ਕੰਪਨੀਆਂ ਦੇ ਕਬਜ਼ੇ ਨੂੰ ਹੀ ਸਵੀਕਾਰ ਕਰਦੇ ਹਨ, ਪਰ ਭਾਰਤੀ ਆਰਥਿਕਤਾ ਤਾਂ ਇਸ ਨਾਲੋਂ ਕਰੀਬ 200 ਗੁਣਾ ਵੱਡੀ ਹੈ ਅਤੇ ਸਾਡੀ ਆਰਥਿਕਤਾ ਦਾ ਕੋਈ ਵੀ ਖਾਸ ਖੇਤਰ ਐਸਾ ਨਹੀਂ ਜਿਹੜਾ ਵਿਦੇਸ਼ੀ ਸਰਮਾਏ ਦੀ ਜਕੜ ਵਿਚ ਨਾ ਹੋਵੇ। ਹੁਣ ਵਿਦੇਸ਼ੀ ਕਾਰਪੋਰੇਟ ਉਚ-ਤਕਨੀਕ ਆਧਾਰਿਤ, ਪਰ ਥੋੜ੍ਹੇ ਮਜ਼ਦੂਰਾਂ ਵਾਲੀ ਸਨਅਤ ਵਿਚ ਵਧੇਰੇ ਰੁਚੀ ਰੱਖਦੇ ਹਨ। ਹੁਣ ਆਯੁਰਵੈਦਿਕ ਦਵਾ-ਦਾਰੂ ਜਾਂ ਵਸਤਾਂ ਰਾਮਦੇਵ ਹੀ ਨਹੀਂ ਬਣਾਉਂਦੇ, ਸਗੋਂ ਬਹੁ-ਕੌਮੀ ਕੰਪਨੀਆਂ ਵੀ ਬਣਾਉਂਦੀਆਂ ਹਨ। ਹੁਣ ਉਹ ਪਰਚੂਨ ਵਪਾਰ ਵਿਚ ਵੀ ਘੁਸ ਚੁੱਕੀਆਂ ਹਨ। ਵਿਸ਼ਵ-ਵਿਦਿਆਲਿਆਂ ਦੇ ਖੇਤਰ ਤੇ ਪ੍ਰਚਾਰ-ਪ੍ਰਸਾਰ ਸਾਧਨਾਂ ਵਿਚ ਦਾਖਲ ਹੋਣ ਦੀ ਖੁੱਲ੍ਹ ਪ੍ਰਾਪਤ ਕਰ ਚੁੱਕੀਆਂ ਹਨ। ਇਹ ਸਾਰਾ ਕੁਝ ਗੰਭੀਰ ਖ਼ਤਰਾ ਖੜ੍ਹਾ ਕਰਦਾ ਹੈ ਜਿਸ ਦੀ ਮੁਖ਼ਾਲਫ਼ਤ ਰਾਮਦੇਵ ਨੂੰ ਸੁਝ ਹੀ ਨਹੀਂ ਰਹੀ।

ਰਾਜਸੀ ਅਰਥ-ਸ਼ਾਸਤਰ ਦੇ ਮਾਹਿਰ ਜਾਣਦੇ ਹਨ ਕਿ ਆਰਥਿਕ ਖੇਤਰ ਅਜਿਹੀ ਨੀਂਹ ਹੁੰਦਾ ਹੈ ਜਿਸ ਉਪਰ ਸਿਆਸੀ, ਕਾਨੂੰਨੀ, ਸੰਵਿਧਾਨਕ, ਅਦਾਲਤੀ, ਸਭਿਆਚਾਰਕ ਢਾਂਚੇ ਦੇ ਕੰਧਾਂ, ਦਰਵਾਜ਼ੇ, ਤਾਕੀਆਂ ਆਦਿ ਖੜ੍ਹੇ ਹੁੰਦੇ ਹਨ। ਆਰਥਿਕ ਗੁਲਾਮੀ, ਸਿਆਸੀ ਗੁਲਾਮੀ ਤੋਂ ਬਿਨਾਂ ਨਹੀਂ ਟਿਕ ਸਕਦੀ ਅਤੇ ਸਿਆਸੀ ਗੁਲਾਮੀ (ਸਿੱਧੀ ਜਾਂ ਅਸਿੱਧੀ) ਆਰਥਿਕ ਗੁਲਾਮੀ (ਸਿੱਧੀ ਜਾਂ ਅਸਿੱਧੀ) ਤੋਂ ਬਿਨਾਂ ਹੋਂਦ ਵਿਚ ਨਹੀਂ ਆਉਂਦੀ। ਸਿੱਧੀ ਜਾਂ ਅਸਿੱਧੀ ਸਿਆਸੀ ਗੁਲਾਮੀ ਜਾਂ ਅੱਧ ਗੁਲਾਮੀ ਜਾਂ ਸਥਾਈ ਨਿਰਭਰਤਾ ਬਾਰੇ ਚੁੱਪ ਰਹਿ ਕੇ ਬਾਬਾ ਰਾਮਦੇਵ ਦਾ ਆਰਥਿਕ ਕੌਮਵਾਦ ਤੇ ਆਰਥਿਕ ਦੇਸ਼ਭਗਤੀ ਭਰਮਾਊ ਤੇ ਖੋਖਲਾ ਨਾਅਰਾ ਹੀ ਰਹਿ ਜਾਂਦੇ ਹਨ। ਅੱਜ ਕੌਮਾਂਤਰੀ ਪ੍ਰਸੰਗ ਵਿਚ ਸਾਮਰਾਜ ਦੀ ਖੁੱਲ੍ਹੀ ਮੁਖ਼ਾਲਫ਼ਤ ਤੋਂ ਬਗੈਰ ਕੋਈ ਕੌਮਪ੍ਰਸਤੀ ਕਲਪੀ ਨਹੀਂ ਜਾ ਸਕਦੀ। ਇਹੀ ਕਾਰਨ ਹੈ ਕਿ ਨਵ-ਬਸਤੀਵਾਦ ਦੇ ਦੌਰ ਵਿਚ, ਸਾਰਾ ਆਰਥਿਕ ਤੇ ਰਾਜਸੀ-ਤੰਤਰ ਇਸ ਦੇ ਮੱਕੜ ਜਾਲ ਵਿਚ ਛਟਪਟਾਉਂਦਾ ਰਹਿੰਦਾ ਹੈ ਅਤੇ ਸਾਰੀਆਂ ਸਿਆਸੀ ਪਾਰਟੀਆਂ ਇਕੋ ਗਾਡੀ ਰਾਹ ਦੀਆਂ ਰਾਹੀ ਸਾਬਤ ਹੋ ਜਾਂਦੀਆਂ ਹਨ।

# ਸਿੱਖਾਂ ਦੀ ਵੱਖਰੀ ਪਛਾਣ ਦੇ ਮੁੱਦੇ ਤੋਂ ਅਕਾਲੀ ਪਿੱਛੇ ਕਿਉਂ ਹਟੇ?

ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਰਮਨਾਕ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਯੂ-ਟਰਨ ਲੈਂਦਿਆਂ ਸੰਵਿਧਾਨ ਦੀ ਧਾਰਾ 25 ਬੀ ਰੱਦ ਕਰਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ। ਖੈਰ, ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਲਈ ਮੁੜ ਪੰਥਕ ਏਜੰਡਾ ਅਪਣਾਇਆ ਹੈ, ਕਿਉਂਕਿ 2017 ਦੀਆਂ ਵਿਧਾਨ

**ਕੇ. ਐਸ. ਚਾਵਲਾ**
**ਫੋਨ: 91-99886-44244**

ਸਭਾ ਚੋਣਾਂ ਵਿਚ ਸਿੱਖਾਂ ਦੀ ਨਾਰਾਜ਼ਗੀ ਕਾਰਨ ਹੀ ਅਕਾਲੀ ਦਲ ਨੂੰ ਵਿਰੋਧੀ ਧਿਰ ਵਿਚ ਬਣੇ ਰਹਿਣ ਜੋਗੀਆਂ ਸੀਟਾਂ ਵੀ ਨਹੀਂ ਮਿਲੀਆਂ।

1997 ਤੋਂ 2017 ਦਰਮਿਆਨ 2002-2007 ਤਕ ਕੈਪਟਨ ਅਮਰਿੰਦਰ ਸਿੰਘ ਦੇ ਕਾਰਜ ਕਾਲ ਨੂੰ ਛੱਡ ਕੇ ਅਕਾਲੀ ਦਲ ਨੇ ਪੰਜਾਬ 'ਤੇ 15 ਸਾਲ ਰਾਜ ਕੀਤਾ ਹੈ। ਇਸ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪ੍ਰਕਾਸ਼ ਸਿੰਘ ਬਾਦਲ ਤੋਂ ਵੱਖ ਹੋ ਕੇ ਆਪਣੀ ਪਾਰਟੀ 'ਸਰਬ ਹਿੰਦ ਅਕਾਲੀ ਦਲ' ਬਣਾ ਲਈ ਅਤੇ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ 'ਤੇ ਬਾਦਲ ਧੜੇ ਖ਼ਿਲਾਫ਼ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ 2002 ਦੀ ਚੋਣ ਹਾਰ ਗਿਆ; ਹਾਲਾਂਕਿ ਸਰਬ ਹਿੰਦ ਦਲ ਦਾ ਖਾਤਾ ਵੀ ਨਹੀਂ ਸੀ ਖੁੱਲ੍ਹਿਆ, ਪਰ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ 'ਬੇੜੀ ਵਿਚ ਵੱਟੇ' ਜ਼ਰੂਰ ਪਾ ਦਿੱਤੇ ਸਨ।

ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਆਪਣੀ ਭਾਈਵਾਲ ਪਾਰਟੀ ਭਾਜਪਾ ਨਾਲ ਰਲ ਕੇ 1997 ਦੌਰਾਨ ਪੰਜਾਬ ਵਿਚ ਆਪਣੀ ਸਰਕਾਰ ਬਣਾ ਲਈ ਸੀ, ਪਰ ਸਿੱਖਾਂ ਦਾ ਬਾਦਲ ਨਾਲ ਵਖਰੇਵਾਂ ਉਦੋਂ ਹੀ ਸ਼ੁਰੂ ਹੋਇਆ। ਫਰਵਰੀ 1996 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਮੋਗਾ ਵਿਚ ਕਾਨਫਰੰਸ ਕੀਤੀ ਅਤੇ ਇਸ ਨੂੰ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦਾ ਨਾਅਰਾ ਦਿੱਤਾ। ਦੂਜੇ ਪਾਸੇ ਅਕਾਲੀ ਦਲ ਵੱਲੋਂ ਹਿੰਦੂਆਂ ਤੇ ਮੁਸਲਮਾਨਾਂ ਲਈ ਪਾਰਟੀ ਦੀ ਮੈਂਬਰਸ਼ਿਪ ਖੋਲ੍ਹ ਦਿੱਤੀ ਗਈ। ਸਾਕਾ ਨੀਲਾ ਤਾਰਾ ਤੋਂ ਬਾਅਦ ਭਾਜਪਾ ਨੇ ਮਿੱਤਰਤਾ ਲਈ ਅਕਾਲੀ ਦਲ ਵੱਲ ਹੱਥ ਵਧਾਇਆ ਸੀ।

ਪੰਜਾਬ ਵਿਚ ਅਤਿਵਾਦ ਦੇ ਦੌਰ ਮਗਰੋਂ ਪ੍ਰਕਾਸ਼ ਸਿੰਘ ਬਾਦਲ ਸੂਬੇ ਵਿਚ ਸੰਪਰਦਾਇਕਤਾ ਵਾਲਾ ਮਾਹੌਲ ਸਿਰਜ ਕੇ ਭਾਜਪਾ ਨਾਲ ਗੱਠਜੋੜ ਕਰਨ ਦੇ ਇਛੁਕ ਸਨ। ਬਾਦਲ ਟਕਸਾਲੀ ਆਗੂਆਂ ਜਥੇਦਾਰ ਟੌਹੜਾ ਅਤੇ ਜਗਦੇਵ ਸਿੰਘ ਤਲਵੰਡੀ ਤੋਂ 'ਕਿਨਾਰਾ' ਕਰਨਾ ਚਾਹੁੰਦੇ ਸਨ। 2007 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਉਪਰੋਥਲੀ ਦੋ ਵਿਧਾਨ ਸਭਾ ਚੋਣਾਂ ਜਿੱਤਿਆ ਅਤੇ ਸੁਖਬੀਰ ਸਿੰਘ ਬਾਦਲ ਨੇ ਬਤੌਰ ਪਾਰਟੀ ਪ੍ਰਧਾਨ ਐਲਾਨ ਕੀਤਾ ਕਿ ਅਕਾਲੀ ਦਲ ਸੂਬੇ ਵਿਚ 25 ਸਾਲ ਰਾਜ ਕਰੇਗਾ; ਪਰ ਅਕਾਲੀ ਧਾਰਾ 25 ਬੀ ਨੂੰ ਭੁਲ ਗਏ। 2012 ਵਿਚ ਸੁਖਬੀਰ ਸਿੰਘ ਬਾਦਲ ਨੇ ਵੱਡੀ ਗਿਣਤੀ ਹਿੰਦੂ ਉਮੀਦਵਾਰਾਂ ਨੂੰ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦਿੱਤੀਆਂ। ਜਥੇਦਾਰ ਟੌਹੜਾ ਦੀ ਮੌਤ ਮਗਰੋਂ ਬਾਦਲ ਪਿਉ-ਪੁੱਤ ਅਕਾਲੀ ਦਲ ਵਿਚ ਨਿਰਵਿਰੋਧ ਆਗੂਆਂ ਵਜੋਂ ਉਭਰੇ।

2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੇ ਹੱਕ ਵਿਚ ਪ੍ਰਚਾਰ ਦੀ ਹਨੇਰੀ ਝੁੱਲ ਗਈ ਸੀ, ਪਰ 'ਆਪ' ਲੀਡਰਸ਼ਿਪ ਦੀਆਂ 'ਆਪਹੁਦਰੀਆਂ' ਕਾਰਨ ਸੱਤਾ ਕਾਂਗਰਸ ਦੇ ਹੱਥ ਆ ਗਈ। ਇਨ੍ਹਾਂ ਚੋਣ ਨਤੀਜਿਆਂ ਨੇ ਅਕਾਲੀ ਦਲ ਦੇ ਪੰਜਾਬ 'ਤੇ 25 ਸਾਲ ਰਾਜ ਕਰਨ ਦੇ ਸੁਪਨਿਆਂ ਨੂੰ ਮਿੱਟੀ ਵਿਚ ਮਧੋਲ ਦਿੱਤਾ।

ਪੰਜਾਬ ਦੀ ਸਿਆਸਤ ਵਿਚ ਇਕ ਵਾਰ ਫਿਰ ਨਵਾਂ ਮੋੜ ਆਇਆ, ਜਦੋਂ ਅਕਾਲੀ ਦਲ ਨੇ ਗ਼ੈਰ-ਸਿੱਖਾਂ ਲਈ ਪਾਰਟੀ ਦੀ ਮੈਂਬਰਸ਼ਿਪ ਖੋਲ੍ਹੀ। ਇਸ ਸਬੰਧੀ ਬਲਵੰਤ ਸਿੰਘ ਖਹਿਰਾ ਵੱਲੋਂ ਭਾਰਤੀ ਚੋਣ ਕਮਿਸ਼ਨ ਕੋਲ ਪਟੀਸ਼ਨ ਦਾਇਰ ਕੀਤੀ ਗਈ ਸੀ ਕਿ ਅਕਾਲੀ ਦਲ ਧਰਮ ਨਿਰਪੱਖ ਪਾਰਟੀ ਨਹੀਂ ਹੈ। ਅਕਾਲੀ ਦਲ ਨੇ 2000 ਵਿਚ ਐਨ.ਡੀ.ਏ. ਸਰਕਾਰ ਵੱਲੋਂ ਬਣਾਏ ਗਏ ਵੈਂਕੇਟ ਚਲੱਈਆ ਕਮਿਸ਼ਨ ਕੋਲ ਸਿੱਖਾਂ ਦੀ 'ਵੱਖਰੀ ਪਛਾਣ' ਲਈ ਪਟੀਸ਼ਨ ਦਾਇਰ ਕੀਤੀ ਸੀ। ਕਮਿਸ਼ਨ ਨੇ ਅਕਾਲੀ ਦਲ ਦੀ ਗੱਲ ਸਵੀਕਾਰ ਕਰ ਲਈ ਸੀ ਅਤੇ ਸਿੱਖਾਂ ਨੂੰ 'ਵੱਖਰੀ ਪਛਾਣ' ਐਲਾਨਣ ਲਈ ਸਹਿਮਤੀ ਦਿੱਤੀ ਸੀ। ਹੈਰਾਨੀ ਦੀ ਗੱਲ ਹੈ ਕਿ ਅਕਾਲੀ ਦਲ ਨੇ ਪਿਛਲੇ ਕਰੀਬ ਤਿੰਨ ਦਹਾਕੇ ਤੋਂ ਵੱਧ ਵਕਫ਼ੇ ਤੋਂ ਇਹ ਮੁੱਦਾ ਉਭਾਰਨ ਦੀ ਲੋੜ ਨਹੀਂ ਸਮਝੀ। ਹੁਣ ਜਦੋਂ 2017 ਦੀਆਂ ਚੋਣਾਂ ਹਾਰਨ ਨਾਲ 'ਠੋਕਰ' ਲੱਗੀ ਤਾਂ ਸਿੱਖਾਂ ਦੀ 'ਵੱਖਰੀ ਪਛਾਣ' ਦਾ ਚੇਤਾ ਆ ਗਿਆ। ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਸਥਿਤ ਧਰਮ ਯੁੱਧ ਮੋਰਚੇ ਦੌਰਾਨ ਪਾਰਟੀ ਦੇ ਪ੍ਰਧਾਨ ਹੁੰਦਿਆਂ ਧਾਰਾ 25-ਬੀ ਦੀਆਂ ਕਾਪੀਆਂ ਸਾੜੀਆਂ ਸਨ, ਜਿਸ ਦੀ ਅਟਲ ਬਿਹਾਰੀ ਵਾਜਪਾਈ ਸਮੇਤ ਸਾਰੀਆਂ ਧਿਰਾਂ ਨੇ ਨਿਖੇਧੀ ਕੀਤੀ ਸੀ।

ਸਾਲ 2014 ਦੌਰਾਨ ਕੇਂਦਰ ਵਿਚ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੱਤਾ ਵਿਚ ਆਈ ਐਨ.ਡੀ.ਏ. ਸਰਕਾਰ ਤੋਂ ਬਾਅਦ ਆਰ.ਐਸ.ਐਸ. ਨੇ ਪੰਜਾਬ ਵਿਚ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ ਅਤੇ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਿਆ ਸੀ, ਪਰ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਦੀ ਹਾਰ ਤੋਂ ਬਾਅਦ ਆਰ.ਐਸ.ਐਸ. ਨੇ ਆਪਣਾ ਪੈਂਤੜਾ ਬਦਲ ਲਿਆ ਅਤੇ ਸਿੱਖਾਂ ਦੀ ਵੱਖਰੀ ਪਛਾਣ ਦਾ ਰਾਗ ਅਲਾਪਿਆ।

ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਉਹ ਸਿੱਖਾਂ ਦੀ 'ਵੱਖਰੀ ਪਛਾਣ' ਬਾਰੇ ਸੰਸਦ ਵਿਚ ਬਿੱਲ ਲੈ ਕੇ ਆਉਣਗੇ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਸਿੱਖ ਸੰਸਦ ਮੈਂਬਰਾਂ ਦਾ ਵਫ਼ਦ ਕੇਂਦਰੀ ਮੰਤਰੀ ਅਰੁਣ ਜੇਤਲੀ ਅਤੇ ਰਵੀ ਸ਼ੰਕਰ ਪ੍ਰਸਾਦ ਨੂੰ ਵੀ ਮਿਲ ਚੁੱਕਿਆ ਹੈ। ਉਧਰ, ਆਰ.ਐਸ.ਐਸ. ਦੀ ਮਾਨਤਾ ਵਾਲੀ ਰਾਸ਼ਟਰੀ ਸਿੱਖ ਸੰਗਤ ਨੇ ਅਕਾਲੀ ਦਲ ਵੱਲੋਂ ਇਹ ਮੁੱਦਾ ਚੁੱਕਣ ਦੀ ਆਲੋਚਨਾ ਕੀਤੀ ਕਿ ਇਹ ਤਾਂ ਪਹਿਲਾਂ ਹੀ ਸਪਸ਼ਟ ਹੋ ਚੁੱਕਿਆ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ ਹੈ।

ਅਕਾਲੀ ਦਲ ਦੇ ਵੱਖਰੇ ਧੜੇ ਨੇ ਸਿੱਖ ਕੌਮ ਦੇ ਵੱਖਰੇ ਰਾਜ ਦਾ ਮੁੱਦਾ ਉਭਾਰਿਆ ਹੈ। ਇਸ ਸਬੰਧੀ ਅਕਾਲ ਤਖ਼ਤ ਵੱਲੋਂ 1994 ਵਿਚ ਵੱਖ ਵੱਖ ਗਰੁੱਪਾਂ ਦੇ ਸਿੱਖ ਆਗੂਆਂ ਨੂੰ ਤਲਬ ਕਰ ਕੇ ਸਿੱਖਾਂ ਦੇ ਵੱਖਰੇ ਰਾਜ ਦੇ ਮੁੱਦੇ 'ਤੇ ਗੱਲਬਾਤ ਕੀਤੀ ਗਈ ਸੀ। ਫਿਰ ਚਾਰ ਰੋਜ਼ਾ ਸੰਮੇਲਨ ਤੋਂ ਬਾਅਦ ਅੰਮ੍ਰਿਤਸਰ ਐਲਾਨਨਾਮਾ ਹੋਂਦ ਵਿਚ ਆਇਆ। ਇਸ ਵਿਚ ਸੰਘੀ ਸੰਵਿਧਾਨ ਦੀ ਮੰਗ ਕੀਤੀ ਗਈ। ਇਸ ਐਲਾਨਨਾਮੇ ਦੀ ਪੈਰਵਾਈ ਇਕੱਲੇ ਸਿਮਰਨਜੀਤ ਸਿੰਘ ਮਾਨ ਨੇ ਕੀਤੀ। ਪ੍ਰਕਾਸ਼ ਸਿੰਘ ਬਾਦਲ ਨੇ ਇਸ ਸੰਮੇਲਨ ਵਿਚ ਸ਼ਿਰਕਤ ਨਹੀਂ ਕੀਤੀ ਸੀ। ਸਿੱਖਾਂ ਦੀ ਵੱਖਰੀ ਪਛਾਣ ਦਾ ਪੈਂਤੜਾ ਅਕਾਲੀ ਦਲ ਵੱਲੋਂ ਪਾਰਟੀ ਦੇ ਲਾਹੇ ਲਈ ਖੇਡਿਆ ਗਿਆ ਹੈ, ਪਰ ਇਹ ਤਾਂ ਸਮਾਂ ਹੀ ਦੱਸੇਗਾ ਕਿ ਬਲਾਤਕਾਰ ਦੇ ਦੋਸ਼ੀ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੋਂ ਵੋਟਾਂ ਮੰਗਣ ਵਾਲੇ ਅਕਾਲੀਆਂ ਨੂੰ ਲੋਕ ਮੂੰਹ ਲਾਉਣਗੇ ਜਾਂ ਨਹੀਂ?

# ਮਨਜੀਤ ਸਿੰਘ ਕਲਕੱਤਾ ਨੂੰ ਯਾਦ ਕਰਦਿਆਂ

ਸ਼ਰਧਾਂਜਲੀ

ਸ. ਮਨਜੀਤ ਸਿੰਘ ਕਲਕੱਤਾ ਵਡਾ ਬੰਦਾ ਅਤੇ ਸਥਾਪਤ ਸ਼ਖ਼ਸੀਅਤ ਹੋਣ ਦੇ ਨਾਲ ਨਾਲ ਹਲੀਮ, ਨਿੱਘੀ ਤੇ ਮਦਦਗਾਰ ਮਾਨਸਿਕਤਾ ਦਾ ਮਾਲਕ ਸੀ। ਉਸ ਦੇ ਸਾਰੇ ਗੁਣਾਂ ਦੀਆਂ ਪੈੜਾਂ ਗੁਰਮਤਿ ਵਚਨਬੱਧਤਾ ਵੱਲ ਜਾਂਦੀਆਂ ਹਨ। ਬੇਸ਼ੱਕ ਉਸ ਦੀ ਸਿੱਖੀ ਵਿਚ ਸਿਆਸਤ ਅਤੇ ਸਿਆਸਤ ਵਿਚ ਸਿੱਖੀ ਰਲ ਕੇ ਤੁਰਦੀਆਂ ਰਹੀਆਂ ਸਨ, ਪਰ ਉਸ ਦੀ ਗੈਰਹਾਜ਼ਰੀ ਵਿਚ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਮਾਸਟਰ ਤਾਰਾ ਸਿੰਘ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਜੋ ਪੰਥਕ ਨਹੀਂ, ਉਹ ਉਸ ਦੀ ਸਿਆਸਤ ਨਹੀਂ ਸੀ। ਉਹ ਪੰਜਾਬੀਆਂ ਦੇ ਅਕਾਲੀ ਦਲ ਵਿਚ ਭਾਰਤੀ ਅਕਾਲੀ ਵਾਂਗ ਵਿਚਰਦਾ ਰਿਹਾ ਸੀ। ਅਕਾਲੀਆਂ ਦੇ ਪੇਂਡੂ ਸੁਭਾ ਵਿਚ ਸ਼ਹਿਰੀ ਰੰਗ ਦਾ ਉਹ ਪ੍ਰਤੀਨਿਧ ਹੋ ਗਿਆ ਸੀ। ਰੱਜ ਕੇ ਜਿਊਣ ਦਾ ਮੁੱਦਈ ਕਲਕੱਤਾ, ਚੰਗਾ ਖਾਣ ਤੇ ਚੰਗਾ ਪਹਿਨਣ ਵਾਂਗ ਹੀ ਜ਼ਿੰਦਗੀ ਦੇ ਸਾਰੇ ਰੰਗਾਂ ਵਿਚ ਰਾਜ਼ੀ ਰਹਿੰਦਾ ਸੀ ਅਤੇ ਜਿਊਣ ਤੇ ਹੰਢਾਉਣ ਉਸ ਦੇ ਵਿਹਾਰ ਵਿਚ ਇਕੱਠੇ ਤੁਰਦੇ ਰਹੇ ਸਨ।

ਉਸ ਦੇ ਭਰੇ ਭਕੁੰਨੇ ਜੀਵਨ ਦਾ ਸਾਰ ਤੱਤ ਮੇਰੇ ਨਜ਼ਦੀਕ ਕਲਕੱਤਾ ਤੋਂ ਅੰਮ੍ਰਿਤਸਰ ਬਰਾਸਤਾ ਦਿੱਲੀ ਹੈ। ਇਸ 80 ਸਾਲਾ ਸਫਰ ਵਿਚ ਉਸ ਨੇ ਬਹੁਪਰਤੀ ਮੰਜ਼ਲਾਂ ਤੈਅ ਕੀਤੀਆਂ ਕਿਉਂਕਿ ਕਲਕੱਤਿਓਂ ਨਾ ਨਿਕਲਦਾ ਤਾਂ ਉਸ ਨੇ ਬਾਵਜੂਦ ਵਕਾਲਤ ਕਰ ਲੈਣ ਦੇ, ਸਫਲ ਬਿਉਪਾਰੀ ਹੋਣਾ ਸੀ। ਦਿੱਲੀ ਨੇ ਉਸ ਨੂੰ ਸਿਆਸੀ ਸਪੇਸ ਮੁਹੱਈਆ ਕੀਤੀ ਅਤੇ ਉਹ ਜਿਨ੍ਹਾਂ ਦੇ ਮਗਰ ਲੱਗ ਕੇ ਤੁਰਿਆ ਸੀ, ਉਨ੍ਹਾਂ ਨੂੰ ਪਿੱਛੇ ਛੱਡ ਕੇ ਸਿੱਖ ਸਿਆਸਤ ਨੂੰ ਆਪਣੀ ਹੋਣੀ ਬਣਾ ਲਿਆ ਸੀ। ਮਿਲਦਾ ਬੇਸ਼ੱਕ ਮਸਤਕ ਮੁਤਾਬਕ ਹੀ ਹੈ, ਪਰ ਸ. ਕਲਕੱਤਾ ਦੇ ਹਵਾਲੇ ਨਾਲ ਇਹ ਸੱਚ ਵੀ ਸਾਹਮਣੇ ਆ ਗਿਆ ਹੈ ਕਿ ਵਚਨਬੱਧ ਮਿਹਨਤ ਵੀ ਐਵੇਂ ਨਹੀਂ ਜਾਂਦੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਗੁਣਾਂ ਦਾ ਗਾਹਕ ਸੀ ਅਤੇ ਕਲਕੱਤਾ ਪਾਰਖੂਆਂ ਲਈ ਖਰਾ ਸੋਨਾ ਸੀ। ਸੋ ਟੌਹੜਾ-ਕਲਕੱਤਾ ਸਾਂਝ ਖੂਬ ਨਿਭੀ ਸੀ। ਸਿੱਖ ਸਿਆਸਤ ਵਿਚ ਕਲਕੱਤਾ ਨੂੰ ਮਾਸਟਰ ਤਾਰਾ ਸਿੰਘ ਅਤੇ ਗੁਰਚਰਨ ਸਿੰਘ ਟੌਹੜਾ ਵਿਚਕਾਰ ਪੁਲ ਵੀ ਕਿਹਾ ਜਾ ਸਕਦਾ ਹੈ। ਸਿੱਖ ਸਿਆਸਤ ਦੀ ਇਹ ਲੋੜ ਜਿੰਨੀ ਪਹਿਲਾਂ ਸੀ, ਉਸ ਨਾਲੋਂ ਵੱਧ ਇਸ ਵੇਲੇ ਵੀ ਹੈ। ਸ. ਮਨਜੀਤ ਸਿੰਘ ਕਲਕੱਤਾ ਦੇ ਵਿਛੋੜੇ ਨਾਲ ਇਹ ਪੁਲ ਜੇ ਕਰੀਬ ਟੁੱਟਿਆ ਨਹੀਂ ਤਾਂ ਜਰਜਰਾ ਜ਼ਰੂਰ ਹੋ ਗਿਆ ਹੈ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਇਸ ਦੀ ਵਰਤੋਂ ਹੀ ਨਹੀਂ ਹੋ ਰਹੀ। ਸ. ਕਲਕੱਤਾ ਦੇ ਜਿਉਂਦਿਆਂ ਇਹ ਆਸ ਬਣੀ ਰਹਿੰਦੀ ਸੀ ਕਿ ਸੋਚ ਦੇ ਵਖਰੇਵਿਆਂ ਨੂੰ ਇਕੱਠਿਆਂ ਬੈਠਾ ਸਕਣ ਵਾਲਾ ਪਲੇਟਫਾਰਮ ਕਾਇਮ ਹੈ। ਉਹ ਨਹੀਂ ਰਿਹਾ ਤਾਂ ਇਹ ਘਾਟ ਰੜਕਣ ਦੀ ਸੰਭਾਵਨਾ ਪੈਦਾ ਹੋ ਗਈ ਹੈ।

ਉਸ ਕੋਲ ਸੁਤੰਤਰ ਭਾਰਤ ਵਿਚ ਸਿੱਖੀ ਨਾਲ ਸਬੰਧਤ ਸੂਚਨਾ ਦੇ ਦੁਰਲੱਭ ਭੰਡਾਰ ਸਨ ਕਿਉਂਕਿ ਉਸ ਨੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੇ ਕਾਲ ਨੂੰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਰਾਹੀਂ ਸੁਣਿਆ, ਸਮਝਿਆ ਅਤੇ ਹੰਢਾਇਆ ਹੋਇਆ ਸੀ। ਸੰਤ ਫਤਿਹ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਦੌਰ ਵੀ ਉਸ ਦੀਆਂ ਧਾਰਨਾਵਾਂ ਨੂੰ ਵਿਉਂਤਣ ਵਿਚ ਮਦਦ ਕਰਦਾ ਰਿਹਾ ਸੀ। ਪਿਛਲੇ ਇਕ ਸਾਲ ਤੋਂ ਉਹ ਮਿਲਣ-ਗਿਲਣ ਵਾਲਿਆਂ ਨੂੰ ਬਹੁਤ ਕੁਝ ਦੱਸਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ। ਮੈਨੂੰ ਅਫਸੋਸ ਰਹਿਣਾ ਹੈ ਕਿ ਇਹੋ ਜਿਹੀ ਮੈਂ ਇਕ ਹੀ ਸ਼ਾਮ ਉਸ ਨਾਲ ਗੁਜ਼ਾਰ ਸਕਿਆ ਸੀ ਅਤੇ ਉਸ ਦੇ ਚੇਤਿਆਂ ਵਿਚੋਂ ਡੁਲ੍ਹ ਡੁਲ੍ਹ ਪੈਂਦੇ ਵੇਰਵਿਆਂ ਨੂੰ ਨਾ ਸੰਭਾਲਣ ਦਾ ਹੇਰਵਾ ਉਸ ਦੇ ਵਿਛੋੜੇ ਨਾਲ ਪ੍ਰਚੰਡ ਹੋ ਗਿਆ ਹੈ। ਜੋ ਕੀਮਤੀ ਸੂਚਨਾ ਉਸ ਦੇ ਚੇਤੇ 'ਚ ਬਿਲਕੁਲ ਸੱਜਰੀ ਪਈ ਸੀ, ਉਹਨੂੰ ਮਿਲਣ ਗਿਲਣ ਵਾਲਿਆਂ ਦੇ ਸਹਿਯੋਗ ਨਾਲ ਸੰਭਾਲਣ ਦੇ ਯਤਨ ਹੋਣੇ ਚਾਹੀਦੇ ਹਨ।

ਧਰਮ ਵਿਚ ਅਧਿਆਤਮਕਤਾ ਦੇ ਬਹਾਨੇ ਉਲਾਰ ਅਕੀਦਿਆਂ ਦੀ ਸਿਆਸਤ ਦੇ ਬੋਲਬਾਲੇ ਨੇ ਪੱਕਾ ਹੋਣ ਅਤੇ ਕੱਟੜ ਹੋਣ ਦਾ ਫਰਕ ਮਿਟਾ ਦਿੱਤਾ ਹੈ। ਕੱਟੜਵਾਦ ਨੇ ਦੇਸ਼ ਭਗਤੀ ਵਰਗੇ ਸੂਖਮ ਸਰੋਕਾਰਾਂ ਨੂੰ ਵੀ ਗੰਧਲਾ ਕਰਨਾ ਸ਼ੁਰੂ ਕਰ ਦਿੱਤਾ ਹੈ। ਕੱਟੜਵਾਦ ਸਾਹਮਣੇ ਤਾਂ ਗੁੰਡਾਗਰਦੀ ਵੀ ਸ਼ਰਮਸਾਰ ਹੋਣ ਲੱਗ ਪਈ ਹੈ। ਇਹੋ ਜਿਹੇ ਹਾਲਾਤ ਵਿਚ ਪੰਥਕਤਾ ਅਤੇ ਸਿੱਖੀ ਵਾਸਤੇ ਇਕੱਠਿਆਂ ਨਿਭਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਹੋ ਜਿਹੇ ਪ੍ਰਸ਼ਨਾਂ ਦੇ ਸ. ਕਲਕੱਤਾ ਸਦਾ ਸਨਮੁਖ ਰਹਿੰਦੇ ਸਨ। ਇਸੇ ਕਰਕੇ ਉਨ੍ਹਾਂ ਨੇ ਆਪਣੀ ਸਿੱਖ ਵਚਨਬੱਧਤਾ ਨੂੰ ਗੁਰਮਤਿ ਵਾਸਤੇ ਵਰਤਣ ਵਿਚ ਕੋਈ ਕਸਰ ਨਹੀਂ ਛੱਡੀ ਸੀ। ਇਸ



ਦ੍ਰਿਸ਼ਟੀ ਤੋਂ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਵਾਸਤੇ ਨਿਭਾਈ ਗਈ ਭੂਮਿਕਾ ਨੂੰ ਲੋੜੀਂਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ। ਪੰਜਾਬ ਵਿਚ ਫੈਲੇ ਬਹੁਪੱਖੀ ਆਤੰਕ ਨੇ ਜਿਸ ਤਰ੍ਹਾਂ ਸਿੱਖ ਸੰਸਥਾਵਾਂ ਨੂੰ ਲੀਹੋਂ ਲਾਹ ਦਿੱਤਾ ਸੀ, ਉਸ ਨਾਲ ਸ਼੍ਰੋਮਣੀ ਕਮੇਟੀ ਹਰ ਤਰ੍ਹਾਂ ਦੇ ਸੰਕਟ ਵੱਲ ਧੱਕੀ ਗਈ ਸੀ। ਇਹੋ ਜਿਹੇ ਹਾਲਾਤ ਨਾਲ ਨਿਪਟਣ ਦੀ ਜਿੰਮੇਵਾਰੀ ਸ. ਕਲਕੱਤਾ ਨੇ ਸੂਰਮਿਆਂ ਵਾਂਗ ਪ੍ਰਵਾਨ ਕਰ ਲਈ ਸੀ। ਇਸ ਤਰ੍ਹਾਂ ਗੁਆਚੇ ਹੋਏ ਸੰਤੁਲਨ ਨੂੰ ਸੰਭਾਲਣਾ ਬੇਸ਼ੱਕ ਸੌਖਾ ਨਹੀਂ ਹੁੰਦਾ ਕਿਉਂਕਿ ਮਦਦ ਬੇਗਾਨਿਆਂ ਤੋਂ ਲੈਣੀ ਹੁੰਦੀ ਹੈ ਅਤੇ ਵਿਰੋਧ ਆਪਣਿਆਂ ਦਾ ਝੱਲਣਾ ਪੈਂਦਾ ਹੈ। ਇਸ ਵੇਲੇ ਸ. ਕਲਕੱਤਾ ਦੀ ਸਿੱਖ-ਸਾਖ ਬਹੁਤ ਕੰਮ ਆਈ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸ਼੍ਰੋਮਣੀ ਕਮੇਟੀ ਨੂੰ ਉਲਾਰ ਅਤੇ ਅਗਿਆਨੀ ਵਰਤਾਰਿਆਂ ਤੋਂ ਬਚਾਏ ਬਿਨਾ ਸਿੱਖ ਸੰਸਥਾਵਾਂ ਨੂੰ ਨਹੀਂ ਬਚਾਇਆ ਜਾ ਸਕਦਾ। ਇਸ ਵਾਸਤੇ ਜੋ ਸੰਭਵ ਸੀ, ਉਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਗਈ ਸੀ।

ਵਿਸ਼ਵ ਸਿੱਖ ਸੰਮੇਲਨ ਅੰਮ੍ਰਿਤਸਰ (1995) ਸ. ਕਲਕੱਤਾ ਦੀ ਬੌਧਿਕ ਅਤੇ ਪ੍ਰਬੰਧਕੀ ਮੁਹਾਰਤ ਦਾ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਦਾ ਕੋਈ ਪੈਸਾ ਖਰਚੇ ਬਿਨਾ ਇਸ ਨੂੰ ਸਿੱਖ ਲਹਿਰ ਬਣਾ ਦਿੱਤਾ ਗਿਆ ਸੀ। ਇਸ ਨਾਲ ਪ੍ਰਾਪਤ ਹੋਈਆਂ ਸਿਆਸੀ ਪ੍ਰਾਪਤੀਆਂ ਅਤੇ ਸਿਆਸੀ ਸ਼ਰੀਕੇਬਾਜ਼ੀਆਂ ਸਭ ਦੇ ਸਾਹਮਣੇ ਹਨ। ਯਤਨਾਂ ਨੂੰ ਜੇ ਪ੍ਰਾਪਤੀਆਂ ਦਾ ਘੁਣ ਲੱਗ ਜਾਵੇ ਤਾਂ ਨਤੀਜੇ ਠੀਕ ਨਹੀਂ ਨਿਕਲ ਸਕਦੇ। ਇਸੇ ਕਰਕੇ ਸਿੱਖ ਚੇਤਨਾ ਨੂੰ ਮਾਰੀ ਆਵਾਜ਼ ਪਿੱਛੇ ਰਹਿ ਗਈ ਸੀ। ਇਸ ਦਾ ਸਿੰਘ ਸਭਾਈ ਸੁਰ ਵਿਚ ਲੇਖਾ ਜੋਖਾ ਜੇ ਹੁੰਦਾ ਤਾਂ ਇਹ ਗੱਲ ਸਾਹਮਣੇ ਆ ਜਾਣੀ ਸੀ ਕਿ ਕੁਸ਼ਲਤਾ ਅਤੇ ਵਚਨਬੱਧਤਾ ਨੂੰ ਸਿਆਸਤ ਨੇ ਹਰਾ ਦਿੱਤਾ ਹੈ।

ਸ. ਕਲਕੱਤਾ ਦੀਆਂ ਪ੍ਰਾਪਤੀਆਂ ਦਾ ਆਲਮ ਇਹ ਸੀ ਕਿ ਉਹ ਇਕੋ ਸਮੇਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਪਟਨਾ ਸਾਹਿਬ ਕਮੇਟੀ ਦੇ ਪ੍ਰਬੰਧ ਨਾਲ ਸਫਲਤਾ ਸਹਿਤ ਇਕੱਲਿਆਂ ਹੀ ਨਿਭਦੇ ਰਹੇ। ਅਤਿ ਦੇ ਰੁਝੇਵਿਆਂ ਵਿਚ ਵੀ ਉਹ ਸਮਾਜਿਕ ਰਿਸ਼ਤਿਆਂ ਦਾ ਬਿਰਦ ਪਾਲਦੇ ਸਨ। ਉਹ ਆਪ ਸ਼ਾਕਾਹਾਰੀ ਸਨ, ਪਰ ਦੋਸਤਾਂ ਨੂੰ ਮੱਛੀ ਪਰੋਸਣ ਤੋਂ ਗੁਰੇਜ਼ ਨਹੀਂ ਸਨ ਕਰਦੇ। ਉਨ੍ਹਾਂ ਨੇ ਆਪਣੀਆਂ ਆਦਤਾਂ ਅਤੇ ਧਾਰਨਾਵਾਂ ਨਾਲ ਮਿੱਤਰ ਮੰਡਲੀਆਂ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਸੀ। ਉਹ ਪੱਕੇ ਰਹਿ ਕੇ ਕੱਚਿਆਂ ਨਾਲ ਨਿਭਦੇ ਰਹੇ ਅਤੇ ਲੋੜਵੰਦਾਂ ਦੀ ਮਦਦ ਬਿਨਾ ਵਿਤਕਰੇ ਤੋਂ ਕਰਦੇ ਰਹੇ। ਉਨ੍ਹਾਂ ਦੀ ਪ੍ਰਾਹੁਣਚਾਰੀ ਵੀ ਕਮਾਲ ਦੀ ਸੀ। ਉਹ ਹਰ ਹਾਲਾਤ ਨਾਲ ਨਿਭਣਾ ਜਾਣਦੇ ਸਨ ਅਤੇ ਸੰਵਾਦੀ ਸੰਭਾਵਨਾਵਾਂ ਦੇ ਮੌਕੇ ਹੱਥੋਂ ਨਹੀਂ ਸਨ ਜਾਣ ਦਿੰਦੇ। ਉਲਾਰ ਹਾਲਾਤ ਵਿਚ ਵੀ ਉਨ੍ਹਾਂ ਨੇ ਆਪਣੀ ਧੀ ਦੇ ਘਰ ਟੋਰਾਂਟੋ (ਕੈਨੇਡਾ) ਵਿਚ ਖਾਲਿਸਤਾਨੀਆਂ ਅਤੇ ਜਥੇਦਾਰ ਟੌਹੜਾ ਵਿਚਾਲੇ ਉਸ ਵੇਲੇ ਸੰਵਾਦ ਕਰਵਾਇਆ ਸੀ, ਜਦੋਂ ਇਸ ਪਾਸੇ ਕੋਈ ਸਾਹਸ ਹੀ ਨਹੀਂ ਸੀ ਕਰਦਾ। ਸਿੱਖ ਭਾਈਚਾਰੇ ਵਿਚ ਮੁਹੱਬਤੀ-ਸੰਵਾਦ ਦੇ ਉਹ ਮੁੱਦਈ ਸਨ ਅਤੇ ਇਸ ਵਾਸਤੇ ਜੋਖਮ ਉਠਾਉਣ ਤੋਂ ਨਹੀਂ ਸਨ ਕਤਰਾਉਂਦੇ।

ਸ. ਕਲਕੱਤਾ ਨਿਸੰਗ ਅਤੇ ਭਾਵਪੂਰਤ ਟਿੱਪਣੀਆਂ ਅਕਸਰ ਕਰਦੇ ਰਹਿੰਦੇ ਸਨ। ਸੰਤ ਸਮਾਜ ਨੂੰ ਜਦੋਂ ਉਨ੍ਹਾਂ ਨੇ ਸੰਤ ਯੂਨੀਅਨ ਕਿਹਾ ਸੀ ਤਾਂ ਸਾਰੇ ਹੱਕੇ ਬੱਕੇ ਰਹਿ ਗਏ ਸਨ। ਇਸ ਟਿੱਪਣੀ ਤੋਂ ਪਿੱਛੇ ਪਰਤਣ ਦੀ ਥਾਂ ਉਨ੍ਹਾਂ ਨੇ ਇਸ ਮਸਲੇ ਤੇ ਸੰਵਾਦ ਰਚਾਉਣ ਦੀ ਗੱਲ ਆਖੀ ਸੀ। ਸਾਰੀਆਂ ਖੂਬੀਆਂ ਦੇ ਬਾਵਜੂਦ ਉਨ੍ਹਾਂ ਨੂੰ ਸਿੱਖ ਸਿਆਸਤ ਦੀਆਂ ਮੀਸਣੀਆਂ ਪਰਤਾਂ ਨਾਲ ਨਿਭਣਾ ਨਹੀਂ ਸੀ ਆਇਆ। ਅਸਲ ਵਿਚ ਉਹ ਨਾ ਕਿਸੇ ਨੂੰ ਜੇਬ ਵਿਚ ਪਾ ਕੇ ਤੁਰਦੇ ਸਨ ਅਤੇ ਨਾ ਹੀ ਕਿਸੇ ਦੀ ਜੇਬ ਵਿਚ ਪੈ ਕੇ ਤੁਰਨਾ ਚਾਹੁੰਦੇ ਸਨ। ਉਨ੍ਹਾਂ ਦੇ ਸੁਭਾ ਵਿਚ ਬੇਭਰੋਸਗੀ ਲਈ ਕੋਈ ਥਾਂ ਨਹੀਂ ਸੀ ਅਤੇ ਸਿਆਸਤ ਦੇ ਹੱਥੋਂ ਉਹ ਇਸੇ ਗੁਣ ਕਰ ਕੇ ਹਾਰਦੇ ਰਹੇ। ਜਥੇਦਾਰ ਟੌਹੜਾ ਕਿਹਾ ਕਰਦੇ ਸਨ ਕਿ ਕਲਕੱਤੇ ਦੀ ਕਮਜ਼ੋਰੀ ਇਹ ਹੈ ਕਿ ਉਹ ਹਰ ਕਿਸੇ 'ਤੇ ਬਿਨਾ ਸੋਚੇ ਸਮਝੇ ਵਿਸ਼ਵਾਸ ਕਰ ਲੈਂਦਾ ਹੈ। ਇਸ ਦੇ ਬਾਵਜੂਦ ਉਸ ਨੂੰ ਵਰਤਣ ਦੀ ਮਨਸ਼ਾ ਨਾਲ ਨੇੜੇ ਆਉਣ ਵਾਲੇ ਉਸ ਤੋਂ ਅਕਸਰ ਘਬਰਾਏ ਰਹਿੰਦੇ ਸਨ। ਉਹ ਸਿੱਖ ਸੁਰ 'ਚ ਮਹਿਫਿਲਾਂ ਲਾਉਣ ਦਾ ਸਭਿਆਚਾਰ ਸਿਰਜਣਾ ਚਾਹੁੰਦੇ ਸਨ, ਪਰ ਉਸ ਤਰ੍ਹਾਂ ਸਫਲ ਨਾ ਹੋ ਸਕੇ ਜਿਸ ਤਰ੍ਹਾਂ ਹੋਣਾ ਚਾਹੁੰਦੇ ਸਨ।

ਸ. ਕਲਕੱਤਾ ਦੀ ਸਿੱਖ ਵਚਨਬੱਧਤਾ ਵਿਚ ਉਨ੍ਹਾਂ ਦੀ ਰੂਹ, ਦਿਮਾਗ ਅਤੇ ਸਰੀਰ ਇਕੱਠਾ ਤੁਰਨ ਦੀ ਕੋਸ਼ਿਸ਼ ਕਰਦੇ ਰਹੇ ਸਨ, ਪਰ ਉਨ੍ਹਾਂ ਦੇ ਸਮਕਾਲੀਆਂ ਵਲੋਂ ਸਿੱਖ ਸਿਆਸਤ ਕਰਦਿਆਂ ਇਹ ਤਿੰਨੇ ਅਕਸਰ ਤਣਾਓ ਵਿਚ ਰਹਿੰਦੇ ਸਨ। ਇਸੇ ਕਰਕੇ ਸਿਆਸਤ ਵਿਚ ਉਹ ਬਣਾਉਂਦੇ ਬਣਾਉਂਦੇ ਵਿਗਾੜ ਬਹਿੰਦੇ ਸਨ। ਉਹ ਵਿਰੋਧ ਨੂੰ ਦੁਸ਼ਮਣੀ ਨਹੀਂ ਸਮਝਦੇ ਸਨ ਅਤੇ ਵਿਰੋਧ ਨੂੰ ਦੁਸ਼ਮਣੀ ਸਮਝਣ ਵਾਲਿਆਂ ਦਾ ਸ਼ਿਕਾਰ ਹੋ ਜਾਂਦੇ ਸਨ। ਉਹ ਗੁਰੂ ਵਿਚ ਅਤੁੱਟ ਭਰੋਸੇ ਵਾਲੇ ਸਿੱਖ ਸਨ ਅਤੇ ਸਿੱਖੀ ਵਾਸਤੇ ਸੰਘਰਸ਼ ਕਰਦੇ ਕਰਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਸ ਨੂੰ ਅਲਵਿਦਾ ਕਹਿਣ ਵਾਸਤੇ ਮੀਰ ਤਕੀ ਮੀਰ ਦੇ ਬੋਲ ਯਾਦ ਆ ਰਹੇ ਹਨ:

ਸਿਰਹਾਣੇ ਮੀਰ ਕੇ ਜ਼ਰਾ ਅਹਿਸਤਾ ਬੋਲੋ
ਟੁਕ ਰੋਤੇ ਰੋਤੇ ਸੋ ਗਯਾ ਹੈ।

# ਪੱਤਰਕਾਰੀ ਦੇ ਬਾਬਾ ਬੋਹੜ ਸੁਰਜਣ ਜ਼ੀਰਵੀ ਦਾ ਸਨਮਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

'ਨਵਾਂ ਜ਼ਮਾਨਾ' ਤੇ 'ਲੋਕ ਯੁਗ' ਸੰਸਥਾਵਾਂ ਨਾਲ ਜੁੜੇ ਰਹੇ ਪੰਜਾਬੀ ਪੱਤਰਕਾਰੀ ਦੇ ਬਾਬਾ ਬੋਹੜ ਸੁਰਜਣ ਜ਼ੀਰਵੀ ਨੂੰ ਕੈਨੇਡਾ ਦੀ ਵਿਰਾਸਤ ਪੀਸ ਸੰਸਥਾ ਨੇ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾਜਿਆ ਹੈ। 89 ਸਾਲਾ ਸੁਰਜਣ ਜ਼ੀਰਵੀ ਲਗਭਗ ਤਿੰਨ ਦਹਾਕਿਆਂ ਤੋਂ ਟੋਰਾਂਟੋ ਦਾ ਵਸਨੀਕ ਹੈ ਅਤੇ ਉਸ ਨੇ ਉਥੋਂ ਦੇ ਪੰਜਾਬੀ ਭਾਈਚਾਰੇ ਦੀ ਮਾਨਸਿਕਤਾ ਨੂੰ ਜਾਣਿਆ ਤੇ ਪਛਾਣਿਆ ਹੈ। ਆਪਣੀ ਹਾਜ਼ਰ ਜਵਾਬੀ ਸਦਕਾ ਉਹ ਲੰਮੇ ਸਮੇਂ ਤੋਂ ਉਥੋਂ ਦੇ ਸਭਿਆਚਾਰਕ ਭਾਈਚਾਰੇ ਦੀ ਰੂਹ-ਏ-ਰਵਾਂ ਹੈ।

ਮੈਨੂੰ ਜ਼ੀਰਵੀ ਦੇ ਸੁਭਾਅ ਤੇ ਜੀਵਨ ਸ਼ੈਲੀ ਵਿਚੋਂ ਉਮਰ ਖਯਾਮ ਦੀਆਂ ਰੁਬਾਈਆਂ ਵਾਲਾ ਰਸ ਨਜ਼ਰ ਆਇਆ ਹੈ। ਉਹ ਜਲੰਧਰ ਦੇ ਕਾਫੀ ਹਾਊਸ ਦੀ ਜਿੰਦ ਜਾਨ ਰਿਹਾ ਹੈ ਤੇ ਪਿੰਡ ਗੜ੍ਹਾ ਦੇ ਚੱਠਾ ਭਰਾਵਾਂ ਦਾ ਮਿੱਤਰ। ਮੈਂ ਉਸ ਦੇ ਮਿੱਤਰ ਮੋਹ ਨੂੰ ਚੱਠਾ ਪਰਿਵਾਰ ਰਾਹੀਂ ਜਾਣਿਆ ਤੇ ਮਾਣਿਆ ਹੈ। (ਹਰਦਿਆਲ ਚੱਠਾ ਉਰਫ ਨੇਤਾ ਜੀ ਤੇ ਸੁਰਜਣ ਜ਼ੀਰਵੀ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ। ਇਹ ਗੱਲ ਵੱਖਰੀ ਹੈ ਕਿ ਉਹ ਉਨ੍ਹਾਂ ਦਿਨਾਂ ਵਿਚ ਵੀ ਬਣ ਠਣ ਕੇ ਰਹਿੰਦੇ ਸਨ ਜਦੋਂ ਆਮ ਖੱਬੇ ਪੱਖੀ ਮੈਂਬਰ ਆਪਣੀ ਨਵੀਂ ਜੁੱਤੀ ਨੂੰ ਚਿੱਬੀ ਕਰਕੇ ਕਾਮਰੇਡੀ ਦੀ ਮੁਹਰ ਲਾਉਂਦੇ ਸਨ।)

ਜ਼ੀਰਵੀ ਟੋਰਾਂਟੋ ਜਾ ਕੇ ਵੀ ਨਿਜੀ ਮਹਿਫਿਲਾਂ ਦਾ ਬਾਦਸ਼ਾਹ ਚੱਲਿਆ ਆ ਰਿਹਾ ਹੈ। ਮੈਂ ਉਸ ਨੂੰ ਪਿਛਲੀ ਵਾਰ ਟੋਰਾਂਟੋ ਵਿਖੇ ਬਲਰਾਜ ਚੀਮਾ ਦੀ ਤੇਰ੍ਹਵੀਂ ਮੰਜ਼ਿਲ ਵਾਲੀ ਰਿਹਾਇਸ਼ ਉਤੇ ਮਿਲਿਆ ਜਿੱਥੋਂ ਵੱਡੀ ਸੜਕ ਉਤੇ ਚੱਲ ਰਹੀਆਂ ਵੱਡੀਆਂ ਵਿਦੇਸ਼ੀ ਕਾਰਾਂ ਚੀਚ ਵਹੁਟੀ ਵਾਂਗ ਤੁਰਦੀਆਂ ਨਜ਼ਰ ਆ ਰਹੀਆਂ ਸਨ।

ਨਿਸ਼ਚੇ ਹੀ ਇਸ ਮਹਿਫਿਲ ਵਿਚ ਬਲਰਾਜ ਨੇ ਸ਼ਿਵਾਜ਼ ਰੀਗਲ ਵਿਸਕੀ ਦੀ ਬੋਤਲ, ਮੂੰਗਫਲੀ, ਕਾਜੂ ਤੇ ਨਮਕੀਨ ਦਾਲਾਂ ਸੈਂਟਰ ਟੇਬਲ ਉਤੇ ਸਜਾ ਰੱਖੀਆਂ ਸਨ ਪਰ ਉਸ ਨੂੰ ਐਨ ਉਸ ਵੇਲੇ ਸੋਡੇ ਦੀਆਂ ਬੋਤਲਾਂ ਲੱਭਣ ਵਿਚ ਔਕੜ ਆ ਰਹੀ ਸੀ। ਪੀਣ ਦੇ ਸ਼ੌਕੀਨ ਕਾਹਲੇ ਪੈ ਰਹੇ ਸਨ ਤਾਂ ਜ਼ੀਰਵੀ ਦੀ ਟਿੱਪਣੀ ਨੇ ਠੰਢੀ ਹਵਾ ਦੇ ਬੁਲ੍ਹੇ ਦਾ ਕੰਮ ਕੀਤਾ, "ਚੀਮੇ ਨੂੰ ਪਤਾ ਸੀ ਕਿ ਵਿਸਕੀ ਤੇ ਨਮਕੀਨ ਵਸਤਾਂ ਕਿਸੇ ਹਾਲਤ ਵਿਚ ਨਹੀਂ



*ਟੋਰਾਂਟੋ ਵਿਚ ਕੈਨੇਡਾ ਦੀ 'ਵਿਰਾਸਤ ਪੀਸ ਸੰਸਥਾ' ਪਾਸੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਾਪਤ ਕਰਦੇ ਹੋਏ ਸੁਰਜਣ ਜ਼ੀਰਵੀ*

ਬਚਣੀਆਂ, ਚੁਆਨੀ ਦੀ ਸੋਡੇ ਦੀ ਬੋਤਲ ਹੀ ਬਚਾ ਲਵਾਂ।" ਜ਼ੀਰਵੀ ਦੇ ਇਸ ਵਾਕ ਨੇ ਸਾਰੀ ਮਹਿਫਿਲ ਵਿਚ ਖੁਸ਼ਬੋਈ ਵੰਡ ਦਿੱਤੀ। ਫੇਰ ਕੀ ਸੀ ਸਾਰੇ ਮਾਹੌਲ ਵਿਚ ਹੇਠ ਲਿਖੇ ਬੋਲ ਛਾ ਗਏ:

ਇਸ ਆਸਮਾਂ ਕੇ ਨੀਚੇ,
ਹਮ ਆਜ ਅਪਨੇ ਪੀਛੇ
ਪਿਆਰ ਕਾ ਜਹਾਂ, ਬਸਾ ਕੇ ਚਲੇ।
ਦੂਈ ਕੇ ਨਿਸ਼ਾਨ, ਮਿਟਾ ਕੇ ਚਲੇ।

ਸੁਰਜਣ ਜ਼ੀਰਵੀ ਨੂੰ ਲੰਮੀ ਉਮਰ ਤੇ ਵਿਦੇਸ਼ੀ ਸਨਮਾਨ ਮੁਬਾਰਕ!

**ਅਜੀਤ ਕਮਲ ਦੀ ਨਿਵੇਕਲੀ ਸੰਚਾਰ ਵਿਧੀ:** ਪਿਛਲੇ ਦਿਨੀਂ ਮੈਨੂੰ ਚੰਡੀਗੜ੍ਹ ਕਲਾ ਪ੍ਰੀਸ਼ਦ ਦੀ ਆਰਟ ਗੈਲਰੀ ਵਿਚ ਅਜੀਤ ਕੰਵਲ ਸਿੰਘ ਹਮਦਰਦ ਦੀ ਕਾਵਿ-ਚਿੱਤਰ ਪ੍ਰਦਰਸ਼ਨੀ ਵੇਖਣ ਦਾ ਮੌਕਾ ਮਿਲਿਆ। ਨਿੱਕੀਆ ਕਵਿਤਾਵਾਂ ਦੇ ਵੱਡੇ ਅਰਥ। ਅਰਥ ਪ੍ਰਦਾਨ ਕਰਨ ਵਾਲੇ ਚਿੱਤਰ ਕਵੀ ਦੇ ਆਪਣੇ ਨਹੀਂ, ਉਹਦੇ ਵਲੋਂ ਚੁਣੇ ਹੋਏ ਹਨ। ਉਸ ਨੇ ਚਿੱਤਰਾਂ ਨੂੰ ਕਾਵਿਕ ਬੋਲ ਦਿੱਤੇ ਹਨ ਜਾਂ ਕਾਵਿਕ ਬੋਲਾਂ ਨੂੰ ਸਚਿੱਤਰ ਕਰਨ ਲਈ ਚਿੱਤਰ ਚੁਣੇ ਹਨ, ਮੈਨੂੰ ਦੋਵੇਂ ਪ੍ਰਵਾਨ ਹਨ। ਇਸ ਲਈ ਵੀ ਕਿ ਨਵੀਂ ਸੰਚਾਰ ਵਿਧੀ ਹੈ, ਜਿਸ ਨੂੰ ਕਲ੍ਹ ਦੇ ਕਵੀ ਤੇ ਚਿੱਤਰਕਾਰ ਵਿਕਸਿਤ ਕਰ ਸਕਦੇ ਹਨ।

ਅਜੀਤ ਕੰਵਲ ਸੰਚਾਰ ਖੇਤਰ ਨਾਲ ਜੁੜਿਆ ਹੋਇਆ ਹੈ-ਵਿੱਦਿਆ, ਵਿਚਾਰ ਤੇ ਕੰਮ ਧੰਦੇ ਸਦਕਾ। ਉਹ ਪੰਜਾਬ ਦੇ ਜਨ ਸੰਪਰਕ ਵਿਭਾਗ ਦਾ ਅੰਗ ਹੈ। ਉਸ ਦੀ ਪੇਸ਼ਕਾਰੀ ਕਿਸਾਨੀ ਖੁਦਕੁਸ਼ੀਆਂ ਨੂੰ 'ਮੈਂ' ਦੀ ਮੌਤ ਦਰਸਾਉਂਦੀ ਹੈ, ਇਸਤਰੀ ਨੂੰ '1-2', ਸਨ ਸੰਤਾਲੀ ਦੇ ਬਟਵਾਰੇ ਨੂੰ 'ਅੱਖ ਰੋਵੇ ਪੰਜਾਬ ਦੀ', ਦੋਨਾਂ ਪੰਜਾਬਾਂ ਦੀ ਸਰਹੱਦੀ ਮਿਲਣੀ ਨੂੰ 'ਕੀ ਲੈਣਾ ਮੈਂ ਅਣਖਾਂ ਤੋਂ', ਭੁੱਖਾਂ ਮਾਰੇ ਬੰਦਿਆਂ ਨੂੰ ਸ਼ਹੀਦਾਂ ਦੇ ਸਰਤਾਜ ਅਤੇ ਬਕਸੇ ਵਿਚ ਬੰਦ ਸ਼ਹੀਦ ਦੀ ਲਾਸ਼ ਨੂੰ 'ਇਹ ਕੇਹਾ ਸ਼ੋਕ ਸੁਨੇਹਾ'। ਉਸ ਦੀ ਇਹ ਸੰਚਾਰ ਵਿਧੀ ਸ਼ਬਦਾਂ ਨਾਲ ਫੜਨ ਵਾਲੀ ਨਹੀਂ, ਵੇਖ ਕੇ ਮਾਣਨ ਵਾਲੀ ਹੈ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਜੀਤ ਕੰਵਲ ਸਿੰਘ ਹਮਦਰਦ ਉਰਦੂ ਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਸਾਧੂ ਸਿੰਘ ਹਮਦਰਦ ਦਾ ਪੋਤਰਾ ਹੈ। ਵੇਖਣ ਵਾਲਿਆਂ ਨੇ ਵੇਖਿਆ ਹੋਵੇਗਾ ਕਿ ਪ੍ਰਦਰਸ਼ਨੀ ਦਾ ਪ੍ਰਥਮ ਚਿੱਤਰ ਅਜੋਕੇ ਬਾਲ ਬੱਚੇਦਾਰ ਕੰਵਲ ਨੂੰ ਦਾਦੇ ਦੇ ਪੈਰਾਂ ਵਿਚ ਖੇਡਦਾ ਦਿਖਾਉਂਦਾ ਹੈ। ਮੇਰੇ ਲਈ ਇਹ ਪ੍ਰਦਰਸ਼ਨੀ ਇਸ ਲਈ ਯਾਦਗਾਰੀ ਹੋ ਨਿਬੜੀ ਕਿ ਉਥੇ ਮੇਰੇ ਵਿਦਿਆਰਥੀ ਤੇ ਸੰਗੀ ਸਾਥੀ ਰਹੇ ਪੱਤਰਕਾਰ ਮੇਘਾ ਸਿੰਘ, ਰਣਦੀਪ ਆਹਲੂਵਾਲੀਆ, ਹਰਜੀਤ ਗਰੇਵਾਲ ਤੇ ਸਰਬਜੀਤ ਕੰਗਣੀਵਾਲ, ਜੋ ਅੱਜ ਲੋਕ ਸੰਪਰਕ ਵਿਭਾਗ ਦੇ ਵੱਡੇ ਅਹੁਦਿਆਂ 'ਤੇ ਹਨ, ਅਤੇ ਉਨ੍ਹਾਂ ਦੇ ਪਰਿਵਾਰ ਮਿਲੇ। ਮੁੱਦਤਾਂ ਬਾਅਦ।

**ਹਰਿਆਣਵੀ ਮਰਦਊਪੁਣੇ ਦਾ ਨਿਘਾਰ:** ਅਜੋਕੇ ਮੀਡੀਆ ਵਿਚ ਹਰਿਆਣਾ ਵਿਚ ਹਰ ਆਏ ਦਿਨ ਹੋ ਰਹੇ ਸਮੂਹਕ ਬਲਾਤਕਾਰਾਂ ਦੀਆਂ ਖਬਰਾਂ ਪੜ੍ਹ-ਸੁਣ ਕੇ ਹਰ ਸੂਝਵਾਨ ਵਿਅਕਤੀ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਸ ਪੱਖੋਂ ਹਰਿਆਣਾ ਨੇ ਭਾਰਤ ਦੇ ਸਾਰੇ ਰਾਜਾਂ ਨੂੰ ਮਾਤ ਪਾ ਦਿੱਤੀ ਹੈ। ਜੁਗਾਂ ਜੁਗਾਂਤਰਾਂ ਤੋਂ ਆਪਣੀ ਮਰਦਾਨਗੀ ਤੇ ਸੂਰਬੀਰਤਾ ਲਈ ਜਾਣੇ ਜਾਂਦੇ ਹਰਿਆਣਾ ਨਿਵਾਸੀ ਕਿਹੜੇ ਰਾਹ ਤੁਰ ਪਏ ਹਨ, ਸਮਝ ਨਹੀਂ ਆਉਂਦੀ? ਕੀ ਵਿਦਿਆ ਦੇ ਚਾਨਣ ਨੇ ਉਨ੍ਹਾਂ ਨੂੰ ਇਹੀਓ ਸਿਖਾਇਆ ਕਿ ਇਕ ਅਬਲਾ ਇਸਤਰੀ ਨੂੰ ਫੜ੍ਹ ਕੇ ਜਾਂ ਝਾਂਸਾ ਦੇ ਕੇ ਅਜਿਹੀ ਥਾਂ ਲੈ ਜਾਵੋ ਜਿੱਥੇ ਉਹ ਜਬਰ ਜਨਾਹ ਦਾ ਸ਼ਿਕਾਰ ਹੋਈ ਰੌਲਾ ਵੀ ਨਹੀਂ ਪਾ ਸਕਦੀ। ਉਨ੍ਹਾਂ ਮਾਪਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਜਿਨ੍ਹਾਂ ਨੇ ਅਜਿਹੀ ਔਲਾਦ ਨੂੰ ਜਨਮ ਦਿੱਤਾ ਹੈ। ਅਮਨ ਸ਼ਾਂਤੀ ਦੇ ਰਾਖਿਆਂ ਨੂੰ ਵੀ ਚਾਹੀਦਾ ਹੈ ਕਿ ਦੋਸ਼ੀਆਂ ਨੂੰ ਅਜਿਹੀ ਸਜ਼ਾ ਦੇਣ ਜੋ ਹੋਰਨਾਂ ਲਈ ਮਿਸਾਲ ਬਣ ਸਕੇ। ਜੇ ਅੰਗ ਕੱਟਣ ਵਾਲੀ ਨਹੀਂ ਤਾਂ ਉਹਦੇ ਵਰਗੀ ਕੋਈ ਹੋਰ। ਲੜਾਕੇ ਤੇ ਜਾਂਬਾਜ ਪ੍ਰਾਂਤ ਦੀ ਬੇਸ਼ਰਮੀ ਮੁਰਦਾਬਾਦ!

**ਅੰਤਿਕਾ: ਟੀ. ਐਨ. ਰਾਜ**

ਹੋ ਮੁਬਾਰਕ ਸਾਲ ਦਾ
ਪਹਿਲਾ ਮਹੀਨਾ ਆਪ ਕੋ
ਔਰ ਮਿਲ ਜਾਏ ਨਈ ਕੋਈ
ਹੁਸੀਨਾ ਆਪ ਕੋ।
ਹਮ ਦਸੰਬਰ ਮੇ ਮਗਰ ਪੂਛੇਂਗੇ
ਹਜ਼ਰਤ ਸੇ ਜ਼ਰੂਰ
ਮਿਲ ਗਿਆ ਕਿਆ ਇਸ਼ਕ ਕੀ
ਮੰਜ਼ਿਲ ਕਾ ਜ਼ੀਨਾ ਆਪ ਕੋ।

# ਰੰਗਾਂ ਤੇ ਪਤੰਗਾਂ ਦੀ ਬਸੰਤ ਬਹਾਰ



ਦਲਬਾਰਾ ਸਿੰਘ ਮਾਂਗਟ
ਫੋਨ: 269-267-9621

ਪਤੰਗ ਚੜ੍ਹਾਉਣ ਦੀ ਰੀਤ ਬੜੀ ਪੁਰਾਣੀ ਹੈ। ਪੰਜਾਬ ਵਿਚ ਪਤੰਗ ਆਮ ਤੌਰ 'ਤੇ ਬਸੰਤ ਪੰਚਮੀ ਜਾਂ ਬਸੰਤ ਬਹਾਰ ਵਾਲੇ ਦਿਨ ਚੜ੍ਹਾਏ ਜਾਂਦੇ ਹਨ। ਕਹਾਵਤ ਵੀ ਹੈ, 'ਆਈ ਬਸੰਤ, ਪਾਲਾ ਉਡੰਤ', ਭਾਵ ਠੰਢ ਖਤਮ ਹੋ ਜਾਂਦੀ ਹੈ। ਕਿਸੇ ਕਵੀ ਨੇ ਵੀ ਕਿਹਾ ਹੈ, 'ਆਈ ਰੁੱਤ ਬਸੰਤ ਦੀ, ਮੂਲੀ ਛੱਡਿਆ ਬੀ। ਧੁੱਪਾਂ ਪ੍ਰਗਟ ਹੋਈਆਂ, ਘਰਾਂ ਨੂੰ ਚੱਲੇ ਸੀ।' ਮੌਸਮ ਵਿਚ ਨਵੀਂ ਬਹਾਰ ਆ ਜਾਂਦੀ ਹੈ। ਚਾਰ ਚੁਫੇਰੇ ਕਲੀਆਂ ਅਤੇ ਖੇਤਾਂ ਵਿਚ ਪੀਲੇ ਫੁੱਲਾਂ ਦਾ ਨਜ਼ਾਰਾ ਇੰਜ ਦੇਖਣ ਨੂੰ ਮਿਲਦਾ ਹੈ, ਜਿਵੇਂ ਕਾਲੀਨ ਵਿਛਿਆ ਹੋਵੇ। ਕਿਸਾਨ ਤੇ ਦੁਕਾਨਦਾਰ ਵੀ ਫਸਲ ਪੱਕਣ ਅਤੇ ਵਪਾਰ-ਧੰਦੇ ਦੀਆਂ ਖੁਸ਼ੀਆਂ ਮਨਾਉਂਦੇ ਹਨ।

ਉਂਜ, ਇਸ ਨਾਲ ਇਤਿਹਾਸ ਵੀ ਜੁੜਿਆ ਹੋਇਆ ਹੈ। ਜਦੋਂ ਰਾਜ ਮਿਸਲਾਂ ਵਿਚ ਵੰਡਿਆ ਹੋਇਆ ਸੀ, ਲਾਹੌਰ (ਹੁਣ ਪਾਕਿਸਤਾਨ) ਵਿਚ ਭੰਗੀ ਮਿਸਲ ਦਾ ਬੋਲਬਾਲਾ ਸੀ। ਇਹ ਸ਼ਾਸਕ, ਪਰਜਾ 'ਤੇ ਬਹੁਤ ਜ਼ੁਲਮ ਕਰਦੇ ਸਨ ਅਤੇ ਬਹੁਤ ਸਾਰੇ ਟੈਕਸ ਆਦਿ ਵਸੂਲ ਕਰਦੇ ਸਨ। ਉਸ ਤਾਨਾਸ਼ਾਹ ਹਕੂਮਤ ਤੋਂ ਦੁਖੀ ਹੋ ਕੇ ਲਾਹੌਰ ਵਾਸੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ 'ਤੇ ਕਬਜ਼ਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ ਗਿਆ। ਮਹਾਰਾਜਾ ਨੇ ਕਿਸੇ ਚਲਾਕੀ ਤੋਂ ਬਚਣ ਲਈ ਪਹਿਲਾਂ ਸੂਹੀਏ ਭੇਜ ਕੇ ਖੋਜ ਕਰਵਾਈ। ਉਸ ਵੇਲੇ ਲਾਹੌਰ ਦੇ ਚਾਰ ਦਰਵਾਜ਼ੇ ਹੁੰਦੇ ਸਨ, ਉਨ੍ਹਾਂ ਵਿਚੋਂ ਇਕ ਦਰਵਾਜ਼ੇ ਦੀਆਂ ਕੰਧਾਂ ਤੁੜਵਾ ਦਿੱਤੀਆਂ ਗਈਆਂ ਤਾਂ ਕਿ ਕਿਸੇ ਵੀ ਵਾਰਦਾਤ ਤੋਂ ਬਚਾਅ ਹੋ ਸਕੇ, ਪਰ ਐਸੀ ਕੋਈ ਘਟਨਾ ਤਾਂ ਕੀ ਹੋਣੀ ਸੀ, ਸਗੋਂ ਮਿਸਲ ਦੇ ਫੌਜੀਆਂ ਨੇ ਹਥਿਆਰ ਸੁੱਟ ਦਿੱਤੇ ਅਤੇ ਲਾਹੌਰ ਫਤਿਹ ਹੋ ਗਿਆ ਜੋ ਬਾਅਦ ਵਿਚ ਸਿੱਖ ਰਾਜ ਦਾ ਹੈਡਕੁਆਰਟਰ ਵੀ ਬਣਿਆ। ਇਸ ਖੁਸ਼ੀ ਵਿਚ ਲੋਕਾਂ ਨੇ ਸ਼ਹਿਰ ਨੂੰ ਰੰਗਾਂ ਅਤੇ ਪਤੰਗਾਂ ਨਾਲ ਭਰ ਦਿੱਤਾ। ਇਹ ਬਸੰਤ ਪੰਚਮੀ ਦਾ ਦਿਨ ਸੀ ਜੋ ਸਿੱਖ ਰਾਜ ਦੇ ਸੁਨਹਿਰੀ ਪੰਨਿਆਂ ਵਿਚ ਹਮੇਸ਼ਾ ਲਈ ਜੁੜ ਗਿਆ।

ਲਾਹੌਰ ਫਤਿਹ ਕਰਨ ਦੀ ਖੁਸ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਉਸ ਵੇਲੇ ਲੋਕਾਂ ਨੂੰ ਜਾਗੀਰਾਂ ਦੇਣ ਦੇ ਨਾਲ ਨਾਲ ਅਨੇਕਾਂ ਸਹੂਲਤਾਂ ਵੀ ਦਿੱਤੀਆਂ। ਇਹ ਜ਼ਿਕਰ ਵੀ ਕੁਥਾਂ ਨਹੀਂ ਹੋਵੇਗਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਨਾਹਰਾ 'ਮੇਰਾ ਰੰਗ ਦੇ ਬਸੰਤੀ ਚੋਲਾ' ਵੀ ਬਸੰਤ ਬਹਾਰ ਦੇ ਦਿਨ ਨਾਲ ਜੁੜਿਆ ਹੋਇਆ ਹੈ।

ਇਹੀ ਨਹੀਂ, ਜਦੋਂ ਭਾਈ ਬਘੇਲ ਸਿੰਘ ਦੀਆਂ ਫੌਜਾਂ ਨੇ ਮੁਗਲ ਹਕੂਮਤ ਨੂੰ ਹਰਾ ਕੇ ਦਿੱਲੀ ਫਤਿਹ ਕੀਤੀ ਅਤੇ ਸਰਕਾਰੀ ਖਜਾਨੇ ਵਿਚੋਂ ਧਾਰਮਿਕ ਸਥਾਨਾਂ ਦੀ ਉਸਾਰੀ ਕਰਵਾਉਣ ਲਈ ਸੰਧੀ ਉਤੇ ਦਸਤਖਤ ਕੀਤੇ, ਉਸ ਦਿਨ ਵੀ ਬਸੰਤ ਪੰਚਮੀ ਸੀ। ਉਦੋਂ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਚੜ੍ਹਾਇਆ ਗਿਆ ਅਤੇ ਖੁਸ਼ੀ ਵਿਚ ਪਤੰਗ ਤੇ ਕਬੂਤਰਬਾਜ਼ੀ ਕੀਤੀ ਗਈ। ਅੱਜ ਵੀ ਲਾਲ ਕਿਲ੍ਹੇ ਦੇ ਯਮੁਨਾ ਨਦੀ ਵਾਲੇ ਪਾਸੇ ਹਰ ਸਾਲ ਮੇਲਾ ਭਰਦਾ ਹੈ। ਅੰਮ੍ਰਿਤਸਰ ਵਿਚ ਵੀ ਬਸੰਤ ਪੰਚਮੀ ਵਾਲੇ ਦਿਨ ਪਤੰਗਬਾਜ਼ੀ ਕੀਤੀ ਜਾਂਦੀ ਹੈ ਜੋ ਇਤਿਹਾਸਕ ਦਿਹਾੜੇ ਦੀ ਗਵਾਹੀ ਦਿੰਦੀ ਹੈ।

ਪਤੰਗ ਚੜ੍ਹਾਉਣ ਦੀ ਸ਼ੁਰੂਆਤ ਚੀਨੀ ਲੋਕਾਂ ਨੇ ਕੀਤੀ ਸੀ ਅਤੇ ਹੁਣ ਇਹ ਕੌਮਾਂਤਰੀ ਪੱਧਰ ਤਕ ਪਹੁੰਚ ਗਈ ਹੈ। ਹੁਣ ਕੈਲੀਫੋਰਨੀਆ ਦੇ ਸੁੰਦਰ ਸ਼ਹਿਰ ਸੈਨ ਫਰਾਂਸਿਸਕੋ ਦੇ ਬਰਕਲੇ ਸਮੁੰਦਰੀ ਤੱਟ ਉਪਰ ਹਰ ਸਾਲ ਜੁਲਾਈ ਦੇ ਆਖਰੀ ਹਫਤੇ ਮੇਲਾ ਲਗਦਾ ਹੈ ਜੋ ਪਿਛਲੇ ਸਾਲ 29-30 ਜੁਲਾਈ ਨੂੰ ਕਰਵਾਇਆ ਗਿਆ ਸੀ। ਇਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਤੀਹ ਹਜ਼ਾਰ ਦਰਸ਼ਕਾਂ ਨੇ ਸ਼ਿਰਕਤ ਕੀਤੀ। ਇਸ ਮੇਲੇ ਨੂੰ ਭਾਵੇਂ 'ਵਨ-ਮੈਨ-ਸ਼ੋਅ' ਕਹਿਣਾ ਗਲਤ ਨਹੀਂ ਹੋਵੇਗਾ, ਪਰ ਇਸ ਨੂੰ ਕਾਮਯਾਬ ਕਰਨ ਲਈ ਬਹੁਤ ਸਾਰੀਆਂ ਏਜੰਸੀਆਂ ਜਿਵੇਂ ਟ੍ਰੈਫਿਕ ਪੁਲਿਸ, ਰੋਟਰੀ ਕਲੱਬ, ਲੋਕਲ ਬੱਸ ਸਰਵਿਸ ਅਤੇ ਵਲੰਟੀਅਰਾਂ ਵਲੋਂ ਵਧੀਆ ਭੂਮਿਕਾ ਨਿਭਾਈ ਗਈ। ਇਸ ਪਤੰਗ ਮੇਲੇ ਵਿਚ ਵਧੀਆ ਸਹੂਲਤਾਂ ਦਿੱਤੀਆਂ ਗਈਆਂ ਅਤੇ ਤਿੰਨ ਹਜ਼ਾਰ ਤੋਂ ਵੱਧ ਪਤੰਗ ਚੜ੍ਹਾਏ ਗਏ ਜੋ ਵੱਖਰੇ ਵੱਖਰੇ ਰੰਗਾਂ ਦੇ ਹੀ ਨਹੀਂ ਸਨ, ਬਲਕਿ ਕੀੜੇ-ਮਕੌੜੇ, ਜਾਨਵਰ, ਪੰਛੀ ਆਦਿ ਦੇ ਆਕਾਰਾਂ ਤੇ ਰੂਪ ਦੇ ਸਨ। ਇਨ੍ਹਾਂ ਦਾ ਨਜ਼ਾਰਾ ਦਰਸ਼ਕਾਂ ਦੇ ਮਨ ਮੋਹ ਰਿਹਾ ਸੀ। ਮੇਲੇ ਵਿਚ ਖਾਣ ਪੀਣ ਤੋਂ ਇਲਾਵਾ ਪਤੰਗਾਂ ਦੀ ਖਰੀਦੋ-ਫਰੋਖਤ ਲਈ



ਕਤਾਰਾਂ ਲੱਗੀਆਂ ਹੋਈਆਂ ਸਨ। ਵਲੰਟੀਅਰ ਹੱਥਾਂ ਵਿਚ ਟਰੈਸ਼-ਬੈਗ ਲੈ ਕੇ ਕੂੜਾ-ਕਰਕਟ ਇਕੱਠਾ ਕਰਦੇ ਰਹੇ।

ਮੇਲੇ ਦੀ ਖਾਸੀਅਤ ਇਹ ਸੀ ਕਿ ਕੋਈ ਐਂਟਰੀ ਫੀਸ ਨਹੀਂ ਸੀ ਅਤੇ ਨਾ ਹੀ ਕਿਸੇ ਚੀਜ਼ ਦੀ ਪਾਬੰਦੀ ਸੀ। ਮੇਲੇ ਦਾ ਕਰਤਾ-ਧਰਤਾ ਟੌਮ ਮਲੈਕਸਟਰ ਆਪਣੀ ਕਹਾਣੀ ਆਪ ਹੈ। ਉਹ ਨੇੜਲੇ ਸ਼ਹਿਰ ਐਲ ਸਰੀਟੋ ਦਾ ਵਾਸੀ ਹੈ ਅਤੇ ਪਤੰਗਾਂ ਦਾ ਸ਼ੌਕ ਉਸ ਨੂੰ 14 ਸਾਲ ਦੀ ਉਮਰ ਵਿਚ ਹੋ ਗਿਆ ਸੀ। ਉਹ 33 ਸਾਲਾਂ ਤੋਂ ਇਹ ਪਤੰਗ ਮੇਲਾ ਲਾ ਰਿਹਾ ਹੈ। ਉਸ ਦਾ ਦਾਅਵਾ ਹੈ ਕਿ ਇਹ ਅਮਰੀਕਾ ਦਾ ਪਤੰਗਾਂ ਦਾ ਸਭ ਤੋਂ ਵੱਡਾ ਮੇਲਾ ਹੈ। ਉਹ ਲਾਹੌਰ (ਪਾਕਿਸਤਾਨ), ਹਮਾਮਾਤਸੂ (ਜਾਪਾਨ) ਅਤੇ ਜਰਮਨੀ ਵਿਚ, ਜਿਥੇ ਵੀ ਪਤੰਗ ਮੇਲੇ ਲਗਦੇ ਹਨ, ਉਥੇ ਪੁੱਜਣ ਦਾ ਯਤਨ ਕਰਦਾ ਹੈ। ਉਸ ਮੁਤਾਬਕ ਉਹ ਇਹ ਮੇਲਾ ਨਵੀਂ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਕਰਵਾਉਂਦਾ ਹੈ। ਇਸ ਮੇਲੇ ਦਾ ਵੱਡਾ ਮਕਸਦ ਭੇਦਭਾਵ ਮਿਟਾਉਣਾ ਅਤੇ ਅਮਨ-ਸ਼ਾਂਤੀ ਦਾ ਸੁਨੇਹਾ ਪਹੁੰਚਾਉਣਾ ਹੈ।

ਜ਼ਿਕਰਯੋਗ ਹੈ ਕਿ ਲਾਹੌਰ (ਪਾਕਿਸਤਾਨ) ਵਿਚ ਹਰ ਬਸੰਤ ਪੰਚਮੀ ਵਾਲੇ ਦਿਨ ਭਾਰੀ ਮੇਲਾ ਲਗਦਾ ਸੀ ਜੋ ਕੁਝ ਲੋਕਾਂ ਦੇ ਵਿਰੋਧ ਕਾਰਨ ਸਰਕਾਰ ਵਲੋਂ ਬੰਦ ਕਰਵਾ ਦਿੱਤਾ ਗਿਆ। ਇਸ ਦਾ ਕਾਰਨ ਇਕ ਪਾਸੇ ਸਿਆਸੀ ਦਬਾਅ ਅਤੇ ਦੂਜੇ ਪਾਸੇ ਚਾਈਨਾ ਡੋਰ ਨਾਲ ਹੋਈਆਂ ਮੌਤਾਂ ਦਸਿਆ ਜਾਂਦਾ ਹੈ। ਇਹ ਮੇਲਾ ਬੰਦ ਹੋਣ ਕਰ ਕੇ ਕਰੋੜਾਂ ਰੁਪਏ ਦਾ ਵਪਾਰਕ ਧੰਦਾ ਵੀ ਖਤਮ ਹੋ ਗਿਆ। ਲਾਹੌਰ ਦਾ ਪਤੰਗ ਮੇਲਾ ਏਸ਼ੀਆ ਦਾ ਸਭ ਤੋਂ ਵੱਡਾ ਮੇਲਾ ਮੰਨਿਆ ਜਾਂਦਾ ਰਿਹਾ ਹੈ। ਕੁਝ ਸੁਹਿਰਦ ਲੋਕ ਸਰਕਾਰ ਉਤੇ ਲਗਾਤਾਰ ਦਬਾਅ ਬਣਾ ਰਹੇ ਹਨ ਕਿ ਇਸ ਮੇਲੇ ਨੂੰ ਕੁਝ ਹਦਾਇਤਾਂ ਤਹਿਤ ਮੁੜ ਸ਼ੁਰੂ ਕੀਤਾ ਜਾਵੇ, ਜਿਵੇਂ:

1) ਖੁੱਲ੍ਹੇ ਮੈਦਾਨਾਂ ਵਿਚ ਹੀ ਪਤੰਗਬਾਜ਼ੀ ਕੀਤੀ ਜਾਵੇ ਅਤੇ ਕੱਚ ਵਾਲੀ ਚਾਈਨਾ ਡੋਰ ਉਪਰ ਸਖਤ ਪਾਬੰਦੀ ਲਾਈ ਜਾਵੇ।

2) ਭੀੜ ਭੜੱਕੇ ਵਾਲੇ ਰਸਤੇ ਅਤੇ ਏਅਰਪੋਰਟ, ਇਮਾਰਤਾਂ, ਦਰਖਤਾਂ ਜਾਂ ਪਾਵਰਲਾਈਨ ਨੇੜੇ ਪਤੰਗਬਾਜ਼ੀ ਦੀ ਮਨਾਹੀ ਹੋਵੇ।

3) ਮੇਲੇ ਵਾਲੇ ਦਿਨ ਮੋਟਰ ਸਾਈਕਲ ਚਲਾਉਣ 'ਤੇ ਪਾਬੰਦੀ ਹੋਵੇ।

4) ਪੰਜ ਸਾਲ ਤੋਂ ਘੱਟ ਉਮਰ ਅਤੇ ਮਕਾਨਾਂ ਦੀਆਂ ਛੱਤਾਂ ਉਪਰ ਪਤੰਗਬਾਜ਼ੀ 'ਤੇ ਪਾਬੰਦੀ ਹੋਵੇ।

ਪਾਕਿਸਤਾਨ ਵਿਚ ਕੁਝ ਕੱਟੜਪੰਥੀਆਂ ਦਾ ਕਹਿਣਾ ਹੈ ਕਿ ਬਸੰਤ ਪੰਚਮੀ ਹਿੰਦੂ ਧਰਮ ਨਾਲ ਸਬੰਧਤ ਹੈ, ਕਿਉਂਕਿ ਉਹ ਇਸ ਦਿਨ ਮਾਂ ਸਰਸਵਤੀ ਦੀ ਪੂਜਾ ਕਰਦੇ ਹਨ ਅਤੇ ਨਾਲ ਹੀ ਇਸ ਦਿਨ ਕਿਸੇ ਵੀ ਕਾਰਜ ਦਾ ਮਹੂਰਤ ਕਰਨਾ ਸ਼ੁਭ ਤੇ ਲਾਭਦਾਇਕ ਮੰਨਿਆ ਜਾਂਦਾ ਹੈ; ਪਰ ਇਹ ਸਾਂਝਾ ਤਿਉਹਾਰ ਹੈ। ਪੰਜਾਬੀ ਭਰਾ ਭਾਵੇਂ ਉਹ ਹਿੰਦੂ ਹੈ, ਸਿੱਖ ਹੈ ਜਾਂ ਮੁਸਲਮਾਨ ਹੈ- ਬਸੰਤ ਵਾਲੇ ਦਿਨ ਪਤੰਗਬਾਜ਼ੀ ਧੂਮਧਾਮ ਨਾਲ ਮਨਾਉਣ ਅਤੇ ਪਤੰਗਬਾਜ਼ੀ ਨਾਲ ਹੋ ਰਹੀਆਂ ਘਟਨਾਵਾਂ 'ਤੇ ਕਾਬੂ ਪਾਉਣ ਲਈ ਪਹਿਰਾ ਵੀ ਦੇਣ, ਕਿਉਂਕਿ ਉਡਦਾ ਪਤੰਗ ਆਜ਼ਾਦ ਪੰਛੀ ਵਾਂਗ ਹੈ।

# ਔਰਤਾਂ ਵਿਚ ਕੈਂਸਰ ਜਾਗਰੂਕਤਾ ਜ਼ਰੂਰੀ

## ਵਿਸ਼ਵ ਕੈਂਸਰ ਦਿਵਸ 'ਤੇ



ਹਰਗੁਣਪ੍ਰੀਤ ਸਿੰਘ
ਫੋਨ: 91-94636-19353

ਸਰੀਰ ਦੇ ਸੈਲਾਂ ਦੇ ਅਨਿਸ਼ਚਿਤ ਰੂਪ ਵਿਚ ਵਧਣ ਨੂੰ 'ਕੈਂਸਰ' ਕਿਹਾ ਜਾਂਦਾ ਹੈ। ਭਾਵੇਂ ਵਿਗਿਆਨ ਅਜੇ ਤੱਕ ਕੈਂਸਰ ਦੇ ਮੁੱਖ ਕਾਰਨਾਂ ਦਾ ਚੰਗੀ ਤਰ੍ਹਾਂ ਨਾਲ ਪਤਾ ਨਹੀਂ ਲਾ ਸਕਿਆ ਪਰ ਮੁੱਖ ਕਾਰਨ ਸਿਗਰਟ, ਸ਼ਰਾਬ ਤੇ ਤੰਬਾਕੂ ਦਾ ਸੇਵਨ, ਕੀਟਨਾਸ਼ਕ ਦਵਾਈਆਂ ਦਾ ਛਿੜਕਾਅ, ਵਧ ਰਿਹਾ ਪ੍ਰਦੂਸ਼ਣ, ਪਰਾਂਵੈਗਣੀ ਕਿਰਨਾਂ, ਵਿਗੜ ਰਿਹਾ ਖਾਣ-ਪੀਣ ਤੇ ਰਹਿਣ-ਸਹਿਣ ਮੁੱਖ ਤੌਰ 'ਤੇ ਸਮਝੇ ਜਾਂਦੇ ਹਨ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊ.ਐਚ.ਓ.) ਦੀ 2017 ਦੀ ਰਿਪੋਰਟ ਨੇ ਦੁਨੀਆਂ ਭਰ ਵਿਚ ਗੈਰ ਕੁਦਰਤੀ ਮੌਤਾਂ ਲਈ 'ਕੈਂਸਰ' ਨੂੰ ਦੂਜਾ ਸਭ ਤੋਂ ਵੱਡਾ ਕਾਰਨ ਮੰਨਿਆ ਹੈ। 2015 ਵਿਚ ਕੈਂਸਰ ਨਾਲ ਵਿਸ਼ਵ ਵਿਚ ਕਰੀਬ 90 ਲੱਖ ਮੌਤਾਂ ਹੋਈਆਂ ਸਨ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ.ਸੀ.ਐਮ.ਆਰ) ਦੀ 2016 ਦੀ ਰਿਪੋਰਟ ਮੁਤਾਬਕ ਭਾਰਤ 'ਚ ਹਰ ਸਾਲ ਕੋਈ ਨੌਂ ਲੱਖ ਲੋਕ ਕੈਂਸਰ ਕਾਰਨ ਮੌਤ ਦੇ ਮੂੰਹ ਚਲੇ ਜਾਂਦੇ ਹਨ। ਔਰਤਾਂ ਦੀ ਗਿਣਤੀ ਪੁਰਸ਼ਾਂ ਦੇ ਮੁਕਾਬਲੇ ਵੱਧ ਹੁੰਦੀ ਹੈ। ਇਸ ਰਿਪੋਰਟ ਨੇ ਛਾਤੀ ਦੇ ਕੈਂਸਰ (ਬਰੈਸਟ ਕੈਂਸਰ) ਨੂੰ ਔਰਤਾਂ ਦੀ ਮੌਤ ਲਈ ਸਭ ਤੋਂ ਵੱਡਾ ਕਾਰਨ ਦੱਸਿਆ ਹੈ, ਜਦਕਿ ਬੱਚੇਦਾਨੀ ਦੇ ਮੂੰਹ ਦੇ ਕੈਂਸਰ (ਸਰਵਿਕਸ ਕੈਂਸਰ) ਨੂੰ ਔਰਤਾਂ ਦੀ ਮੌਤ ਲਈ ਜ਼ਿੰਮੇਵਾਰ ਮੰਨਿਆ ਹੈ।

ਨੈਸ਼ਨਲ ਇੰਸਟੀਚਿਊਟ ਆਫ ਕੈਂਸਰ ਪ੍ਰੀਵੈਨਸ਼ਨ ਐਂਡ ਰਿਸਰਚ ਸੈਂਟਰ, ਨੋਇਡਾ ਦੀ 2017 ਦੀ ਰਿਪੋਰਟ ਅਨੁਸਾਰ 27 ਪ੍ਰਤੀਸ਼ਤ ਭਾਰਤੀ ਔਰਤਾਂ ਬਰੈਸਟ ਕੈਂਸਰ ਅਤੇ 23 ਪ੍ਰਤੀਸ਼ਤ ਔਰਤਾਂ ਸਰਵਿਕਸ ਕੈਂਸਰ ਦੀ ਬਿਮਾਰੀ ਦਾ ਸ਼ਿਕਾਰ ਸਨ। ਇਸ ਰਿਪੋਰਟ ਮੁਤਾਬਕ ਸ਼ਹਿਰੀ ਔਰਤਾਂ ਦੇ ਮੁਕਾਬਲੇ ਪੇਂਡੂ ਔਰਤਾਂ ਵਿਚ ਸਰਵਿਕਸ ਕੈਂਸਰ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ।

ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਐਫ. ਆਈ. ਸੀ. ਸੀ. ਆਈ.) ਦੀ 2017 ਦੀ ਰਿਪੋਰਟ ਮੁਤਾਬਕ ਭਾਰਤ ਵਿਚ ਕੈਂਸਰ ਦੀ ਸਮੱਸਿਆ ਇਸ ਹੱਦ ਤੱਕ ਨਿਰੰਤਰ ਵਧਦੀ ਜਾ ਰਹੀ ਹੈ ਕਿ ਦੁਨੀਆਂ ਵਿਚ ਚੀਨ ਅਤੇ ਅਮਰੀਕਾ ਤੋਂ ਬਾਅਦ ਭਾਰਤ ਅਜਿਹਾ ਦੇਸ਼ ਬਣ ਗਿਆ ਹੈ ਜਿੱਥੇ ਸਭ ਤੋਂ ਵੱਧ ਔਰਤਾਂ ਕੈਂਸਰ ਤੋਂ ਪੀੜਤ ਹਨ। ਇਸ ਰਿਪੋਰਟ ਨੇ ਬੜੇ ਹੈਰਾਨੀਜਨਕ ਤੱਥ ਪੇਸ਼ ਕੀਤੇ ਹਨ ਕਿ ਕੈਂਸਰ ਦਾ ਇਲਾਜ ਕਰਵਾ ਰਹੀਆਂ 2000 ਔਰਤਾਂ ਵਿਚੋਂ 1200 ਔਰਤਾਂ ਨੂੰ ਤੀਜੀ ਜਾਂ ਆਖਰੀ ਸਟੇਜ ਉਤੇ ਕੈਂਸਰ ਹੋਣ ਬਾਰੇ ਪਤਾ ਲੱਗਾ ਜਿਸ ਤੋਂ ਸਾਫ ਜ਼ਾਹਰ ਹੈ ਕਿ ਸਾਡੇ ਦੇਸ਼ ਦੀਆਂ ਔਰਤਾਂ ਇਸ ਬਿਮਾਰੀ ਸਬੰਧੀ ਬਹੁਤ ਘੱਟ ਜਾਗਰੂਕ ਹਨ।




ਬੜੇ ਦੁੱਖ ਅਤੇ ਚਿੰਤਾ ਦੀ ਗੱਲ ਹੈ ਕਿ ਪੰਜਾਬ ਨੂੰ ਪਿਛਲੇ ਕੁਝ ਸਾਲਾਂ ਤੋਂ 'ਕੈਂਸਰ ਕੈਪੀਟਲ' ਕਰਕੇ ਵੀ ਜਾਣਿਆ ਜਾਣ ਲੱਗਾ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਅਕਤੂਬਰ ਤੋਂ ਦਸੰਬਰ 2012 ਤੱਕ ਕਰਵਾਏ ਗਏ ਸਰਵੇਖਣ ਅਨੁਸਾਰ ਪੰਜਾਬ ਵਿਚ ਇਕ ਲੱਖ ਦੀ ਆਬਾਦੀ ਪਿੱਛੇ ਕੈਂਸਰ ਦੇ 90 ਮਰੀਜ਼ ਸਨ, ਜਦਕਿ ਭਾਰਤ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਇਕ ਲੱਖ ਪਿੱਛੇ ਘੱਟ ਕੇ 80 ਰਹਿ ਗਈ ਹੈ। ਇਸ ਸਰਵੇਖਣ ਅਨੁਸਾਰ ਪੰਜਾਬ ਵਿਚ ਸਾਲ 2007 ਤੋਂ 2012 ਤੱਕ ਕੈਂਸਰ ਨਾਲ 33,318 ਮਰੀਜ਼ਾਂ ਦੀ ਮੌਤ ਹੋਈ, ਜਿਨ੍ਹਾਂ ਵਿਚੋਂ 14,682 ਮਰੀਜ਼ ਕੇਵਲ ਮਾਲਵਾ ਖੇਤਰ ਦੇ ਹੀ ਸਨ। ਇਸੇ ਤਰ੍ਹਾਂ ਜਨਵਰੀ 2013 ਵਿਚ ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ ਅਤੇ ਮਾਨਸਾ ਆਦਿ ਜ਼ਿਲ੍ਹਿਆਂ ਵਿਚ ਟਾਟਾ ਮੈਮੋਰੀਅਲ ਸੈਂਟਰ ਮੁੰਬਈ ਵੱਲੋਂ ਪੀ.ਜੀ.ਆਈ. ਚੰਡੀਗੜ੍ਹ ਅਤੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨਾਲ ਸਾਂਝੇ ਤੌਰ ਉਤੇ ਕਰਵਾਈਆਂ ਜਨਸੰਖਿਆ ਆਧਾਰਤ ਕੈਂਸਰ ਰਜਿਸਟਰੀਆਂ ਅਨੁਸਾਰ ਔਰਤਾਂ ਬਰੈਸਟ ਕੈਂਸਰ ਨਾਲ ਸਭ ਤੋਂ ਵੱਧ ਪੀੜਤ ਸਨ ਅਤੇ ਉਸ ਪਿਛੋਂ ਨੰਬਰ ਸਰਵਿਕਸ ਕੈਂਸਰ ਦਾ ਹੈ। ਇਨ੍ਹਾਂ ਰਜਿਸਟਰੀਆਂ ਤੋਂ ਇਹ ਵੀ ਪਤਾ ਲੱਗਾ ਕਿ ਜਿੱਥੇ ਔਰਤਾਂ ਵਿਚ ਕੈਂਸਰ ਦੀ ਸੰਭਾਵਨਾ 6% ਤੋਂ 13% ਤੱਕ ਹੁੰਦੀ ਹੈ, ਉਥੇ ਮਰਦਾਂ ਵਿਚ ਇਸ ਬਿਮਾਰੀ ਦੇ ਹੋਣ ਦੀ ਸੰਭਾਵਨਾ ਘਟ ਕੇ 5% ਤੋਂ 11% ਤੱਕ ਹੀ ਰਹਿ ਜਾਂਦੀ ਹੈ।

ਵਰਲਡ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਅੰਬੈਸਡਰ ਸ. ਕੁਲਵੰਤ ਸਿੰਘ ਧਾਲੀਵਾਲ ਨੇ ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਇਹ ਚਿੰਤਾ ਪ੍ਰਗਟਾਈ ਸੀ ਕਿ ਸੰਸਾਰ ਭਰ ਵਿਚ ਆਬਾਦੀ ਦੇ ਹਿਸਾਬ ਨਾਲ ਪੰਜਾਬ ਵਿਚ ਕੈਂਸਰ ਕਾਰਨ ਸਭ ਤੋਂ ਵੱਧ ਜਾਨਾਂ ਜਾ ਰਹੀਆਂ ਹਨ ਜਿਸ ਕਰਕੇ ਪੰਜਾਬ 'ਵਰਲਡ ਕੈਂਸਰ ਕੈਪੀਟਲ' ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਰੋਜ਼ਾਨਾ 43 ਵਿਅਕਤੀ ਕੈਂਸਰ ਦੀ ਭੇਟ ਚੜ੍ਹ ਰਹੇ ਹਨ, ਜਿਨ੍ਹਾਂ ਵਿਚੋਂ 36 ਕੇਵਲ ਔਰਤਾਂ ਹੀ ਹਨ, ਜੋ ਬਰੈਸਟ ਅਤੇ ਸਰਵਿਕਸ ਕੈਂਸਰ ਦਾ ਸਹੀ ਸਮੇਂ ਉਤੇ ਇਲਾਜ ਨਾ ਕਰਵਾਉਣ ਕਰਕੇ ਆਪਣੀਆਂ ਜਾਨਾਂ ਗੁਆ ਰਹੀਆਂ ਹਨ। ਭਾਵੇਂ ਪੰਜਾਬ ਵਰਤਮਾਨ ਸਮੇਂ ਵਿਚ ਕੈਂਸਰ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਪਰ ਇਸ ਨਾਲ ਇਹ ਆਧਾਰ ਰਹਿਤ ਧਾਰਨਾ ਜੋੜ ਦੇਣੀ ਠੀਕ ਨਹੀਂ ਕਿ ਇਹ ਇਕ ਲਾਇਲਾਜ ਤੇ ਜਾਨਲੇਵਾ ਬਿਮਾਰੀ ਹੈ ਜੋ ਬਹੁਤ ਜਲਦੀ ਫੈਲਦੀ ਹੈ ਅਤੇ ਇਸ ਨਾਲ ਮਰੀਜ਼ ਦਾ ਅੰਤ ਨਿਸ਼ਚਿਤ ਹੀ ਹੁੰਦਾ ਹੈ। ਇਸ ਧਾਰਨਾ ਨੂੰ ਬਦਲਣ ਅਤੇ ਲੋਕਾਂ ਵਿਚ ਜਾਗਰੂਕਤਾ ਫੈਲਾਉਣ ਲਈ ਮੀਡੀਆ ਬਹੁਤ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਅਖਬਾਰਾਂ, ਰੇਡੀਓ, ਟੈਲੀਵੀਜ਼ਨ ਅਤੇ ਇੰਟਰਨੈਟ ਰਾਹੀਂ ਕੈਂਸਰ ਦੇ ਕਾਰਨਾਂ ਅਤੇ ਬਚਾਓ ਸਬੰਧੀ ਡਾਕਟਰਾਂ ਤੇ ਬੁੱਧੀਜੀਵੀਆਂ ਦੇ ਉਪਯੋਗੀ ਲੇਖ ਤੇ ਇੰਟਰਵਿਊ ਜਿੱਥੇ ਸਾਕਾਰਾਤਮਕ ਭੂਮਿਕਾ ਨਿਭਾ ਸਕਦੇ ਹਨ, ਉਥੇ ਇਸ ਬਿਮਾਰੀ ਉਤੇ ਜਿੱਤ ਪ੍ਰਾਪਤ ਕਰ ਚੁਕੇ ਵਿਅਕਤੀਆਂ (ਕੈਂਸਰ ਸਰਵਾਈਵਰਾਂ) ਦੇ ਤਜਰਬੇ ਸਾਂਝੇ ਕਰਕੇ ਵੀ ਇਸ ਬਿਮਾਰੀ ਪ੍ਰਤੀ ਸਮਾਜ ਦੀ ਸੋਚ ਨੂੰ ਬਦਲਿਆ ਜਾ ਸਕਦਾ ਹੈ। ਨਾਮੀ ਸ਼ਖਸੀਅਤਾਂ ਜਿਵੇਂ ਭਾਰਤੀ ਫਿਲਮ ਅਦਾਕਾਰਾ ਮੁਮਤਾਜ਼, ਲੀਜ਼ਾ ਰੇਅ ਅਤੇ ਮਨੀਸ਼ਾ ਕੋਇਰਾਲਾ ਤੋਂ ਇਲਾਵਾ ਹਾਲੀਵੁੱਡ ਅਦਾਕਾਰਾ ਸੁਜ਼ੈਨ ਸੋਮਰਜ਼, ਸਿਨਥੀਆ ਨਿਕਸਨ, ਮੈਲੀਸਾ ਐਥਰਿਜ, ਬਾਰਬਰਾ ਮੋਰੀ ਅਤੇ ਸ਼ੈਰਿਲ ਕਰੋਅ ਵਰਗੀਆਂ ਅਨੇਕਾਂ ਕੈਂਸਰ ਜੇਤੂ ਹਸਤੀਆਂ ਨੇ ਪੁਸਤਕਾਂ, ਫਿਲਮਾਂ ਅਤੇ ਡਾਕੂਮੈਂਟਰੀਆਂ ਰਾਹੀਂ ਮੀਡੀਏ ਦੀ ਉਸਾਰੂ ਵਰਤੋਂ ਕੀਤੀ ਅਤੇ ਕੈਂਸਰ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਦੇਖਭਾਲ ਤੇ ਇਲਾਜ ਲਈ ਸਮਾਜ ਸੇਵੀ ਸੰਸਥਾਵਾਂ ਬਣਾ ਕੇ ਇਕ ਮਿਸਾਲ ਕਾਇਮ ਕੀਤੀ।

ਲੇਖਿਕਾ ਮਿਨਾਕਸ਼ੀ ਚੌਧਰੀ ਦੀ ਪੁਸਤਕ 'ਸਨਸ਼ਾਈਨ: ਮਾਈ ਐਨਕਾਊਂਟਰ ਵਿਦ ਕੈਂਸਰ', ਰਾਸ਼ਟਰੀ ਪੱਧਰ ਦੀ ਖਿਡਾਰਨ ਪ੍ਰੇਰਨਾ ਵਰਮਾ ਦੀ 'ਪ੍ਰੇਰਨਾ', ਨੀਲਮ ਕੁਮਾਰ ਦੀ 'ਟੂ ਕੈਂਸਰ ਵਿਦ ਲਵ: ਮਾਈ ਜਰਨੀ ਆਫ ਜੌਏ' ਅਤੇ ਅਨੀਤਾ ਮੂਰਜਾਨੀ ਦੀ 'ਡਾਈਂਗ ਟੂ ਬੀ ਮੀ: ਮਾਈ ਜਰਨੀ ਫਰੌਮ ਕੈਂਸਰ ਟੂ ਨੀਅਰ ਡੈਥ' ਆਦਿ ਪ੍ਰੇਰਕ ਪੁਸਤਕਾਂ ਹਨ ਜੋ ਇੰਟਰਨੈਟ ਉਤੇ ਵੀ ਉਪਲਬਧ ਹਨ, ਕੈਂਸਰ ਦੇ ਮਰੀਜ਼ਾਂ ਅਤੇ ਖਾਸ ਕਰ ਔਰਤਾਂ ਲਈ ਲਾਹੇਵੰਦ ਸਾਬਤ ਹੋ ਸਕਦੀਆਂ ਹਨ।

# ਅੱਖ ਚੁਭੀ ਅਮਨ ਦੀ

***ਕਸ਼ਮੀਰੀ ਕੁੜੀ ਇਨਸ਼ਾ ਮੁਸ਼ਤਾਕ ਜਿਸ ਦੀਆਂ ਦੋਹਾਂ ਅੱਖਾਂ ਦੀ ਰੌਸ਼ਨੀ ਸੁਰੱਖਿਆ ਦਸਤਿਆਂ ਦੀ ਘਾਤਕ ਪੈਲੇਟ ਗੰਨ ਦੇ ਛੱਰਿਆਂ ਨਾਲ ਚਲੀ ਗਈ ਸੀ, ਹੁਣ ਆਪਣੀ ਜ਼ਿੰਦਗੀ ਨਾਲ ਜੂਝ ਰਹੀ ਹੈ। ਉਹ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਨੇਤਰਹੀਣਾਂ ਵਾਲੀ ਬਰੇਲ ਲਿਪੀ ਸਿੱਖ ਰਹੀ ਹੈ। ਅਭੈ ਸਿੰਘ ਨੇ ਆਪਣੇ ਇਸ ਲੇਖ ਵਿਚ ਇਸ ਕੁੜੀ ਦੀ ਗਾਥਾ ਸੁਣਾਈ ਹੈ। -ਸੰਪਾਦਕ***

**ਅਭੈ ਸਿੰਘ**
ਫੋਨ: 91-98783-75903

ਪੰਜਾਬੀ ਵਿਚ ਵੱਡੀ ਵਧਾਈ ਨੂੰ ਲੱਖ ਲੱਖ ਵਧਾਈ ਆਖਿਆ ਜਾਂਦਾ ਹੈ। ਕਸ਼ਮੀਰ ਦੇ ਸ਼ਹਿਰ ਸ਼ੋਪੀਆਂ ਦੀ ਰਹਿਣ ਵਾਲੀ ਕੁੜੀ ਇਨਸ਼ਾ ਮੁਸ਼ਤਾਕ ਵਾਸਤੇ ਦਸਵੀਂ ਪਾਸ ਕਰਨੀ ਸੱਚਮੁੱਚ ਵੱਡੀ ਵਧਾਈ ਵਾਲੀ ਗੱਲ ਹੈ ਤੇ ਬਹੁਤ ਵਿਲੱਖਣ ਵੀ। ਪਿਛਲੇ ਸਾਲ ਅਪਰੈਲ ਮਹੀਨੇ ਕਸ਼ਮੀਰ ਵਿਚ ਇਕ ਬੰਦੂਕਧਾਰੀ ਬੁਰਹਾਨ ਵਾਨੀ ਦੇ ਮਾਰੇ ਜਾਣ ਤੋਂ ਬਾਅਦ ਬਹੁਤ ਜਗ੍ਹਾ ਰੋਸ ਵਜੋਂ ਪੱਥਰ ਮਾਰਨ ਦੀਆਂ ਘਟਨਾਵਾਂ ਹੋਈਆਂ। ਭੀੜਾਂ 'ਤੇ ਕਾਬੂ ਪਾਉਣ ਲਈ ਪੁਲਿਸ ਨੇ ਗੋਲੀਆਂ ਤੇ ਪੈਲੇਟ ਗੰਨਾਂ ਦਾ ਇਸਤੇਮਾਲ ਕੀਤਾ। ਪੈਲੇਟ ਗੰਨ ਦੇ ਬਾਰੂਦੀ ਛੱਰੇ ਬਹੁਤ ਬਾਰੀਕ ਹੁੰਦੇ ਹਨ ਜੋ ਵੱਜਣ ਨਾਲ ਬੰਦਾ ਜ਼ਖਮੀ ਹੁੰਦਾ ਹੈ, ਪਰ ਜਾਨ ਬਚ ਜਾਂਦੀ ਹੈ।

ਪੈਲੇਟ ਗੰਨਾਂ ਨਾਲ ਮੌਤਾਂ ਦੀ ਗਿਣਤੀ ਤਾਂ ਜ਼ਰੂਰ ਘਟੀ, ਪਰ ਬਹੁਤ ਸਾਰੇ ਲੋਕ ਗੰਭੀਰ ਜ਼ਖਮੀ ਹੋਏ। ਕਈਆਂ ਦੇ ਚਿਹਰੇ ਛਲਣੀ ਹੋ ਗਏ, ਤੇ ਜੇ ਕੋਈ ਛੱਰਾ ਅੱਖ ਵਿਚ ਪੈ ਜਾਵੇ ਤਾਂ ਅੱਖ ਦਾ ਬਚਾਓ ਬਹੁਤ ਮੁਸ਼ਕਿਲ ਹੈ। ਇਉਂ ਕਸ਼ਮੀਰ ਵਿਚ ਕਈ ਲੋਕ, ਬਹੁਤੇ ਛੋਟੀ ਉਮਰ ਦੇ ਨੌਜਵਾਨ, ਇਕ ਜਾਂ ਦੋਵਾਂ ਅੱਖਾਂ ਤੋਂ ਨਕਾਰਾ ਹੋ ਗਏ। ਇਨ੍ਹਾਂ ਵਿਚੋਂ ਹੀ ਇਕ ਇਨਸ਼ਾ ਮੁਸ਼ਤਾਕ ਹੈ ਜੋ ਉਦੋਂ ਨੌਵੀਂ ਵਿਚ ਪੜ੍ਹਦੀ ਸੀ। ਸ੍ਰੀਨਗਰ, ਦਿੱਲੀ ਤੇ ਮੁੰਬਈ ਵਿਚ ਵੀ ਇਲਾਜ ਕਰਵਾਇਆ, ਪਰ ਉਸ ਦੀਆਂ ਅੱਖਾਂ ਨਾ ਬਚਾਈਆਂ ਜਾ ਸਕੀਆਂ। ਲੜਕੀ ਦੀ ਬਹਾਦਰੀ ਸੀ ਕਿ ਉਸ ਨੇ ਰੋਣ-ਧੋਣ ਵਿਚ ਜ਼ਿੰਦਗੀ ਬਸਰ ਕਰਨ ਦੀ ਤਾਂ ਪੜ੍ਹਾਈ ਜਾਰੀ ਰੱਖੀ। ਪਹਿਲਾਂ ਪੂਰੀ ਲਗਨ ਨਾਲ ਬਰੇਲ ਲਿਪੀ ਸਿੱਖਣੀ ਸ਼ੁਰੂ ਕੀਤੀ, ਪਰ ਉਸ ਵਾਸਤੇ ਕਾਫੀ ਵਕਤ ਚਾਹੀਦਾ ਸੀ। ਸੋ ਉਸ ਨੇ ਆਪਣੀਆਂ ਕਿਤਾਬਾਂ ਦੂਜਿਆਂ ਦੀ ਜ਼ਬਾਨੀ ਸੁਣ-ਸਮਝ ਕੇ ਯਾਦ ਕਰਨਾ ਸ਼ੁਰੂ ਕੀਤਾ ਅਤੇ ਦਸਵੀਂ ਦੇ ਇਮਤਿਹਾਨ ਵਿਚ ਬੈਠ ਗਈ। ਮਦਦ ਵਾਸਤੇ ਛੋਟੀ ਉਮਰ ਦੀ ਲੜਕੀ ਮਿਲ ਗਈ। ਇਹ ਉਸ ਦੀ ਜ਼ਬਾਨੀ ਸਵਾਲ ਸੁਣਦੀ ਰਹੀ ਤੇ ਉਸ ਨੂੰ ਆਪਣੀ ਜ਼ਬਾਨੀ ਜਵਾਬ ਲਿਖਵਾਉਂਦੀ ਰਹੀ। ਇਸ ਤਰ੍ਹਾਂ ਉਸ ਨੇ ਇਮਤਿਹਾਨ ਦਿੱਤਾ ਤੇ ਪਾਸ ਹੋ ਗਈ।



*ਹਸਪਤਾਲ ਵਿਚ ਇਲਾਜ ਅਧੀਨ ਕਸ਼ਮੀਰੀ ਕੁੜੀ ਇਨਸ਼ਾ ਮੁਸ਼ਤਾਕ*

ਇਨਸ਼ਾ ਖੁਦ ਕਿਸੇ ਪੱਥਰਬਾਜ਼ੀ ਦੇ ਅੰਦੋਲਨ ਵਿਚ ਸ਼ਾਮਿਲ ਨਹੀਂ ਸੀ। ਉਹ ਆਪਣੇ ਘਰ ਦੀ ਪਹਿਲੀ ਮੰਜ਼ਿਲ 'ਤੇ ਰਸੋਈ ਵਿਚ ਹੀ ਜਮੀਨ ਉਪਰ ਬੈਠ ਕੇ ਇਮਤਿਹਾਨਾਂ ਦੀ ਤਿਆਰੀ ਕਰ ਰਹੀ ਸੀ ਤਾਂ ਜੋ ਪੜ੍ਹਾਈ ਵਿਚ ਕੋਈ ਵਿਘਨ ਨਾ ਪਾਵੇ। ਅਚਾਨਕ ਬਾਹਰ ਪੱਥਰ ਮਾਰਨ, ਨਾਅਰੇ ਲਾਉਣ ਅਤੇ ਫਿਰ ਗੋਲੀਆਂ ਚੱਲਣ ਦੀ ਆਵਾਜ਼ ਆਉਣ ਲੱਗੀ। ਹਰ ਇਕ ਨੂੰ ਵੇਖਣ ਦੀ ਉਤਸੁਕਤਾ ਹੁੰਦੀ ਹੈ ਤੇ ਬੱਚਿਆਂ ਨੂੰ ਤਾਂ ਵੱਧ ਹੁੰਦੀ ਹੈ। ਇਨਸ਼ਾ ਦੌੜ ਕੇ ਬਾਹਰ ਬਾਲਕੋਨੀ ਵਿਚ ਵੇਖਣ ਗਈ ਤਾਂ ਪੈਲੇਟ ਗੰਨ ਦੇ ਛੱਰਿਆਂ ਦੀ ਇਕ ਬੁਛਾੜ ਉਸ ਦੇ ਮੂੰਹ ਉਪਰ ਵੱਜੀ। ਦੋ ਛੱਰੇ ਅੱਖਾਂ ਵਿਚ ਧੱਸ ਗਏ। ਉਸ ਨੂੰ ਇਕਦਮ ਦਿਸਣਾ ਬੰਦ ਹੋ ਗਿਆ ਤੇ ਚਿਹਰੇ ਉਪਰ ਸੜਦੇ ਜਾਣ ਦੀਆਂ ਦਰਦਾਂ ਉਠੀਆਂ।

ਮਾਂ ਬਾਪ ਹਸਪਤਾਲ ਲੈ ਕੇ ਗਏ, ਪਰ ਅੱਖਾਂ ਬਾਰੇ ਕੁਝ ਪਤਾ ਨਹੀਂ ਸੀ ਲੱਗਦਾ। ਅੱਖਾਂ ਦੀ ਜੋਤ ਵਾਪਸ ਆ ਸਕਣ ਦੀ ਡਾਕਟਰਾਂ ਵੱਲੋਂ ਕਰੀਬ ਕਰੀਬ ਨਾਂਹ ਹੀ ਸੀ। ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਵੀ ਉਸ ਦਾ ਹਾਲ ਪੁੱਛਣ ਆਈ ਤੇ ਸਰਕਾਰੀ ਖਰਚੇ ਉਪਰ ਚੰਗੇ ਇਲਾਜ ਵਾਸਤੇ ਦਿੱਲੀ ਦੇ ਏਮਜ਼ ਹਸਪਤਾਲ ਭੇਜਿਆ। ਉਸ ਤੋਂ ਬਾਅਦ ਮੁੰਬਈ ਵੀ ਲਿਜਾਇਆ ਗਿਆ। ਮਹੀਨਾ ਭਰ ਇਲਾਜ ਚੱਲਿਆ, ਪਰ ਅੱਖਾਂ ਦੀ ਜੋਤ ਸਦਾ ਵਾਸਤੇ ਜਾ ਚੁਕੀ ਸੀ। ਇਨਸ਼ਾ ਦੇ ਪਿਤਾ ਨੇ ਆਪਣੀ ਇਕ ਅੱਖ ਉਸ ਨੂੰ ਦੇਣ ਦੀ ਪੇਸ਼ਕਸ਼ ਕੀਤੀ, ਪਰ ਡਾਕਟਰਾਂ ਨੇ ਨਾਂਹ ਕਰ ਦਿੱਤੀ। ਆਖਿਰ ਹਾਰ ਕੇ ਭਾਣਾ ਮੰਨ ਕੇ ਘਰ ਵਾਪਸ ਆ ਗਏ। ਲੋਕ ਹਮਦਰਦੀ ਵਾਸਤੇ ਆਉਂਦੇ ਰਹੇ, ਪਰ ਅੱਖਾਂ ਦੀ ਜੋਤ ਦਾ ਕੁਝ ਨਹੀਂ ਸੀ ਕੀਤਾ ਜਾ ਸਕਦਾ।

ਤਿੰਨ ਮਹੀਨੇ ਤਕ ਚੱਲੇ ਪੱਥਰਬਾਜ਼ੀ ਦੇ ਅੰਦੋਲਨਾਂ ਕਾਰਨ ਤਕਰੀਬਨ 100 ਜਣੇ ਮਾਰੇ



*ਇਨਸ਼ਾ ਮੁਸ਼ਤਾਕ*

ਗਏ, ਕਈ ਸੌ ਜ਼ਖਮੀ ਹੋਏ, 20 ਜਣਿਆਂ ਦੀ ਇਕ ਇਕ ਅੱਖ ਨੁਕਸਾਨੀ ਗਈ ਤੇ 6 ਲੋਕ ਦੋਵਾਂ ਅੱਖਾਂ ਤੋਂ ਨਕਾਰਾ ਹੋ ਗਏ ਜਿਨ੍ਹਾਂ ਵਿਚ ਜ਼ਿਆਦਾ ਬੱਚੇ ਸਨ। ਇਸ ਤੋਂ ਪਹਿਲਾਂ ਵੀ 25 ਸਾਲ ਦਾ ਇਕ ਨੌਜਵਾਨ ਪੈਲੇਟ ਗੰਨ ਦੇ ਗੋਲੇ ਕਰਕੇ ਦੋਵਾਂ ਅੱਖਾਂ ਤੋਂ ਵਾਂਝਾ ਹੋ ਚੁੱਕਿਆ ਹੈ।

ਮੰਨਿਆ ਜਾ ਸਕਦਾ ਹੈ ਕਿ ਪੁਲਿਸ ਦੇ ਕਿਸੇ ਸਿਪਾਹੀ ਨੇ ਇਨਸ਼ਾ ਨੂੰ ਪਛਾਣ ਕੇ ਉਸ ਤਰਫ ਨਿਸ਼ਾਨਾ ਬੰਨ੍ਹ ਕੇ ਗੋਲੀ ਨਹੀਂ ਚਲਾਈ ਹੋਵੇਗੀ। ਫਿਜ਼ਾ ਵਿਚ ਅੰਨ੍ਹੇਵਾਹ ਚਲਦੀਆਂ ਪੈਲੇਟ ਗੋਲੀਆਂ ਦੀ ਵਾਛੜ ਇਨਸ਼ਾ ਦੇ ਚਿਹਰੇ 'ਤੇ ਆਣ ਵੱਜੀ। ਫਿਰ ਵੀ ਇਸ ਨੂੰ ਸੜਕ ਦੁਰਘਟਨਾ ਵਾਂਗ ਕੋਈ ਹਾਦਸਾ ਨਹੀਂ ਮੰਨਿਆ ਜਾ ਸਕਦਾ। ਇਹ ਗੋਲੇ ਮਨੁੱਖਾਂ ਵੱਲੋਂ ਮਨੁੱਖਾਂ ਨੂੰ ਹੀ ਮਾਰਨ ਜਾਂ ਜ਼ਖਮੀ ਕਰਨ ਵਾਸਤੇ ਚਲਾਏ ਗਏ ਸਨ। ਹਿੰਸਕ ਝੜਪਾਂ ਦਾ ਉਹ ਸਾਰਾ ਮਾਹੌਲ ਬੰਦੇ ਦਾ ਬਣਾਇਆ ਗਿਆ ਸੀ ਜਿਸ ਵਿਚ ਇਨਸ਼ਾ ਦਾ ਕੋਈ ਕਸੂਰ ਨਹੀਂ ਸੀ, ਪਰ ਉਸ ਨੂੰ ਬਹੁਤ ਵੱਡੀ ਸਜ਼ਾ ਮਿਲੀ ਹੈ। ਸ਼ਾਇਦ ਸਜ਼ਾ-ਏ-ਮੌਤ ਤੋਂ ਵੀ ਵੱਡੀ।

ਉਨ੍ਹਾਂ ਦਿਨਾਂ ਵਿਚ ਸਾਡੀਆਂ ਅਖਬਾਰਾਂ, ਖਾਸ ਕਰ ਕਸ਼ਮੀਰ ਤੋਂ ਛਪਣ ਵਾਲੀਆਂ ਅਖਬਾਰਾਂ ਵਿਚ ਬੱਚਿਆਂ ਦੇ ਪੈਲੇਟ ਗੰਨਾਂ ਨਾਲ ਛਲਣੀ ਹੋਏ ਚਿਹਰਿਆਂ ਦੀਆਂ ਬਹੁਤ ਤਸਵੀਰਾਂ ਛਪਦੀਆਂ ਰਹੀਆਂ। ਸੁੱਜੀਆਂ ਤੇ ਨੀਲੀਆਂ ਹੋਈਆਂ ਅੱਖਾਂ ਬਹੁਤ ਭਿਆਨਕ ਤੇ ਦਰਦਨਾਕ ਤਸਵੀਰ ਪੇਸ਼ ਕਰਦੀਆਂ ਸਨ। ਇਨ੍ਹਾਂ ਤਸਵੀਰਾਂ ਨਾਲ ਬਹੁਤ ਟਿੱਪਣੀਆਂ ਵੀ ਛਪਦੀਆਂ ਰਹੀਆਂ ਕਿ ਕਿਵੇਂ ਸੁਰੱਖਿਆ ਅਧਿਕਾਰੀ ਦਰਿੰਦਗੀ ਦਾ ਵਰਤਾਰਾ ਕਰਦੇ ਰਹੇ। ਸੁਰੱਖਿਆ ਅਧਿਕਾਰੀਆਂ ਦੀਆਂ ਆਪਣੀਆਂ ਪ੍ਰੇਸ਼ਾਨੀਆਂ ਹੋਣਗੀਆਂ, ਪਰ ਆਮ ਭਾਸ਼ਾ ਇਹ ਸੀ ਕਿ ਜ਼ਾਲਮ ਛੋਟੇ ਛੋਟੇ ਮਾਸੂਮ ਬੱਚਿਆਂ ਨੂੰ ਵੀਂ ਨਹੀਂ ਬਖਸ਼ ਰਹੇ। ਸੋਸ਼ਲ ਮੀਡੀਆ 'ਤੇ ਵੀ ਅਜਿਹੀਆਂ ਦਰਦਨਾਕ ਤਸਵੀਰਾਂ ਆਉਂਦੀਆਂ ਰਹੀਆਂ ਜਿਨ੍ਹਾਂ ਨੂੰ ਵੇਖ ਕੇ ਕਲੇਜਾ ਮੂੰਹ ਨੂੰ ਆਉਂਦਾ।

ਸੰਯੁਕਤ ਰਾਸ਼ਟਰ ਮਹਾਂ ਸਭਾ ਦੇ ਇਜਲਾਸ ਵਿਚ ਪਾਕਿਸਤਾਨ ਦੀ ਸਫੀਰ ਨੇ ਇਕ ਬੱਚੀ ਦੇ ਪੈਲੇਟ ਦੇ ਛੱਰਿਆਂ ਨਾਲ ਛਲਣੀ ਹੋਏ ਚਿਹਰੇ ਦੀ ਤਸਵੀਰ ਵਿਖਾਈ ਕਿ ਦੇਖੋ, ਭਾਰਤ ਦੇ ਕਸ਼ਮੀਰ ਅੰਦਰ ਮਾਸੂਮ ਬੱਚਿਆਂ ਉਪਰ ਕਿਤਨਾ ਭਿਅੰਕਰ ਜ਼ੁਲਮ ਹੋ ਰਿਹਾ ਹੈ। ਬਾਅਦ ਵਿਚ ਉਹ ਤਸਵੀਰ ਕਸ਼ਮੀਰ ਦੀ ਨਹੀਂ, ਕਿਸੇ ਹੋਰ ਮੁਲਕ ਦੀ ਨਿਕਲੀ। ਭਾਰਤੀ ਅਧਿਕਾਰੀਆਂ ਨੇ ਇਸ ਵਿਚ ਬਹੁਤ ਸਕੂਨ ਦਾ ਇਜ਼ਹਾਰ ਕੀਤਾ। ਦਰਅਸਲ, ਇਸ ਵਿਚ ਸਕੂਨ ਵਾਲੀ ਕੋਈ ਗੱਲ ਨਹੀਂ ਹੋਣੀ ਚਾਹੀਦੀ। ਕਸ਼ਮੀਰ ਦੇ ਬੱਚਿਆਂ ਦੀਆਂ ਅਜਿਹੀਆਂ ਤਸਵੀਰਾਂ ਉਸ ਤਸਵੀਰ ਤੋਂ ਘੱਟ ਦਰਦਨਾਕ ਨਹੀਂ। ਫਿਰ ਸਾਨੂੰ ਸਕੂਨ ਦੀ ਥਾਂ ਵਧੇਰੇ ਦੁੱਖ ਹੋਣਾ ਚਾਹੀਦਾ ਹੈ ਕਿ ਇਹ ਭਿਆਨਕਤਾ ਸਿਰਫ ਕਸ਼ਮੀਰ ਵਿਚ ਹੀ ਨਹੀਂ, ਦੁਨੀਆਂ ਦੇ ਹੋਰ ਹਿੱਸਿਆਂ ਵਿਚ ਵੀ ਹੈ। ਉਸ ਬੱਚੀ ਦਾ ਦੁੱਖ ਵੀ ਸਾਡਾ ਹੈ। ਉਹ ਵੀ ਸਾਡੀ ਇਨਸ਼ਾ ਹੈ। ਸਾਡਾ ਪ੍ਰਣ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਕਿਧਰੇ ਵੀ ਅਜਿਹਾ ਕਿਸੇ ਬੱਚੇ ਨਾਲ ਨਾ ਹੋਵੇ। ਮੰਨਦੇ ਹਾਂ ਕਿ ਪੈਲੇਟ ਗੰਨ ਦਾ ਇਸਤੇਮਾਲ ਸਿੱਧੀ ਗੋਲੀ ਨਾਲ ਹੋਣ ਵਾਲੀਆਂ ਮੌਤਾਂ ਘਟਾਉਣ ਵਾਸਤੇ ਕੀਤਾ ਗਿਆ, ਪਰ ਕਈ ਲੋਕਾਂ ਦੇ ਪੈਲੇਟ ਨਾਲ ਹੋਏ ਜ਼ਖਮ ਵੀ ਇਤਨੇ ਦਰਦਨਾਕ ਸਨ ਕਿ ਉਹ ਕਹਿਣ ਲੱਗੇ ਕਿ ਇਸ ਨਾਲੋਂ ਤਾਂ ਇਕੋ ਗੋਲੀ ਨਾਲ ਜਾਨੋਂ ਮਾਰ ਦਿੰਦੇ ਤਾਂ ਚੰਗਾ ਸੀ। ਗੋਲੀ ਦਾ ਬਦਲ ਪੈਲੇਟ ਲੱਭਿਆ, ਹੁਣ ਪੈਲੇਟ ਦਾ ਬਦਲ ਵੀ ਲਾਲ ਮਿਰਚਾਂ ਦੇ ਕਾਰਤੂਸਾਂ ਜਾਂ ਰਬੜ ਦੀਆਂ ਗੋਲੀਆਂ ਵਰਗਾ ਲੱਭਿਆ ਜਾ ਰਿਹਾ ਹੈ। ਅਫਸੋਸ, ਬੰਦਾ ਕਿਸ ਚੀਜ਼ ਦੇ ਬਦਲ ਲੱਭਣ ਦੀ ਖੋਜ ਕਰ ਰਿਹਾ ਹੈ, ਬੰਦੇ ਨੂੰ ਜ਼ਖਮੀ ਕਰਨ ਤੇ ਸਰੀਰਕ ਚੋਟਾਂ ਦੇਣ ਦੇ?

ਅਸਲ ਵਿਚ ਇਨ੍ਹਾਂ ਸਭ ਚੀਜ਼ਾਂ ਦਾ ਇਕ ਹੀ ਬਦਲ ਹੈ, "ਮੂੰਹ ਨਾਲ ਗੱਲ ਕਰੋ।" ਦੁਨੀਆਂ ਵਿਚ ਮਨੁੱਖੀ ਜਾਤ ਅਰਬਾਂ ਦੀ ਗਿਣਤੀ ਵਿਚ ਹੈ। ਸਾਂਝਾਂ ਵੀ ਹੋਣਗੀਆਂ, ਤਫਰਕੇ ਵੀ ਹੋਣਗੇ। ਝਗੜੇ ਵੀ ਹੋਣਗੇ, ਜਾਤ ਬਿਰਾਦਰੀ ਦੇ ਝਗੜੇ, ਧਰਮਾਂ ਦੇ ਝਗੜੇ, ਸਿਆਸਤਾਂ ਦੇ ਝਗੜੇ, ਹੱਦਾਂ ਤੇ ਸਰਹੱਦਾਂ ਦੇ ਝਗੜੇ। ਬੰਦੇ ਨੂੰ ਬੰਦਾ ਬਣ ਕੇ ਇਨ੍ਹਾਂ ਦਾ ਹੱਲ ਮੂੰਹ ਨਾਲ ਗੱਲ ਕਰਕੇ ਕਰਨਾ ਪਵੇਗਾ। ਡਾਂਗਾਂ, ਪੱਥਰਾਂ, ਬੰਦੂਕਾਂ, ਪੈਲੇਟ ਗੰਨਾਂ ਤੇ ਰਬੜ ਦੀਆਂ ਗੋਲੀਆਂ ਨਾਲ ਨਹੀਂ। ਟੈਂਕਾਂ ਤੇ ਐਟਮ ਬੰਬਾਂ ਨਾਲ ਵੀ ਨਹੀਂ।

ਇਨਸ਼ਾ ਨੇ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਹੈ, ਇਕ ਵਾਰ ਫਿਰ ਵਧਾਈ; ਪਰ ਉਸ ਦੇ ਸਾਹਮਣੇ ਅਜੇ ਬਹੁਤ ਇਮਤਿਹਾਨ ਹਨ। ਉਸ ਨੇ ਅਜੇ ਬਰੇਲ ਲਿਪੀ ਦੀ ਮੁਹਾਰਤ ਵੀ ਹਾਸਿਲ ਕਰਨੀ ਹੈ ਤਾਂ ਕਿ ਉਹ ਖੁਦ ਪੜ੍ਹ ਸਕੇ। ਨਵੀਂ ਤਕਨੀਕ ਨਾਲ ਟਾਈਪ ਕਰਨਾ ਵੀ ਸਿੱਖਣਾ ਹੈ। ਇਸ ਤੋਂ ਅੱਗੇ ਉਸ ਨੇ ਸਾਰੇ ਸੰਸਾਰ ਦਾ ਇਮਤਿਹਾਨ ਵੀ ਲੈਣਾ ਹੈ। ਉਹ ਵੇਖ ਨਹੀਂ ਸਕਦੀ, ਪਰ ਦੁਨੀਆਂ ਨੂੰ ਬਹੁਤ ਕੁਝ ਵਿਖਾ ਸਕਦੀ ਹੈ। ਉਸ ਦੀਆਂ ਅੱਖਾਂ ਬੰਦ ਹਨ, ਪਰ ਉਹ ਸਾਡੀਆਂ ਸਭਨਾਂ ਦੀ ਅੱਖਾਂ ਖੋਲ੍ਹਣ ਦੀ ਸਮਰੱਥਾ ਰੱਖਦੀਆਂ ਹਨ। ਉਸ ਦੀਆਂ ਅੱਖਾਂ 'ਤੇ ਲੱਗੀਆਂ ਕਾਲੀਆਂ ਐਨਕਾਂ ਸਾਰੀ ਮਨੁੱਖ ਜਾਤੀ ਨੂੰ ਸਬਕ ਦੇ ਰਹੀਆਂ ਹਨ ਕਿ ਹਿੰਸਾ ਕਿੰਨੀ ਬੁਰੀ ਚੀਜ਼ ਹੈ। ਇਨਸ਼ਾ ਆਪਣੇ ਇਮਤਿਹਾਨ ਵਿਚੋਂ ਪਾਸ ਹੋ ਗਈ। ਹੁਣ ਵੇਖਣਾ ਹੈ ਕਿ ਕੀ ਅਸੀਂ ਉਸ ਵੱਲੋਂ ਪਾਏ ਇਮਤਿਹਾਨ ਵਿਚੋਂ ਪਾਸ ਹੁੰਦੇ ਹਾਂ ਜਾਂ ਨਹੀਂ! ਕੀ ਅਸੀਂ ਅਜੇ ਵੀ ਹਿੰਸਾ ਤੋਂ ਤੌਬਾ ਕਰਦੇ ਹਾਂ ਜਾਂ ਨਹੀਂ? ਕੀ ਅਸੀਂ 'ਮੂੰਹ ਨਾਲ ਗੱਲ ਕਰਨੀ' ਸਿੱਖਣ ਵਾਸਤੇ ਤਿਆਰ ਹਾਂ?



*ਇਕ ਹੋਰ ਕੁੜੀ ਦੀ ਮਦਦ ਨਾਲ ਇਮਤਿਹਾਨ ਦੇ ਰਹੀ ਇਨਸ਼ਾ ਮੁਸ਼ਤਾਕ*

# ਵਾਦੀ 'ਚ ਫੌਜ ਵੱਲੋਂ ਭੀੜ 'ਤੇ ਗੋਲੀਬਾਰੀ, ਦੋ ਨੌਜਵਾਨ ਹਲਾਕ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ 'ਚ ਪ੍ਰਦਰਸ਼ਨ ਕਰ ਰਹੇ ਲੋਕਾਂ ਉਤੇ ਫੌਜ ਵੱਲੋਂ ਕੀਤੀ ਗੋਲੀਬਾਰੀ ਦੌਰਾਨ ਦੋ ਵਿਅਕਤੀ ਹਲਾਕ ਹੋ ਗਏ। ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲਿਸ ਨੇ ਸਬੰਧਤ ਫੌਜੀ ਯੂਨਿਟ ਖਿਲਾਫ਼ ਕੇਸ ਦਰਜ ਕੀਤਾ ਹੈ। ਸ਼ੋਪੀਆਂ ਜ਼ਿਲ੍ਹੇ ਦੇ ਗਨੋਵਪੋਰਾ ਪਿੰਡ ਵਿਚੋਂ ਲੰਘ ਰਹੇ ਸੁਰੱਖਿਆ ਬਲਾਂ ਦੇ ਕਾਫਲੇ 'ਤੇ ਭੀੜ ਨੇ ਪਥਰਾਅ ਕੀਤਾ ਜਿਸ ਉਤੇ ਜਵਾਨਾਂ ਨੇ ਉਨ੍ਹਾਂ ਨੂੰ ਖਿੰਡਾਉਣ ਲਈ ਕੁਝ ਰੌਂਦ ਗੋਲੀਬਾਰੀ ਕੀਤੀ। ਪੁਲਿਸ ਅਧਿਕਾਰੀ ਨੇ ਕਿਹਾ ਕਿ ਗੋਲੀਬਾਰੀ ਦੌਰਾਨ ਕਈ ਪ੍ਰਦਰਸ਼ਨਕਾਰੀ ਜਖ਼ਮੀ ਹੋਏ ਹਨ। ਦੋ ਜਖ਼ਮੀਆਂ ਜਾਵੇਦ ਅਹਿਮਦ ਭੱਟ ਅਤੇ ਸੁਹੇਲ ਜਾਵੇਦ ਲੋਨ ਨੇ ਦਮ ਤੋੜ ਦਿੱਤਾ। ਇਕ ਹੋਰ ਨੌਜਵਾਨ ਨੂੰ ਗੰਭੀਰ ਹਾਲਤ 'ਚ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਨੌਜਵਾਨਾਂ ਦੀ ਮੌਤ ਮਗਰੋਂ ਗਨੋਵਪੋਰਾ ਅਤੇ ਨਾਲ ਲੱਗਦੇ ਇਲਾਕਿਆਂ 'ਚ ਹਾਲਾਤ ਤਣਾਪੂਰਣ ਹਨ। ਸਰਕਾਰੀ ਤਰਜਮਾਨ ਨੇ ਕਿਹਾ ਕਿ ਮੁੱਖ ਮੰਤਰੀ ਨੇ ਦੋ ਆਮ ਨਾਗਰਿਕਾਂ ਦੀ ਮੌਤ 'ਤੇ ਡੂੰਘਾ ਦੁੱਖ ਜਤਾਇਆ ਅਤੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਧਰ, ਰੱਖਿਆ ਤਰਜਮਾਨ ਨੇ ਕਿਹਾ ਕਿ ਫੌਜ ਦੇ ਕਾਫ਼ਲੇ ਨੂੰ 200 ਤੋਂ 250 ਵਿਅਕਤੀਆਂ ਨੇ ਘੇਰ ਕੇ ਨਿਸ਼ਾਨਾ ਬਣਾਇਆ ਜਿਸ ਮਗਰੋਂ ਇਕ ਜੇ.ਸੀ.ਓ. ਦੇ ਸਿਰ 'ਤੇ ਸੱਟ ਲੱਗੀ ਅਤੇ ਉਹ ਬੇਹੋਸ਼ ਹੋ ਗਿਆ। ਭੀੜ ਨੇ ਉਸ ਦਾ ਹਥਿਆਰ ਖੋਹ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਭੀੜ ਨੇ ਉਨ੍ਹਾਂ ਦੇ ਵਾਹਨਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਗੋਲੀਬਾਰੀ ਕਰਨੀ ਪਈ।



## ਕਸ਼ਮੀਰ ਦਹਿਸ਼ਤੀ ਫੰਡਿੰਗ ਕੇਸ ਐਨ.ਆਈ.ਏ. ਹਵਾਲੇ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਹਿਜ਼ਬੁਲ ਮੁਜਾਹਦੀਨ ਦੇ ਭਗੌੜੇ ਦਹਿਸ਼ਤਗਰਦ ਨਾਸਿਰ ਸਫੀ ਮੀਰ ਦੇ ਕੇਸ ਨੂੰ ਦਿੱਲੀ ਪੁਲਿਸ ਤੋਂ ਆਪਣੇ ਹੱਥਾਂ 'ਚ ਲੈ ਲਿਆ ਹੈ। ਮੀਰ ਉਤੇ ਹੁਰੀਅਤ ਆਗੂਆਂ ਨੂੰ ਫੰਡ ਮੁਹੱਈਆ ਕਰਾਉਣ ਦੇ ਦੋਸ਼ ਹਨ।

ਅਧਿਕਾਰੀਆਂ ਨੇ ਖਦਸ਼ਾ ਜਤਾਇਆ ਕਿ ਜ਼ਮਾਨਤ ਮਗਰੋਂ ਉਹ ਮੁਲਕ ਵਿਚੋਂ ਬਾਹਰ ਭੱਜ ਗਿਆ ਹੈ। ਐਨ.ਆਈ.ਏ. ਇਹ ਪਤਾ ਲਾਉਣ ਦੀ ਕੋਸ਼ਿਸ਼ ਕਰੇਗੀ ਕਿ ਮੀਰ ਉਰਫ ਬਾਬੂਲ ਦੱਖਣੀ ਸੂਬੇ 'ਚੋਂ ਪਾਸਪੋਰਟ ਹਾਸਲ ਕਰਨ ਵਿਚ ਕਿਵੇਂ ਕਾਮਯਾਬ ਰਿਹਾ ਜਿਸ ਦੀ ਅਕਤੂਬਰ 2008 'ਚ ਨੇਪਾਲ 'ਚ ਵਰਤੋਂ ਕਰ ਕੇ ਉਹ ਯੂਰਪ ਚਲਾ ਗਿਆ।

## ਪ੍ਰਿੰਸ ਅਲ ਵਲੀਦ ਨੂੰ ਮਿਲੀ ਰਿਹਾਈ

**ਰਿਆਧ:** ਸਾਊਦੀ ਅਰਬ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਖਰਬਪਤੀ ਪ੍ਰਿੰਸ ਅਲ ਵਲੀਦ ਬਿਨ ਤਲਾਲ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੁੱਖ ਕਾਰੋਬਾਰੀ ਸਮੇਤ ਕਈ ਲੋਕਾਂ ਨੂੰ ਵੀ ਰਿਹਾਈ ਦਿੱਤੀ ਗਈ ਹੈ। ਅਲ ਵਲੀਦ ਸਮੇਤ ਦਰਜਨਾਂ ਪ੍ਰਿੰਸ, ਸੀਨੀਅਰ ਅਧਿਕਾਰੀ ਤੇ ਚੋਟੀ ਦੇ ਉਦਯੋਗਪਤੀਆਂ ਨੂੰ ਪਿਛਲੇ ਸਾਲ ਨਵੰਬਰ ਦੇ ਸ਼ੁਰੂ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਰਿਹਾਈ ਤੋਂ ਕੁਝ ਘੰਟੇ ਪਹਿਲਾਂ ਅਲ ਵਲੀਦ ਨੇ ਰਿਟਜ਼ ਕਾਰਲਟਨ ਹੋਟਲ ਵਿਚ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਸੀ ਕਿ ਕੁਝ ਹੀ ਦਿਨਾਂ ਅੰਦਰ ਉਨ੍ਹਾਂ ਦੇ ਬੇਦਾਗ ਸਾਬਤ ਹੋਣ ਅਤੇ ਰਿਹਾਅ ਹੋਣ ਦੀ ਆਸ ਹੈ। ਉਨ੍ਹਾਂ ਕਿਹਾ ਸੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਨਹੀਂ ਹਨ। ਗ੍ਰਿਫਤਾਰ ਮੁੱਖ ਲੋਕਾਂ ਨੂੰ ਇਸੇ ਸ਼ਾਨਦਾਰ ਹੋਟਲ ਵਿਚ ਰੱਖਿਆ ਗਿਆ ਹੈ। ਅਲ ਵਲੀਦ ਨੇ ਇਹ ਵੀ ਕਿਹਾ ਸੀ ਕਿ ਉਹ ਆਪਣੀ ਕੰਪਨੀ ਕਿੰਗਡਮ ਹੋਲਡਿੰਗ ਉਤੇ ਪੂਰਾ ਕੰਟਰੋਲ ਰੱਖਣਗੇ ਅਤੇ ਇਸ ਨੂੰ ਸਰਕਾਰ ਨੂੰ ਸੌਂਪਣ ਦੀ ਲੋੜ ਨਹੀਂ ਹੋਵੇਗੀ। ਰਿਹਾਈ ਦੇ ਬਦਲੇ ਇਨ੍ਹਾਂ ਸਾਰਿਆਂ ਨੇ ਵਿੱਤੀ ਸਮਝੌਤੇ ਕੀਤੇ ਦੱਸੇ ਜਾਂਦੇ ਹਨ। ਸੂਤਰਾਂ ਨੇ ਸਮਝੌਤੇ ਦੀਆਂ ਸ਼ਰਤਾਂ ਦੀ ਜਾਣਕਾਰੀ ਨਹੀਂ ਦਿੱਤੀ, ਪਰ ਲੰਡਨ ਦੇ ਫਾਇਨੈਂਸ਼ੀਅਲ ਟਾਈਮਜ਼ 'ਚ ਵਲੀਦ ਵੱਲੋਂ ਐਮ.ਬੀ.ਸੀ. ਦਾ ਮਾਲਕੀ ਹੱਕ ਛੱਡਣ ਦੀ ਖਬਰ ਦਾ ਖੰਡਨ ਕੀਤਾ ਗਿਆ ਹੈ।

# ਬਲਵਿੰਦਰ ਫਿੱਡੂ ਨੂੰ ਜੱਫੇ ਲਾਉਣ ਵਾਲਾ ਲਹਿੰਬਰ ਸੰਘਵਾਲ

ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਹਮੇਸ਼ਾ ਉਨ੍ਹਾਂ ਦੇ ਅੰਗ-ਸੰਗ ਰਹੀ ਹੈ। ਇਸ ਖੇਡ ਨੇ ਵੀ ਬੀਬੇ ਪੁੱਤਾਂ ਨੂੰ ਬੜਾ ਕੁਛ ਦਿਤੈ। ਪੈਸਾ, ਸ਼ੋਹਰਤ ਤੇ ਉਚੇ ਮੁਕਾਮ ਬਖਸ਼ ਕੇ ਵਿਦੇਸ਼ਾਂ ਦੀ ਧਰਤੀ ਦੇ ਦਰਸ਼ਨ ਕਰਾਏ ਤੇ ਖਿਡਾਰੀਆਂ ਦੇ ਵਾਰੇ-ਨਿਆਰੇ ਕੀਤੇ ਹਨ। ਗੱਲ ਕਰਦੇ ਹਾਂ, ਸੰਘਵਾਲ ਵਾਲੇ ਲਹਿੰਬਰ ਦੀ, ਜਿਸ ਦਾ ਜਨਮ 11 ਜਨਵਰੀ 1963 ਨੂੰ ਹੋਇਆ।



ਲਹਿੰਬਰ ਨੇ ਸਕੂਲਾਂ ਤੋਂ ਹੀ ਕਬੱਡੀ ਖੇਡਣੀ ਸ਼ੁਰੂ ਕਰ ਦਿੱਤੀ। ਸਪੋਰਟਸ ਸਕੂਲ ਜਲੰਧਰ ਤੋਂ ਨੌਵੀਂ ਕਰਨ ਉਪਰੰਤ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਰਣਧੀਰ ਸਕੂਲ ਕਪੂਰਥਲੇ ਜਾ ਦਾਖਲ ਹੋਇਆ। ਉਥੇ ਤਿੰਨ ਸਾਲ ਲਾਏ ਤੇ ਕਬੱਡੀ ਖੇਡੀ। ਕੋਚ ਸ਼ੇਰ ਸਿੰਘ, ਡੀ. ਪੀ. ਈ. ਗੁਰਦੇਵ ਸਿੰਘ ਤੇ ਪੀ. ਟੀ. ਆਈ. ਹਰਭਜਨ ਸਿੰਘ ਸਨ ਜਿਨ੍ਹਾਂ ਤੋਂ ਬੜਾ ਕੁਝ ਸਿਖਿਆ। ਤਿੰਨ ਸਾਲ ਸਕੂਲਾਂ ਦੀ ਆਲ ਇੰਡੀਆ ਨੈਸ਼ਨਲ ਸਟਾਈਲ ਜਿੱਤੀ। ਬਿੰਦਰ, ਮੀਕਾ, ਪੱਪੂ ਸ਼ਾਮ ਚੁਰਾਸੀ ਤੇ ਬੂਟਾ (ਪੰਜਾਬ ਪੁਲਿਸ) ਸਾਥੀ ਖਿਡਾਰੀ ਸਨ।

ਲਹਿੰਬਰ ਦਾ ਪਿੰਡ ਭਾਵੇਂ ਸਾਧਾਂ ਵਾਲੀ ਕਰਾੜੀ ਸੀ ਪਰ ਦੋਵੇਂ ਪਿੰਡ ਨਾਲੋ ਨਾਲ ਹੋਣ ਕਰਕੇ ਖੇਡਿਆ ਹਮੇਸ਼ਾ ਸੰਘਵਾਲ ਵਲੋਂ। ਪਿੰਡ ਪੱਧਰ 'ਤੇ ਓਪਨ ਮੈਚਾਂ ਲਈ ਪਿੰਡ ਦੀ ਤਕੜੀ ਟੀਮ ਸੀ। ਟੀਮ ਨੇ 8 ਸਾਲ ਲਗਾਤਾਰ ਤੱਲ੍ਹਣ ਟੂਰਨਾਮੈਂਟ ਜਿੱਤੇ। ਪਾਸਲਾ, ਮੁਠੱਡਾ, ਦੁਸਾਂਝਾਂ ਤੇ ਮਾਲਵੇ ਦੇ ਪਿੰਡ ਮਹਿਲ ਕਲਾਂ ਪਹਿਲੀ ਵਾਰ ਖੇਡਣ ਗਏ। ਮੈਚ ਜਿੱਤਣ ਉਪਰੰਤ ਕਮੇਟੀ ਨੇ 'ਕੱਲੇ 'ਕੱਲੇ ਖਿਡਾਰੀ ਨੂੰ 100-100 ਰੁਪਇਆ ਇਨਾਮ ਵਜੋਂ ਦਿੱਤਾ ਜੋ ਉਸ ਵੇਲੇ ਵੱਡੀ ਗੱਲ ਸੀ। ਲਹਿੰਬਰ ਤੋਂ ਇਲਾਵਾ ਪੱਪੂ ਤੇ ਜੱਸਾ (ਦੋਵੇਂ ਭਰਾ), ਸਰਬਣ, ਵੀਰ੍ਹਾ, ਕੀਪਾ ਤੇ ਜਰਮਨ ਚਾਹਲ ਤੇ ਜਰਮਨ ਦਾ ਵੱਡਾ ਭਰਾ ਨਰਿੰਦਰ। ਸੱਬੇ ਤੇ ਮੰਗੀ ਵਰਗੇ ਤਕੜੇ ਖਿਡਾਰੀਆਂ ਨੂੰ ਰੋਕਣ ਵਾਲਾ ਜਰਮਨ ਅੱਜ ਕਲ੍ਹ ਟੋਰਾਂਟੋ ਹੈ। ਟੋਰਾਂਟੋ ਜਾ ਕੇ ਵੀ ਜਰਮਨ ਨੇ ਕਈ ਸਾਲ ਕਬੱਡੀ ਖੇਡੀ ਤੇ ਆਪਣੀ ਪਛਾਣ ਬਣਾਈ।

ਕਪੂਰਥਲਾ ਸਪੋਰਟਸ ਵਿੰਗ ਤੋਂ ਬਾਅਦ ਖਹਿਰੇ ਮਾਝੇ ਦੇ ਡੀ. ਪੀ. ਈ. ਗੋਗੇ ਦੇ ਕਹਿਣ 'ਤੇ ਕਾਂਗੜਾ ਯੂਨੀਵਰਸਿਟੀ (ਹਿਮਾਚਲ ਪ੍ਰਦੇਸ਼) ਜਾ ਦਾਖਲ ਹੋਏ। ਉਥੇ ਦੋ ਸਾਲ ਪੜ੍ਹਾਈ ਕੀਤੀ ਤੇ ਆਪਣੇ ਜੋਰ ਨਾਲ ਕਬੱਡੀ ਵਿਚ ਧੁੰਮਾਂ ਮਚਾਈਆਂ। ਉਸ ਦੀ ਟੀਮ 'ਚ ਲਹਿੰਬਰ, ਜਰਮਨ, ਬਲਵੀਰ, ਜੱਸਾ ਤੇ ਬਾਕੀ ਹਿਮਾਚਲ ਦੇ ਖਿਡਾਰੀ ਸਨ। ਉਥੇ ਦੋ ਸਾਲ ਸ਼ਿਮਲਾ ਯੂਨੀਵਰਸਿਟੀ ਵਲੋਂ ਖੇਡ ਕੇ ਪੰਜਾਬ ਦੇ ਸ਼ੇਰਾਂ ਨੇ ਹਰ ਪਾਸੇ ਬੱਲੇ ਬੱਲੇ ਕਰਾਈ।



*ਲਹਿੰਬਰ ਸੰਘਵਾਲ*

ਪੱਤੜੀਆ ਬੋਲਾ ਤੇ ਕਪੂਰਥਲਾ ਸਪੋਰਟਸ ਕੱਲਬ ਨਿਊ ਯਾਰਕ ਦੇ ਪ੍ਰਧਾਨ ਜਗਤਾਰ ਕਾਰੀ ਤੇ ਬੇਵੀ ਉਸ ਦੇ ਸੀਨੀਅਰ ਖਿਡਾਰੀ ਹੁੰਦੇ ਸਨ। ਕੁਲਦੀਪ ਮੱਲ੍ਹਾ ਤੇ ਸਰਹਾਲ ਕਾਜ਼ੀਆਂ ਵਾਲੇ ਬੱਬੂ ਪੰਡਿਤ ਨਾਲ ਕਈ ਮੈਚ ਲਾਏ। ਬੱਬੂ ਨਾਲ ਬੜਾ ਪਿਆਰ ਸੀ। ਅਫਸੋਸ ਬੱਬੂ ਪੂਰੀ ਜ਼ਿੰਦਗੀ ਨਾ ਭੋਗ ਸਕਿਆ। ਉਹਦੀ ਆਰਥਿਕ ਹਾਲਤ ਨੂੰ ਮੱਦੇਨਜ਼ਰ ਰੱਖਦਿਆਂ ਕੁਲਦੀਪ ਮੱਲ੍ਹਾ ਨੇ ਉਹਦੇ ਦੋ ਟੂਰ ਇੰਗਲੈਂਡ ਦੇ ਲੁਆਏ। ਉਹ ਵੱਡੇ ਵੱਡੇ ਮੈਚਾਂ 'ਤੇ ਜਾਣ ਲੱਗਾ। ਤਲਵੰਡੀ ਫੱਤੂ, ਗੁਣਾਚੌਰ, ਬਲਾਚੌਰ, ਮੁਕੰਦਪੁਰ, ਜਗਤਪੁਰ ਸਟੇਡੀਅਮ ਵਿਚ ਜ਼ਿਲ੍ਹਿਆਂ ਦੇ ਮੈਚ ਖੇਡੇ। ਜ਼ਿਲ੍ਹਿਆਂ ਦੇ ਮੈਚਾਂ ਵਿਚ ਸਰਦੂਲ ਕੋਚ ਨਾਲ ਸੀ। ਮੁਲਾਂਪੁਰ ਦਾਖਾ, ਸਾਹਨੇਵਾਲ ਤੇ ਭਾਗੋਮਾਜਰਾ (ਨੇੜੇ ਖਰੜ) ਚੈਪੀਅਨਸ਼ਿਪਾਂ ਖੇਡੀਆਂ।

ਰਹੀਮਪੁਰ ਪਹਿਲੀ ਵਾਰ ਪਿੰਡਾਂ ਦੇ ਮੈਚ ਖੇਡਿਆ। ਮੈਚ ਬਲਵਿੰਦਰ ਸਿੰਘ ਫਿੱਡੂ ਹੁਣਾਂ ਵਿਰੁਧ ਸੀ। ਬੜੇ ਜੋਰ ਨਾਲ ਮਹਾਨ ਖਿਡਾਰੀ ਫਿੱਡੂ ਨੂੰ ਰੋਕਿਆ। ਉਸ ਨੂੰ ਰੋਕਣਾ ਵੀ ਇਕ ਮਿਸਾਲ ਸੀ। ਫਿੱਡੂ ਨਾਲ ਹੋਰ ਵੀ ਕਈ ਥਾਂ ਭਿੜਨ ਦਾ ਮੌਕਾ ਮਿਲਿਆ। ਫਿਰ ਤੱਲ੍ਹਣ ਵਲੋਂ ਸਰਹਾਲੀ ਖੇਡਣ ਗਿਆ। ਗੇਮ ਚੜ੍ਹਦੀ ਗਈ। ਜਿਥੇ ਵੀ ਜਾਂਦੇ, ਪੂਰਾ ਸੈਟ ਬਣਾ ਕੇ ਤੁਰਦੇ ਤੇ ਸਫਲਤਾ ਹਮੇਸ਼ਾ ਪੈਰ ਚੁੰਮਦੀ। ਦਰਸ਼ਕਾਂ ਦੀ ਦਾਦ ਨੇ ਹੱਲਾਸ਼ੇਰੀ ਦਿੱਤੀ ਤੇ ਦੂਰ ਦੂਰ ਖੇਡਿਆ। ਭਿਵਾਣੀ (ਹਰਿਆਣਾ), ਭਦੌੜ, ਲੰਬੀ (ਬਾਦਲ ਦੇ ਪਿੰਡ), ਲੌਂਗੋਵਾਲ, ਅਟਾਲਾਂ, ਸਮਰਾਲਾ, ਅਜਨਾਲਾ, ਬਾਂਦਰ-ਚਟਾਵਾਂ ਤੇ ਪ੍ਰਸਿੱਧ ਖਿਡਾਰੀ ਮੋਹਣੇ ਦੇ ਪਿੰਡ ਤਰਨਪੁਰ (ਰਾਜਸਥਾਨ) ਖੇਡਣ ਜਾਣ ਦਾ ਮੌਕਾ ਮਿਲਿਆ।

ਸੰਧਵੀਂ (ਪ੍ਰਸਿੱਧ ਖਿਡਾਰੀ ਹਰਭਜਨ ਭੱਜੀ ਦਾ ਪਿੰਡ), ਖੈਰਾ ਮੰਦਰ, ਸੁਲਤਾਨਪੁਰ ਤੇ ਮਾਲਵੇ 'ਚ ਕਈ ਥਾਂਈਂ ਖੇਡੇ। ਸਰਹਾਲ ਕਾਜ਼ੀਆਂ ਤੇ ਸਲੇਮਪੁਰ ਫਿੱਡੂ ਹੁਣਾਂ ਨਾਲ ਫਸਵਾਂ ਮੈਚ ਹੋਇਆ। ਰੁੜਕਾ ਕਲਾਂ ਵਿਖੇ ਉਹ ਫਿੱਡੂ ਵਾਲੇ ਪਾਸੇ ਖੇਡਿਆ। ਫਿੱਡੂ ਹੁੰਦਿਆਂ 'ਤੇ ਖੜ੍ਹ ਗਿਆ ਤੇ ਨਾਲ ਪਾਣੀ ਪਿਆਉਣ ਵਾਲਾ ਘੁੱਗ ਪਾਸਲੇ ਵਾਲਾ ਖੜ੍ਹਾ ਲਿਆ। 'ਕੱਲੇ ਫਿੱਡੂ ਨੇ 40 ਮਿੰਟ ਲਗਾਤਾਰ ਰੇਡਾਂ ਪਾਈਆਂ। ਉਹ ਮੈਚ ਇਕ ਤਰਫਾ ਜਿੱਤਿਆ। ਲਹਿੰਬਰ, ਨੇਕੀ ਸਿਧਵਾਂ ਤੇ ਮੇਜਰ ਗਾਖਲ ਜੱਫੇ ਲਾ ਰਹੇ ਸਨ। ਦੂਜੇ ਪਾਸੇ ਪੰਜਾਬ ਦੇ ਸਾਰੇ ਤਕੜੇ ਖਿਡਾਰੀ ਸਨ। ਕੁਲਦੀਪ ਮੱਲ੍ਹਾ, ਨਿੰਮਾ ਲੁਧਿਆਣਾ, ਟੋਨੀ ਲੁਧਿਆਣਾ ਤੇ ਪੱਪੂ ਗੁਰਦਾਸਪੁਰ ਖੇਡਦੇ ਸਨ। ਸੱਬਾ ਗੁਰਦਾਸਪੁਰੀਆ ਨਹੀਂ ਸੀ ਖੇਡਿਆ ਕਿਉਂਕਿ ਉਸ ਮਹੀਨੇ ਉਹਦਾ ਵਿਆਹ ਸੀ। ਉਸ ਯਾਦਗਾਰੀ ਮੈਚ ਦੀਆਂ ਅੱਜ ਵੀ ਬਾਤਾਂ ਪੈਂਦੀਆਂ ਨੇ। ਇਹ ਗੱਲ ਸੰਨ '88 ਦੀ ਹੈ। ਜੇ ਇਹ ਪਿੰਡ ਕਬੱਡੀ 'ਚ ਮੂਹਰਲੀਆਂ ਸਫਾਂ 'ਚ ਰਿਹਾ ਤਾਂ ਪਹਿਲਵਾਨੀ 'ਚ ਵੀ ਪਿਛੇ ਨਾ ਰਿਹਾ। ਪਹਿਲਵਾਨੀ 'ਚ ਇਸ ਪਿੰਡ ਦਾ ਵਿਲੱਖਣ ਇਤਿਹਾਸ ਹੈ। ਜਗੀਰ ਸਿੰਘ (ਜਗੀਰੀ ਕੋਚ), ਨਿਰੰਜਨ ਸਿੰਘ, ਮਹਿੰਦਰ ਪਹਿਲਵਾਨ, ਸ਼ੀਰੀ ਪਹਿਲਵਾਨ ਤੇ ਸੁਖਵੀਰ ਕੋਚ। ਸੁਖਵੀਰ ਦੇ ਬੇਟਾ ਤੇ ਬੇਟੀ ਵੀ ਪਹਿਲਵਾਨੀ ਕਰਦੇ ਹਨ ਜੋ ਸਕੂਲਾਂ ਤੋਂ ਕਾਲਜਾਂ ਤੱਕ ਪੁਜੀਸ਼ਨਾਂ ਮਾਰਦੇ ਜਾ ਰਹੇ ਹਨ।

ਸ਼ੱਕਰੀਏ ਪਾਲੇ ਵਾਂਗ ਲਹਿੰਬਰ ਕਬੱਡੀ ਦੇ ਨਾਲ ਨਾਲ ਦੂਜੇ ਮੁਲਕਾਂ 'ਚ ਰੱਸਾ ਖਿੱਚਣ ਜਾਂਦਾ ਰਿਹੈ। ਪਾਲਾ 1988 ਰੱਸਾਕਸ਼ੀ ਦਾ ਕਪਤਾਨ ਹੁੰਦਾ ਸੀ ਤੇ ਲਹਿੰਬਰ ਸੰਨ '90 'ਚ। ਰੱਸਾਕਸ਼ੀ 'ਚ ਟੋਕੀਓ (ਜਪਾਨ) ਚੈਂਪੀਅਨਸ਼ਿਪ ਖੇਡਣ ਗਏ। ਉਥੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਮਲੇਸ਼ੀਆ, ਕੋਰੀਆ, ਚੀਨ ਤੇ ਫਿਲੀਪਾਈਨ ਦੀਆਂ ਟੀਮਾਂ ਵੀ ਸਨ। ਇਹ ਟੀਮ ਕੋਚ ਸ. ਮਾਲੜੀ ਤੇ ਫੈਡਰੇਸ਼ਨ ਦੇ ਪ੍ਰਧਾਨ ਸ. ਉਮਰਾਓ ਸਿੰਘ ਲੈ ਕੇ ਗਏ ਸਨ।

ਲਹਿੰਬਰ ਨੇ ਦਸ ਸਾਲ ਪੰਜਾਬ ਸਟਾਈਲ ਖੇਡੀ ਤੇ ਕਬੱਡੀ ਪ੍ਰੇਮੀਆਂ ਦੇ ਦਿਲਾਂ 'ਚ ਵਾਸ ਕੀਤਾ। ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ 'ਚ ਵੱਖ ਵੱਖ ਥਾਂਈਂ ਮੈਚ ਖੇਡਦਿਆਂ ਅਮਰੀਕਾ ਦੀ ਤਿਆਰੀ ਕਰ ਲਈ। 1991 ਵਿਚ ਲਹਿੰਬਰ ਕੈਲੀਫੋਰਨੀਆ ਆ ਪਹੁੰਚਾ। ਉਥੇ ਵੀ ਖੇਡ ਸ਼ੌਕ ਨਾ ਛੱਡਿਆ। ਲੱਛਰ ਭਰਾਵਾਂ (ਤਰਲੋਚਨ, ਕੁਲਵੰਤ ਤੇ ਜਸਵਿੰਦਰ) ਵਲੋਂ ਸਥਾਪਤ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਵਲੋਂ ਖੇਡਣ ਲੱਗਾ। ਜਿਥੇ ਵੀ ਜਾਣਾ ਹੁੰਦਾ ਮਾਹਿਲ-ਗਹਿਲਾਂ ਵਾਲਾ ਧੰਨਾ ਪਹਿਲਵਾਨ ਲੈ ਕੇ ਜਾਂਦਾ। ਧੰਨੇ ਪਹਿਲਵਾਨ ਨੂੰ ਉਹਨੇ ਦਲੇਰ-ਦਿਲ, ਰੱਬ-ਰੂਪ ਤੇ ਨੇਕ ਇਨਸਾਨ ਮੰਨਿਆ। ਧੰਨਾ ਹਮੇਸ਼ਾ ਉਨ੍ਹਾਂ ਦੇ ਨਾਲ ਰਹਿੰਦਾ ਤੇ ਹਰ ਤਰ੍ਹਾਂ ਨਾਲ ਹੌਸਲਾ ਦਿੰਦਾ। ਇਸ ਕਲੱਬ ਵਲੋਂ ਉਹ 10 ਸਾਲ ਖੇਡਿਆ ਤੇ 1991-92 'ਚ ਨਿਊ ਯਾਰਕ ਦੀ ਧਰਤੀ 'ਤੇ ਉਹ ਤੇ ਸਰਬਜੀਤ ਮਾਹਲ 'ਕੱਠੇ ਖੇਡਣ ਗਏ। ਉਨ੍ਹਾਂ ਮੈਚਾਂ 'ਚ ਸੰਘਵਾਲ ਵਾਲੇ ਜੱਗੇ ਦੀ ਖੇਡ ਨੂੰ ਲੋਕਾਂ ਨੇ ਬੜਾ ਪਸੰਦ ਕੀਤਾ। ਨਿਊ ਯਾਰਕ ਵਲੋਂ ਖੇਡਦਿਆਂ ਜੱਗੇ ਨੇ ਧੂੰਆਂ-ਧਾਰ ਰੇਡਾਂ ਪਾਈਆਂ ਤੇ ਇਕ ਵਾਰ ਵੀ ਨਾ ਰੁਕਿਆ।

ਖਿਡਾਰੀਆਂ, ਲਿਖਾਰੀਆਂ ਤੇ ਚੰਗੇ ਇਨਸਾਨਾਂ ਦੇ ਕਦਰਦਾਨ ਲਹਿੰਬਰ ਨੇ ਹਮੇਸ਼ਾ ਕਬੱਡੀ ਨੂੰ ਪਿਆਰ ਕੀਤਾ। ਕੈਲੀਫੋਰਨੀਆ 'ਚ ਕਿਤੇ ਵੀ ਮੈਚ ਹੋਣ, ਉਹ ਜਰੂਰ ਵੇਖਣ ਜਾਂਦੈ। ਖੇਡ ਕਲੱਬਾਂ ਵਲੋਂ ਉਹਨੂੰ ਮਾਣ-ਤਾਣ ਦਿੱਤਾ ਜਾਂਦਾ ਹੈ ਤੇ ਮੈਚਾਂ ਵਿਚ ਰੈਫਰੀ ਦੀ ਸੇਵਾ ਲਈ ਜਾਂਦੀ ਹੈ। ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਾਲੇ ਅਮੋਲਕ ਸਿੰਘ ਗਾਖਲ ਤੇ ਮੱਖਣ ਸਿੰਘ ਬੈਂਸ ਦਾ ਬਹੁਤ ਸ਼ੁਕਰਗੁਜ਼ਾਰ ਹੈ, ਜੋ ਹਰ ਸਾਲ ਨਵੇਂ-ਪੁਰਾਣੇ ਖਿਡਾਰੀਆਂ ਦੇ ਨਾਲ ਨਾਲ ਖੇਡ ਲਿਖਾਰੀਆਂ ਨੂੰ ਵੀ ਮਾਣ ਬਖਸ਼ਦੇ ਹਨ।



*(ਖੱਬਿਓਂ ਸੱਜੇ) ਜਵਾਨੀ ਵੇਲੇ ਲਹਿੰਬਰ ਸੰਘਵਾਲ ਆਪਣੇ ਸਾਥੀ ਖਿਡਾਰੀਆਂ ਬਲਬੀਰ ਪਹਿਲਵਾਨ, ਜੱਸਾ ਅਤੇ ਜਰਮਨ ਨਾਲ*

ਪਿਤਾ ਸ. ਸੁੱਚਾ ਸਿੰਘ ਤੇ ਮਾਤਾ ਸ਼ਮਿੰਦਰ ਕੌਰ ਦਾ ਲਾਡਲਾ ਪੁੱਤ ਲਹਿੰਬਰ 1995 'ਚ ਬਸੇਸਰਪੁਰ (ਨਜ਼ਦੀਕ ਲਾਂਬੜਾ) ਦੀ ਗੁਰਬਖਸ਼ ਕੌਰ ਨਾਲ ਵਿਆਹਿਆ ਗਿਆ। ਹੋਣਹਾਰ ਇਕਲੌਤੀ ਬੇਟੀ ਹਰਸਿਮਰਨ ਕੌਰ ਹੈ। ਪਰਿਵਾਰ ਵਿਚ ਖੁਸ਼ੀਆਂ ਭਰਿਆ ਜੀਵਨ ਬਿਤਾ ਰਿਹਾ ਹੈ। ਸੰਨ 1996 'ਚ ਮਾਤਾ ਜੀ ਦੇ ਪੂਰੇ ਹੋਣ ਨਾਲ ਵੱਡਾ ਝਟਕਾ ਲੱਗਾ। ਉਹ ਚਾਰ ਭਰਾ ਹਨ-ਇਕ ਮਿਲਟਰੀ 'ਚੋਂ ਕੈਪਟਨ ਰਿਟਾਇਰ ਹੋਇਐ, ਦੂਜੇ ਦੀ ਟਰੱਕਿੰਗ ਕੰਪਨੀ ਹੈ, ਤੀਜਾ ਪਿੰਡ ਖੇਤੀਬਾੜੀ ਕਰਦਾ ਹੈ ਤੇ ਚੌਥਾ ਲਹਿੰਬਰ। ਇਕ ਭੈਣ ਹੈ, ਜੋ ਕੈਨੇਡਾ ਵਿਆਹੀ ਹੈ। ਪਿਤਾ ਜੀ ਕਦੇ ਕੈਨੇਡਾ ਤੇ ਕਦੇ ਕੈਲੀਫੋਰਨੀਆ ਘੁੰਮਦੇ ਰਹਿੰਦੇ ਹਨ।

ਉਹ ਹੱਸਦਿਆਂ ਕਹਿੰਦਾ ਹੈ ਕਿ ਅੱਜ ਦੇ ਖਿਡਾਰੀ ਕਿਸਮਤ ਵਾਲੇ ਹਨ ਜੋ ਵੱਡੇ ਵੱਡੇ ਇਨਾਮਾਂ ਤੇ ਮਾਣ-ਸਨਮਾਨਾਂ ਨਾਲ ਨਿਵਾਜ਼ੇ ਜਾਂਦੇ ਹਨ। ਉਨ੍ਹਾਂ ਦੇ ਸਮੇਂ ਤਾਂ ਛੋਟੇ-ਮੋਟੇ ਇਨਾਮ ਦੇ ਕੇ ਥਾਪੜਾ ਦੇ ਦਿੱਤਾ ਜਾਂਦਾ ਸੀ। ਉਦੋਂ ਕੁਮੈਂਟਰੀ ਦਾ ਦੌਰ ਨਹੀਂ ਸੀ ਹੁੰਦਾ। ਜੇ ਉਦੋਂ ਕੁਮੈਂਟਰੀ ਹੁੰਦੀ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ। ਹਕੀਮਪੁਰੀਏ ਪ੍ਰੋ. ਮੱਖਣ ਸਿੰਘ ਨੇ ਰੰਗ ਬੰਨ੍ਹਿਆ ਕਰਨੇ ਸਨ, "ਲਓ ਜੀ, ਟੇਕਿਆ ਮੱਥਾ...ਗਿਆ ਰੇਡਰ...ਮੂਹਰੇ ਲਹਿੰਬਰ ਤੇ ਜਰਮਨ ਤਕੜੇ ਜਾਫੀ ਖੜ੍ਹੇ ਨੇ...ਦੇਖੋ ਕੀਹਨੂੰ ਲੌਂਦਾ ਹੱਥ। ਲਹਿੰਬਰ ਵੀ ਪੈਰਾਂ ਨਾਲ ਮਿੱਟੀ ਪੁੱਟ ਰਿਹਾ। ਜਰਮਨ ਨੇ ਦਿੱਤੀ ਝਕਾਨੀ, ਲਹਿੰਬਰ ਪੈ ਗਿਆ...ਗਹਿਗੱਚ ਮੁਕਾਬਲਾ, ਦੇਖੋ ਕੀ ਬਣਦੈ...ਹੰਦੇ ਦੂਰ ਨੇ...ਲਹਿੰਬਰ ਨੇ ਮਾਰੀ ਡਾਈ, ਸੁੱਟ ਲਿਆ...ਦਰਸ਼ਕਾਂ ਦਾ ਰੌਲਾ... ਸੀਟੀਆਂ... ਨੰਬਰ ਲਹਿੰਬਰ ਦਾ।"

ਸਰਹਾਲੀ, ਰਹੀਮਪੁਰ, ਸਲੇਮਪੁਰ ਤੇ ਆਦਮਪੁਰ ਦੁਸਹਿਰੇ 'ਤੇ ਫਿੱਡੂ ਨੂੰ ਰੋਕਣ ਵਾਲਾ ਲਹਿੰਬਰ ਦੁਨੀਆਂ ਦਾ ਮਹਾਨ ਜਾਫੀ ਐਲਾਨਿਆ ਜਾਇਆ ਕਰਨਾ ਸੀ।

ਲਹਿੰਬਰ ਨਾਲ ਸੰਪਰਕ ਫੋਨ: 559-232-1775 ਰਾਹੀਂ ਕੀਤਾ ਜਾ ਸਕਦਾ ਹੈ।

# ਜਿਨ੍ਹਾਂ ਨਾਲ ਵਿਸ਼ਵ ਕੱਪ ਰੁੱਸ ਗਿਆ

## ਖੇਡ ਜਗਤ

ਇਸ ਵਾਰ ਫੁੱਟਬਾਲ ਦਾ ਵਿਸ਼ਵ ਕੱਪ 14 ਜੂਨ ਤੋਂ 15 ਜੁਲਾਈ ਤੱਕ ਰੂਸ ਵਿਚ ਹੋ ਰਿਹਾ ਹੈ। ਇਸ ਵਿਚ 32 ਟੀਮਾਂ ਭਾਗ ਲੈਣਗੀਆਂ। ਮੇਜ਼ਬਾਨ ਦੇਸ਼ ਹੋਣ ਕਰਕੇ ਰੂਸ ਨੂੰ ਸਿੱਧਾ 32 ਟੀਮਾਂ ਵਿਚ ਸ਼ਾਮਿਲ ਕਰ ਲਿਆ ਗਿਆ, ਬਾਕੀ 31 ਟੀਮਾਂ ਨੂੰ ਕੁਆਲੀਫਾਈ ਮੈਚ

**ਪਰਦੀਪ, ਸੈਨ ਹੋਜੇ**
**ਫੋਨ: 408-540-4547**

ਖੇਡ ਕੇ ਜਗ੍ਹਾ ਮਿਲੀ। ਪਰ ਇਸ ਖੇਡ ਦੇ ਕਈ ਨਾਮਵਾਰ ਦੇਸ਼ ਟੂਰਨਾਮੈਂਟ ਵਿਚੋਂ ਬਾਹਰ ਹੋ ਗਏ। ਭਾਵੇਂ ਉਹ ਇਸ ਵਾਰ ਖੇਡ ਨਹੀਂ ਰਹੇ, ਪਰ ਉਹ ਇਸ ਖੇਡ ਦਾ ਅਹਿਮ ਹਿੱਸਾ ਹਨ।

**ਚਿੱਲੀ:** ਫੀਫਾ ਦੀ ਸੂਚੀ ਵਿਚ ਚਿੱਲੀ ਦਾ ਸਥਾਨ ਦਸਵੇਂ ਥਾਂ 'ਤੇ ਹੈ। 1930 ਵਿਚ ਹੋਏ ਵਿਸ਼ਵ ਕੱਪ ਵਿਚ ਤੇਰਾਂ ਦੇਸ਼ਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਸੀ। ਚਿੱਲੀ ਉਨ੍ਹਾਂ ਵਿਚੋਂ ਇਕ ਸੀ। ਅੱਜ ਤਕ ਚਿੱਲੀ ਨੌਂ ਵਾਰ ਹਿੱਸਾ ਲੈ ਚੁਕਾ ਹੈ। 1962 ਦਾ ਵਿਸ਼ਵ ਕੱਪ ਚਿੱਲੀ ਵਿਚ ਹੋਇਆ ਸੀ ਅਤੇ ਇਹ ਤੀਜੇ ਥਾਂ ਰਿਹਾ ਸੀ। ਪਿਛਲੀਆਂ ਦੋ ਵਾਰ ਚਿੱਲੀ ਨੇ ਮੈਸੀ ਦੀ ਅਰਜਨਟਾਈਨਾ ਨੂੰ ਹਰਾ ਕੇ ਕੋਪਾ ਅਮਰੀਕਾ ਜਿਤਿਆ ਹੈ। ਇਸ ਵਾਰ ਇਹ ਫੁੱਟਬਾਲ ਦਾ ਅਹਿਮ ਦੇਸ਼ ਵਿਸ਼ਵ ਕੱਪ 'ਚੋਂ ਬਾਹਰ ਹੈ। ਇਸ ਦੇ ਮਸ਼ਹੂਰ ਖਿਡਾਰੀ ਸਾਂਚੇਜ਼, ਜਵਦਾਲ ਅਤੇ ਕੈਪਟਨ ਬਰਾਵੋ ਹਨ।

**ਅਮਰੀਕਾ:** ਉਰੂਗਵੇ ਵਿਚ ਹੋਏ ਪਹਿਲੇ ਵਿਸ਼ਵ ਕੱਪ ਵਿਚ ਅਮਰੀਕਾ ਤੀਜੇ ਸਥਾਨ 'ਤੇ ਆਇਆ ਸੀ। ਫੀਫਾ ਦੀ ਸੂਚੀ ਵਿਚ ਇਹ 24ਵੇਂ ਨੰਬਰ 'ਤੇ ਹੈ। ਅਮਰੀਕਾ ਦਸ ਵਾਰ ਇਸ ਟੂਰਨਾਮੈਂਟ ਵਿਚ ਹਿੱਸਾ ਲੈ ਚੁਕਾ ਹੈ। 1994 ਦਾ ਵਿਸ਼ਵ ਕੱਪ ਵੀ ਅਮਰੀਕਾ ਵਿਚ ਹੋਇਆ ਸੀ, ਪਰ ਇਸ ਵਾਰ 32 ਟੀਮਾਂ ਵਿਚ ਇਸ ਦਾ ਨਾਂ ਨਹੀਂ ਹੈ।

**ਘਾਨਾ:** ਅਫਰੀਕਾ ਦੀ ਇਸ ਟੀਮ ਨੂੰ ਬਲੈਕ ਸਟਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਫੀਫਾ ਦੀ ਸੂਚੀ ਵਿਚ ਇਸ ਦਾ ਸਥਾਨ 5ਵਾਂ ਹੈ। ਘਾਨਾ ਤਿੰਨ ਵਾਰ ਵਿਸ਼ਵ ਕੱਪ ਵਿਚ ਖੇਡ ਚੁਕਾ ਹੈ। ਇਸ ਦੇ ਕਈ ਖਿਡਾਰੀ ਯੂਰਪ ਅਤੇ ਹੋਰ ਦੇਸ਼ਾਂ ਵਿਚ ਖੇਡਦੇ ਹਨ। ਪਰ ਇਸ ਵਾਰ ਇਹ ਰੂਸ ਦੀ ਯਾਤਰਾ ਨਹੀਂ ਕਰ ਸਕੇਗਾ।

**ਆਇਵਰੀ ਕੋਸਟ:** ਐਲੀਫੈਂਟਸ ਦੇ ਨਾਂ ਨਾਲ ਜਾਣੀ ਜਾਂਦੀ ਇਸ ਦੇਸ਼ ਦੀ ਟੀਮ ਦਾ ਫੀਫਾ ਵਿਚ 61ਵਾਂ ਨੰਬਰ ਹੈ। ਤਿੰਨ ਵਿਸ਼ਵ ਕੱਪ ਖੇਡ ਚੁਕੇ ਇਸ ਦੇਸ਼ ਦਾ ਅਫਰੀਕਾ ਮਹਾਂਦੀਪ ਵਿਚ ਚੰਗਾ ਮਹੱਤਵ ਹੈ। ਇਸ ਦੇ ਕਈ ਖਿਡਾਰੀ ਦੁਨੀਆਂ ਵਿਚ ਮਸ਼ਹੂਰ ਹਨ, ਜਿਵੇਂ ਕਿ ਡਰੋਗਵਾ, ਸਾਲਮਨ ਕਾਲੂ ਅਤੇ ਯਾਇਆ ਟੋਰੇ। ਇਸ ਵਾਰ ਇਹ ਹੋਰ ਦੇਸ਼ਾਂ ਨੂੰ ਖੇਡਦੇ ਵੇਖਣਗੇ।

**ਕੈਮਰੂਨ:** 1990 ਦੇ ਵਿਸ਼ਵ ਕੱਪ ਵਿਚ ਰੌਜ਼ਰ ਮਿਲਾ ਨੇ ਕੈਮਰੂਨ ਅਤੇ ਅਫਰੀਕਾ ਦਾ ਨਾਂ ਰੌਸ਼ਨ ਕੀਤਾ ਸੀ। ਉਸ ਦੀ ਇਸ ਖੇਡ ਸਦਕਾ ਵਿਸ਼ਵ ਕੱਪ ਵਿਚ ਅਫਰੀਕਾ ਦੀ ਗਿਣਤੀ ਦੋ ਤੋਂ ਵਧਾ ਕੇ ਪੰਜ ਕਰ ਦਿੱਤੀ ਗਈ ਸੀ, ਪਰ ਇਸ ਵਾਰ ਕੈਮਰੂਨ ਵਿਸ਼ਵ ਕੱਪ 'ਚੋਂ ਬਾਹਰ ਹੈ। ਇਸ ਦੇ ਮਸ਼ਹੂਰ ਖਿਡਾਰੀ ਰੌਜ਼ਰ ਮਿਲਾ, ਸੈਮੂਅਲ ਏਟੋ ਅਤੇ ਰੌਬਰਟ ਸੌਂਗ ਰਹੇ ਹਨ।

FIFA WORLD CUP RUSSIA 2018

**ਨੀਦਰਲੈਂਡਜ਼:** ਨੀਦਰਲੈਂਡਜ਼ ਫੀਫਾ ਦੀ 106 ਦੇਸ਼ਾਂ ਦੀ ਸੂਚੀ ਵਿਚ 20ਵੇਂ ਨੰਬਰ 'ਤੇ ਹੈ। ਇਹ ਦਸ ਵਿਸ਼ਵ ਕੱਪ ਖੇਡ ਚੁਕਾ ਹੈ ਅਤੇ ਸਫਲ ਵੀ ਰਿਹਾ ਹੈ। ਇਹ ਤਿੰਨ ਵਿਸ਼ਵ ਕੱਪ ਫਾਈਨਲ ਖੇਡ ਕੇ ਦੂਜੇ ਸਥਾਨ 'ਤੇ ਰਿਹਾ ਹੈ, ਟਰਾਫੀ ਨੂੰ ਚੁੰਮਣਾ ਇਸ ਦੀ ਕਿਸਮਤ ਵਿਚ ਨਹੀਂ ਸੀ। ਕਦੀ ਟੋਟਲ ਫੁੱਟਬਾਲ ਦਾ ਫਾਰਮੂਲਾ ਚਲਦਾ ਸੀ ਅਤੇ ਨੀਦਰਲੈਂਡਜ਼ ਇਸ ਦਾ ਜਨਮਦਾਤਾ ਸੀ। ਇਸ ਵਾਰ ਨੀਦਰਲੈਂਡਜ਼ ਨਾਲ ਵਿਸ਼ਵ ਕੱਪ ਰੁੱਸ ਗਿਆ। ਇਸ ਦੇ ਮਸ਼ਹੂਰ ਖਿਡਾਰੀ, ਡਰਕ ਕਿਉਟ, ਵੈਸਲੀ ਸਨਾਇਜਡਰ, ਵੈਨ ਪਰਸੀ ਅਤੇ ਰੌਬਨ ਹੋਏ ਹਨ।

**ਇਟਲੀ:** ਇਟਲੀ ਦਾ ਇਸ ਵਾਰ ਵਿਸ਼ਵ ਕੱਪ 'ਚੋਂ ਬਾਹਰ ਹੋਣਾ, ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਹੈ। ਫੀਫਾ ਦੀ ਸੂਚੀ ਵਿਚ ਇਸ ਦਾ ਨੰਬਰ 14ਵਾਂ ਹੈ। ਇਟਲੀ 18 ਵਾਰ ਇਸ ਵਿਚ ਹਿੱਸਾ ਲੈ ਚੁਕਾ ਹੈ ਅਤੇ ਚਾਰ ਵਾਰ ਜਿੱਤ ਵੀ ਚੁਕਾ ਹੈ। ਦੋ ਵਾਰ ਦੂਜੇ ਸਥਾਨ 'ਤੇ ਰਿਹਾ। ਇਹ ਦੋ ਵਾਰ ਇਸ ਦਾ ਮੇਜ਼ਬਾਨ ਵੀ ਰਿਹਾ। ਆਪਣੀ ਡੀਫੈਂਸ ਕਰਕੇ ਜਾਣੇ ਜਾਂਦੇ ਇਸ ਦੇਸ਼ ਨੂੰ ਰੂਸ ਵਿਚ ਖੇਡਣਾ ਨਸੀਬ ਨਹੀਂ ਹੋਇਆ। ਇਸ ਖੇਡ ਵਿਚ ਇਟਲੀ ਦੇ ਕਈ ਬਹੁਤ ਮਹਾਨ ਖਿਡਾਰੀ ਹੋਏ ਹਨ, ਲਿਖਣ ਲਈ ਲਿਸਟ ਲੰਬੀ ਹੈ।

## ਹਰੀਕੇ ਝੀਲ ਸਰਦੀਆਂ 'ਚ ਪਰਵਾਸੀ ਪੰਛੀਆਂ ਦਾ ਪਸੰਦੀਦਾ ਟਿਕਾਣਾ

**ਹਰੀਕੇ ਪੱਤਣ:** ਬਿਆਸ-ਸਤਲੁਜ ਦਰਿਆਵਾਂ ਦਾ ਸੰਗਮ ਵਿਸ਼ਵ ਪ੍ਰਸਿੱਧ ਹਰੀਕੇ ਝੀਲ, ਜੋ ਪਰਵਾਸੀ ਪੰਛੀਆਂ ਦੇ ਸਵਰਗ ਵਜੋਂ ਜਾਣੀ ਜਾਂਦੀ ਹੈ, ਉਤੇ ਹਰ ਸਾਲ ਮਹਿਮਾਨ ਪੰਛੀ ਯੂਰਪ ਦੇਸ਼ਾਂ ਤੋਂ ਹਜ਼ਾਰਾਂ ਕਿਲੋਮੀਟਰਾਂ ਦਾ ਸਫਰ ਤੈਅ ਕਰ ਕੇ ਸਰਦ ਰੁੱਤ ਵਿਚ ਆਉਂਦੇ ਹਨ। ਇਹ ਪੰਛੀ ਨਵੰਬਰ ਮਹੀਨੇ ਤੋਂ ਇਥੇ ਪਹੁੰਚਣਾ ਸ਼ੁਰੂ ਕਰ ਦਿੰਦੇ ਹਨ ਅਤੇ ਮਾਰਚ ਮਹੀਨੇ ਵਿਚ ਮੌਸਮ ਬਦਲਦਿਆਂ ਹੀ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦੇ ਹਨ। ਇਨ੍ਹਾਂ ਪੰਛੀਆਂ ਦੀ ਗਿਣਤੀ ਦਾ ਕੰਮ ਹਰ ਸਾਲ ਵਿਭਾਗ ਵੱਲੋਂ ਕੀਤਾ ਜਾਂਦਾ ਹੈ ਤੇ ਇਸ ਵਾਰ ਵੀ ਗਿਣਤੀ ਦਾ ਕੰਮ, ਜੋ ਕਿ ਦੋ ਦਿਨ ਚੱਲਿਆ, ਮੁਕੰਮਲ ਕਰ ਲਿਆ ਗਿਆ।

ਵਿਭਾਗ ਦੀ ਗਿਣਤੀ ਮੁਤਾਬਕ ਇਸ ਵਾਰ ਹਰੀਕੇ ਝੀਲ 'ਤੇ 93 ਕਿਸਮਾਂ ਦੇ 94,711 ਪਰਵਾਸੀ ਪੰਛੀ ਪਹੁੰਚੇ ਹਨ। ਜੰਗਲੀ ਜੀਵ ਤੇ ਵਣ ਵਿਭਾਗ ਹਰੀਕੇ ਦੇ ਡੀ.ਐਫ.ਓ. ਚਰਨਜੀਤ ਸਿੰਘ ਅਨੁਸਾਰ 40 ਮੈਂਬਰੀ ਟੀਮ ਨੇ ਗਿਣਤੀ ਦਾ ਕੰਮ ਮੁਕੰਮਲ ਕੀਤਾ। ਪਿਛਲੇ ਸਾਲ ਦੇ ਮੁਕਾਬਲੇ ਐਤਕੀਂ ਕੋਈ 1500 ਪਰਵਾਸੀ ਪੰਛੀ ਵੱਧ ਆਏ। ਕੁੱਲ 93 ਕਿਸਮਾਂ ਦੇ ਪੰਛੀ ਦੇਖੇ ਗਏ, ਜਿਨ੍ਹਾਂ ਵਿਚ ਕੂਟ ਦੀ ਗਿਣਤੀ 50 ਹਜ਼ਾਰ ਦੇ ਕਰੀਬ ਹੈ, ਜਦੋਂ ਕਿ ਗ੍ਰੇ ਲੈਗ ਗੀਜ਼ 12 ਹਜ਼ਾਰ ਤੇ ਗੜਵਾਲ 8500 ਦੀ ਗਿਣਤੀ ਵਿਚ ਪਾਏ ਗਏ।

# ਪੱਤਝੜੀ ਲੈਂਡਸਕੇਪ

**ਕਲਾ ਪਰਿਕਰਮਾ**

***ਹਰ ਖੇਤਰ ਵਿਚ ਸਬਰ-ਸੰਤੋਖ ਨਾਲ ਵਿਚਰਦਾ ਰਿਹਾ ਚਿੱਤਰਕਾਰ ਮਲਕੀਤ ਸਿੰਘ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਿਆ। ਉਸ ਦੇ ਚਿੱਤਰਾਂ ਵਿਚ ਪੰਜਾਬ ਦੀ ਮਹਿਕ ਸਮੋਈ ਹੋਈ ਹੈ। ਉਸ ਦੇ ਮਿੱਤਰ ਅਤੇ ਸਮਕਾਲੀ ਲੇਖਕ ਸਿੱਧੂ ਦਮਦਮੀ ਨੇ ਇਸ ਲੇਖ ਵਿਚ ਉਸ ਦੀ ਚਿੱਤਰਕਲਾ ਅਤੇ ਜੀਵਨ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***



**ਸਿੱਧੂ ਦਮਦਮੀ**
ਫੋਨ: 91-94170-13869

ਚੰਡੀਗੜ੍ਹ ਤੋਂ ਮੋਗੇ ਦੇ ਪਿੰਡ ਲੰਡੇ ਕੇ ਨੂੰ ਦੌੜ ਰਹੀ ਕਾਰ ਵਿਚੋਂ ਅਸੀਂ ਪੰਜਾਬ ਦੇ ਪੱਤਝੜੀ ਲੈਂਡਸਕੇਪ ਦਾ ਚਲਚਿੱਤਰ ਵੇਖਦੇ ਜਾ ਰਹੇ ਸਾਂ। ਨੰਗੇ ਰੁੱਖ, ਗਿੱਠ ਗਿੱਠ ਕਣਕਾਂ, ਬੁੱਕਲ ਮਾਰੀ ਖੜ੍ਹੇ ਦਰਵੇਸ਼ਾਂ ਵਾਂਗ ਦਿਸਦੇ ਬੰਬੀਆਂ ਦੇ ਕੋਠੇ ਤੇ ਮਾੜੇ ਅਰਥਚਾਰੇ ਦੇ ਪਿੰਜਰ ਬਣਾਏ ਕਿਸਾਨਾਂ ਜਿਹੇ ਖੇਤਾਂ ਵਿਚ ਗੱਡੇ ਡਰਨੇ।

ਫੋਟੋ ਕਲਾਕਾਰ ਦੇਵ ਇੰਦਰ ਦਾ ਕਹਿਣਾ ਸੀ, "ਪੰਜਾਬ ਦਾ ਲੈਂਡਸਕੇਪ ਨਿਰਾਲਾ ਹੈ।" ਅਮਰਜੀਤ ਚੰਦਨ ਨੇ ਕਿਹਾ, "ਇਹ ਜਿੰਨਾ ਚਿਤਰਿਆ ਜਾਣਾ ਚਾਹੀਦਾ ਸੀ, ਓਨਾ ਚਿਤਰਿਆ ਨਹੀਂ ਗਿਆ।" ਕਵੀ ਸਰਬਜੀਤ ਬੇਦੀ ਬੋਲਿਆ, "ਜੇ ਪੰਜਾਬੀ ਸਭਿਆਚਾਰਕ ਚਿੰਨ੍ਹਾਂ ਦੀ ਰਵਾਇਤੀ ਮੂਰਤਕਾਰੀ ਨੂੰ ਪਾਸੇ ਛੱਡ ਦੇਈਏ ਤਾਂ ਆਧੁਨਿਕ ਚਿੱਤਰਕਾਰੀ ਵਿਚ ਪੰਜਾਬੀ ਜੀਵਨ ਬਹੁਤਾ ਨਹੀਂ ਦਿਸਦਾ।" ਮੇਰੇ ਮੂੰਹੋਂ ਨਿਕਲ ਗਿਆ, "ਇਸ ਪੱਖ ਤੋਂ ਮਲਕੀਤ ਤਕਰੀਬਨ 'ਲੋਨ ਰੇਂਜਰ' ਸੀ, ਪਰ ਹੁਣ ਤਾਂ ਉਹ ਵੀ...!"

ਘੜੀ ਬਿੰਦ ਲਈ ਚੁੱਪ ਵਰਤ ਗਈ। ਲੰਡੇ ਕੇ ਆਉਣ ਵਾਲਾ ਸੀ ਜਿਥੇ ਅਸੀਂ ਮਲਕੀਤ ਚਿੱਤਰਕਾਰ ਦੇ ਅੰਤਿਮ ਸੰਸਕਾਰ ਵਿਚ ਸ਼ਾਮਿਲ ਹੋਣਾ ਸੀ। ਦੋ ਦਹਾਕਿਆਂ ਦੌਰਾਨ ਮਲਕੀਤ ਨਾਲ ਬਿਤਾਏ ਸਮੇਂ ਦੇ ਟੋਟਿਆਂ ਦੀ ਰੀਲ੍ਹ ਮੇਰੀ ਸਿਮਰਤੀ 'ਚ ਚੱਲ ਪਈ: ਲੰਬਾ-ਲੰਝਾ ਦਰਸ਼ਨੀ ਸਰੀਰ, ਪਰ ਸੂਖਮ ਆਵਾਜ਼, ਮੋਟੀਆਂ ਬਲੌਰੀ ਅੱਖਾਂ, ਪਰ ਭਿਜੂੰ ਭਿਜੂੰ ਕਰਦੀਆਂ, ਪੰਜਾਬ ਦੇ ਲੋਕਾਂ, ਜਨੌਰਾਂ, ਖੇਤਾਂ-ਪਿੰਡਾਂ, ਦੁੱਖਾਂ-ਖੁਸ਼ੀਆਂ, ਉਮੀਦਾਂ-ਨਿਰਾਸਤਾਵਾਂ ਨਾਲ ਧੜਕਦੇ ਉਸ ਦੇ ਕੈਨਵਸ, ਬੁਰਸ਼ ਅਤਿ-ਯਥਾਰਥਵਾਦੀ, ਪਰ ਕਲਮ ਯਥਾਰਥਕ। ਸਿਰਜਣਾ ਲਈ ਲੋੜੀਂਦੀ ਜਿਸਮਾਨੀ ਤੇ ਮਾਨਸਿਕ ਸਪੇਸ ਬਣਾਉਣ ਲਈ ਮਲਕੀਤ ਵੱਲੋਂ ਖੁਦ ਸਹੇੜੀਆਂ ਉਦਾਸੀਆਂ ਤੇ ਇਕੱਲਤਾਵਾਂ ਯਾਦ ਆਈਆਂ।

ਸੜਕ 'ਤੇ ਪਿੰਡ ਰੋਡੇ ਦਾ ਸਾਈਨਬੋਰਡ ਪੜ੍ਹਿਆ ਤਾਂ ਮਲਕੀਤ ਦੇ ਜੀਵਨ ਨੂੰ ਆਧਾਰ ਬਣਾ ਕੇ ਗੁਜਰਾਤੀ ਵਿਚ ਨਾਵਲ ਲਿਖੇ ਜਾਣ ਦਾ ਮਾਜਰਾ ਚੇਤੇ ਆ ਗਿਆ: ਖਾੜਕੂਵਾਦ ਦੇ ਦਿਨ ਸਨ। ਮੈਂ ਤੇ ਵਿਨੇਸ਼ ਅੰਤਾਨੀ ਅਕਾਸ਼ਵਾਣੀ ਦੇ ਚੰਡੀਗੜ੍ਹ ਕੇਂਦਰ 'ਤੇ ਕੰਮ ਕਰਦੇ ਸਾਂ। ਗੁਜਰਾਤੀ ਦਾ ਚਰਚਿਤ ਤੇ ਸਨਮਾਨਿਤ ਨਾਵਲਕਾਰ ਅੰਤਾਨੀ ਹਾਲੇ ਤਾਜ਼ਾ ਤਾਜ਼ਾ ਹੀ ਬਦਲ ਕੇ ਚੰਡੀਗੜ੍ਹ ਆਇਆ ਸੀ। ਮੇਰੇ ਕਾਰਨ ਮਲਕੀਤ ਅਕਸਰ ਕੇਂਦਰ 'ਤੇ ਆਉਂਦਾ ਰਹਿੰਦਾ। ਜਦੋਂ ਅੰਤਾਨੀ ਨਾਲ ਮਲਕੀਤ ਦੀ ਜਾਣ ਪਛਾਣ ਮੈਂ ਇਹ ਕਹਿ ਕੇ ਕਰਵਾਈ ਕਿ ਉਸ ਦੇ ਜੱਦੀ ਪਿੰਡ (ਲੰਡੇ ਕੇ) ਦੀ ਜੂਹ ਸੰਤ ਭਿੰਡਰਾਂ ਵਾਲਿਆਂ ਦੇ ਪਿੰਡ (ਰੋਡੇ) ਨਾਲ ਲੱਗਦੀ ਹੈ ਤਾਂ ਅੰਤਾਨੀ ਦੇ ਲੇਖਕ ਮਨ ਅੰਦਰ ਪੰਜਾਬ ਦੀ ਪਿੱਠਭੂਮੀ ਵਾਲੇ ਨਾਵਲ ਦਾ ਪਲਾਟ ਰੌਸ਼ਨ ਹੋ ਗਿਆ- ਪੰਜਾਬ ਦੀ ਪੀੜ ਸਮਝਣ ਵਾਲੇ ਚਿੱਤਰਕਾਰ ਰਾਹੀਂ ਦੱਸੀ ਜਾਣ ਵਾਲੀ ਖੂਨ ਭਰੇ ਪੰਜਾਬ ਦੀ ਕਹਾਣੀ; ਸਰਕਾਰੀ ਤੇ ਖਾੜਕੂ ਦਮਨ ਵਿਚਕਾਰ ਫਸੇ ਸੂਖਮ-ਚਿੱਤ ਪੰਜਾਬੀ ਦਾ ਦੁਖਾਂਤ। ਨਤੀਜਨ ਵਿਨੇਸ਼ ਅੰਤਾਨੀ ਨੇ ਮਲਕੀਤ ਦੇ ਜੀਵਨ ਨੂੰ ਆਧਾਰ ਬਣਾ ਕੇ 'ਧੁੰਦਾਭਰੀ ਖਿਨ' ਦੀ ਸੁਰਖੀ ਹੇਠ ਗੁਜਰਾਤੀ ਵਿਚ ਮਾਰਮਿਕ ਨਾਵਲ ਰਚਿਆ।

ਦਰਅਸਲ, ਮਲਕੀਤ ਦੀ ਜੀਵਨ ਕਹਾਣੀ ਫਿੱਕੇ ਰੰਗਾਂ ਵਾਲੀ ਛੋਟੀ ਕਿਸਾਨੀ ਵਿਚ ਜਨਮੇ ਸੰਗਾਲੂ ਸੁਪਨਸਾਜ਼ ਦੀ ਕਹਾਣੀ ਹੈ ਜੋ ਆਪਣੇ ਸੁਪਨੇ ਸਾਕਾਰ ਕਰਨ ਲਈ ਕਤਾਰ ਤੋੜ ਕੇ ਅੱਗੇ ਵਧਣ ਦੀ ਨੀਤੀ ਅਪਨਾਉਣ ਦੀ ਥਾਂ ਧੀਰਜ ਨਾਲ ਵਾਰੀ ਉਡੀਕਦਾ ਰਹਿੰਦਾ। ਬਹੁਤੀ ਵਾਰ ਉਸ ਦੀ ਵਾਰੀ ਆਉਣ ਤਕ ਪਤੀਲਾ ਖੜਕ ਜਾਂਦਾ, ਪਰ ਉਹ ਸਬਰ ਦਾ ਘੁੱਟ ਭਰ ਲੈਂਦਾ। ਕਮਾਲ ਇਹ ਕਿ ਮੁਕਾਬਲੇਬਾਜ਼ੀ ਦੇ ਪੰਜੇ ਵਿਚ ਫਸੀ ਕਲਾ ਦੀ ਦੁਨੀਆਂ 'ਚ ਵੀ ਇਹ ਸਬਰ ਉਸ ਦੀ ਪਛਾਣ ਰਿਹਾ।

ਮਲਕੀਤ ਪੜ੍ਹਨ ਲਈ ਪਿੰਡ ਤੋਂ ਬਾਹਰ ਜਾਣ ਵਾਲਾ ਆਪਣੇ ਪਰਿਵਾਰ ਦਾ ਪਹਿਲਾ ਮੈਂਬਰ ਸੀ। ਉਸ ਦਾ ਪਰਿਵਾਰ ਉਨ੍ਹਾਂ ਵਿਚੋਂ ਸੀ ਜਿਥੇ ਖੇਤੀ ਵਾਸਤੇ ਮੁੰਡਿਆਂ ਨੂੰ ਵਹਿੜਕਿਆਂ ਵਾਂਗ ਹਾਲੀ ਕੱਢਿਆ ਜਾਂਦਾ ਸੀ, ਪਰ ਦਿਲਚਸਪ ਗੱਲ ਇਹ ਕਿ ਮਲਕੀਤ ਨੂੰ ਹਲ-ਪੰਜਾਲੀ ਦੀ ਥਾਂ ਬੁਰਸ਼ ਤੇ ਕੈਨਵਸ ਸੈਨਤਾਂ ਮਾਰ ਰਹੇ ਸਨ। ਉਂਜ ਨਾ ਉਸ ਨੂੰ ਕਲਾ ਵਿਰਸੇ ਵਿਚ ਮਿਲੀ ਸੀ ਤੇ ਨਾ ਸੰਸਕਾਰ। ਉਸ ਨੇ ਹਲ ਦੀ ਹੱਥੀ ਛੱਡ ਕੇ ਸ਼ਿਮਲੇ ਦੇ ਆਰਟ ਸਕੂਲ ਵਿਚ ਬੁਰਸ਼ ਜਾ ਫੜਿਆ, ਪਰ ਜ਼ਿੰਦਗੀ ਦੀਆਂ ਨਵੀਆਂ ਸਿੰਮਤਾਂ ਗਾਹੁਣ ਲਈ ਘਰ-ਬਾਰ ਛੱਡਣ ਲੱਗਿਆਂ ਉਹ ਮਨ ਦੇ ਧਾਗੇ ਦਾ ਇੱਕ ਸਿਰਾ ਪਿੰਡ ਨਾਲ ਬੰਨ੍ਹ ਆਇਆ ਸੀ। ਉਹ ਕਹਿੰਦਾ, "ਮੇਰੀ ਜ਼ਿੰਦਗੀ ਦੇ ਬਹੁਤੇ ਅਹਿਮ ਫੈਸਲੇ ਇਸੇ ਧਾਗੇ ਦੀ ਖਿੱਚ ਜਾਂ ਢਿੱਲ ਅਨੁਸਾਰ ਹੁੰਦੇ ਰਹੇ ਹਨ। ਇਸੇ ਕਰਕੇ ਚੰਡੀਗੜ੍ਹ ਜਿਹੇ ਆਧੁਨਿਕ ਸ਼ਹਿਰ ਵਿਚ ਇੰਨੇ ਦਹਾਕੇ ਬਿਤਾਉਣ ਦੇ ਬਾਵਜੂਦ ਮੈਥੋਂ ਇਹ ਧਾਗਾ ਖੁੱਲ੍ਹ ਨਹੀਂ ਸਕਿਆ।"



*ਚਿੱਤਰਕਾਰ ਮਲਕੀਤ ਸਿੰਘ ਉਸ ਦੀ ਇਕ ਪੇਂਟਿੰਗ*

ਚਿੰਤਨੀ ਘੜੀਆਂ ਵਿਚ ਕਦੇ ਕਦਾਈਂ ਉਹ ਇਹ ਵੀ ਕਿਹਾ ਕਰਦਾ ਸੀ, "ਚੰਡੀਗੜ੍ਹ ਵਿਚ ਮੈਂ ਰਹਿਣਾ ਚਾਹੁੰਨਾਂ, ਚਿੱਤਰਕਾਰੀ ਕਰਦੇ ਰਹਿਣਾ ਚਾਹੁੰਨਾਂ, ਪਰ ਪੂਰਾ ਪਿੰਡ ਵਿਚ ਹੀ ਹੋਣਾ ਚਾਹੁੰਨਾਂ।" ਮਲਕੀਤ ਚੰਡੀਗੜ੍ਹ ਦੇ ਕਲਾ ਜਗਤ ਦੀ ਅਹਿਮ ਸ਼ਖਸੀਅਤ ਸੀ ਜਿਸ ਦੀ ਹਾਜ਼ਰੀ ਬਿਨਾ ਇਸ 'ਖੂਬਸੂਰਤ ਸ਼ਹਿਰ' ਦੀ ਕਲਾ ਨਾਲ ਸਬੰਧਤ ਕੋਈ ਵੀ ਗਤੀਵਿਧੀ ਪੂਰੀ ਨਹੀਂ ਸੀ ਹੁੰਦੀ। ਫਿਰ ਵੀ ਆਪਣੀ ਆਖਰੀ ਇੱਛਾ ਵਿਚ ਮਰਨ ਲਈ ਚੰਡੀਗੜ੍ਹ ਦੀ ਥਾਂ ਆਪਣੇ ਪਿੰਡ ਨੂੰ ਹੀ ਪਹਿਲ ਦਿੱਤੀ। ਖੂਬਸੂਰਤ ਦੋਸਤੀਆਂ, ਅਹਿਮ ਵਾਕਫੀਆਂ, ਮਘਦੀਆਂ ਮਹਿਫਿਲਾਂ ਤੇ ਨਿੱਘੀਆਂ ਸਾਂਝਾਂ ਦੇ ਬਾਵਜੂਦ ਚੰਡੀਗੜ੍ਹ ਤੇ ਮਲਕੀਤ ਧੁਰ ਅੰਦਰੋਂ ਇਕ-ਦੂਜੇ ਲਈ ਬੇਗਾਨੇ ਹੀ ਰਹੇ।

ਜਿੰਨਾ ਚਿਰ ਮਲਕੀਤ ਪੀ.ਜੀ.ਆਈ. ਦੀ ਨੌਕਰੀ ਤੋਂ ਸੇਵਾਮੁਕਤ ਨਹੀਂ ਸੀ ਹੋਇਆ, ਉਹ ਆਪਣੇ ਗਰਾਈਆਂ, ਕਲਾਕਾਰਾਂ, ਲੇਖਕਾਂ ਤੇ ਮੀਡੀਆ ਕਰਮੀਆਂ ਲਈ ਹੀ ਨਹੀਂ, ਸਗੋਂ ਉਨ੍ਹਾਂ ਦੇ ਅਗਾਂਹ ਸੈਂਕੜੇ ਜਾਣੂਆਂ ਲਈ ਵੀ ਪੀ. ਜੀ. ਆਈ. ਵਿਚ ਕੰਮ ਕਰਵਾਉਣ ਲਈ ਮਦਦ ਕਰਦਾ ਰਿਹਾ। ਕਈ ਵਾਰੀ ਮਰੀਜ਼ ਪੀ. ਜੀ. ਆਈ. ਦਾਖਲ ਹੋ ਜਾਂਦੇ ਤੇ ਨਾਲ ਆਏ ਬੰਦੇ ਮਲਕੀਤ ਦੇ ਘਰ ਡੇਰਾ ਲਾ ਲੈਂਦੇ। ਮਲਕੀਤ ਦੇ ਇਸ ਸਮਾਜ ਸੇਵੀ ਕੰਮ ਦੀ ਚਰਚਾ ਲੰਡੇ ਕੇ ਦੇ ਸਿਵਿਆਂ ਵਿਚ ਸਸਕਾਰ ਵੇਲੇ ਜੁੜੇ ਭਾਰੀ ਇਕੱਠ ਵਿਚ ਚੁਫੇਰੇ ਹੋ ਰਹੀ ਸੀ। ਤੁਰ ਗਏ ਦੀ ਗੱਲ ਉਹ ਚਿੱਤਰਕਾਰ ਵਜੋਂ ਨਹੀਂ, ਸਗੋਂ 'ਡਾਕਟਰ ਸਾਹਿਬ' ਵਜੋਂ ਕਰ ਰਹੇ ਸਨ।



*ਚਿੱਤਰਕਾਰ ਮਲਕੀਤ ਸਿੰਘ*

ਮਲਕੀਤ ਮੂੰਹ-ਕੂਲ ਸੀ। ਇਸੇ ਲਈ ਉਸ ਲਈ ਜਾਣੂ ਨੂੰ ਦੋਸਤ ਤੇ ਦੋਸਤ ਨੂੰ ਭਰਾ ਬਣਾ ਲੈਣ 'ਚ ਜ਼ਿਆਦਾ ਸਮਾਂ ਨਹੀਂ ਸੀ ਲੱਗਦਾ। 1983 ਵਿਚ ਮੇਰੇ ਚੰਡੀਗੜ੍ਹ ਆਉਣ ਪਿਛੋਂ ਅਸੀਂ ਸ਼ਹਿਰ ਦੀਆਂ ਨੁਮਾਇਸ਼ਾਂ, ਗੋਸ਼ਟੀਆਂ, ਸਭਿਆਚਾਰਕ ਪ੍ਰੋਗਰਾਮਾਂ ਵਿਚ ਇਕੱਠੇ ਜਾਣਾ ਸ਼ੁਰੂ ਕੀਤਾ। ਭਾਵੇਂ ਮਾਮੂਲੀ ਹੀ ਸਹੀ, ਮੇਰਾ ਤੇ ਮਲਕੀਤ ਦਾ ਮੜ੍ਹੰਗਾ ਮਿਲਦਾ ਸੀ। ਅਸੀਂ ਆਰਟ ਕੌਂਸਲ ਵਿਚ ਹੋਏ ਇਕ ਪ੍ਰੋਗਰਾਮ 'ਚੋਂ ਪਰਤੇ ਤਾਂ ਇਕ ਪੰਜਾਬੀ ਲੇਖਿਕਾ ਦਾ ਨਾਂ ਲੈ ਕੇ ਮਲਕੀਤ ਨੇ ਕਿਹਾ, "ਪੁੱਛਦੀ ਸੀ ਕਿ ਦੋਵੇਂ ਭਰਾ ਹੋ? ਪਤੈ ਮੈਂ ਕੀ ਕਿਹਾ? ਮੈਂ ਕਿਹਾ, ਹਾਂ!" ਗੱਲ ਸਾਡੀ ਜੱਫੀ 'ਚ ਰੂਪਾਂਤਰ ਹੋ ਗਈ। ਉਸ ਦਿਨ ਤੋਂ ਮੈਂ ਲਾਡ ਨਾਲ ਮਲਕੀਤ ਨੂੰ ਭਰਾ ਜੀ ਕਹਿ ਕੇ ਬੁਲਾਉਣ ਲੱਗ ਪਿਆ ਸਾਂ।

ਉਸ ਨਾਲ ਮੇਰੀ ਆਖਰੀ ਮੁਲਾਕਾਤ ਮੁਹਾਲੀ ਦੇ ਉਸ ਹਸਪਤਾਲ 'ਚ ਹੋਈ ਜਿਥੇ ਉਹ ਆਪਣੇ ਆਖਰੀ ਦਿਨ ਗਿਣ ਰਿਹਾ ਸੀ। ਉਦੋਂ ਤਕ ਦੋਵੇਂ ਗੁਰਦੇ ਤਕਰੀਬਨ ਖਰਾਬ ਹੋਣ ਦੀ ਗੱਲ ਬਾਹਰ ਨਿਕਲ ਆਈ ਸੀ। ਉਹ ਸੀ ਤਾਂ ਸੁਰਤ 'ਚ ਪਰ ਹੌਸਲਾ ਢਹਿ ਗਿਆ ਜਾਪਿਆ। ਕੰਬਦੇ ਹੱਥਾਂ ਵਿਚ ਮੇਰਾ ਹੱਥ ਲਈ ਉਹ ਮੇਰੇ ਵੱਲ ਇਕ-ਟਕ ਵੇਖਦਾ ਰਿਹਾ। ਮੈਂ ਨਜ਼ਰ ਮਿਲਾਏ ਬਿਨਾ ਧੀਰਜ ਬੰਨ੍ਹਾਉਂਦਾ ਰਿਹਾ। ਮੌਤ ਦੀ ਪੈੜ ਚਾਲ ਸੁਣ ਰਹੇ ਬੰਦੇ ਨਾਲ ਅੱਖ ਮਿਲਾਉਣ ਲਈ ਕਿਸੇ ਰਿਸ਼ੀ ਦਾ ਜਿਗਰਾ ਚਾਹੀਦਾ ਹੈ!

ਜਿਉਂ ਹੀ ਸਾਡੀਆਂ ਨਜ਼ਰਾਂ ਮਿਲੀਆਂ ਤਾਂ ਉਹ ਫਿੱਕਾ ਜਿਹਾ ਮੁਸਕਰਾਇਆ ਤੇ ਜਿਵੇਂ ਖੂਹ 'ਚੋਂ ਬੋਲਿਆ, "ਤੇਰਾ ਭਰਾ ਜਾ ਰਿਹੈ!!" ਮੇਰੀਆਂ ਅੱਖਾਂ ਹੰਝੂਆਂ ਨਾਲ ਲਬਲਬਾ ਗਈਆਂ ਤੇ ਚੁਫੇਰਾ ਧੁੰਦਲਾ ਗਿਆ।

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਫਰਵਰੀ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-311




*ਕਿੱਸੇ ਫੋਲ ਕੇ ਬੀਬੀਆਂ ਸੁਆਣੀਆਂ ਦੇ, ਕਾਹਨੂੰ ਰਾਗ ਕੁਵੇਲੇ ਦਾ ਛੇੜਨਾ ਜੀ।*
*ਕਿਸੇ ਵਿਰਲੀ ਹੀ ਮਾਈ ਨੂੰ ਯਾਦ ਹੋਣੈ, ਰੂੰਅ ਵੇਲਣਾ, ਸੂਤ ਅਟੇਰਨਾ ਜੀ।*

## ਕੈਪਸ਼ਨ ਮੁਕਾਬਲਾ-309



ਪਿਆਸੇ ਪੰਛੀ ਨੂੰ ਇੱਕ ਗੱਲ ਔੜੀ
ਜਾ ਦੱਸਾਂ ਕੁਦਰਤ ਰਾਣੀ ਨੂੰ।
ਬੰਦਾ ਖਤਮ ਕਰਨ 'ਤੇ ਤੁਲਿਆ
ਉਸ ਦੀ ਤਮਾਮ ਕਹਾਣੀ ਨੂੰ।
ਤਪਸ ਗਲੋਬਲ ਦੀ ਪਵੇ ਦੁਹਾਈ
ਮੱਚੀ ਪਈ ਹੈ ਹਾਹਾਕਾਰ।
ਪਾਣੀ ਦੀ ਦੁਰਵਰਤੋਂ ਕਰਕੇ
ਬੰਦਾ ਰਿਹਾ ਪੈਰ ਕੁਹਾੜੀ ਮਾਰ।
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***

---

ਚਾਰੇ ਪਾਸੇ ਦੂਸ਼ਿਤ ਪਾਣੀ
ਮੈਂ ਹੋਇਆ ਬੜਾ ਨਿਰਾਸ਼।
ਮਾਰ ਉਡਾਰੀ ਦੂਰੋਂ ਆਇਆ
ਰੱਖ ਕੇ ਡਾਢੀ ਆਸ।
ਇਥੇ ਵੀ ਕੋਈ ਤਿੱਪ ਨਾ ਡਿੱਗੇ
ਬੁਝਾਵਾਂ ਕਿਵੇਂ ਪਿਆਸ।
ਇਸੇ ਤਰ੍ਹਾਂ ਜੇ ਚੱਲੂ ਢਾਂਚਾ
ਤਾਂ ਨੇੜੇ ਹੈ ਵਿਨਾਸ਼।
***-ਜਗਮੀਤ ਸਿੰਘ ਪੰਧੇਰ***

---

ਸੱਚ ਕਿਹਾ ਗੁਰਾਂ ਦੀ ਬਾਣੀ ਨੇ
ਹਵਾ ਗੁਰੂ ਹੈ ਪਾਣੀ ਪਿਤਾ।
ਕੁਦਰਤ ਨੇ ਖੁੱਲ੍ਹਾ ਗੱਫਾ ਬਖਸ਼ ਕੇ
ਸਭ ਜਿਉੜਿਆਂ ਨੂੰ ਭੰਡਾਰ ਹੈ ਦਿੱਤਾ।
ਬਿਲੀਅਨ ਡਾਲਰ ਖਰਚ ਕੇ ਵੀ
ਨਹੀਂ ਮਿਲਣੀਆਂ ਇਹ ਦਾਤਾਂ।
ਸਰਫੇ ਤੇ ਸਿਆਣਪ ਨਾਲ ਜੇ ਵਰਤੇਂ
ਬੰਦਿਆ! ਫਿਰ ਤੇਰੀਆਂ ਕਿਆ ਬਾਤਾਂ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਧਰਤੀ ਨਾਲੋਂ ਤਿੱਗਣਾ ਪਾਣੀ
ਰੱਬ ਦਾ ਸ਼ੁਕਰ ਤੂੰ ਕਰ ਬੰਦਿਆ।
ਜੀਅ ਸਦਕੇ ਬੋਤਲਾਂ, ਟੈਂਕੀਆਂ ਭਰ
ਪੰਛੀਆਂ 'ਤੇ ਤਰਸ ਕਰ ਬੰਦਿਆ।
ਚੁੰਝ ਭਰ ਪਾਣੀ ਲਈ ਭਟਕਣ
ਕਟੋਰਾ ਭਰ ਤੂੰ ਧਰ ਬੰਦਿਆ।
***-ਦਵਿੰਦਰ ਕੌਰ***

---

ਪੀਉ ਪੀਊ ਚਾਤ੍ਰਿਕ ਕਰੇ
ਜਿਉਂ ਸਵਾਂਤੀ ਬੂੰਦ ਨਾ ਵਰਸੇ।
ਸੁੱਕੀਆਂ ਟੂਟੀਆਂ ਅੱਗੇ ਪੰਛੀ
ਇਉਂ ਤੁਪਕੇ ਤੁਪਕੇ ਲਈ ਤਰਸੇ।
ਪਹਿਲਾ ਪਾਣੀ ਜੀਉ ਹੈ
ਜਿਤ ਹਰਿਆ ਸਭ ਕੋਇ।
ਤ੍ਰਿਖਾਵੰਤ ਬਿਨ ਨੀਰ ਜਿਉਂ
ਸਹਿਲ ਨਾ ਜੀਣਾ ਹੋਇ।
***-ਸੇਵਾ ਸਿੰਘ ਨੂਰਪੁਰੀ, ਬੰਗਾ***

---

ਆਸ ਲਾਈ ਬੈਠਾ ਏ ਪੰਛੀ
ਡਿਗੇ ਤੁਪਕਾ ਇਕ ਪਾਣੀ।
ਵਪਾਰੀ ਲੋਕ ਬੋਤਲਾਂ ਵਿਚ
ਭਰ ਭਰ ਵੇਚਣ ਪਾਣੀ।
ਸ਼ੁਧ ਪਾਣੀ ਦੀ ਹਰ ਦੇਸ਼ 'ਚ
ਹੈ ਸਮੱਸਿਆ ਬਣ ਜਾਣੀ।
ਪਾਣੀ ਜ਼ਹਿਰੀਲਾ ਹੁੰਦਾ ਜਾਂਦਾ
ਵਿਗੜਦੀ ਜਾਂਦੀ ਕਹਾਣੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਬੰਦਿਆ ਤੈਨੂੰ ਰੱਬ ਦਿੱਤੀ ਬੁੱਧੀ
ਪਾਣੀ ਸੰਜਮ ਨਾਲ, ਨਾ ਵਰਤ ਬੇਰੋਕ।
ਬਨਸਪਤੀ, ਜੀਵ-ਜੰਤੂ ਸਭ ਮੁੱਕ ਜਾਣੇ
ਕਿਤੇ ਬਣ ਨਾ ਜਾਵੇ ਧਰਤੀ ਪਰਲੋਕ।
ਸਿਆਣਪ ਨਾਲ ਜੰਨਤ ਬਣੀ ਰਹਿਣੀ
ਧੜਕੂ ਧਰਤੀ 'ਤੇ ਜੀਵਨ ਤੇ ਤੇਰੀ ਸੋਚ।
***-ਅਮਰਜੀਤ ਸਿੰਘ ਤੂਰ***

---

ਮੀਂਹ ਪੈਂਦੇ ਹੜ੍ਹ ਆ ਜਾਂਦੇ
ਨਾ ਸਕੀਮ ਪਾਣੀ ਸਾਂਭ ਵਰਤਣ ਦੀ।
ਬਿਜਲੀਆਂ ਦੇ ਕੱਟ ਲੱਗਦੇ
ਪਾਣੀ ਬੰਦ ਹੋ ਜਾਂਦਾ ਉਸੇ ਵਕਤ।
ਪਾਣੀ ਡੂੰਘੇ ਹੋ ਨਿੱਘਰ ਗਏ ਧਰਤੀ 'ਚ
ਤੜਪ ਗਈ ਖਲਕਤ ਅਤੇ ਜਨੌਰ ਸਭ
ਚੁੰਝਾਂ ਚੱਕ ਚੱਕ ਦੇਖਦੇ ਟੂਟੀ ਵੱਲ
ਕਦ ਨੀਰ ਆਵੇ, ਕਦ ਪਿਆਸ ਬੁਝੇ।
ਲੋੜ ਹੈ ਪਾਣੀ ਨੂੰ ਸਾਂਭ ਸਾਂਭ ਵਰਤਣ ਦੀ
ਪਾਣੀ ਬਹੁਤ ਅਜਾਈਂ ਜਾਂਦਾ,
ਹੱਲ ਨਹੀਂ ਸੋਚਦਾ ਕੋਈ ਭਵਿੱਖ ਦਾ
ਸੋਚਦੇ ਸਿਰਫ ਕੁਨਬਾਪਰਵਰੀ।
***-ਦਰਸ਼ਨਪਾਲ ਦੋਸਾਂਝ***

# ਕਾਰਪੋਰੇਟਾਂ ਦੀ ਕਮਾਈ ਬਨਾਮ ਲੜਖੜਾ ਰਹੀ ਆਰਥਕਤਾ

***ਘੋਰ ਰਾਸ਼ਟਰਵਾਦੀ ਤਾਕਤਾਂ ਦੀ ਖ਼ਾਸ ਖ਼ੂਬੀ ਇਹ ਰਹੀ ਹੈ- ਝੂਠ ਨੂੰ ਵਾਰ ਵਾਰ ਸੱਚ ਬਣਾ ਕੇ ਪੇਸ਼ ਕਰਨਾ, ਰਾਸ਼ਟਰਵਾਦ ਦੇ ਪਰਦੇ ਹੇਠ ਆਰਥਿਕ ਸੰਕਟ ਦਾ ਬੋਝ ਅਵਾਮ ਉਪਰ ਲੱਦਦੇ ਹੋਏ ਆਮ ਆਦਮੀ ਕੋਲੋਂ ਆਰਥਿਕ ਵਸੀਲੇ ਖੋਹਦੇ ਜਾਣਾ ਅਤੇ ਸਰਮਾਇਆਦਾਰਾਂ ਦੀ ਕਮਾਈ ਨੂੰ ਜ਼ਰਬਾਂ ਦੇ ਕੇ ਉਨ੍ਹਾਂ ਨੂੰ ਹੋਰ ਅਮੀਰ ਬਣਾਉਂਦੇ ਜਾਣਾ। ਸੰਘ ਬ੍ਰਿਗੇਡ ਦੀ ਸਰਕਾਰ ਐਨ ਇਹੀ ਕਰ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਦੇਸ਼ੀ ਦੌਰਿਆਂ ਦੀ ਚਮਕ-ਦਮਕ ਹੇਠ ਮੁਲਕ ਦੀ ਆਰਥਿਕਤਾ ਵਿਚ ਕੀਤੀਆਂ ਜਾ ਰਹੀਆਂ ਧਾਂਦਲੀਆਂ ਲੁਕੋਈਆਂ ਜਾ ਰਹੀਆਂ ਹਨ। ਹਾਲ ਹੀ ਵਿਚ ਆਲਮੀ ਆਰਥਿਕ ਮੰਚ ਦੇ ਡਾਵੋਸ ਸੰਮੇਲਨ ਵਿਚ ਪ੍ਰਧਾਨ ਮੰਤਰੀ ਨੇ ਵੱਡੇ ਲਾਮ-ਲਸ਼ਕਰ ਨਾਲ ਹਿੱਸਾ ਲਿਆ। ਇਸ ਨੂੰ ਬਹੁਤ ਵੱਡੀ ਪ੍ਰਾਪਤੀ ਬਣਾ ਕੇ ਪੇਸ਼ ਕੀਤਾ ਗਿਆ ਹੈ, ਜਦਕਿ ਆਰਥਿਕਤਾ ਦੀ ਅਸਲ ਤਸਵੀਰ ਇਸ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਆਰਥਿਕ ਵਿਸ਼ਲੇਸ਼ਣਕਾਰ ਕੁਮਾਰ ਪ੍ਰਸ਼ਾਂਤ ਨੇ ਆਪਣੀ ਇਸ ਟਿੱਪਣੀ ਵਿਚ ਇਸ ਸਵਾਲ ਉਪਰ ਗੰਭੀਰ ਚਰਚਾ ਕੀਤੀ ਹੈ। -ਸੰਪਾਦਕ***

## ਡਾਵੋਸ ਦਾ ਸੱਚ

ਅਜਿਹਾ ਕਦੇ ਕਦਾਈਂ ਹੀ ਹੁੰਦਾ ਹੈ ਕਿ ਸੱਚ ਖੁਦ ਸਾਹਮਣੇ ਆ ਕੇ ਝੂਠ ਦਾ ਪਰਦਾਫਾਸ਼ ਕਰ ਦਿੰਦਾ ਹੈ। ਅਜਿਹਾ ਹੀ ਹੋਇਆ ਸੀ, ਜਦੋਂ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਆਪਣੇ ਅਹੁਦੇ ਤੋਂ ਰੁਖ਼ਸਤ ਹੋ ਰਹੇ ਸਨ। ਉਨ੍ਹਾਂ ਜਾਂਦੇ ਜਾਂਦੇ ਕਿਹਾ ਕਿ ਸਾਡੀ ਦੁਨੀਆਂ ਦਾ ਸੱਚ ਇਹ ਹੈ ਕਿ ਦੁਨੀਆਂ ਦੀ ਕੁਲ ਜਾਇਦਾਦ ਦਾ 50 ਫ਼ੀਸਦੀ ਕੇਵਲ 60 ਲੋਕਾਂ ਦੀ ਮੁੱਠੀ ਵਿਚ ਹੈ। ਦੁਨੀਆਂ ਦੀ ਸਭ ਤੋਂ ਵੱਧ ਜਾਇਦਾਦ ਕੁਲ ਦੁਨੀਆਂ ਤੋਂ ਸਮੇਟ ਕੇ ਜਿਸ ਇਕ ਮੁਲਕ ਨੇ

**ਕੁਮਾਰ ਪ੍ਰਸ਼ਾਂਤ**
**ਅਨੁਵਾਦ: ਬੂਟਾ ਸਿੰਘ**

ਆਪਣੀ ਮੁੱਠੀ ਵਿਚ ਕੀਤੀ ਹੋਈ ਹੈ, ਉਸ ਦੇ ਰਾਸ਼ਟਰਪਤੀ ਨੇ ਜਾਂਦੇ ਜਾਂਦੇ ਦੱਸ ਦਿੱਤਾ ਕਿ ਵਸੀਲਿਆਂ ਅਤੇ ਲੋਕਾਂ ਦੇ ਦਰਮਿਆਨ ਅਸਲ ਸਮੀਕਰਨ ਕੀ ਹੈ।

ਹੁਣ ਜਦੋਂ ਧਨ ਕੁਬੇਰ ਜਗਤ ਦੇ ਤਮਾਮ ਧਨ ਕੁਬੇਰ ਅਤੇ ਸੱਤਾਧਾਰੀ ਡਾਵੋਸ ਵਿਚ ਜੁੜੇ ਹਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਵਿਕਾਸ ਦੀ ਸੱਚੀ ਕਹਾਣੀ ਸੁਣਾ ਰਹੇ ਹਨ, ਇਕ ਭਿਆਨਕ ਸੱਚ ਕਿਸੇ ਹੋਰ ਰਸਤਿਓਂ ਸਾਹਮਣੇ ਆ ਗਿਆ। 'ਸਭ ਕਾ ਸਾਥ ਸਭ ਕਾ ਵਿਕਾਸ', ਇਹ ਜੋ ਮਾਹੌਲ ਪੂਰੇ ਮੁਲਕ ਵਿਚ ਬਣਾਇਆ ਜਾਂਦਾ ਰਿਹਾ ਹੈ, ਤੇ ਜਿਸ ਨੂੰ ਸਾਕਾਰ ਕਰਨ ਲਈ ਬੇਸ਼ੁਮਾਰ ਪ੍ਰੋਗਰਾਮ ਜ਼ੋਰ-ਸ਼ੋਰ ਨਾਲ ਐਲਾਨੇ ਜਾ ਰਹੇ ਹਨ, ਦਾ ਨਿਚੋੜ ਇਹ ਹਾਸਲ ਹੋਇਆ ਕਿ ਮੁਲਕ ਦੀ 73 ਫ਼ੀਸਦੀ ਦੌਲਤ ਕੇਵਲ ਇਕ ਫ਼ੀਸਦੀ ਲੋਕਾਂ ਦੇ ਹੱਥਾਂ ਵਿਚ ਸਿਮਟ ਗਈ ਹੈ। ਇਨ੍ਹਾਂ ਇਕ ਫ਼ੀਸਦੀ ਲੋਕਾਂ ਦੀ ਦੌਲਤ ਪਿਛਲੇ ਇਕ ਸਾਲ ਵਿਚ 21 ਲੱਖ ਕਰੋੜ ਵਧੀ ਹੈ। ਇਹ ਅੰਕੜੇ ਅਤੇ ਇਹ ਤਸਵੀਰ ਅਸੀਂ ਨਹੀਂ ਬਣਾਈ। ਇਹ ਕਿਸੇ ਰੇਟਿੰਗ ਏਜੰਸੀ ਦਾ ਉਹ ਅੰਕੜਾ ਵੀ ਨਹੀਂ ਹੈ, ਜੋ ਕਿਸੇ ਦਬਾਓ ਜਾਂ ਪ੍ਰਭਾਵ ਹੇਠ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ। ਇਹ ਅੰਕੜਾ ਡਾਵੋਸ ਵਿਚ ਹੀ ਜਾਰੀ ਕੀਤਾ ਗਿਆ ਹੈ ਅਤੇ ਇਹ ਅਧਿਐਨ ਕਿਸੇ ਗ਼ੈਰ-ਸਰਕਾਰੀ ਸੰਸਥਾ ਨੇ ਕੀਤਾ ਹੈ।

ਪਿਛਲੇ ਹੀ ਸਾਲ ਦੀ ਗੱਲ ਹੈ, ਜਦੋਂ 'ਆਕਸਫਾਮ' ਨੇ ਇਹ ਅਧਿਐਨ ਜਾਰੀ ਕੀਤਾ ਸੀ ਕਿ ਭਾਰਤ ਦੇ ਇਕ ਫ਼ੀਸਦੀ ਲੋਕਾਂ ਦੀ ਜਾਇਦਾਦ ਵਿਚ 58 ਫ਼ੀਸਦੀ ਦਾ ਵਾਧਾ ਹੋਇਆ ਹੈ। ਜੇ ਅਸੀਂ ਭੁੱਲੇ ਨਹੀਂ ਤਾਂ ਡਾਵੋਸ ਵਿਚ ਹੀ ਪਿਛਲੀ ਵਾਰ ਕਿਹਾ ਗਿਆ ਸੀ ਕਿ ਆਲਮੀ ਸ਼ਾਂਤੀ ਨੂੰ ਸਭ ਤੋਂ ਵੱਡਾ ਖ਼ਤਰਾ ਜੇ ਕਿਸੇ ਤੋਂ ਹੈ, ਤਾਂ ਉਹ ਵਧ ਰਹੇ ਪਾੜੇ ਤੋਂ ਹੈ। ਕਹਿਣ ਦਾ ਭਾਵ ਇਹ ਸੀ ਕਿ ਅਮੀਰੀ-ਗ਼ਰੀਬੀ ਵਿਚਕਾਰਲੇ ਪਾੜੇ ਨੂੰ ਪੂਰਨ ਦੀ ਗੱਲ ਤਾਂ ਹੁਣ ਰਾਸ਼ਟਰ ਮੁਖੀਆਂ ਦੇ ਏਜੰਡੇ 'ਤੇ ਹੀ ਨਹੀਂ ਹੈ; ਲੇਕਿਨ ਇਹ ਖਾੜੀ ਹੋਰ ਚੁਣੇਰੀ ਨਾ ਹੋਵੇ, ਇਹ ਸਾਵਧਾਨੀ ਰੱਖਣਾ ਧਨ ਕੁਬੇਰਾਂ ਅਤੇ ਸੱਤਾਧਾਰੀਆਂ ਲਈ ਜ਼ਰੂਰੀ ਹੈ, ਕਿਉਂਕਿ ਇਹ ਅੱਗ ਬਹੁਤ ਕੁਝ ਹੜੱਪ ਜਾਵੇਗੀ। ਸੰਸਾਰ ਬੈਂਕ ਨੇ ਕਦੇ ਕਿਹਾ ਸੀ ਕਿ ਉਸ ਦਾ ਆਰਥਿਕ ਅਧਿਐਨ ਦੱਸਦਾ ਹੈ ਕਿ 2030 ਤਕ ਦੁਨੀਆਂ ਤੋਂ ਗ਼ਰੀਬੀ ਖ਼ਤਮ ਹੋ ਜਾਵੇਗੀ। ਹੁਣ ਸੰਸਾਰ ਬੈਂਕ ਖ਼ੁਦ ਹੀ ਖ਼ਤਮ ਹੋ ਰਿਹਾ ਹੈ। ਅਜਿਹਾ ਸੁਪਨਾ ਤਾਂ ਹੁਣ ਸ਼ੇਖ ਚਿੱਲੀ ਵੀ ਨਹੀਂ ਦੇਖਦੇ।

ਹੁਣ ਫਿਰ ਡਾਵੋਸ ਵਿਚ ਇਕੱਠ ਜੁੜਿਆ ਹੈ। ਪਿਛਲੀ ਵਾਰ ਇਥੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਜਲਵਾ ਸੀ। ਉਹ ਚੀਨ ਦਾ ਚਮਕੀਲਾ ਚਿਹਰਾ ਦੁਨੀਆਂ ਨੂੰ ਵੇਚ ਰਿਹਾ ਸੀ ਜਿਸ ਨੂੰ ਚੀਨ ਦੇ ਹੀ ਜ਼ਿਆਦਾਤਰ ਲੋਕ ਨਹੀਂ ਪਛਾਣਦੇ; ਲੇਕਿਨ ਚੀਨ ਦੇ ਰਾਸ਼ਟਰਪਤੀ ਦੇ ਪਿੱਛੇ ਆਭਾਮੰਡਲ ਸੀ ਕਿ ਉਹ ਦੁਨੀਆਂ ਦੇ ਸਭ ਤੋਂ ਵੱਡੇ ਬਰਾਮਦ ਕਰਤਾ ਮੁਲਕ ਦੇ ਮੁਖੀ ਸਨ। ਇਸ ਵਾਰ ਇਹੀ ਕੰਮ ਭਾਰਤ ਦੇ ਪ੍ਰਧਾਨ ਮੰਤਰੀ ਨੇ ਕੀਤਾ। ਉਸ ਦੇ ਨਾਲ ਮੁਲਕ ਦੇ ਕਾਰਪੋਰੇਟਾਂ ਦੀ ਵੱਡੀ ਮੰਡਲੀ ਗਈ, ਸਰਕਾਰੀ ਅੰਕੜਿਆਂ ਦੇ ਮਾਹਰ ਵੀ ਆਪਣਾ 'ਪਹਾੜ' ਲੈ ਕੇ ਉਥੇ ਗਏ। ਸਾਰੇ ਮਿਲ ਕੇ ਉਥੇ ਭਾਰਤ ਨੂੰ ਚਮਕਾਉਣ ਗਏ। ਇਹ ਚਮਕ ਸੱਚੀ ਹੁੰਦੀ ਤਾਂ ਕਿਸ ਭਾਰਤੀ ਨੂੰ ਖ਼ੁਸ਼ੀ ਜਾਂ ਮਾਣ ਨਾ ਹੁੰਦਾ? ਪਰ ਜੋ ਨਹੀਂ ਹੈ, ਉਹ ਜਦੋਂ ਚਮਕਾਇਆ ਜਾਂਦਾ ਹੈ ਤਾਂ ਧੂੰਆਂ ਜ਼ਿਆਦਾ ਉਠਦਾ ਹੈ ਅਤੇ ਹਨੇਰਾ ਫੈਲਦਾ ਹੈ। ਸਾਡੇ ਪ੍ਰਧਾਨ ਮੰਤਰੀ




ਦੇ ਨਾਲ ਹੀ ਇਹ ਸਚਾਈ ਵੀ ਉਥੇ ਜਾ ਪਹੁੰਚੀ ਕਿ ਉਨ੍ਹਾਂ ਦੇ ਨਾਲ ਜੋ ਕਾਰਪੋਰੇਟ ਡਾਵੋਸ ਪਹੁੰਚੇ, ਉਨ੍ਹਾਂ ਦੀ ਕਮਾਈ 2017 ਵਿਚ 20.9 ਲੱਖ ਕਰੋੜ ਰੁਪਏ ਵਧੀ ਹੈ। ਇਸ ਦਾ ਦੂਜਾ ਮਤਲਬ ਇਹ ਹੈ ਕਿ 2017-18 ਦਾ ਭਾਰਤ ਸਰਕਾਰ ਦਾ ਕੁਲ ਬਜਟ ਜਿੰਨਾ ਸੀ, ਉਸ ਦੇ ਬਰਾਬਰ ਦੀ ਕਮਾਈ ਇਨ੍ਹਾਂ ਕਾਰਪੋਰੇਟਾਂ ਨੇ ਸਿਰਫ਼ 2017 ਵਿਚ ਹੀ ਕਰ ਲਈ। ਅੱਜ ਦੀ ਤਾਰੀਕ ਵਿਚ ਭਾਰਤ ਵਿਚ 101 ਅਰਬਪਤੀ ਹਨ ਜਿਨ੍ਹਾਂ ਵਿਚੋਂ 17 ਅਰਬਪਤੀ 2017 ਵਿਚ ਹੀ ਪੈਦਾ ਹੋਏ ਹਨ।

ਸੰਸਾਰ ਦੇ ਅਰਥ ਸ਼ਾਸਤਰੀਆਂ ਦੀ ਜਮਾਤ ਵਿਚ ਇਕ ਸਨਮਾਨਿਤ ਨਾਂ ਥਾਮਸ ਪਿਕੇਟੀ ਦਾ ਹੈ। ਉਸ ਦਾ ਅਧਿਐਨ ਦੱਸਦਾ ਹੈ ਕਿ ਭਾਰਤ ਦੀ ਸਭ ਤੋਂ ਗ਼ਰੀਬ ਜਮਾਤ ਦੇ ਸਭ ਤੋਂ ਪਿਛਲੇ 50 ਫ਼ੀਸਦੀ ਲੋਕਾਂ ਦੀ ਆਮਦਨੀ ਵਿਚ ਪਿਛਲੇ ਸਾਲ ਵਿਚ ਸਿਫਰ ਫ਼ੀਸਦੀ ਦਾ ਇਜ਼ਾਫ਼ਾ ਹੋਇਆ ਹੈ, ਜਦਕਿ ਇਸੇ ਅਰਸੇ ਵਿਚ ਅਰਬਪਤੀਆਂ ਦੀ ਤਾਦਾਦ 13 ਫ਼ੀਸਦੀ ਵਧੀ ਹੈ।

ਸੰਸਾਰ ਆਰਥਿਕ ਮੰਚ ਦੀ ਤਾਜ਼ਾ ਰਿਪੋਰਟ ਨੇ ਸਾਡੀਆਂ ਕੁਝ ਹੋਰ ਤਸਵੀਰਾਂ ਪੇਸ਼ ਕੀਤੀਆਂ ਹਨ। ਅਸੀਂ ਦੁਨੀਆਂ ਦੇ ਵਿਕਾਸ ਸੂਚਕ-ਅੰਕ ਵਿਚ 62ਵੇਂ ਸਥਾਨ ਉਪਰ ਹਾਂ, ਭਾਵ ਚੀਨ (26) ਅਤੇ ਪਾਕਿਸਤਾਨ (47) ਤੋਂ ਪਿੱਛੇ। ਮੰਚ ਦੁਨੀਆਂ ਭਰ ਦੇ ਮੁਲਕਾਂ ਦਾ ਅਜਿਹਾ ਅਧਿਐਨ ਕਰ ਕੇ ਇਹ ਦੇਖਦਾ ਹੈ ਕਿ ਉਥੋਂ ਦੀ ਆਮ ਜਨਤਾ ਦੇ ਰਹਿਣ-ਸਹਿਣ ਦਾ ਪੱਧਰ ਕੀ ਹੈ। ਪੌਸ਼ਟਿਕ ਖ਼ੁਰਾਕ ਕਿਹੋ ਜਿਹੀ ਹੈ, ਵਾਤਾਵਰਣ ਦੀ ਸਾਂਭ-ਸੰਭਾਲ ਦੀ ਹਾਲਤ ਕੀ ਹੈ ਅਤੇ ਮੁਲਕ ਉਪਰ ਉਹ ਵਿਦੇਸ਼ੀ ਕਰਜ਼ਾ ਕਿੰਨਾ ਹੈ ਜਿਸ ਦਾ ਬੋਝ ਆਉਣ ਵਾਲੀਆਂ ਪੀੜ੍ਹੀਆਂ ਉਪਰ ਪਵੇਗਾ। ਇਹ ਅਧਿਐਨ ਦੱਸਦਾ ਹੈ ਕਿ ਆਰਥਿਕ ਰੂਪ ਵਿਚ ਕਿਹੜਾ ਮੁਲਕ ਕਿੰਨਾ ਤਾਕਤਵਰ ਹੈ। ਇਸ ਦਾ ਜਵਾਬ ਇਹ ਨਹੀਂ ਹੈ ਕਿ ਅਸੀਂ ਜਨ-ਧਨ ਯੋਜਨਾ ਵਿਚ ਕਿੰਨੇ ਬੈਂਕ ਖ਼ਾਤੇ ਖੋਲ੍ਹੇ, ਬਲਕਿ ਇਹ ਹੈ ਕਿ ਉਨ੍ਹਾਂ ਖਾਤਿਆਂ ਵਿਚ ਅੱਜ ਕੀ ਜਮ੍ਹਾਂ ਹੈ ਅਤੇ ਜੋ ਜਮ੍ਹਾਂ ਹੈ, ਉਹ ਕਿਥੋਂ ਆਇਆ ਹੈ। ਪੈਸਾ ਕਿਥੇ ਤੇ ਕਿਵੇਂ ਪੈਦਾ ਹੋ ਰਿਹਾ ਹੈ ਅਤੇ ਉਹ ਕਿਨ੍ਹਾਂ ਰਸਤਿਆਂ ਤੋਂ ਹੁੰਦਾ ਹੋਇਆ ਲੋਕਾਂ ਦੀਆਂ ਜੇਬਾਂ ਵਿਚ ਪਹੁੰਚ ਰਿਹਾ ਹੈ। ਇਸ ਰਸਤੇ ਨੂੰ ਜਾਣੇ ਬਿਨਾਂ ਨਾ ਵਿਕਾਸ ਦੇ ਅੰਕੜਿਆਂ ਦਾ ਕੋਈ ਮਤਲਬ ਹੁੰਦਾ ਹੈ, ਨਾ ਕਮਾਈ ਦੇ ਅੰਕੜਿਆਂ ਦਾ।

ਇਸ ਲਈ ਡਾਵੋਸ ਵਿਚ ਮੁਲਕ ਦਾ ਚਿਹਰਾ ਚਾਹੇ ਕਿੰਨਾ ਵੀ ਚਮਕਾਇਆ ਜਾਵੇ, ਉਸ ਚਿਹਰੇ ਦੇ ਪਿਛਲੀ ਇਹ ਸਚਾਈ ਲੁਕੋਈ ਨਹੀਂ ਜਾ ਸਕਦੀ ਕਿ ਮੁਲਕ ਦੇ ਅਵਾਮ ਦੀ ਜੇਬ ਲਗਾਤਾਰ ਖ਼ਾਲੀ ਹੋ ਰਹੀ ਹੈ। ਸਰਕਾਰੀ ਖ਼ਰਚੇ ਉਪਰ ਕੋਈ ਅਸਰਦਾਰ ਰੋਕ ਸੰਭਵ ਨਹੀਂ ਹੋ ਰਹੀ। ਬੈਂਕਿੰਗ ਪ੍ਰਣਾਲੀ ਦੀ ਅਰਾਜਕਤਾ ਕਾਬੂ ਹੇਠ ਨਹੀਂ ਆ ਰਹੀ। ਰੋਜ਼ਗਾਰਹੀਣ ਵਿਕਾਸ ਦੀ ਘੁਣ ਫੈਲ ਰਹੀ ਹੈ, ਖੇਤੀ-ਕਿਸਾਨੀ ਦਾ ਲੱਕ ਟੁੱਟ ਚੁੱਕਾ ਹੈ। ਸਨਅਤੀ ਪੈਦਾਵਾਰ ਵੀ ਡਿਗ ਰਹੀ ਹੈ ਅਤੇ ਖ਼ਪਤ ਵੀ। ਨੋਟਬੰਦੀ ਨਾਲ ਸਾਡੇ ਅਰਥਚਾਰੇ ਦੇ ਦਰਮਿਆਨੇ ਹਿੱਸੇ ਦਾ ਦਮ ਤਾਂ ਪਹਿਲਾਂ ਹੀ ਉਖੜ ਗਿਆ ਸੀ, ਜੀ.ਐਸ.ਟੀ. ਨੇ ਉਸ ਨੂੰ ਉਕਾ ਹੀ ਹਾਲੋਂ-ਬੇਹਾਲ ਕਰ ਦਿੱਤਾ ਹੈ। ਕਿਸੇ ਵੀ ਅਰਥਚਾਰੇ ਦੀ ਦਰਮਿਆਨੀ ਕੜੀ ਹੀ ਉਸ ਦਾ ਤਵਾਜ਼ਨ ਬਣਾ ਕੇ ਰੱਖਦੀ ਹੈ ਅਤੇ ਉਪਰ-ਥੱਲੇ ਦੇ ਥਪੇੜਿਆਂ ਤੋਂ ਬਚਾਉਂਦੀ ਹੈ। ਇਹ ਦਰਮਿਆਨੀ ਕੜੀ ਅੱਜ ਜਿਵੇਂ ਹਾਲੋਂ-ਬੇਹਾਲ ਹੈ, ਇਸ ਤਰ੍ਹਾਂ ਪਹਿਲਾਂ ਕਦੇ ਨਹੀਂ ਸੀ। ਜੀ.ਐਸ.ਟੀ. ਵਿਚ ਜਿੰਨੀ ਵਾਰ ਜਿੰਨੇ ਬਦਲਾਓ ਕੀਤੇ ਜਾ ਰਹੇ ਹਨ, ਉਹ ਹੋਰ ਕੁਝ ਦੱਸਦੇ ਹੋਣ ਜਾਂ ਨਾ, ਪਰ ਇਹ ਤਾਂ ਦੱਸ ਹੀ ਰਹੇ ਹਨ ਕਿ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਜਿੰਨਾ ਅਧਿਐਨ ਅਤੇ ਜਿੰਨੇ ਇੰਤਜ਼ਾਮ ਕਰਨੇ ਜ਼ਰੂਰੀ ਸਨ, ਉਹ ਕੀਤੇ ਹੀ ਨਹੀਂ ਗਏ। ਅੱਧ ਪੱਕਿਆ ਫ਼ਲ ਜਾਂ ਅੱਧ ਪੱਕੀ ਫ਼ਸਲ ਕਿਸੇ ਦੇ ਕੰਮ ਨਹੀਂ ਆਉਂਦੀ; ਹਾਂ, ਖੇਤ ਨੂੰ ਕਮਜ਼ੋਰ ਜ਼ਰੂਰ ਕਰ ਜਾਂਦੀ ਹੈ।

ਇਹ ਸਭ ਕਾਸੇ ਦਾ ਸੱਚ ਲਿਖਣਾ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਖ਼ੁਸ਼ੀ ਨਹੀਂ ਦੇ ਸਕਦਾ। ਬਹੁਤ ਦੁੱਖ ਹੈ, ਕਿਉਂਕਿ ਮਾਮਲਾ ਇਸ ਪ੍ਰਧਾਨ ਮੰਤਰੀ ਜਾਂ ਉਸ ਪ੍ਰਧਾਨ ਮੰਤਰੀ ਦਾ ਨਹੀਂ ਹੈ। ਇਸ ਜਾਂ ਉਸ ਸਰਕਾਰ ਦਾ ਵੀ ਨਹੀਂ ਹੈ। ਗੱਲ ਮੁਲਕ ਦੀ ਹੈ ਜੋ ਕਿਸੇ ਵੀ ਸਰਕਾਰ ਦੇ ਖ਼ਤਮ ਹੋ ਜਾਣ ਤੋਂ ਪਿਛੋਂ ਵੀ ਰਹੇਗਾ, ਕਿਸੇ ਵੀ ਪ੍ਰਧਾਨ ਮੰਤਰੀ ਤੋਂ ਬਾਅਦ ਵੀ ਚੱਲੇਗਾ। ਉਹ ਕਮਜ਼ੋਰ ਹੋਵੇ, ਜ਼ਖ਼ਮੀ ਹੋਵੇ, ਖੋਖਲਾ ਹੋਵੇ ਤਾਂ ਦੁੱਖ ਕਿੰਨਾ ਭਿਆਨਕ ਹੁੰਦਾ ਹੈ, ਇਹ ਮੈਂ ਵੀ ਜਾਣਦਾ ਹਾਂ ਅਤੇ ਤੁਸੀਂ ਵੀ।

# ਆਮ ਆਦਮੀ ਪਾਰਟੀ ਦਾ ਸਿਆਸੀ ਤਜਰਬਾ

ਦਿੱਲੀ ਵਿਚ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ ਹੈ। ਉਨ੍ਹਾਂ ਉਤੇ ਦੋਸ਼ ਸੀ ਕਿ ਉਨ੍ਹਾਂ ਨੇ ਵਿਧਾਇਕ ਹੋਣ ਦੇ ਨਾਲ ਨਾਲ ਸੰਸਦੀ ਸਕੱਤਰ ਵਜੋਂ ਲਾਭ ਦੇ ਅਹੁਦੇ ਦਾ ਇਸਤੇਮਾਲ ਕੀਤਾ। ਪਹਿਲੀ ਨਜ਼ਰ ਵਿਚ ਇਹ ਮਾਮਲਾ ਤਕਨੀਕੀ ਕਿਸਮ ਦਾ ਲਗਦਾ ਹੈ; ਕਿਉਂਕਿ ਜੇ

**ਅਭੈ ਕੁਮਾਰ ਦੂਬੇ**

ਦਿੱਲੀ ਦੀ ਅੱਧੀ-ਅਧੂਰੀ ਵਿਧਾਨ ਸਭਾ ਕੋਲ ਸ਼ਕਤੀ ਹੁੰਦੀ ਤਾਂ ਉਹ ਆਸਾਨੀ ਨਾਲ ਕਾਨੂੰਨ ਬਣਾ ਕੇ ਸੰਸਦੀ ਸਕੱਤਰ ਦੇ ਅਹੁਦੇ ਨੂੰ ਲਾਭ ਦੇ ਅਹੁਦੇ ਦੀ ਸੂਚੀ ਤੋਂ ਬਾਹਰ ਕਰ ਸਕਦੀ ਸੀ, ਪਰ ਕੋਸ਼ਿਸ਼ ਕਰਨ ਦੇ ਬਾਵਜੂਦ ਅਜਿਹਾ ਨਹੀਂ ਕਰ ਸਕੀ ਅਤੇ ਇਹ ਵਿਧਾਇਕ ਇਸ ਤਕਨੀਕੀ ਗ੍ਰਿਫ਼ਤ ਵਿਚ ਫਸ ਗਏ।

ਦੂਜੀ ਨਜ਼ਰ ਨਾਲ ਦੇਖਣ 'ਤੇ ਇਹ ਵੀ ਲਗਦਾ ਹੈ ਕਿ ਜਦੋਂ ਦਿੱਲੀ ਹਾਈ ਕੋਰਟ ਨੇ ਇਨ੍ਹਾਂ ਵਿਧਾਇਕਾਂ ਨੂੰ ਸੰਸਦੀ ਸਕੱਤਰ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਸੀ (ਕਿਉਂਕਿ ਉਨ੍ਹਾਂ ਦੀ ਨਿਯੁਕਤੀ ਲਈ ਉਪ ਰਾਜਪਾਲ ਦੀ ਮਨਜ਼ੂਰੀ ਨਹੀਂ ਲਈ ਗਈ) ਤਾਂ ਫਿਰ ਉਨ੍ਹਾਂ 'ਤੇ ਇਹ ਦੋਸ਼ ਕਿਵੇਂ ਲਗਾਇਆ ਜਾ ਸਕਦਾ ਹੈ ਕਿ ਉਹ ਉਸ ਅਹੁਦੇ 'ਤੇ ਕਾਬਜ਼ ਰਹੇ। ਤੀਸਰੀ ਨਜ਼ਰ ਇਸ ਸਵਾਲ ਵੱਲ ਧਿਆਨ ਦਿਵਾਉਂਦੀ ਹੈ ਕਿ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਦੇ ਬਾਵਜੂਦ ਜਦੋਂ ਚੋਣ ਕਮਿਸ਼ਨ ਨੇ ਇਸ ਮਾਮਲੇ 'ਤੇ ਸੁਣਵਾਈ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਤਾਂ ਫਿਰ ਕਮਿਸ਼ਨ ਵਲੋਂ ਜੂਨ 2017 ਤੋਂ ਬਾਅਦ ਕੋਈ ਸੁਣਵਾਈ ਕਿਉਂ ਨਹੀਂ ਕੀਤੀ ਅਤੇ ਬਿਨਾਂ ਕਿਸੇ ਸੁਣਵਾਈ ਇਹ ਸਿਫ਼ਾਰਸ਼ ਰਾਸ਼ਟਰਪਤੀ ਨੂੰ ਕਿਵੇਂ ਭੇਜ ਦਿੱਤੀ ਗਈ?

ਜ਼ਾਹਰ ਹੈ ਕਿ ਮੋਦੀ ਸਰਕਾਰ, ਦਿੱਲੀ ਸਰਕਾਰ ਦੇ ਪਿੱਛੇ ਪਈ ਹੋਈ ਹੈ ਅਤੇ ਇਹ ਮਾਮਲਾ ਇਸ ਦੀ ਤਾਜ਼ਾ ਉਦਾਹਰਣ ਹੈ, ਪਰ ਇਸ ਦਾ ਦੂਜਾ ਪਹਿਲੂ ਵੀ ਹੈ। ਇਹ ਮਾਮਲਾ ਆਮ ਆਦਮੀ ਪਾਰਟੀ ਦੇ ਸਿਆਸੀ ਤਜਰਬੇ ਦੀ ਵੱਡੀ ਨਾਕਾਮੀ ਵੀ ਸਪਸ਼ਟ ਕਰਦਾ ਹੈ। ਜਦੋਂ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ 67 ਸੀਟਾਂ ਜਿੱਤ ਕੇ ਇਤਿਹਾਸ ਰਚਿਆ ਸੀ ਤਾਂ ਅਸਾਧਾਰਨ ਖ਼ੁਸ਼ੀ ਦੇ ਉਸ ਮਾਹੌਲ ਵਿਚ ਛੁਪੀ ਵੱਡੀ ਸਮੱਸਿਆ ਉਨ੍ਹਾਂ ਦੀਆਂ ਅੱਖਾਂ ਵਿਚ ਨਜ਼ਰ ਆ ਰਹੀ ਸੀ। ਕਾਨੂੰਨੀ ਤੌਰ 'ਤੇ ਉਹ ਸਿਰਫ਼ 6 ਮੰਤਰੀ ਹੀ ਬਣਾ ਸਕਦੇ ਸਨ ਅਤੇ ਉਨ੍ਹਾਂ ਕੋਲ ਵਿਕਸਤ ਪਾਰਟੀ ਵੀ ਨਹੀਂ ਸੀ। ਦਰਅਸਲ ਉਸ ਸਮੇਂ ਤੱਕ ਅਤੇ ਅੱਜ ਵੀ ਆਮ ਆਦਮੀ ਪਾਰਟੀ ਸੋਇਮ ਸੇਵਕਾਂ ਦੇ ਜਥੇ ਦਾ ਹੀ ਇਕੱਠ ਹੈ। ਉਸ ਸਮੇਂ ਵੀ ਉਸ ਦਾ ਸੰਗਠਨ ਪਦਾਰਥਵਾਦ ਦਾ ਸ਼ਿਕਾਰ ਸੀ ਅਤੇ ਅੱਜ ਵੀ ਹੈ। ਉਨ੍ਹਾਂ ਹਾਲਾਤ ਵਿਚ ਪਾਰਟੀ ਦੀ ਸਮੱਸਿਆ ਇਹ ਸੀ ਕਿ ਉਹ ਆਪਣੇ ਵਿਧਾਇਕਾਂ ਅਤੇ ਹੋਰ ਨੇਤਾਵਾਂ ਨੂੰ ਕਾਰਗਰ ਅਤੇ ਉਪਯੋਗੀ ਰਾਜਨੀਤਕ ਕੰਮਕਾਜ ਵਿਚ ਕਿਸ ਤਰ੍ਹਾਂ ਲਗਾਵੇ? ਪਾਰਟੀ ਨੇ ਆਪਣੇ ਬੁਨਿਆਦੀ ਦਾਅਵਿਆਂ ਦੇ ਮੁਤਾਬਿਕ ਕੋਈ ਨਵਾਂ ਅਤੇ ਲੀਕ ਤੋਂ ਹਟ ਕੇ ਤਰੀਕਾ ਖੋਜਣ ਦੀ ਬਜਾਏ ਹੋਰਾਂ ਪਾਰਟੀਆਂ ਦੀਆਂ ਸਰਕਾਰਾਂ ਵਲੋਂ ਅਪਣਾਇਆ ਜਾਣ ਵਾਲਾ ਵਿਵਾਦ ਵਾਲਾ ਹੱਥਕੰਡਾ ਹੀ ਅਪਣਾਇਆ। ਉਸ ਨੇ 21 ਵਿਧਾਇਕਾਂ ਨੂੰ ਸੰਸਦੀ ਸਕੱਤਰ ਬਣਾ ਦਿੱਤਾ ਅਤੇ ਆਪਣੇ ਲਈ ਸਥਾਈ ਕਿਸਮ ਦੀ ਮੁਸੀਬਤ ਮੁੱਲ ਲੈ ਲਈ। ਇਹ ਫ਼ੈਸਲਾ ਉਸ ਰਾਜਨੀਤਕ ਨੈਤਿਕਤਾ ਦੀ ਕਸੌਟੀ 'ਤੇ ਖਰਾ ਨਹੀਂ ਉਤਰਦਾ ਸੀ, ਜਿਸ ਦੀ ਦਾਅਵੇਦਾਰੀ ਕਰਦਿਆਂ ਪਾਰਟੀ ਸੱਤਾ ਵਿਚ ਆਈ ਸੀ। ਸ਼ਾਇਦ ਇਕ ਸਾਲ ਬਾਅਦ ਉਹ ਅਜਿਹਾ ਫ਼ੈਸਲੇ ਕਰਨ ਵੇਲੇ ਸੌ ਵਾਰ ਸੋਚਦੀ।

ਦਿੱਲੀ ਸਰਕਾਰ ਨੂੰ ਅਜੇ ਤਿੰਨ ਸਾਲ ਵੀ ਪੂਰੇ ਨਹੀਂ ਹੋਏ, ਪਰ ਲਗਦਾ ਹੈ, ਜਿਵੇਂ ਉਸ ਨੇ 30 ਸਾਲ ਪੂਰੇ ਕਰ ਲਏ ਹੋਣ। ਇਸ ਛੋਟੇ ਜਿਹੇ ਕਾਰਜ ਕਾਲ ਵਿਚ ਉਸ ਨੇ ਪਤਾ ਨਹੀਂ ਕਿੰਨੀਆਂ ਚੋਣਾਂ ਲੜੀਆਂ, ਪਤਾ ਨਹੀਂ ਕਿੰਨੇ ਵਿਵਾਦਾਂ ਵਿਚੋਂ ਲੰਘੀ ਅਤੇ ਕਿੰਨੀਆਂ ਬਹਿਸਾਂ ਨੂੰ ਜਨਮ ਦਿੱਤਾ। ਇਕ ਤਰ੍ਹਾਂ ਨਾਲ ਮਹਾਂਨਗਰ ਆਧਾਰਿਤ ਇਹ ਛੋਟੀ ਜਿਹੀ ਪਾਰਟੀ ਅਤੇ ਉਸ ਨਾਲ ਜੁੜਿਆ ਰਾਜਨੀਤਕ ਤਜਰਬਾ ਸਾਡੇ ਲੋਕਤੰਤਰ ਦੀਆਂ ਖਾਮੀਆਂ ਅਤੇ ਖੂਬੀਆਂ ਦਾ ਸ਼ੀਸ਼ਾ ਬਣ ਚੁੱਕਾ ਹੈ। ਇਸ ਸ਼ੀਸ਼ੇ ਵਿਚ ਜਿਹੜੇ ਅਕਸ ਦਿਖਾਈ ਦੇ ਰਹੇ ਹਨ, ਉਸ ਤੋਂ ਕੁਝ ਅਹਿਮ ਸਵਾਲ ਉਪਜਦੇ ਹਨ। ਇਨ੍ਹਾਂ ਵਿਚ ਸਭ ਤੋਂ ਅਹਿਮ ਇਹ ਹੈ ਕਿ ਲੋਕਤੰਤਰ ਵਿਚ ਜਦੋਂ ਕੋਈ ਪਾਰਟੀ ਪਹਿਲਾ ਪੜਾਅ ਪਾਰ ਕਰ ਕੇ ਦੂਜੇ ਪੜਾਅ ਵਿਚ ਪਹੁੰਚਦੀ ਹੈ (ਚੋਣ ਜਿੱਤਣ ਤੋਂ ਬਾਅਦ ਸੱਤਾ ਮਿਲ ਜਾਂਦੀ ਹੈ) ਤਾਂ ਉਸ ਦੂਸਰੇ ਦੌਰ ਵਿਚ ਉਸ ਨੂੰ ਰਾਜ ਸੱਤਾ ਦਾ ਇਸਤੇਮਾਲ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ? ਧਿਆਨ ਰਹੇ ਕਿ ਇਹ ਸਵਾਲ ਸਿਰਫ਼ ਆਮ ਆਦਮੀ ਪਾਰਟੀ ਦੇ ਪ੍ਰਸੰਗ ਵਿਚ ਹੀ ਪਹਿਲੀ ਵਾਰ ਨਹੀਂ ਪੁੱਛਿਆ ਜਾ ਰਿਹਾ। ਜਦੋਂ 90 ਦੇ ਦਹਾਕੇ ਵਿਚ ਬਹੁਜਨ ਸਮਾਜ ਪਾਰਟੀ ਨੂੰ ਉਤਰ ਪ੍ਰਦੇਸ਼ ਵਿਚ ਪਹਿਲੀ ਵਾਰ ਸੱਤਾ ਮਿਲੀ ਸੀ, ਉਸ ਸਮੇਂ ਵੀ ਪੁੱਛਿਆ ਗਿਆ ਸੀ ਕਿ 'ਗੁਰੂ ਕਿੱਲੀ' (ਅੰਬੇਡਕਰ ਰਾਜ ਸੱਤਾ ਨੂੰ 'ਮਾਸਟਰ ਕੀ' ਕਹਿੰਦੇ ਸਨ ਜੋ ਪੰਜਾਬੀ ਬੋਲਣ ਵਾਲੇ ਕਾਂਸ਼ੀ ਰਾਮ ਦੀ ਭਾਸ਼ਾ ਵਿਚ ਗੁਰੂ ਕਿੱਲੀ ਸੀ) ਦਾ ਉਹ ਕੀ ਕਰਨਗੇ? ਉਨ੍ਹਾਂ ਦੇ ਪ੍ਰਤੀਨਿਧੀਆਂ ਦਾ ਆਚਰਣ ਉਨ੍ਹਾਂ ਸਰਕਾਰਾਂ ਤੋਂ ਕਿਸ ਤਰ੍ਹਾਂ ਵੱਖ ਹੋਵੇਗਾ, ਜਿਹੜੇ ਉਚ ਵਰਗਾਂ ਵਲੋਂ ਕੰਟਰੋਲ ਪਾਰਟੀਆਂ ਦਾ ਰਿਹਾ ਹੈ? ਅੱਜ ਅਸੀਂ ਜਾਣਦੇ ਹਾਂ ਕਿ ਬਹੁਜਨ ਸਮਾਜ ਪਾਰਟੀ ਰਾਜ ਸੱਤਾ ਦਾ ਦੂਸਰਿਆਂ ਤੋਂ ਵੱਖ ਇਸਤੇਮਾਲ ਕਰਨ ਵਿਚ ਅਸਫ਼ਲ ਰਹੀ ਹੈ। ਕੀ ਆਮ ਆਦਮੀ ਪਾਰਟੀ ਦਾ ਹਾਲ ਵੀ ਇਹੀ ਹੋਣ ਵਾਲਾ ਹੈ?

ਆਮ ਆਦਮੀ ਪਾਰਟੀ ਦੇ ਕੁਝ ਨਾਂਹ-ਪੱਖੀ ਪਹਿਲੂ ਖ਼ੁਦ ਉਸ ਦੀ ਆਪਣੀ ਦੇਣ ਹਨ। ਕੇਂਦਰ ਸਰਕਾਰ ਵਲੋਂ ਉਸ ਦੇ ਕੰਮਕਾਜ ਵਿਚ ਬਹੁਤ ਅੜਿੱਕੇ ਲਗਾਏ ਗਏ, ਪਰ ਇਹ ਸਮੱਸਿਆਵਾਂ ਉਸ ਦਾ ਨਤੀਜਾ ਨਹੀਂ ਹਨ। ਇਸੇ ਤਰ੍ਹਾਂ ਆਪਣੇ ਕੋਟੇ ਵਿਚ ਆਉਣ ਵਾਲੀਆਂ ਰਾਜ ਸਭਾ ਦੀਆਂ ਤਿੰਨ ਸੀਟਾਂ ਭਰਨ ਦੇ ਸਵਾਲ 'ਤੇ ਵੀ ਇਹ ਪਾਰਟੀ ਉਸ ਵਾਅਦੇ 'ਤੇ ਖਰੀ ਨਹੀਂ ਉਤਰ ਸਕੀ, ਜਿਹੜੇ ਉਸ ਨੇ ਇਸ ਲੋਕਤੰਤਰ ਨਾਲ ਕੀਤੇ ਸਨ। ਤਿੰਨ ਵਿਚੋਂ ਦੋ ਸੀਟਾਂ ਉਸ ਨੇ ਅਜਿਹੇ ਤੱਤਾਂ ਨੂੰ ਦੇ ਦਿੱਤੀਆਂ, ਜਿਨ੍ਹਾਂ ਦਾ ਉਸ ਰਾਜਨੀਤੀ ਨਾਲ ਦੂਰ ਦੂਰ ਤੱਕ ਕੋਈ ਰਿਸ਼ਤਾ ਨਹੀਂ ਹੈ, ਜਿਸ ਲਈ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੇ ਗਰਭ ਵਿਚੋਂ ਇਸ ਪਾਰਟੀ ਦਾ ਜਨਮ ਹੋਇਆ ਸੀ। ਪਹਿਲੀ ਨਜ਼ਰੇ ਇਹੀ ਲਗਦਾ ਹੈ ਕਿ ਉਸ ਦੇ ਇਹ ਦੋਵੇਂ ਰਾਜ ਸਭਾ ਮੈਂਬਰ ਉਨ੍ਹਾਂ ਅਣਕਹੇ ਉਦੇਸ਼ਾਂ ਨੂੰ ਪੂਰਾ ਕਰਨ ਦਾ ਕੰਮ ਕਰਨਗੇ, ਜਿਸ ਦਾ ਵਿਰੋਧ ਕਰਨ ਲਈ ਝਾੜੂ ਦਾ ਨਿਸ਼ਾਨ ਦਿੱਲੀ ਦੇ ਅਸਮਾਨ ਵਿਚ ਬੁਲੰਦ ਹੋਇਆ ਸੀ। ਪਾਰਟੀ ਦੇ ਇਸ ਦੂਜੇ ਨਾਂਹ ਪੱਖੀ ਪਹਿਲੂ ਵਿਚ ਵੀ ਭਾਜਪਾ ਜਾਂ ਮੋਦੀ ਸਰਕਾਰ ਦੇ ਦਬਾਅ ਦੀ ਕੋਈ ਭੂਮਿਕਾ ਨਹੀਂ ਹੈ। ਇਹ ਵੀ ਇਸ ਪਾਰਟੀ ਦੀ ਆਪਣੀ ਹੀ ਦੇਣ ਹੈ।

ਜੇ ਇਨ੍ਹਾਂ ਦੋ ਗੰਭੀਰ ਗ਼ਲਤੀਆਂ ਨੂੰ ਇਕ ਪਾਸੇ ਰੱਖ ਕੇ ਦੇਖਿਆ ਜਾਵੇ ਤਾਂ ਇਸ ਪਾਰਟੀ ਨੇ ਕੁਝ ਅਸਾਧਾਰਨ ਸਫ਼ਲਤਾਵਾਂ ਵੀ ਹਾਸਲ ਕੀਤੀਆਂ ਹਨ। 40 ਤਰ੍ਹਾਂ ਦੀਆਂ ਲੋਕ ਸੇਵਾਵਾਂ ਨੂੰ ਦਿੱਲੀ ਦੇ ਨਾਗਰਿਕਾਂ ਦੇ ਦਰਵਾਜ਼ੇ ਤੱਕ ਪਹੁੰਚਾਉਣ ਵਾਲੀ ਯੋਜਨਾ 'ਤੇ ਅਮਲ ਦੀ ਸ਼ੁਰੂਆਤ ਵਿਲੱਖਣ ਪ੍ਰਾਪਤੀ ਹੈ, ਜਿਸ ਦੀ ਭਾਰਤ ਵਿਚ ਮਿਸਾਲ ਨਹੀਂ ਮਿਲਦੀ। ਕਿਸੇ ਹੋਰ ਸੂਬੇ ਵਿਚ ਇਸ ਨੂੰ ਸੋਚਿਆ ਤੱਕ ਨਹੀਂ ਗਿਆ। ਸਿੱਖਿਆ ਅਤੇ ਸਿਹਤ ਦੇ ਮੋਰਚੇ 'ਤੇ ਇਸ ਸਰਕਾਰ ਵਲੋਂ ਕੀਤਾ ਗਿਆ ਕੰਮ ਵੀ ਉਸ ਦੇ ਆਲੋਚਕਾਂ ਤੱਕ ਤੋਂ ਪ੍ਰਸੰਸਾ ਹਾਸਲ ਕਰ ਚੁੱਕਿਆ ਹੈ। ਇਸ ਸਫ਼ਲਤਾ ਦੇ ਦੋ ਪਹਿਲੂ ਜ਼ਿਕਰਯੋਗ ਹਨ। ਪਹਿਲਾ ਇਹ ਫ਼ੈਸਲੇ ਕਰਨ ਅਤੇ ਇਨ੍ਹਾਂ ਕੰਮਾਂ ਦਾ ਅਧਿਕਾਰ ਪ੍ਰਾਪਤ ਕਰਨ ਲਈ ਇਸ ਸਰਕਾਰ ਨੂੰ ਉਪ ਰਾਜਪਾਲ ਅਤੇ ਕੇਂਦਰ ਸਰਕਾਰ ਨਾਲ ਕਾਫ਼ੀ ਲੋਹਾ ਲੈਣਾ ਪਿਆ। ਦੇਸ਼ ਦੇ ਹੋਰ ਸੂਬਿਆਂ ਵਿਚ ਸ਼ਾਸਨ ਦਾ ਸਭ ਤੋਂ ਜ਼ਿਆਦਾ ਅਣਗੌਲਿਆ ਜੇ ਕੋਈ ਖੇਤਰ ਹੈ, ਤਾਂ ਉਹ ਇਹੀ ਹੈ। ਭ੍ਰਿਸ਼ਟਾਚਾਰ ਅਤੇ ਨਕਾਰਾਪਣ ਦੀ ਬਹੁਤਾਤ ਅਤੇ ਦੂਰਗਾਮੀ ਸੋਚ ਦੀ ਕਮੀ ਵਿਚ ਹਰ ਥਾਂ ਸਿਹਤ, ਸਿੱਖਿਆ ਅਤੇ ਲੋਕ ਸੇਵਾਵਾਂ ਦਾ ਕਬਾੜਾ ਹੋ ਚੁੱਕਾ ਹੈ। ਜੇ ਦਿੱਲੀ ਸਰਕਾਰ ਇਸ ਦਿਸ਼ਾ ਵਿਚ ਕੋਈ ਮਿਸਾਲ ਕਾਇਮ ਕਰ ਸਕੀ ਤਾਂ ਉਹ ਸਮੁੱਚੇ ਦੇਸ਼ ਲਈ ਉਦਾਹਰਨ ਬਣ ਸਕੇਗੀ।

ਆਮ ਆਦਮੀ ਪਾਰਟੀ ਨੂੰ ਜਲਦੀ ਹੀ ਆਮ ਚੋਣਾਂ ਵਿਚ ਜਾਣਾ ਪਵੇਗਾ। ਉਸ ਦੀ ਰਾਜਨੀਤਕ ਸਾਖ਼ ਜੇ ਬਚੇਗੀ ਤਾਂ ਸ਼ਹਿਰੀ ਸ਼ਾਸਨ ਦੇ ਖੇਤਰ ਵਿਚ ਹਾਸਲ ਕੀਤੀਆਂ ਇਨ੍ਹਾਂ ਸਫ਼ਲਤਾਵਾਂ ਤੋਂ ਹੀ ਬਚੇਗੀ। ਕਾਸ਼ ਇਹ ਪਾਰਟੀ ਰਾਜਨੀਤੀਕਰਨ ਅਤੇ ਸੱਤਾ ਦਾ ਇਸਤੇਮਾਲ ਕਰਨ ਦੇ ਮਾਮਲੇ ਵਿਚ ਇਹ ਦੋ ਗੰਭੀਰ ਗ਼ਲਤੀਆਂ ਕਰ ਕੇ ਆਪਣਾ ਰਿਕਾਰਡ ਦਾਗ਼ਦਾਰ ਨਾ ਬਣਾਉਂਦੀ! ਜੇ ਉਹ ਬਚ ਸਕਦੀ ਤਾਂ ਰਾਜਨੀਤੀ ਵਿਚ ਅੱਜ ਦਾ ਅਕਸ ਚਮਕਾਂ ਮਾਰ ਰਿਹਾ ਹੁੰਦਾ।

# ਪਰਵਾਸੀਆਂ ਦੀ ਪੈਨਸ਼ਨ, ਪੈਲੀ ਤੋਂ ਪੈਂਦੇ ਪੁਆੜੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਵਿਚ ਪ੍ਰਿੰ. ਬਾਜਵਾ ਨੇ ਕੈਨੇਡਾ ਵਸਦੇ ਬਜ਼ੁਰਗਾਂ ਦੀ ਪੈਨਸ਼ਨ ਤੇ ਜਮੀਨ-ਜਾਇਦਾਦ ਨੂੰ ਲੈ ਕੇ ਪੈਂਦੇ ਪੁਆੜਿਆਂ ਦੀ ਗੱਲ ਛੋਹੀ ਹੈ ਅਤੇ ਸਿੱਟਾ ਕੱਢਿਆ ਹੈ ਕਿ ਬਾਲ ਬੱਚੇ ਆਪਣੇ ਥਾਂ ਹਨ ਪਰ ਆਪਣੇ ਮਾਣ-ਸਤਿਕਾਰ ਨੂੰ ਠੇਸ ਸਵੀਕਾਰ ਨਹੀਂ ਕਰਨੀ ਚਾਹੀਦੀ। -ਸੰਪਾਦਕ***

ਕਹਾਵਤ ਹੈ, 'ਧੀ ਜੰਮੀ, ਮਾਂ ਦਾਜ ਬਣਾਉਣ ਲੱਗੀ।' ਜਿਵੇਂ ਮਾਂ ਫਿਕਰਾਂ, ਸਰੋਕਾਰਾਂ ਵਿਚ ਘਿਰੀ ਮਹਿਸੂਸ ਕਰਦੀ ਹੈ, ਉਦਾਂ ਹੀ ਨਵਾਂ ਪੈਨਸ਼ਨੀ ਕੈਨੇਡੀਅਨ ਬਜ਼ੁਰਗ ਘਿਰਿਆ ਮਹਿਸੂਸ ਕਰਦੈ। 'ਜਿਸ ਤਨ ਲਾਗੇ ਸੋ ਤਨ ਜਾਣੇ, ਕੌਣ ਜਾਣੇ ਪੀੜ ਪਰਾਈ' ਵਾਂਗ ਜਿਹੜੇ ਅਜਿਹੇ ਸੰਕਟਾਂ 'ਚ ਘਿਰੇ ਹੁੰਦੇ ਹਨ, ਉਹੀ ਜਾਣਦੇ ਹਨ ਕਿ ਉਨ੍ਹਾਂ ਨਾਲ ਕੀ ਬੀਤੀ ਹੈ। 'ਰੱਬ ਦਾ ਨਾਂ, ਪਿਉ ਤੇ ਮਾਂ, ਤ੍ਰਿਵੈਣੀ ਦੀ ਛਾਂ ਵਿਹੜੇ 'ਚ ਲਾ, ਛਾਂਵੇਂ ਬਹਿ ਕੇ ਕੱਤਿਆ ਕਰੂੰ!' ਇਹਦੇ ਆਸਰੇ ਕੁੜੀਆਂ ਚਿੜੀਆਂ ਸੁਪਨੇ ਕੱਤਦੀਆਂ ਰਹਿੰਦੀਆਂ ਹਨ। ਨਿਤਾਣੇ ਬਜ਼ੁਰਗ, ਜਿਨ੍ਹਾਂ ਦਾ ਤਾਣ ਪੈਨਸ਼ਨ ਹੀ ਹੁੰਦੀ ਐ, ਜਦੋਂ ਉਹਦੇ ਤੋਂ ਪੁਆੜੇ ਪੈ ਜਾਣ ਤਾਂ ਪੈਨਸ਼ਨ ਦੀ ਛਾਂ ਸੂਲਾਂ ਦੀ ਸੇਜ ਬਣ ਜਾਂਦੀ ਹੈ। ਪੈਨਸ਼ਨ ਹੁੰਦੀ ਈ



**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

'ਗਿਣਵੀਆਂ ਹੱਡੀਆਂ ਮਿਣਵਾਂ ਸ਼ੋਰਬਾ।' ਜੇ ਇਸ ਮਾਮਲੇ ਦੇ ਰੰਗ ਦ੍ਰਿਸ਼ (ਸਪੈਕਟਰਮ) ਨੂੰ ਵਿਛਾ ਵੇਖੀਏ ਤਾਂ ਕਈ ਕਿਸਮ ਦੀਆਂ ਸਤਰੰਗੀ ਲਹਿਰਾਂ ਲਹਿਰਾਉਂਦੀਆਂ ਨਜ਼ਰੀਂ ਪੈਂਦੀਆਂ ਨੇ।

ਕੁਝ ਸਾਲ ਪਹਿਲਾਂ ਪੰਜਾਬੀ ਪ੍ਰੈਸ ਵਿਚ ਬਰੈਂਪਟਨੀ ਪੈਨਸ਼ਨਰ ਵਿਰਸਾ ਸਿੰਘ ਦੀ ਗਾਥਾ 'ਤੇ ਕੁਝ ਚਰਚੇ ਛਿੜੇ ਸਨ। ਪਰਿਵਾਰ ਵਲੋਂ ਬੰਦੀ ਬਣਾਏ ਗਏ ਬਜ਼ੁਰਗ ਵਿਰਸਾ ਸਿੰਘ ਦੀ ਦੁਰਦਸ਼ਾ ਭਰੀ ਗਾਥਾ ਪੜ੍ਹ ਕੇ ਮਨ ਬੜਾ ਦੁਖੀ ਹੋਇਆ। ਬਜ਼ੁਰਗਾਂ ਨੇ ਆਪਣੇ ਬੱਚਿਆਂ ਲਈ ਬਹੁਤ ਕੁਝ ਕੀਤਾ ਹੁੰਦੈ! ਉਨ੍ਹਾਂ ਦੀ ਪਾਲਣਾ ਤੋਂ ਲੈ ਕੇ ਜੀਵਨ ਵਿਚ ਵਧੀਆ ਸੈਟ ਕਰਨ ਤੱਕ ਦਿਨ ਰਾਤ ਇੱਕ ਕੀਤਾ ਹੁੰਦੈ। ਵਿਰਸਾ ਸਿੰਘ ਨੇ ਵੀ ਇਸੇ ਤਰ੍ਹਾਂ ਹੀ ਕੀਤਾ ਸੀ, ਜਿਸ ਕਰਕੇ ਉਹਨੇ ਆਪਣੇ ਪਰਿਵਾਰ ਨੂੰ ਪਿੱਤਰੀ ਰਿਣ ਦਾ ਕਰਜ਼ਦਾਰ ਬਣਾਇਆ ਹੋਇਆ ਸੀ। ਇਹਨੂੰ ਹੀ ਸਾਡੇ ਧਰਮ 'ਰਿਣ ਪਿੱਤਰਾਂ' ਦਾ ਕਹਿੰਦੇ ਹਨ। ਇਸ ਰਿਣ ਨੂੰ ਬਜ਼ੁਰਗਾਂ ਦਾ ਸਤਿਕਾਰ, ਸੇਵਾ ਅਤੇ ਸੰਭਾਲ ਕਰਕੇ ਉਤਾਰਿਆ ਜਾਂਦੈ। ਜਿਹੜੀ ਔਲਾਦ ਇਸ ਕਰਜ਼ਦਾਰੀ ਤੋਂ ਮੁਨਕਰ ਹੋ ਜਾਵੇ, ਉਹ ਕਪੁੱਤਰ ਗਰਦਾਨੇ ਜਾਂਦੇ ਹਨ। ਉਨ੍ਹਾਂ ਦਾ ਜੀਵਨ ਕਦਰ ਸਿਸਟਮ ਪਸ਼ੂ ਬਿਰਤੀ ਵਾਲਾ ਕਹਿਣਾ ਜੱਚਦੈ। ਉਨ੍ਹਾਂ ਲਈ ਰੱਜ ਕੇ ਪੱਠੇ ਖਾਣੇ, ਖੁੱਲ੍ਹੀਆਂ ਵੱਡੀਆਂ ਖੁਰਲੀਆਂ 'ਤੇ ਬੱਝਣਾ ਅਤੇ ਕੁੱਖਾਂ ਕੱਢ ਆਫਰੇ ਫਿਰਨਾ ਹੀ ਅਮੀਰੀ ਤੇ ਵਡਿਆਈ ਹੈ। ਇਸ ਹਉਮੈ ਵਿਚ ਬਜ਼ੁਰਗਾਂ ਦੀ ਪਛਾਣ ਉਨ੍ਹਾਂ ਨੂੰ ਮੂਲੋਂ ਹੀ ਵਿਸਰ ਜਾਂਦੀ ਹੈ। ਇਸ ਤਰ੍ਹਾਂ ਕਰਦਿਆਂ ਉਹ ਭੁੱਲ ਜਾਂਦੇ ਹਨ ਕਿ ਉਹ ਇਨਸਾਨ ਹਨ ਤੇ ਇਨਸਾਨਾਂ ਦੇ ਤੌਰ-ਤਰੀਕੇ ਮਾਨਵੀ ਕਦਰਾਂ-ਕੀਮਤਾਂ ਵਾਲੇ।

ਵਿਰਸਾ ਸਿੰਘ ਦਾ ਪਰਿਵਾਰ ਆਪਣੇ ਬਾਪ ਨਾਲ ਬੰਦੀਆਂ ਵਾਲਾ ਵਿਹਾਰ ਕਰਕੇ ਸਮਾਜ ਤੇ ਭਾਈਚਾਰੇ 'ਚ ਸਤਿਕਾਰ ਪ੍ਰਾਪਤ ਨਹੀਂ ਕਰ ਸਕੇਗਾ। ਅਜਿਹਿਆਂ ਨੂੰ ਭਾਈਚਾਰਾ ਵੀ ਮੂੰਹ ਨਾ ਲਾਵੇ। ਸਮਾਜਕ ਦਬਾਅ ਬੜਾ ਕੁਝ ਕਰ ਸਕਦੈ। ਦੂਜੇ ਪਾਸੇ ਇਸ ਤਰ੍ਹਾਂ ਦਾ ਵਰਤਾਓ ਕਰਕੇ ਇਹ ਪਰਿਵਾਰ ਆਪਣੇ ਲਈ ਵੀ ਕੋਈ ਚੰਗੀ ਪਿਰਤ ਨਹੀਂ ਪਾ ਰਿਹਾ। ਉਹ ਕਿੱਕਰ ਬੀਜ ਕੇ ਦਾਖਾਂ ਦੀ ਆਸ ਨਾ ਰੱਖੇ! ਸਾਡਾ ਵਿਹਾਰ ਹੀ ਸਾਡਾ ਕਰਮ ਹੁੰਦੈ। ਸਾਡੇ ਘਰੇਲੂ ਮਾਹੌਲ 'ਚੋਂ ਸਾਡੇ ਬੱਚੇ ਬੜਾ ਕੁਝ ਸਿੱਖਦੇ ਹਨ। ਇਹ ਸਿੱਖਿਆ, ਜੀਵਨ ਜਾਚ, ਤੌਰ-ਤਰੀਕੇ ਹੀ ਸਾਡੇ ਸੰਸਕਾਰ ਬਣਦੇ ਹਨ।

ਇਹ ਵਿਚਾਰ ਸਨ ਇਕ ਚਿੰਤਕ ਦੇ। ਹੁਣ ਮੈਂ ਸਿੱਧਾ ਸੰਬੋਧਤ ਹੁੰਦਾ ਹਾਂ, ਆਪਣੇ ਵੱਡੇ ਬਾਈ ਵਿਰਸਾ ਸਿੰਘ ਨੂੰ: "ਛੱਤੀ ਸੌ ਡਾਲਰ ਪੈਨਸ਼ਨ ਲੈਣ ਵਾਲਿਆ ਸ਼ੇਰਾ! ਤੂੰ ਕਿਹੜੀ ਗੱਲੋਂ ਏਨਾ ਨਿੱਘਰਿਆ ਬੈਠੈਂ! ਹੱਦ ਹੋ ਗਈ ਯਾਰਾ! ਬੰਦਾ ਏਨੇ ਸਾਲ ਕੈਨੇਡਾ ਵਿਚ ਰਿਹਾ ਹੋਵੇ, ਉਹ ਇਥੋਂ ਦੇ ਕਾਨੂੰਨ ਤੋਂ ਏਨਾ ਅਨਜਾਣ ਤੇ ਕੋਰਾ ਹੋਵੇ? ਬਾਈ ਮੇਰੀ ਤਾਂ ਸਮਝ ਵਿਚ ਨਹੀਂ ਪੈਂਦਾ! ਇਥੇ ਜੇ ਛੋਟੇ ਜਿਹੇ ਬਾਲ ਨੂੰ ਘੂਰ ਦੇਵੋ, ਉਹ ਝੱਟ 911 ਘੁਮਾ ਦਿੰਦਾ ਹੈ। ਤੇਰੇ 'ਤੇ ਇੰਨਾ ਜ਼ੁਲਮ ਤੇ ਜ਼ਬਰ ਹੁੰਦਾ ਰਿਹਾ, ਤੂੰ ਮੂਲੋਂ ਹੀ ਮਝੱਟ ਮਾਰੀ ਬੈਠਾ ਰਿਹਾ। ਕੁਝ ਹਿੰਮਤ ਕਰਦਾ। ਪੈਸੇ ਤੇਰੇ ਨਾਂ 'ਤੇ ਆਉਂਦੇ ਨੇ, ਕੋਈ ਹੋਰ 'ਮਾਈ ਦਾ ਲਾਲ' ਕਢਾ ਨਹੀਂ ਸਕਦਾ। ਜੇ ਫਿਰ ਵੀ ਕੋਈ ਕਢਾਉਂਦੈ, ਉਹ ਕਾਨੂੰਨ ਦੇ ਸ਼ਿਕੰਜੇ 'ਚ ਅਸਾਨੀ ਨਾਲ ਫਸੇਗਾ। ਜੇ ਤੂੰ ਆਪ ਹੀ ਸਿਰ ਸੁੱਟੀ ਬੈਠੈਂ ਤਾਂ ਭਾਈ ਦੋਸ਼ੀ ਤੂੰ ਆਪ ਈ ਏਂ, ਆਪਣੀ ਇਸ ਦੁਰਦਸ਼ਾ ਦਾ। ਹੋਰ ਕੋਈ ਨਈਓਂ! ਦੋਸ਼ ਦੂਜਿਆਂ ਨੂੰ ਤਾਂ ਦਈਏ ਜੇ ਤੈਨੂੰ ਅਸਲੋਂ ਹੀ ਅਲੱਗ-ਥਲੱਗ ਕਰਕੇ ਜੰਦਰੇ ਮਾਰ ਕੇ ਰੱਖਿਆ ਹੋਇਐ। ਤੂੰ ਕਿਉਂ ਲੁਕਦੈਂ? ਜੇ ਬਹੁੜੀ ਪਾਏਂਗਾ ਤਾਂ ਹੀ ਕੋਈ ਬਹੁੜੇਗਾ; ਤੇਰੀ ਧਿਰ ਬਣੇਗਾ ਤੇ ਰਾਹ ਨਿਕਲੇਗਾ। ਇਸ ਜ਼ਲਾਲਤ 'ਚੋਂ ਮੁਕਤੀ ਦਾ ਇਹ ਹੀ ਰਾਹ ਈ।

ਮੰਨ ਲਓ, ਏਦੂੰ ਭੈੜੀ ਹੀ ਹੋ ਜਾਏ ਤਾਂ ਲੋਕ ਤੈਨੂੰ ਘੱਟੋ ਘੱਟ ਆਪਣੇ ਹੱਕ ਲਈ ਲੜਨ ਵਾਲਾ ਯੋਧਾ ਕਿਹਾ ਕਰਨਗੇ। ਜੇ ਬਾਈ ਵਿਰਸਾ ਸਿਆਂ ਤੂੰ ਮੂਲੋਂ ਹੀ ਆਪਣੀ ਇਸ ਹੋਣੀ ਨਾਲ ਸਮਝੌਤਾ ਕਰੀ ਬੈਠੈਂ, ਤਾਂ ਭਾਈ ਤੇਰੀ ਮਰਜ਼ੀ! ਇਸ ਗੁਲਾਮ ਸਥਿਤੀ ਦਾ ਕਾਰਨ ਮੈਨੂੰ ਤੇਰੀ ਕਿਸੇ ਮਾਨਸਿਕ, ਸਰੀਰਕ ਜਾਂ ਕਿਸੇ ਸਮਾਜਕ ਕਮਜ਼ੋਰੀ ਦੀ ਹੀ ਝਲਕ ਪੈਂਦੀ ਐ। ਭਰਾਵਾ! 'ਜੇ ਪੱਲੇ ਹੋਏ ਸੱਚ ਤਾਂ ਕੋਠੇ ਚੜ੍ਹ ਕੇ ਨੱਚ।' ਦਲੇਰ ਬਣ। ਤੇਰੇ ਕੋਲ ਪੈਸਾ ਹੈ। ਵਧੀਆ ਜੀਵਨ ਗੁਜ਼ਾਰ ਸਕਦੈਂ। ਸ਼ੇਰ ਬਣ! ਸ਼ੇਰ! ਗੁਰਬਾਣੀ 'ਚ ਆਉਂਦੈ: ਜ਼ਬਰ ਕਰਨਾ ਵੀ ਪਾਪ ਹੈ ਤੇ ਸਹਿਣਾ ਵੀ ਪਾਪ।

ਇੱਕ ਤਬਸਰਾ ਹੋਇਆ, ਜਿਨ੍ਹਾਂ ਦੀਆਂ ਪੈਨਸ਼ਨ ਸ਼ਰਤਾਂ ਹਾਲੀ ਪੂਰੀਆਂ ਨਹੀਂ ਹੋਈਆਂ, ਉਹ ਐਵੇਂ ਝੂਰਦੇ, ਤਰਸਦੇ ਰਹਿੰਦੇ ਨੇ। ਪ੍ਰਤੀਕਰਮ ਦਿੱਤਾ: ਝੋਰੇ ਤੇ ਤਰਸੇਵੇਂ ਵਾਲੀ ਕੋਈ ਗੱਲ ਨਹੀਂ। ਇੱਕ ਰਸ਼ਕ ਵਰਗੀ ਉਮੀਦ ਜ਼ਰੂਰ ਕਰਦੇ ਹਾਂ ਕਿ ਕਦੀ ਅਸੀਂ ਵੀ ਪੈਨਸ਼ਨ ਦੇ ਹੱਕਦਾਰ ਬਣਾਂਗੇ। ਮਹਿਸੂਸ ਕਰਦੇ ਸੀ ਕਿ ਬੱਚਿਆਂ ਨੂੰ ਸਾਰੀ ਉਮਰ ਜੀਵਨ ਤਜਰਬਿਆਂ ਅਤੇ ਕਮਾਈਆਂ ਦਿੰਦੇ ਰਹੇ ਹਾਂ ਅਤੇ ਏਦਾਂ ਹੀ ਦਿੰਦੇ ਰਹਾਂਗੇ। ਅੱਜ-ਕੱਲ੍ਹ ਵੀ ਵਿੱਤੋਂ ਬਾਹਰੇ ਹੋ ਕੰਮ ਕਰਦੇ ਬਜ਼ੁਰਗ ਮਿਲਦੇ ਹਨ। ਵਾਰਤਾਲਾਪ 'ਚੋਂ ਅਨੁਭਵ ਹੁੰਦੈ ਕਿ ਉਨ੍ਹਾਂ ਦੀ ਆਪਣੀ ਕਮਾਈ ਉਨ੍ਹਾਂ ਨੂੰ ਓੜਕਾਂ ਦੀ ਸੰਤੁਸ਼ਟੀ, ਖੁਸ਼ੀ ਅਤੇ ਆਜ਼ਾਦੀ ਦਿੰਦੀ ਹੈ। ਅਸਲ ਵਿਚ ਕੰਮ ਹੀ ਜੀਵਨ ਹੈ। 'ਲੇਟਿਆ ਮੋਇਆ, ਬੈਠਾ ਗੋਹਾ, ਤੁਰਦਾ ਹੀਰਾ' ਪਰਖਿਆ ਸੱਚ ਹੈ।

ਮਿਹਨਤ ਕਰਦੇ ਬੱਚਿਆਂ 'ਤੇ ਕਿਸੇ ਕਿਸਮ ਦਾ ਬੋਝ ਨਹੀਂ ਬਣਦੇ। ਆਪਣੀ ਕਮਾਈ ਅਤੇ ਪੈਨਸ਼ਨ ਖਰਚਦਿਆਂ, ਹੰਢਾਉਂਦਿਆਂ, ਵੰਡਦਿਆਂ ਇੱਕ ਮਾਣ ਭਰਿਆ ਸਰੂਰ ਆ ਜਾਂਦੈ। ਪਰ ਹੁਣ ਪੈਨਸ਼ਨ ਮਿਲਣੀ ਸ਼ੁਰੂ ਹੋ ਗਈ ਹੈ। ਹੋਰ ਵੀ ਸੁਤੰਤਰੀ ਆਲਮ ਛਾਇਆ ਹੋਇਐ। ਜਦੋਂ ਚਿੱਤ ਕਰਦੈ ਪੰਜਾਬ, ਆਪਣੇ ਪਿੰਡ ਦੀ ਧਰਤੀ 'ਤੇ ਖੁੱਲ੍ਹੇ ਰਹਿ ਆਈਦੈ। ਬੁਢਾਪਾ ਅਨੰਦ ਪ੍ਰਸੰਨ ਖੁਸ਼ੀਆਂ ਭਰਿਆ ਗੁਜ਼ਰ ਰਿਹੈ। ਪਰ ਪੈਨਸ਼ਨ ਵੱਲ ਝਾਕਦਾ ਪਰਿਵਾਰ ਕਦੀ ਕਦੀ ਸੰਕਟ ਹੀ ਖੜ੍ਹਾ ਕਰੀ ਰੱਖਦੈ। ਕੰਨੀਂ ਪੈਂਦੀਆਂ ਸੁਣਾਉਤੀਆਂ ਦੁਖੀ ਕਰਦੀਆਂ ਨੇ। ਇਸ ਦੁਬਿਧਾ 'ਚ ਸ਼ੇਖ ਫਰੀਦ ਦਾ ਸ਼ਲੋਕ "ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥ ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥" ਜ਼ਿਹਨ 'ਚ ਗੇੜੇ ਦੇਣ ਲੱਗ ਪੈਂਦੈ। ਦੂਜੇ ਦੀ ਜੇਬ ਬਾਰੇ ਤਰਕ ਨਾਲ ਕੋਈ ਨਹੀਂ ਸੋਚਦਾ। ਹਰ ਇੱਕ ਨੂੰ 'ਕਸ਼ਮੀਰ' 'ਤੇ ਆਪਣਾ ਹੱਕ ਸਹੀ ਜਾਪਦੈ।

ਇਸ ਪਛਤਾਵੇ 'ਚ ਇੱਕ ਦਿਨ 'ਸ਼ੁਭ ਸਵੇਰ ਭਾਈਚਾਰੇ' ਦੇ ਬੇਲੀ ਪੈਨਸ਼ਨੀਆਂ ਨਾਲ ਇਸ ਮੁੱਦੇ ਨੂੰ ਛੇੜਨ ਦਾ ਫੁਰਨਾ ਫੁਰਿਆ। ਨਾਲ ਤੁਰਦੇ ਜਾਂ ਰਲ ਕੇ ਮਿਲੇ ਨੂੰ ਗੱਲੀਂ ਪਾਉਣਾ ਅਰੰਭ ਕਰ ਦਿੱਤਾ। ਹਰ ਇੱਕ ਦਾ ਇਹ ਨਿਜੀ ਮਾਮਲਾ ਸੀ। ਸਿੱਧਾ ਪੁੱਛਣਾ ਕੁਚੱਜਾ ਲੱਗਾ। ਆਪਣੇ ਲਈ ਸਲਾਹ ਦੇ ਤੌਰ 'ਤੇ ਗੱਲ ਛੇੜਨ ਦਾ ਗੁਰ ਵਰਤਿਆ: "ਭਰਾਵਾ ਕੀ ਕਰਾਂ! ਦਸ ਸਾਲ ਉਡੀਕ ਪਿੱਛੋਂ ਪੈਨਸ਼ਨ ਬੀਬੀ ਦੇਹਲੀ ਲੰਘੀ ਐ। ਹੁਣ ਸਾਰੇ ਹੀ ਖਿੱਚ ਧੂਹ ਕਰ ਰਹੇ ਨੇ, ਸਾਡਾ ਹੱਕ ਐ ਸਾਨੂੰ ਦੇਹ। ਦੱਸ ਬਾਈ ਕੀ ਕਰੀਏ? ਤੂੰ ਕਿਵੇਂ ਕਰਦੈਂ?" ਉਹਦੀਆਂ ਗੱਲਾਂ ਨੇ 'ਰੰਗ ਦ੍ਰਿਸ਼' ਕਮਾਲ ਦਾ ਚਿੱਤਰਿਆ। ਹੈਰਾਨੀ ਦੀਆਂ ਓੜਕਾਂ ਟੁੱਟ ਗਈਆਂ। ਮੈਪਲਾਂ ਦੇ ਨਿਆਰੇ ਰੰਗਾਂ ਵਾਂਗ ਹਰ ਇੱਕ ਦਾ ਤੌਰ-ਤਰੀਕਾ ਨਿਆਰਾ ਅਤੇ ਢੁਕਵਾਂ ਲੱਗਾ।

ਵਿਰਸਾ ਸਿੰਘ ਦਾ ਮਾਮਲਾ ਤਾਂ ਵੱਡੀ ਖੋਜ, ਛਾਣ-ਬੀਣ ਦਾ ਮਾਮਲਾ ਅਨਹੋਣਾ ਜਿਹਾ ਹੀ ਲੱਗਦੈ। ਅਜੋਕੀ ਜ਼ਿੰਦਗੀ 'ਚ ਨਾ ਹੀ ਵਾਪਰੇ ਤਾਂ ਬਿਹਤਰ ਹੈ। ਮੋਗੇ ਲਾਗਲਾ ਗਿੱਲ ਬਾਈ ਉਚਾ ਲੰਮਾ, ਸੁਡੌਲ ਜੁੱਸੇ ਵਾਲਾ ਚਟਕ ਜਿਹਾ ਬੰਦਾ ਬੜਾ ਛੋਹਲਾ ਤੁਰਦਾ। ਉਹਦੇ ਨਾਲ ਚਾਲ ਮਿਲਾ ਗੱਲ ਤੋਰੀ। ਕਹਿੰਦਾ, "ਲੈ ਸਲਾਹ ਕੀ ਦੇਣੀ ਐ? ਪੈਨਸ਼ਨ ਸਾਡੀ, ਉਹ ਢੇਕੇ ਲੱਗਦੇ ਨੇ! ਅਸੀਂ ਇਥੇ 30 ਸਾਲ ਸਖਤ ਕੰਮ ਕੀਤਾ, ਡਾਲਰ ਕਮਾਏ, ਘਰ ਬਣਾਏ, ਉਹ ਕੀ ਲੱਗਦੇ ਐ? ਜ਼ਰਾ ਕੁ ਮੌਰਗੇਜ ਦੀ ਗੱਲ ਕੰਨੀਂ ਪਈ, ਬਾਣ ਛੱਡ ਦਿੱਤਾ, ਅਸੀਂ ਨਿਪਟ ਲਾਂਗੇ ਮੌਰਗੇਜ ਨਾਲ। ਚੁੱਕੋ ਬੋਰੀ ਬਿਸਤਰਾ ਆਪਣਾ, ਜਿੱਥੇ ਮਰਜ਼ੀ ਡੇਰੇ ਲਾਓ। ਗਰੌਸਰੀ ਦੀ ਗੱਲ ਸੁਣੀ, ਕਿਹਾ ਆਹ ਚੱਕੋ ਮਹੀਨੇ ਦੇ ਪੰਜ ਸੌ ਡਾਲਰ, ਪੈਨਸ਼ਨ ਵੱਲ ਕਦੀ ਨਾ ਝਾਕਿਓ। ਜਿੰਨਾ ਚਿਰ ਜਿਉਂਦੇ ਆਂ, ਸਭ ਸਾਡੈ-ਇਥੇ ਵੀ ਤੇ ਪਿੱਛੇ ਵੀ। ਸਾਡੇ ਪਿੱਛੋਂ ਜੋ ਮਰਜੀ ਕਰਿਓ...। ਬਾਈ ਇਹ ਸਿੱਧੇ ਕੀਤੇ ਹੀ ਸੂਤ ਨੇ, ਚਾਮ੍ਹਲੇ ਲੋਟ ਨਈਂ।"

ਉਹਦੀਆਂ ਗੱਲਾਂ ਨੇ ਇੱਕ ਗੂੜ੍ਹਾ ਲਾਲ ਰੰਗ ਬੰਨ੍ਹ ਦਿੱਤਾ। ਅਗਲੇ ਦਿਨ ਸਿਰਸੇ ਵੱਲ ਦਾ ਬਾਈ ਭਲਵਾਨ ਕੋਚ ਮਿਲ ਗਿਆ। ਸਿਰਸੇ ਲਾਗੇ ਤੀਹ ਕਿੱਲੇ ਪੈਲੀ। ਭਲਵਾਨੀ ਜੁੱਸਾ ਤੇ ਗੱਲ ਜ਼ਰਾ ਵੱਟ ਦੇ ਕੇ ਕਰਦਾ। ਪੈਨਸ਼ਨ ਦੀ ਗੱਲ ਤੋਰੀ ਤਾਂ ਕਹਿੰਦਾ, "ਹੈਂ ਇਹ ਸਾਲੇ ਲੱਗਦੇ ਆ ਪੈਨਸ਼ਨ ਦੇ? ਸਾਡੀ ਐ ਤੇ ਸਾਡੀ ਹੀ ਰਹੇਗੀ। 'ਕੇਰਾਂ ਪਿੰਡ ਬੈਠਿਆਂ ਮੁੰਡਾ ਕਹਿੰਦਾ, ਪੈਲੀ ਵੰਡ ਦੇਹ। ਕਿਹਾ, ਅਹੁ ਵੇਖ ਛੇ ਫੁੱਟਾ ਖੂੰਡਾ, ਦੀਂਹਦਾ ਈ? ਖਬਰਦਾਰ ਜੇ ਸਾਡੇ ਹੁੰਦਿਆਂ ਏਦਾਂ ਦੀ ਬਾਤ ਪਾਈ। ਕਰੋ, ਕਮਾਓ ਤੇ ਖਾਓ, ਅਸੀਂ ਤੁਹਾਡੇ 'ਤੇ ਬੋਝ ਨਹੀਂ ਕਦੀ ਬਣੇ, ਆਪਣਾ ਭਾਰ ਆਪ ਚੁੱਕੀ ਫਿਰਦੇ ਆਂ।"

ਇਨ੍ਹਾਂ ਦੋ ਸਲਾਹਾਂ ਨੇ ਹੀ ਗੱਲ ਸਿਰੇ ਲਾ ਦਿੱਤੀ। ਦੋ ਦਿਨ ਸੋਚੀ ਗਿਆ। ਕਦੀ ਆਪਣੇ ਵੱਲ ਅਤੇ ਕਦੀ ਇਨ੍ਹਾਂ ਬਾਈਆਂ ਦੀਆਂ ਗੱਲਾਂ ਵੱਲ। ਇਨ੍ਹਾਂ ਨੂੰ ਨਿਹਾਰਦਾ ਰਿਹਾ। ਅਸੀਂ ਜਿਹੜੇ ਸਿਧਾਂਤ, ਸ਼ਾਸਤਰ, ਸਾਖੀਆਂ ਦੀ ਪੰਡ ਚੁੱਕੀ ਫਿਰਦੇ ਹਾਂ, ਸਾਨੂੰ ਇਹੋ ਜਿਹੇ ਬਖੇੜੇ ਜ਼ਰੂਰ ਵੇਖਣੇ ਪੈਂਦੇ ਆ। ਇਨ੍ਹਾਂ ਬਾਈਆਂ ਨੇ ਇੱਕੋ ਝਟਕੇ ਨਾਲ ਗੱਲ ਮੁਕਾ ਦਿੱਤੀ। ਪਿੰਡਾਂ 'ਚ ਕੈਨੇਡੀਅਨ ਨੌਜਵਾਨਾਂ ਵੱਲੋਂ ਪਰਵਾਸੀ ਮਾਪਿਆਂ ਨਾਲ ਪਿੰਡ ਦੀ ਜਾਇਦਾਦ 'ਤੇ ਵਿੱਢੇ ਯੁੱਧ ਚੇਤੇ 'ਚ ਆਮ ਹੀ ਫਿਰਦੇ ਰਹਿੰਦੇ ਨੇ, ਜਿਸ ਕਰਕੇ 'ਜੱਟ ਤੇ ਫੱਟ ਬੱਧਾ ਹੀ ਠੀਕ ਰਹਿੰਦੈ' ਠੀਕ ਜਾਪਦੈ। 'ਬਾਪੂ ਦਾ ਠੋਕਵਾਂ ਜਵਾਬ' ਵੀ ਸੁਣਾ ਜਾਵਾਂ। ਇਹ ਛੋਟਾ ਜਿਹਾ ਵਾਕਿਆ ਵੀ ਰੇਖ 'ਚ ਮੇਖ ਲੱਗਿਐ। ਸਾਂਝਾ ਕਰਨੋਂ ਰਹਿ ਨਹੀਂ ਹੁੰਦਾ। ਘਟਨਾ ਦਾ ਸਿਰਲੇਖ ਸੀ, 'ਨਵੀਂ ਗੱਲ'।

"ਬਾਪੂ ਪੰਚਾਇਤ ਦਾ ਵੀ 'ਕੱਠ ਹੋ ਗਿਆ। ਹੁਣ ਕਰ ਦੇਹ ਸਾਨੂੰ ਅੱਡ।" ਬਚਨ ਸਿੰਘ ਦੇ ਵੱਡੇ ਮੁੰਡੇ ਨੇ ਰੁੱਖੇ ਜਿਹੇ ਲਹਿਜੇ 'ਚ ਕਿਹਾ।

"ਹਾਂ ਹਾਂ ਕਰ ਦੇਹ ਸਾਨੂੰ ਅੱਡ, ਹੁਣ 'ਕੱਠੇ ਨਹੀਂ ਸਾਡੇ ਕੋਲੋਂ ਰਿਹਾ ਜਾਣਾ।" ਛੋਟੇ ਨੇ ਵੀ ਉਵੇਂ ਹੀ ਕਹਿ ਦਿੱਤਾ।

"ਬਚਨ ਸਿਆਂ! ਇਹ ਕੋਈ ਨਵੀਂ ਗੱਲ ਤਾਂ ਹੈ ਨਹੀਂ। ਹੁਣ ਤੂੰ ਦੱਸ ਕਿ ਛੋਟੇ ਨਾਲ ਰਹਿਣਾ ਈ ਕਿ ਵੱਡੇ ਨਾਲ। ਫਿਰ ਬਾਕੀ ਜਾਇਦਾਦ ਵੰਡ ਦਈਏ।" ਸਰਪੰਚ ਨੇ ਬਚਨ ਸਿੰਘ ਦੇ ਮੋਢੇ 'ਤੇ ਹੱਥ ਧਰਦਿਆਂ ਕਿਹਾ।

"ਲੈ ਬਾਪੂ ਦਾ ਕੀ ਏ, ਛੇ ਮਹੀਨੇ ਮੇਰੇ ਕੋਲ ਰਹੂ ਤੇ ਛੇ ਮਹੀਨੇ ਛੋਟੇ ਕੋਲ।" ਵੱਡਾ ਬੋਲਿਆ।

"ਲਓ ਬਚਨ ਸਿੰਘ ਦਾ ਤਾਂ ਫੈਸਲਾ ਹੋ ਗਿਆ, ਹੁਣ ਕਰੀਏ ਵੰਡ।" ਸਰਪੰਚ ਨੇ ਕੁਰਸੀ 'ਤੇ ਜ਼ਰਾ ਸਿੱਧੇ ਹੋ ਕੇ ਬੈਠਦੇ ਨੇ ਕਿਹਾ।

***ਅਗਲੇ ਦਿਨ ਸਿਰਸੇ ਵੱਲ ਦਾ ਬਾਈ ਪਹਿਲਵਾਨ ਕੋਚ ਮਿਲ ਗਿਆ। ਸਿਰਸੇ ਲਾਗੇ ਤੀਹ ਕਿੱਲੇ ਪੈਲੀ। ਪਹਿਲਵਾਨੀ ਜੁੱਸਾ ਤੇ ਗੱਲ ਜ਼ਰਾ ਵੱਟ ਦੇ ਕੇ ਕਰਦਾ। ਪੈਨਸ਼ਨ ਦੀ ਗੱਲ ਤੋਰੀ ਤਾਂ ਕਹਿੰਦਾ, "ਹੈਂ ਇਹ ਸਾਲੇ ਲੱਗਦੇ ਆ ਪੈਨਸ਼ਨ ਦੇ? ਸਾਡੀ ਐ ਤੇ ਸਾਡੀ ਹੀ ਰਹੇਗੀ। 'ਕੇਰਾਂ ਪਿੰਡ ਬੈਠਿਆਂ ਮੁੰਡਾ ਕਹਿੰਦਾ, ਪੈਲੀ ਵੰਡ ਦੇਹ। ਕਿਹਾ, ਅਹੁ ਵੇਖ ਛੇ ਫੁੱਟਾ ਖੂੰਡਾ, ਦੀਂਹਦਾ ਈ? ਖਬਰਦਾਰ ਜੇ ਸਾਡੇ ਹੁੰਦਿਆਂ ਏਦਾਂ ਦੀ ਬਾਤ ਪਾਈ। ਕਰੋ, ਕਮਾਓ ਤੇ ਖਾਓ, ਅਸੀਂ ਤੁਹਾਡੇ 'ਤੇ ਬੋਝ ਨਹੀਂ ਕਦੀ ਬਣੇ, ਆਪਣਾ ਭਾਰ ਆਪ ਚੁੱਕੀ ਫਿਰਦੇ ਆਂ...।"***

## ਦੁੱਖ ਪਰਦੇਸਾਂ ਦੇ

ਬਚਨ ਸਿੰਘ, ਜੋ ਕਾਫੀ ਚਿਰ ਤੋਂ ਨੀਵੀਂ ਪਾਈ ਬੈਠਾ ਸਭ ਸੁਣ ਰਿਹਾ ਸੀ, ਅਚਾਨਕ ਉਠ ਖੜ੍ਹਾ ਹੋਇਆ ਤੇ ਜਬ੍ਹੇ ਨਾਲ ਬੋਲਿਆ, "ਕਾਹਦਾ ਫੈਸਲਾ ਹੋ ਗਿਆ? ਫੈਸਲਾ ਕਰਦਾਂ ਮੈਂ। ਇਨ੍ਹਾਂ ਮੁੰਡਿਆਂ ਨੂੰ ਘਰੋਂ ਕੱਢੋ ਬਾਹਰ। ਛੇ ਮਹੀਨੇ ਮੇਰੇ ਕੋਲ ਰਹਿਣ ਵਾਰੋ-ਵਾਰੀ ਅਤੇ ਛੇ ਮਹੀਨੇ ਕਰਨ ਕਿਤੇ ਬਾਹਰ ਇੰਤਜ਼ਾਮ। ਜਾਇਦਾਦ ਦਾ ਮਾਲਕ ਮੈਂ ਹਾਂ ਮੈਂ।" ਬਾਪੂ ਦਾ ਠੋਕਵਾਂ ਜਵਾਬ ਸੁਣ ਮੁੰਡਿਆਂ ਤੇ ਪੰਚਾਇਤ ਦੇ ਮੂੰਹ ਅੱਡੇ ਰਹਿ ਗਏ।

ਲਓ ਦੋਸਤੋ! ਇਹੋ ਜਿਹੇ ਕਿੱਸੇ ਨੇ, ਸਾਡੇ ਜੱਟ ਭਾਈਚਾਰੇ ਦੇ। ਬਾਕੀਆਂ ਦੇ ਵੀ ਹੋਣਗੇ।

ਸੈਰ ਕਰਦਿਆਂ ਦਿੱਲੀ ਤੋਂ ਦੋ ਹਿੰਦੂ ਵੀਰਾਂ ਨਾਲ ਵੀ ਗੱਲ ਤੋਰੀ। ਇੱਕ ਹੱਸ ਪਿਆ ਅਤੇ ਕਹਿੰਦਾ ਕੋਈ ਮਸਲਾ ਨਹੀਂ। ਜਿੰਨੀ ਲੋੜ ਹੁੰਦੀ ਹੈ, ਰੱਖ ਲਈਦੀ ਏ, ਬਾਕੀ ਲਓ ਬਈ ਤੁਹਾਡੀ, ਤੁਸੀਂ ਜਿਵੇਂ ਮਰਜੀ ਵਰਤੋ। ਉਹਦੇ ਨਾਲ ਦਾ, ਜੋ ਸਿਹਤ ਪੱਖੋਂ ਕਾਫੀ ਨਿਰਬਲ ਸੀ, ਕਦੀ ਕਦੀ ਉਹਦੀ ਪਤਨੀ ਵੀ ਨਾਲ ਹੁੰਦੀ ਸੀ, ਕਹਿੰਦਾ ਮੈਂ ਤਾਂ ਕਦੀ ਪੁੱਛਿਆ ਈ ਨਹੀਂ। ਸਾਡੀਆਂ ਲੋੜਾਂ ਪੂਰੀਆਂ ਕਰੀ ਜਾਂਦੇ ਹਨ, ਜੋ ਮਰਜੀ ਕਰਨ। 'ਕੇਰਾਂ ਇੱਕ ਬੀਬੀ ਨੂੰ ਪੰਜਾਬਣ ਸਮਝ ਗੱਲ ਛੇੜੀ। ਉਹ ਅਸਲ ਵਿਚ ਸ੍ਰੀਲੰਕਾ ਤੋਂ ਸੀ। ਅੰਗਰੇਜ਼ੀ 'ਚ ਪੁੱਛਿਆ। ਪਤਾ ਲੱਗਾ, ਉਹਦੇ ਮਾਤਾ-ਪਿਤਾ ਡਾਊਨ ਟਾਊਨ ਟੋਰਾਂਟੋ ਉਹਦੇ ਭਰਾ ਕੋਲ ਰਹਿੰਦੇ ਹਨ। ਉਹ ਹੀ ਉਨ੍ਹਾਂ ਨੂੰ ਸੰਭਾਲਦੈ। ਕੁਦਰਤੀ ਉਨ੍ਹਾਂ ਦੇ ਅਸਾਸਿਆਂ ਦਾ ਵੀ ਉਹ ਹੀ ਹੱਕਦਾਰ ਹੈ। ਸਾਡੇ ਕਈ ਪੰਜਾਬੀ ਮੁੰਡੇ ਤੇ ਬੀਬੀਆਂ ਕੁਝ ਬਹੁਤੇ ਹੀ ਬਖੇੜੇ ਖੜ੍ਹੇ ਕਰ ਲੈਂਦੇ ਹਨ। ਨਿਜ ਸੁਆਰਥ ਜਦੋਂ ਭਾਰੂ ਹੋ ਜਾਂਦੈ ਤਾਂ ਇਨ੍ਹਾਂ ਨੂੰ ਆਪਣੇ ਖਰਚ ਤੇ ਲੋੜਾਂ ਵੱਡੀਆਂ ਲੱਗਦੀਆਂ ਹਨ ਅਤੇ ਬਾਪੂ-ਬੇਬੇ ਦੀਆਂ ਲੋੜਾਂ, ਖਾਹਿਸ਼ਾਂ, ਚਾਹਤਾਂ ਤੇ ਸਮਾਜਿਕ ਮਨ-ਮਨੌਤਾਂ ਐਵੇਂ ਫਜ਼ੂਲ ਤੇ ਬੇਫਾਇਦਾ ਲੱਗਦੀਆਂ ਹਨ। ਉਨ੍ਹਾਂ ਦੇ ਖੁਸ਼ੀ-ਗਮੀ ਮੌਕੇ ਸ਼ਗਨ ਮੰਨਣ, ਲੈਣ-ਦੇਣ ਲਗਾਤਾਰ ਚੱਲਦੇ ਹਨ। ਆਪਣੀ ਜੇਬ 'ਚੋਂ ਦਿੱਤਿਆਂ ਦਾ ਮਾਣ ਹੀ ਅੱਡਰਾ ਜਿਹਾ ਮਹਿਸੂਸ ਹੁੰਦੈ। ਇੰਡੀਆ ਗਏ ਜਿੱਥੇ ਵੀ ਅਟੈਚੀ ਜਾ ਟਿਕਦੇ ਨੇ, ਉਥੇ ਇਨ੍ਹਾਂ ਅਟੈਚੀਆਂ ਦੇ ਮਾਣ-ਤਾਣ ਬੱਚਿਆਂ ਤੇ ਬੀਬੀਆਂ ਨੂੰ ਦਿੱਤੇ ਬਿਨਾ ਬੰਦਾ ਕਮੀਨਾ ਜਿਹਾ ਲੱਗਦੈ। ਜਿੰਨੀ ਦੇਰ ਬੰਦੇ ਦਾ ਸਾਹ ਚੱਲਦੈ, ਓਨੀ ਦੇਰ ਚਾਅ ਮਲ੍ਹਾਰ ਪਨਪਦੇ ਰਹਿੰਦੇ ਹਨ। ਉਨ੍ਹਾਂ ਦੀ ਸੰਤੁਸ਼ਟੀ ਸਿਹਤ ਹੀ ਨਹੀਂ ਸਗੋਂ ਉਮਰ ਵੀ ਵਧਾਉਂਦੀ ਹੈ।

ਬੁਨਿਆਦੀ ਤੌਰ 'ਤੇ ਜਦੋਂ ਅਸੀਂ ਪਛਾਣ ਤੇ ਸੋਚ ਦਾ ਸੰਤੁਲਨ ਵਿਗਾੜ ਲੈਂਦੇ ਹਾਂ ਤਾਂ ਗੱਡੀ ਔਜੜੇ ਪਈ ਹੀ ਰਹੇਗੀ। ਦਲੀਲ ਤੇ ਅਪੀਲ ਨਾਲ ਕਿਹੜਾ ਮਸਲਾ ਜੋ ਹੱਲ ਨਹੀਂ ਹੋ ਸਕਦਾ। ਜਿੱਥੇ ਰਹਿੰਦੇ ਹਾਂ, ਉਥੇ ਦਾ ਹੱਕ ਬਹੁਤਾ ਬਣਦੈ। ਜਿਹੜਾ ਧੀ-ਪੁੱਤ ਅਲੱਗ ਰਹਿੰਦਾ, ਉਹਦੀ ਵੀ ਮਮਤਾ ਪੂਰਨੀ ਬਣਦੀ ਹੈ। ਉਹਦਾ ਵੀ ਨੌਂਗਾ ਕੱਢਣ ਨਾਲ ਰਿਸ਼ਤੇ 'ਚੋਂ ਠੰਡੀਆਂ ਪੌਣਾਂ ਆਉਂਦੀਆਂ ਰਹਿੰਦੀ ਨੇ। ਨਿਆਇਕ ਸੋਚ ਹੁੰਦੀ ਬੜੀ ਸਰਲ ਤੇ ਸਿੱਧੀ। ਜਾਇਦਾਦੀ ਮਾਮਲੇ ਘਰ ਘਰ ਦੇ ਨੇ। ਫਿਰ ਵੀ ਵੀਰਨੋ! ਅਸਤ ਕਾਲ ਅਤੇ ਅਸਥੀਆਂ ਦੇ ਪੈਂਦੇ ਹਿੱਸਿਆਂ ਦੇ ਕਿੱਸੇ ਤੇ ਮਸਲੇ ਵੀ ਨਾ ਭੁੱਲੋ!

## ਲਤੀਫੇ

ਅਸੀਂ ਪੰਜਾਬ ਵਿਚ ਬਰਸਾਤ ਦੇ ਦਿਨਾਂ ਵਿਚ ਹਦਵਾਣਾ ਖਾਣਾ ਠੀਕ ਨਹੀਂ ਸਮਝਦੇ। ਇਕ ਵਿਅਕਤੀ ਦੇ ਘਰ ਪ੍ਰਾਹੁਣਾ ਆਇਆ ਤਾਂ ਉਸ ਅੱਗੇ ਕੱਟਿਆ ਹਦਵਾਣਾ ਰੱਖ ਕੇ ਬੋਲਿਆ, "ਲਓ ਜੀ, ਖਾਓ।"

ਪ੍ਰਾਹੁਣਾ ਪਲੇਟ ਉਸ ਵੱਲ ਨੂੰ ਕਰ ਕੇ ਬੋਲਿਆ, "ਲਓ ਜੀ, ਤੁਸੀਂ ਵੀ ਖਾਓ।"

ਅੱਗੋਂ ਉਹ ਬੋਲਿਆ, "ਮੈਂ ਮਰਨਾ ਬਰਸਾਤ ਮਹੀਨੇ ਹਦਵਾਣਾ ਖਾ ਕੇ।"

---

ਇੰਟਰਨੈਟ 'ਤੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਂਦੇ ਹਨ। ਇਕ ਬੰਦੇ ਨੇ ਇਕ ਇੰਟਰਨੈਟ ਸਰਚ ਇੰਜਣ 'ਤੇ ਜਾ ਕੇ ਲਿਖਿਆ, "ਹਾਓ ਟੂ ਟੈਕਲ ਵਾਈਫ?"

ਜਵਾਬ ਆਇਆ, "ਗੁਡ ਡੇ ਸਰ, ਈਵਨ ਵੀ ਆਰ ਸਰਚਿੰਗ।"

---

ਰਾਤ ਦੇ ਢਾਈ ਵਜੇ ਕਿਸੇ ਡਾਕਟਰ ਨੂੰ ਇਕ ਮਰੀਜ ਦਾ ਫੋਨ ਆਇਆ। ਉਨ੍ਹਾਂ ਦੀ ਗੱਲਬਾਤ ਇਸ ਤਰ੍ਹਾਂ ਹੋਈ,

ਮਰੀਜ: ਡਾਕਟਰ ਸਾਹਿਬ ਤੁਹਾਡੀ ਫੀਸ ਕਿੰਨੀ ਹੈ?

ਡਾਕਟਰ: ਮਰੀਜ ਦੇ ਘਰ ਆ ਕੇ ਦੇਖਣ ਦੇ ਪੰਜ ਸੌ ਰੁਪਏ ਅਤੇ ਮੇਰੇ ਕਲਿਨਿਕ 'ਤੇ ਪੰਜਾਹ ਰੁਪਏ।

ਮਰੀਜ: ਚੰਗਾ ਫਿਰ ਪਹੁੰਚੋ ਆਪਣੇ ਕਲਿਨਿਕ, ਮੈਂ ਉਥੇ ਹੀ ਆ ਰਿਹਾ ਹਾਂ।

---

ਕਿਸੇ ਕੇਸ ਵਿਚ ਇਕ ਪਰਲੇ ਦਰਜੇ ਦੀ ਜਨਾਨੀ ਬਤੌਰ ਗਵਾਹ ਪੇਸ਼ ਹੋਈ। ਇਕ ਵਕੀਲ ਉਸ ਨਾਲ ਜਿਰਹਾ ਕਰਨ ਲੱਗਾ ਤੇ ਪਹਿਲਾ ਸਵਾਲ ਕੀਤਾ, "ਕੀ ਤੂੰ ਮੈਨੂੰ ਜਾਣਦੀ ਏਂ?"

ਉਹ ਬੋਲੀ, "ਤੂੰ ਤਾਂ ਕੀ, ਮੈਂ ਤੇਰੇ ਪਿਓ ਕੰਜਰ ਰਾਮ ਲਾਲ ਨੂੰ ਵੀ ਜਾਣਦੀ ਹਾਂ। ਉਹ ਪੱਕਾ ਬਦਮਾਸ਼ ਸੀ।"

ਉਹ ਵਕੀਲ ਪਰੇ ਹੋ ਗਿਆ ਤਾਂ ਝੱਟ ਉਸ ਦਾ ਸਾਥੀ ਵਕੀਲ ਆਇਆ ਤੇ ਬੋਲਿਆ, "ਭਾਈ ਮੈਨੂੰ ਜਾਣਦੀ ਏਂ?"

ਉਹ ਬੋਲੀ, "ਤੂੰ ਸ਼ਾਮ ਲਾਲ ਕਾਣੇ ਦਾ ਪੁੱਤ ਏਂ, ਤੇਰਾ ਪਿਓ ਤੇਰੀ ਮਾਂ ਨੂੰ ਪਤਾ ਨਹੀਂ ਕਿੱਥੋਂ ਕੱਢ ਕੇ ਲਿਆਇਆ ਸੀ ਅਤੇ ਤੂੰ ਉਦੋਂ ਮਾਂ ਦੇ ਕੁੱਛੜ ਸੀ। ਸੋ ਪਤਾ ਨਹੀਂ ਤੂੰ ਕਿਸ ਪਿਓ ਦੀ ਔਲਾਦ ਏਂ।"

ਜੱਜ ਨੇ ਅਦਾਲਤ ਬਰਖਾਸਤ ਕਰਕੇ ਦੋਹਾਂ ਵਕੀਲਾਂ ਨੂੰ ਆਪਣੇ ਕਮਰੇ ਵਿਚ ਬੁਲਾਇਆ ਅਤੇ ਕਹਿਣ ਲੱਗਾ, "ਹੁਣ ਉਸ ਤੋਂ ਇਹ ਨਾ ਪੁੱਛ ਲਿਓ, ਤੂੰ ਜੱਜ ਸਾਹਿਬ ਨੂੰ ਜਾਣਦੀ ਏਂ?"

---

ਇਕ ਮੁੰਡਾ ਵਿਆਹ ਤੋਂ ਬਾਅਦ ਆਪਣੀ ਵਹੁਟੀ ਨੂੰ ਲੈਣ ਸਹੁਰੀਂ ਗਿਆ ਤਾਂ ਉਸ ਦੀ ਸੱਸ ਨੇ ਕਿਹਾ ਕਿ ਬਈ ਅਗਲੇ ਹਫਤੇ ਆਈਂ। ਉਹ ਅਗਲੇ ਹਫਤੇ ਗਿਆ ਤਾਂ ਵੀ ਇਹੋ ਜਵਾਬ ਮਿਲਿਆ। ਉਸ ਤੋਂ ਅਗਲੇ ਹਫਤੇ ਗਿਆ ਤਾਂ ਉਸ ਦੀ ਸੱਸ ਬੋਲੀ, "ਪੰਦਰਾਂ ਦਿਨਾਂ ਨੂੰ ਆਵੀਂ।"

ਤੰਗ ਆ ਕੇ ਮੁੰਡਾ ਬੋਲਿਆ, "ਚੰਗਾ ਫਿਰ ਮੈਂ ਪੰਦਰਾਂ ਦਿਨ ਇਥੇ ਹੀ ਰਹਾਂਗਾ।"

ਸੱਸ ਬੋਲੀ, "ਤੂੰ ਪੰਦਰਾਂ ਦਿਨ ਇਥੇ ਰਹਿੰਦਾ ਭਲਾ ਚੰਗਾ ਲੱਗੇਂਗਾ?"

ਮੁੰਡਾ ਬੋਲਿਆ, "ਤੁਹਾਡੀ ਕੁੜੀ ਸਾਡੇ ਘਰ ਛੇ ਮਹੀਨੇ ਰਹੇਗੀ ਤਾਂ ਉਹ ਚੰਗੀ ਲੱਗੂ?"

ਸੱਸ ਬੋਲੀ, "ਉਹ ਤਾਂ ਉਹਦੇ ਸਹੁਰਿਆਂ ਦਾ ਘਰ ਐ।"

"ਇਹ ਕਿਹੜਾ ਮੇਰੇ ਨਾਨਕਿਆਂ ਦਾ ਘਰ ਐ।" ਮੁੰਡਾ ਬੋਲਿਆ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*




## ਇਤਿਹਾਸ ਸੰਭਾਲਿਆ ਨਾ ਗਿਆ

# ਢਾਡੀ ਅਵਤਾਰ ਸਿੰਘ ਭੌਰਾ

ਕੁਝ ਲੋਕਾਂ ਲਈ ਸੂਰਜ ਬਾਅਦ ਵਿਚ ਚੜ੍ਹਦਾ ਹੈ, ਉਨ੍ਹਾਂ ਨੇ ਆਪਣੀ ਜ਼ਿੰਦਗੀ ਨਾਲ ਪੌੜੀ ਪਹਿਲਾਂ ਲਾ ਲਈ ਹੁੰਦੀ ਹੈ; ਕੁਝ ਲੋਕਾਂ ਨੂੰ ਸਮਾਜ ਤਾਂ ਪ੍ਰਵਾਨ ਕਰ ਚੁਕਾ ਹੁੰਦਾ ਹੈ ਪਰ ਉਹ ਫਿਰ ਵੀ ਸੰਘਰਸ਼ ਦੇ ਰਾਹਾਂ 'ਤੇ ਦੌੜ ਰਹੇ ਹੁੰਦੇ ਹਨ। ਕਈ ਵਾਰ ਏਦਾਂ ਵੀ ਹੁੰਦਾ ਹੈ ਕਿ ਤਸਵੀਰਾਂ ਫਿੱਕੀਆਂ ਹੁੰਦੀਆਂ ਹਨ ਪਰ ਰੰਗ ਗੂੜ੍ਹੇ ਹੋ ਜਾਂਦੇ ਹਨ। ਸੰਗੀਤ ਵਿਚ ਸਾਜ਼ਾਂ ਦਾ ਸ਼ੋਰ, ਆਵਾਜ਼ਾਂ ਦੀ ਖੱਪ ਕਿੰਨੀ ਵੀ ਕਿਉਂ ਨਾ ਪੈ ਰਹੀ ਹੋਵੇ, ਕਿਤੇ ਅੱਖਾਂ ਬੰਦ ਕਰਕੇ ਢੱਡ ਤੇ ਸਾਰੰਗੀ ਦੀ ਆਵਾਜ਼ ਪੌਣੀ 'ਚੋਂ ਪੁਣ ਹੋ ਕੇ ਨਿਕਲਦੀ ਸੁਣਿਓ, ਰੂਹ ਬਾਹਾਂ ਖੜੀਆਂ ਹੋਣ ਤੋਂ ਪਹਿਲਾਂ ਜ਼ਿੰਦਾਬਾਦ ਕਹਿਣ ਲੱਗ ਪਵੇਗੀ। ਜਿਨ੍ਹਾਂ ਨੇ ਢਾਡੀ ਅਵਤਾਰ ਸਿੰਘ ਨੂੰ ਰਾਤ ਦੀ ਚੁੱਪ ਵਿਚ ਉਠਦੀਆਂ ਸਮੁੰਦਰ ਦੀਆਂ ਲਹਿਰਾਂ ਵਰਗੀ ਆਵਾਜ਼ ਵਿਚ ਸੁਣਿਆ ਹੈ, ਉਹ ਜਾਣਦੇ ਹਨ ਕਿ ਮਾਂਵਾਂ ਏਦਾਂ ਦੇ ਪੁੱਤ ਵੀ ਜਣਦੀਆਂ ਰਹੀਆਂ ਹਨ।

ਮੈਂ ਉਸੇ ਪਿੰਡ ਦੀ ਮਿੱਟੀ ਵਿਚ ਖੇਡਿਆ, ਪੜ੍ਹਿਆ, ਜੁਆਨ ਹੋਇਆ ਤੇ ਪਲਿਆ ਹਾਂ, ਜਿਥੇ ਅਵਤਾਰ ਸਿੰਘ ਨੇ ਜਨਮ ਲਿਆ। ਅੱਜ ਕੱਲ੍ਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦਾ ਹੈ, ਇਹ ਪਿੰਡ ਭੌਰਾ। ਜਦੋਂ ਨਿੱਕਾ ਜਿਹਾ ਸਾਂ ਤਾਂ ਸੱਥ ਵਿਚ ਬਜ਼ੁਰਗ ਕਿਹਾ ਕਰਦੇ ਸਨ, "ਅਵਤਾਰ ਸਿੰਘ ਨੇ ਚਮਕਾਇਆ ਪਿੰਡ ਦਾ ਨਾਂ।" ਬੀਬੀਆਂ ਨੇ ਕਹਿਣਾ, "ਪਿੰਡ ਦੀਆਂ ਕੰਧਾਂ ਵੀ ਰਾਗ ਗਾਉਂਦੀਆਂ ਨੇ ਗਿਆਨੀ ਅਵਤਾਰ ਸਿੰਘ ਦਾ।" ਕਿਤੇ ਰਿਸ਼ਤੇਦਾਰੀ, ਕੁੜਮ ਕਬੀਲੇ, ਵਿਆਹ-ਸ਼ਾਦੀ, ਜੰਮਣ-ਮਰਨ 'ਤੇ ਜਾਣਾ ਤਾਂ ਲੋਕ ਸਹਿਜ-ਸੁਭਾਅ ਪੁੱਛਿਆ ਕਰਦੇ ਸਨ, "ਅੱਛਾ! ਤੂੰ ਗਿਆਨੀ ਅਵਤਾਰ ਸਿੰਘ ਦੇ ਪਿੰਡੋਂ ਆਂ?"

ਪਿੰਡ ਵਿਚ ਬਾਹਰੋਂ ਆਏ ਕਿਸੇ ਬੰਦੇ ਨੇ ਉਹਦਾ ਘਰ ਪੁੱਛਣਾ ਤਾਂ ਜੁਆਬ ਦੇਖੋ, "ਜਿਸ ਘਰ 'ਤੇ ਤੱਕੜੀ ਆਲੀ ਖੱਟੀ ਝੰਡੀ ਦਿਖਦੀ ਹੋਊ, ਉਹ ਘਰ ਗਿਆਨੀ ਦਾ ਹੋਵੇਗਾ।" ਦਰਅਸਲ ਕਹਾਣੀ ਇਹ ਸੀ ਕਿ ਕਿਸੇ ਵਕਤ, ਦਿਲਬਾਗ ਸਿੰਘ ਨਵਾਂਸ਼ਹਿਰ ਦਾ ਪਿੰਡ ਹੋਣ ਕਰਕੇ ਹਰ ਘਰ ਨਹੀਂ ਪਿੰਡ ਦਾ ਸਾਰਾ ਜੀਅ-ਜੰਤ ਕਾਂਗਰਸੀ ਹੁੰਦਾ ਸੀ। ਹਾਲਾਂਕਿ ਦੋਵੇਂ ਗੂੜ੍ਹੇ ਮਿੱਤਰ ਸਨ ਤੇ ਕਿਤੇ ਸਰਦਾਰ ਨੇ ਕਹਿਣਾ, "ਰਲ ਜਾ ਸਾਡੇ ਵਿਚ" ਤਾਂ ਉਹਦਾ ਜਵਾਬ ਹੁੰਦਾ ਸੀ, "ਪਹਿਲਾਂ ਪੰਥ, ਫਿਰ ਦੋਸਤੀ।"

ਗੱਲ ਆਪਣੀ ਨਹੀਂ ਕਰ ਰਿਹਾ, ਇਕ ਵਾਰੀ ਦਾ ਇਤਫਾਕ ਦੱਸ ਰਿਹਾ ਹਾਂ। 'ਅਜੀਤ' ਵਿਚ ਭਾਜੀ ਬਰਜਿੰਦਰ ਸਿੰਘ ਹਮਦਰਦ ਨੂੰ ਮਿਲਣ ਗਿਆ ਤਾਂ ਦਫਤਰ ਵਿਚ ਸਾਹਮਣੇ ਵਾਲੀ ਕੁਰਸੀ 'ਤੇ ਦਿਲਬਾਗ ਸਿੰਘ ਹੋਰੀਂ ਬੈਠੇ ਸਨ, ਮੈਂ ਪੈਰੀਂ ਹੱਥ ਲਾਇਆ ਤਾਂ ਭਾਜੀ ਨੂੰ ਕਹਿਣ ਲੱਗੇ, "ਗਿਆਨੀ ਅਵਤਾਰ ਸਿੰਘ ਤੋਂ ਬਾਅਦ ਇਸ ਮੁੰਡੇ ਨੇ ਪਿੰਡ ਦੀਆਂ ਕਮਾਨਾਂ ਖਿੱਚੀਆਂ ਹਨ। ਇਹਦੇ ਸਿਰ 'ਤੇ ਦੋਵੇਂ ਹੱਥ ਰੱਖੋ।" ਮੇਰੇ ਲਈ ਢਾਡੀ ਅਵਤਾਰ ਸਿੰਘ ਭੌਰਾ ਦੀ ਉਹੀ ਥਾਂ ਹੈ, ਜੋ 'ਜੋੜਾ ਘਰ' ਵਿਚੋਂ ਹੋ ਕੇ ਮੱਥਾ ਟੇਕਣ ਤੋਂ ਪਹਿਲਾਂ ਆਮ ਬੰਦੇ ਅੰਦਰ ਸ਼ਰਧਾ ਨਾਲ ਭਰੀ ਹੁੰਦੀ ਹੈ। ਬੜੇ ਢਾਡੀ ਹੁਣ ਵੀ ਕਹਿਣਗੇ, "ਮੈਂ ਗਿਆਨੀ ਅਵਤਾਰ ਸਿੰਘ ਦਾ ਸ਼ਾਗਿਰਦ ਹਾਂ, ਮੈਂ ਉਹਦੇ ਨਾਲ ਐਨਾ ਚਿਰ ਕੰਮ ਕੀਤਾ ਹੈ।" ਸ਼ੌਂਕੀ ਤੋਂ ਬਾਅਦ ਜਿਸ ਜਥੇ ਵਿਚ ਕੰਮ ਕਰਨ ਲਈ ਰਾਜਸੀ ਪਾਰਟੀਆਂ ਤੋਂ ਟਿਕਟ ਲੈਣ ਵਾਂਗ ਕੋਈ ਤਰਲੋ ਮੱਛੀ ਹੁੰਦਾ ਸੀ, ਉਹ ਢਾਡੀ ਅਵਤਾਰ ਸਿੰਘ ਭੌਰਾ ਦਾ ਹੀ ਜਥਾ ਸੀ। ਗਾਇਕ ਨਛੱਤਰ ਗਿੱਲ ਦੇ ਪਿਤਾ ਗਿਆਨੀ ਹਰਦੀਪ ਸਿੰਘ ਅਕਾਲਗੜ੍ਹ ਨੇ ਸਭ ਤੋਂ ਵੱਧ ਸਾਰੰਗੀ ਅਮਰ ਸਿੰਘ ਸ਼ੌਂਕੀ ਤੇ ਅਵਤਾਰ ਸਿੰਘ ਨਾਲ ਹੀ ਵਜਾਈ ਹੈ।

ਬੰਗਿਆਂ ਤੋਂ ਛੇ ਕਿਲੋਮੀਟਰ, ਗੜਸ਼ੰਕਰ ਤੋਂ ਨੌਂ, ਮਾਹਿਲਪੁਰ ਤੋਂ ਬਾਈ ਅਤੇ ਨਵਾਂਸ਼ਹਿਰ ਤੋਂ ਤੇਰ੍ਹਾਂ ਕਿਲੋਮੀਟਰ ਦੂਰ ਵਸੇ ਪਿੰਡ ਭੌਰਾ ਵਿਚ ਗਿਆਨੀ ਅਵਤਾਰ ਸਿੰਘ ਨੇ ਪਿਤਾ ਪੂਰਨ ਸਿੰਘ ਦੇ ਘਰ ਜਨਮ ਲਿਆ। ਪਰਿਵਾਰ ਪੂਰੇ ਦਾ ਪੂਰਾ ਨਾ ਸਿਰਫ ਗੁਰਸਿੱਖ ਸੀ ਸਗੋਂ ਪੰਥਕ ਵੀ ਸੀ। ਇਸੇ ਮਾਹੌਲ ਨੇ ਉਹਨੂੰ ਮੁਕੰਮਲ ਤੇ ਸੰਪੂਰਨ ਢਾਡੀ ਬਣਾਇਆ। ਪੇਂਡੂ ਹੋਣ ਕਰਕੇ ਹੀ ਨਿਰਪੱਖ ਹੋ ਕੇ ਕਹਾਂਗਾ ਕਿ ਕਿਸੇ ਵਕਤ ਪੰਜਾਬ, ਬਾਹਰਲੇ ਸੂਬਿਆਂ, ਵਿਦੇਸ਼ਾਂ ਤੇ ਪੰਥਕ ਹਲਕਿਆਂ ਵਿਚ ਸੋਹਣ ਸਿੰਘ ਸੀਤਲ ਤੋਂ ਬਾਅਦ ਜੇ ਸਿੱਖ ਇਤਿਹਾਸ ਦੇ ਪੰਨੇ ਜੋਸ਼ੀਲੇ ਰੰਗ ਵਿਚ ਸੁਣਨ ਦੀ ਗੱਲ ਹੁੰਦੀ ਸੀ ਤਾਂ ਉਹ ਗਿਆਨੀ ਅਵਤਾਰ ਸਿੰਘ ਭੌਰਾ ਨਾਲ ਸ਼ੁਰੂ ਹੁੰਦੀ। ਇੱਕ ਮਿੱਟੀ ਦੀ ਸਾਂਝ, ਇੱਕ ਗਰਾਂ ਦੀ ਸਾਂਝੀ ਹਵਾ ਨੇ ਉਤਸ਼ਾਹ ਦੀਆਂ ਜੋ ਤੋਪਾਂ ਮੇਰੇ ਅੰਦਰ ਚਲਾਈਆਂ ਹਨ, ਉਨ੍ਹਾਂ ਲਈ ਮੈਂ ਸ਼ਗਨਾਂ ਦਾ ਧਾਗਾ ਆਪਣੇ ਬਾਪ ਸਮਾਨ ਗਿਆਨੀ ਅਵਤਾਰ ਸਿੰਘ ਦੇ ਗੁੱਟ 'ਤੇ ਹੀ ਬੰਨ੍ਹਦਾ ਹਾਂ।

ਓਦਾਸੀਨਤਾ ਵਾਲੀਆਂ ਦੋ ਗੱਲਾਂ ਜੋ ਮੈਂ ਢਾਡੀ ਇਤਿਹਾਸ ਦੀ ਗੱਲ ਕਰਦਿਆਂ ਅਵਤਾਰ ਸਿੰਘ ਦੇ ਖਾਤੇ ਵਿਚ ਪਾਉਂਦਾ ਹਾਂ, ਉਹ ਹਨ ਕਿ ਉਹਦੇ ਅੰਦਰ ਆਪਣੇ ਸ਼ਬਦਾਂ ਦੀ ਖੇਤੀ ਨਹੀਂ ਹੋ ਸਕੀ। ਮਤਲਬ ਕਿ ਵਾਰਾਂ ਉਹਨੂੰ ਦਿਲਬਰ ਦੀਆਂ ਜਾਂ ਸੀਤਲ ਦੀਆਂ ਜਾਂ ਫਿਰ ਸੋਹਣ ਸਿੰਘ ਘੂਕੇਵਾਲੀਏ ਦੀਆਂ ਅਤੇ ਕਿਤੇ ਕਿਤੇ ਪਾਲ ਸਿੰਘ ਪੰਛੀ ਦੀਆਂ ਗਾਉਣੀਆਂ ਪਈਆਂ, ਹਾਲਾਂਕਿ ਆਪਣੇ ਜੋਸ਼ੀਲੇ ਭਾਸ਼ਣ ਵਿਚ ਉਹ ਸਿੱਖ ਇਤਿਹਾਸ ਨੂੰ ਆਪਣੇ ਸ਼ਬਦਾਂ ਦੀ ਪਕੜ ਵਿਚ ਬੰਨ੍ਹ ਲੈਂਦਾ ਸੀ। ਦੂਜੀ ਗੱਲ, ਉਹਨੇ ਆਪਣੇ ਜਥੇ ਨਾਲ ਰਿਕਾਰਡ ਦੇ ਰੂਪ ਵਿਚ ਕੁਝ ਵੀ ਨਹੀਂ ਸੰਭਾਲਿਆ। ਜਦੋਂ ਅਸੀਂ ਉਹਨੂੰ ਇਧਰਲੇ ਪਾਸੇ ਮੋੜ ਰਹੇ ਸਾਂ ਤਾਂ ਹੋਣੀ ਇੱਕ ਸੜਕ ਦੁਰਘਟਨਾ ਵਿਚ ਪੂਰੀ ਤਾਂ ਨਹੀਂ, ਮੌਤ ਦੀ ਅੱਧੀ ਬੁਰਕੀ ਮੂੰਹ ਵਿਚ ਤੁੰਨ੍ਹ ਗਈ। ਵਰਨਾ ਅੱਜ ਦੇ ਤਕਨੀਕੀ ਤੇ ਵਿਗਿਆਨਕ ਯੁੱਗ ਵਿਚ ਬੜਾ ਕੁਝ ਪੰਜਾਬ ਦੇ ਨਵੇਂ ਢਾਡੀਆਂ ਨੂੰ ਇਹਦੇ ਵਿਚੋਂ ਲੱਭ ਜਾਇਆ ਕਰਨਾ ਸੀ।

ਆਮ ਟਕਸਾਲੀ ਭਾਸ਼ਾ ਵਿਚ ਆਪਾਂ ਇੱਥੋਂ ਗੱਲ ਸ਼ੁਰੂ ਕਰ ਲੈਂਦੇ ਹਾਂ ਕਿ ਸਕੂਲੀ ਜੀਵਨ ਵਿਚ ਉਹ ਕਲਾ ਦੇ 'ਟੇਸ਼ਣ ਤੋਂ ਰਾਗ' ਤੇ ਸੰਗੀਤ ਕਲਾ ਵਾਲੀ ਲਾਰੀ ਵਿਚ ਚੜ੍ਹ ਗਿਆ ਅਤੇ ਜ਼ਖਮੀ ਹੋਏ ਸਾਹਾਂ ਨੇ ਵੀ ਉਹਨੂੰ ਆਖਰੀ ਦਮ ਤੱਕ ਸੰਗੀਤ ਦੀਆਂ ਧੁਨਾਂ ਨਾਲ ਨਬਜ਼ਾਂ ਰਾਹੀਂ ਖਿੱਚਣ ਦੀ ਬੜੀ ਕੋਸ਼ਿਸ਼ ਕੀਤੀ। ਪਹਿਲਾਂ ਉਹਨੇ ਵੀ ਪ੍ਰਵੇਸ਼ ਦੁਆਰ ਸੁੱਜੋਂ ਵਾਲੇ ਹਰਬੰਸ ਸਿੰਘ ਤੇ ਜੀਂਦੋਵਾਲੀਏ ਅਜੀਤ ਸਿੰਘ ਨਾਲ ਕੀਰਤਨੀ ਜਥਾ ਬਣਾ ਕੇ ਖੋਲ੍ਹਿਆ ਸੀ ਪਰ ਪਿੱਛੋਂ ਛੇਤੀ ਹੀ ਤਖਤੇ ਫਿਰ ਢੱਡ-ਸਾਰੰਗੀ ਵਾਲੇ ਲੁਆ ਕੇ ਪੰਥ ਦੀ ਮਾਣ-ਮਰਿਆਦਾ ਵਾਲੀ ਕਲਾ ਦੀ ਪੁਸਤਕ ਪੱਤਰੀ ਅਰੰਭ ਕਰ ਲਈ।

ਘਰਦਿਆਂ ਅੰਕੜਿਆਂ ਮੁਤਾਬਕ ਪੱਕੀ ਤਾਰੀਖ ਤੇ ਸੰਨ ਤਾਂ ਚੇਤੇ ਨਹੀਂ ਪਰ ਫਿਰ ਵੀ 1930 ਦੇ ਕਰੀਬ ਉਹਦਾ ਜਨਮ ਹੋਇਆ ਹੋਵੇਗਾ। ਸੱਠਵਿਆਂ ਵਿਚ ਉਹਨੇ ਕੀਰਤਨੀ ਜਥਾ ਇੱਕ ਤਰ੍ਹਾਂ ਨਾਲ ਮੁਲਤਵੀ ਕਰਕੇ ਅਕਾਲਗੜ੍ਹ ਵਾਲੇ ਹਰਪਾਲ ਸਿੰਘ ਸੰਧੂ, ਹਰਦੀਪ ਸਿੰਘ ਸਾਰੰਗੀ ਮਾਸਟਰ ਤੇ ਸਰਬਣ ਸਿੰਘ ਰਟੈਂਡੇ ਵਾਲੇ ਨਾਲ ਮਿਲ ਕੇ ਢਾਡੀ ਜਥਾ ਬਣਾ ਲਿਆ। ਸ਼ੁਰੂ ਸ਼ੁਰੂ ਵਿਚ ਉਹਨੇ ਆਪ ਢੱਡ ਵਜਾਈ ਪਰ ਜਦ ਆਪਣੇ ਆਪ ਨੂੰ ਢਾਡੀ ਸੋਹਣ ਸਿੰਘ ਸੀਤਲ ਦੀ ਪੈੜ ਵਿਚ ਪੌਂਚਾ ਫਸਾ ਕੇ ਇਤਿਹਾਸ ਦੀ ਡੂੰਘੀ ਖੋਜ, ਸਿੱਖ ਪੰਥ ਦੇ ਮੁਕੰਮਲ ਵਰਕਿਆਂ ਦੇ ਅਧਿਐਨ ਉਪਰੰਤ ਇੱਕ ਬੁਲਾਰੇ ਜਾਂ ਸਿੱਖ ਵਕਤਾ ਵਜੋਂ ਸਥਾਪਤ ਕਰ ਲਿਆ ਤਾਂ ਢੱਡ ਵਜਾਉਣੀ ਛੱਡ ਕੇ ਆਪਣਾ ਢਾਡੀ ਜਥਾ ਬਣਾ ਕੇ, ਆਪਣੀ ਸੁਰੀਲੀ ਬੰਸਰੀ ਨੂੰ ਆਪਣੇ ਮਿੱਠੇ ਸਾਹਾਂ ਦੀ ਹਵਾ ਸੁਰ ਵਿਚ ਬਦਲ ਕੇ ਇਤਿਹਾਸ ਗਾਇਆ ਨਹੀਂ ਸਗੋਂ ਇੱਕ ਢਾਡੀ ਇਤਿਹਾਸ ਹੀ ਰਚ ਦਿੱਤਾ।

ਗਿਆਨੀ ਅਵਤਾਰ ਸਿੰਘ ਆਖਦਾ ਹੁੰਦਾ ਸੀ ਕਿ ਜਦੋਂ ਅਕਾਲੀ ਸੱਚੀਂ ਦੇ ਅਕਾਲੀ ਸਨ ਤਾਂ ਉਨ੍ਹਾਂ ਨੇ ਹਰ ਪੰਥਕ ਸਟੇਜ 'ਤੇ ਢਾਡੀ ਜਥਿਆਂ ਨੂੰ ਗਾਉਣ ਦਿੱਤਾ ਅਤੇ ਜਦੋਂ ਜਥੇਦਾਰ ਕਲਚਰ ਭਾਰੂ ਹੋਇਆ ਤਾਂ ਢਾਡੀ ਸੱਚਮੁੱਚ ਵਿਸਾਰ ਦਿੱਤੇ ਗਏ ਤੇ ਇਹ ਥਾਂ ਚਮਚਿਆਂ ਦੇ ਸੋਹਲੇ ਗਾਉਣ ਨਾਲ ਭਰੀ ਜਾਣ ਲੱਗ ਪਈ। ਅੱਜ ਠੀਕ ਹੈ ਜੋ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਯੰਤਰਾਂ ਕਰਕੇ ਢਾਡੀ ਜਥਿਆਂ ਦੀ ਪੁੱਛ ਪ੍ਰਤੀਤ, ਸਨਮਾਨ ਤੇ ਅਦਬ ਦੀ ਝੋਲੀ ਭਰੀ ਹੈ, ਪਰ ਕਦੇ ਪੰਥ ਹੀ ਇਨ੍ਹਾਂ ਦਾ ਮੁਕੰਮਲ ਵਾਰਿਸ ਹੋਇਆ ਕਰਦਾ ਸੀ।

ਬੜੀ ਦੇਰ ਤੱਕ ਤਖਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਢਾਡੀ ਕਲਾ ਨੂੰ ਅਮਰ ਰੱਖਣ ਦੀ ਨੀਅਤ ਨਾਲ ਢਾਡੀ ਜਥਿਆਂ ਦਾ ਮੁਕਾਬਲਾ ਇਸ ਜੋਸ਼ੀਲੇ ਸੰਗੀਤ ਨੂੰ ਜਿਉਂਦਿਆਂ ਰੱਖਣ ਲਈ ਕਰਵਾਇਆ ਜਾਂਦਾ ਰਿਹਾ ਹੈ। ਇਸ ਮੁਕਾਬਲੇ ਵਿਚ ਸਨਮਾਨ ਦੀ ਗੱਲ ਇੱਕ ਸੌ ਪੰਝੀ ਰੁਪਿਆਂ ਤੋਂ ਤੁਰੀ ਸੀ ਤੇ ਗੋਲਡ ਮੈਡਲਾਂ ਤੱਕ ਅੱਪੜੀ ਪਰ ਫਿਰ ਬਾਅਦ ਵਿਚ ਪਤਾ ਨਹੀਂ ਕਿਉਂ ਆਪਣੇ ਹੀ ਦੀਵੇ ਵਿਚੋਂ ਤੇਲ ਪਾ ਕੇ ਬੱਤੀ ਬਾਹਰ ਖਿੱਚ ਲਈ। ਸਾਲ 1979 ਵਿਚ ਢਾਡੀ ਅਵਤਾਰ ਸਿੰਘ ਭੌਰਾ ਨੇ ਆਪਣੇ ਜਥੇ ਨਾਲ ਇਸ ਮੁਕਾਬਲੇ ਵਿਚ ਹਿੱਸਾ



ਲਿਆ। ਨਾ ਸਿਰਫ ਗੋਲਡ ਮੈਡਲ ਦੀ ਗੱਲ ਬਣੀ ਸਗੋਂ ਸਮੁੱਚੇ ਪੰਥਕ ਹਲਕਿਆਂ ਵਿਚ ਉਹਦੇ ਜਥੇ ਨੂੰ ਏਨਾ ਸਨਮਾਨ ਮਿਲਿਆ ਕਿ ਇਕਵੰਜਾ ਰੁਪਿਆ ਦੇ ਬਾਲ 'ਜੋ ਉਪਰੋਂ ਬਣ ਜਾਵੇ' ਉਹਦੇ ਲਾਲਚ ਨੂੰ ਬੁਲਾਉਣ ਵਾਲੇ ਲੋਕਾਂ ਨੂੰ ਅਹਿਸਾਸ ਕਰਵਾਇਆ ਕਿ ਪੈਸੇ ਮੋਟੇ ਦੇ ਕੇ ਢਾਡੀਆਂ ਨੂੰ ਹੁਣ ਸੱਦਣਾ ਪਿਆ ਕਰੇਗਾ।

ਜਲੰਧਰ ਦਾ ਆਲ ਇੰਡੀਆ ਰੇਡੀਓ ਗਾਇਕਾਂ ਦਾ ਆਡੀਸ਼ਨ ਲੈ ਕੇ 'ਏ-ਬੀ' ਗਰੁਪਾਂ ਵਿਚ ਵੰਡ ਕੇ ਮੈਰਿਟ ਤਾਂ ਬਲਵੀਰ ਸਿੰਘ ਕਲਸੀ ਦੇ ਵੇਲੇ ਤੱਕ ਬਣਦੀ ਰਹੀ ਹੈ ਪਰ ਢਾਡੀਆਂ ਨੂੰ ਤਾਂ ਪਿੰਡੇ 'ਤੇ ਹੱਥ ਨਹੀਂ ਰੱਖਣ ਦਿੰਦਾ ਸੀ। ਪਰ ਅਵਤਾਰ ਸਿੰਘ ਇਸ ਸਟੇਸ਼ਨ ਤੋਂ ਗਾ ਗਿਆ ਸੀ, ਨਵੇਂ ਨਵੇਂ ਸ਼ੁਰੂ ਹੋਏ ਜਲੰਧਰ ਦੂਰਦਰਸ਼ਨ ਨੇ ਉਹਦੇ ਲੱਖ ਯਤਨਾਂ ਦੇ ਬਾਵਜੂਦ ਪਿੰਡੇ 'ਤੇ ਮੱਖੀ ਦੇ ਬੈਠਣ ਦੇ ਡਰੋਂ ਤੇਲ ਹੀ ਮਲੀ ਰੱਖਿਆ। ਜਿਨ੍ਹਾਂ ਨੇ ਉਹਨੂੰ ਸਟੇਜ 'ਤੇ ਸੁਣਿਆ, ਉਹ ਜਾਣਦੇ ਹਨ ਕਿ ਸਿੱਖਾਂ ਨੇ ਮੋਰਚੇ ਲਾ ਕੇ ਸ੍ਰੀ ਦਰਬਾਰ ਸਾਹਿਬ ਤੋਂ ਕਿਸੇ ਵੇਲੇ ਨਾ-ਮੁਮਕਿਨ ਲੱਗਦੀ ਗੱਲ ਨੂੰ ਦਿੱਲੀ ਸਰਕਾਰ ਤੋਂ ਸਵੇਰੇ-ਸ਼ਾਮ ਦੇ ਸਿੱਧੇ ਪ੍ਰਸਾਰਣ ਲਈ ਤਾਂ ਮਨਾ ਲਿਆ ਪਰ ਜੇ ਕਿਤੇ ਸਿੱਖ ਲੀਡਰ ਉਦੋਂ ਸਿੱਖ ਰੇਡੀਓ ਦੀ ਪਾਵਰਫੁੱਲ ਫਰੀਕੂਐਂਸੀ ਲੈ ਲੈਂਦੇ ਤਾਂ ਅੱਜ ਸਿੱਖਾਂ ਦਾ ਮਾਣ ਹੋਰ ਵੀ ਉਚਾ ਹੋਣਾ ਸੀ, ਪਰ ਅਸੀਂ ਪੁੱਤ ਮਰਵਾ ਕੇ ਵੀ ਕੁਝ ਨਾ ਹਾਸਲ ਕਰ ਸਕੇ।

ਸਾਲ 1984 ਵਿਚ ਖਾਲਸਾ ਦੀਵਾਨ ਸੁਸਾਇਟੀ, ਕੈਨੇਡਾ ਦੇ ਸੱਦੇ 'ਤੇ ਉਹਨੇ ਆਮ ਢਾਡੀਆਂ ਨਾਲੋਂ ਸਭ ਤੋਂ ਲੰਬਾ ਇੱਕ ਸਾਲ ਦਾ ਪੰਥਕ ਟੂਰ ਆਪਣੇ ਢਾਡੀ ਜਥੇ ਨੂੰ ਨਾਲ ਲੈ ਕੇ ਕੀਤਾ ਅਤੇ ਉਹਦੀ ਜ਼ਿੰਦਗੀ ਵਿਚ ਇਹ ਵਿਦੇਸ਼ੀ ਸੰਗੀਤਕ ਸਫਰ ਪਹਿਲਾ ਤੇ ਆਖਰੀ ਹੋ ਨਿਬੜਿਆ। ਰਾਜਨੀਤੀ ਵਿਚ ਢਾਡੀ ਅਵਤਾਰ ਸਿੰਘ ਭੌਰਾ ਦੀ ਬੜੀ ਡੂੰਘੀ ਦਿਲਚਸਪੀ ਰਹੀ ਹੈ। ਉਹ ਸ਼ੁਰੂ ਤੋਂ ਅਖੀਰ ਤੱਕ ਅਕਾਲੀ ਰਿਹਾ। ਹਾਲਾਤ ਭਾਵੇਂ ਲਗਾਤਾਰ ਕਾਂਗਰਸ ਦੇ ਹੱਕ ਵਿਚ ਸਨ ਪਰ ਉਹ ਦਿਲ ਖੋਲ੍ਹ ਕੇ ਕਹਿ ਦਿੰਦਾ ਸੀ, "ਬਾਕੀ ਟੱਬਰ ਦਾ ਮੈਂ ਦਾਅਵਾ ਨ੍ਹੀਂ ਕਰਦਾ ਪਰ ਜਦੋਂ ਤੱਕ ਸੁਆਸ ਹਨ, ਮੇਰੀ ਤੇ ਮੇਰੀ ਪਤਨੀ ਦੀ ਵੋਟ ਪੰਥ ਦੀ ਝੋਲੀ ਹੀ ਪੈਂਦੀ ਰਹੇਗੀ।"

ਪਿੰਡ ਦੇ ਲੋਕਾਂ ਨੇ ਜਦੋਂ ਉਹਨੂੰ ਢਾਡੀ ਦੀ ਹੈਸੀਅਤ ਵਿਚ ਨਹੀਂ, ਇੱਕ ਮਹਾਨ ਬੁਲਾਰੇ ਨਹੀਂ ਸਗੋਂ ਇੱਕ ਨੇਕ ਦਿਲ ਤੇ ਚੇਤੰਨ ਮਨੁੱਖ ਨੂੰ ਸਰਬ-ਸੰਮਤੀ ਨਾਲ ਸਰਪੰਚ ਚੁਣਿਆ ਤਾਂ ਸੱਚ ਮੰਨਿਓ ਕਾਂਗਰਸੀ ਸਰਕਾਰ ਤੋਂ ਇੱਕ ਅਕਾਲੀ ਸਰਪੰਚ ਨੇ ਆਪਣੇ ਪਿੰਡ ਵਿਚ ਏਨਾ ਕੰਮ ਕਰਵਾ ਲਿਆ, ਜਿੰਨਾ ਸ਼ਾਇਦ ਇੱਕ ਵਿਧਾਇਕ ਤੋਂ ਆਪਣੇ ਹਲਕੇ ਵਿਚ ਵੀ ਨਾ ਕਰਵਾ ਹੋਇਆ ਹੋਵੇ।

ਢਾਡੀ ਅਵਤਾਰ ਸਿੰਘ ਭੌਰਾ ਨੇ ਭਲੇ ਵੇਲਿਆਂ ਵਿਚ ਲੈਂਬਰੇਟਾ ਸਕੂਟਰ ਤਾਂ ਆਪਣੀ ਕਲਾ ਭਰਪੂਰ ਜ਼ਿੰਦਗੀ ਨੂੰ ਤੇਜ਼ੀ ਦੇਣ ਲਈ ਲਿਆ ਸੀ ਪਰ ਮਾੜੀ ਕਿਸਮਤ ਕਿ ਬਲਾਚੌਰ ਲਾਗੇ ਇੱਕ ਪ੍ਰੋਗਰਾਮ ਤੋਂ ਪਰਤਦਿਆਂ ਉਹ ਬੱਸ ਦੀ ਲਪੇਟ ਵਿਚ ਆ ਕੇ ਜ਼ਖਮੀ ਹੋਇਆ ਹੁੰਦਾ ਤਾਂ ਕੋਈ ਗੱਲ ਨਹੀਂ ਸੀ, ਉਹ ਅੱਧ ਮੋਇਆ ਹੋ ਗਿਆ। ਕਈ ਸਾਲ ਉਹਦੇ ਸਰੀਰ ਦੁਆਲੇ ਡਾਕਟਰਾਂ ਨੇ ਛੋਟੇ ਛੋਟੇ ਪਾਈਪਾਂ ਦਾ ਜਾਲ ਬੁਣੀ ਰੱਖਿਆ ਅਤੇ ਜਦੋਂ ਲਾਹੇ ਤਾਂ ਦਿਮਾਗੀ ਚੋਟ ਨੇ ਉਹਦਾ ਤਵਾਜ਼ਨ ਵਿਗਾੜ ਦਿੱਤਾ। ਫਿਰ ਬੜੀ ਦੇਰ ਉਹਨੇ ਨੀਮ ਪਾਗਲਾਂ ਵਾਲੀ ਸਥਿਤੀ ਵਿਚ ਆਪ ਘੱਟ, ਪਰਿਵਾਰ ਲਈ ਅਨੇਕਾਂ ਵੱਧ ਸਮੱਸਿਆਵਾਂ ਦਾ ਪਰਦਾ ਕਰੀ ਰੱਖਿਆ। ਪੰਦਰਾਂ ਜੂਨ 1990 ਨੂੰ ਜਦੋਂ ਉਹਦੀ ਮੌਤ ਦੇ ਕਾਗਜ਼ਾਂ 'ਤੇ ਹੋਣੀ ਨੇ ਮੁਕੰਮਲ ਸਹੀ ਪਾਈ ਤਾਂ ਪੂਰੇ ਪਿੰਡ ਨੂੰ ਨਹੀਂ, ਕੰਧਾਂ ਤੇ ਗਲੀਆਂ ਨੇ ਵੀ ਅੱਖ ਭਰ ਕੇ ਕਿਹਾ, ਸੋਗ ਇਵੇਂ ਵੀ ਪੈ ਜਾਂਦਾ ਹੈ।

ਦੋ ਪੁੱਤਰਾਂ ਤੇ ਛੇ ਧੀਆਂ ਵਾਲਾ ਉਹਦਾ ਪਰਿਵਾਰ ਹੈ, ਬਹੁਤ ਵੱਡਾ। ਪੁੱਤ ਵਿਦੇਸ਼ੀ ਚਲੇ ਗਏ, ਰਹਿਣ ਜਲੰਧਰ ਵੱਡੇ ਮਕਾਨ 'ਚ ਲੱਗ ਪਏ ਤੇ ਰੋਪੜੀ ਜਿੰਦਾ ਪਿੰਡ ਭੌਰੇ ਵਿਚਲੇ ਘਰ ਨੂੰ ਲਾ ਦਿੱਤਾ। ਉਹਦੀ ਪਤਨੀ ਮਣਸ ਕੌਰ ਦੀ ਮੌਤ ਮਨੀਲੇ ਜਾ ਕੇ ਪੁੱਤਰਾਂ ਕੋਲ ਹੋਈ।

ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਸਾਧੂ ਸਿੰਘ ਭੌਰਾ ਤੇ ਇੰਗਲੈਂਡ ਦੀ ਉਲੰਪਿਕ ਟੀਮ ਵਿਚ ਖੇਡਣ ਵਾਲੇ ਮੇਰੇ ਪਿੰਡ ਦੇ ਕੁਲਬੀਰ ਸਿੰਘ ਭੌਰਾ ਉਤੇ ਪੂਰਾ ਪਿੰਡ ਮਾਣ ਕਰਦਾ ਅਤੇ ਮੜ੍ਹਕ ਮੇਰੇ ਗਰਾਂ ਨੂੰ ਢਾਡੀ ਅਵਤਾਰ ਸਿੰਘ ਭੌਰਾ ਨੇ ਦਿੱਤੀ ਹੈ।

**ਗਿਆਨੀ ਅਵਤਾਰ ਸਿੰਘ ਦੇ ਮਨ ਦਾ ਬੋਝ:** ਉਨ੍ਹਾਂ ਦੀ ਜ਼ਿੰਦਗੀ ਦੀ ਇੱਕ ਘਟਨਾ ਜੋ ਆਮ ਤੌਰ 'ਤੇ ਉਹ ਦੱਸਿਆ ਕਰਦੇ ਸਨ ਕਿ ਜਦੋਂ 1947 ਵਿਚ ਦੇਸ਼ ਦੀ ਵੰਡ ਦਾ ਮੌਕਾ ਸੀ ਅਤੇ ਪਾਕਿਸਤਾਨ ਵਿਚ ਸਿੱਖਾਂ ਦੇ ਕਤਲ ਕਰਨ ਦੀਆਂ ਖਬਰਾਂ ਆ ਰਹੀਆਂ ਸਨ ਤਾਂ ਮੁਸਲਿਮ ਆਬਾਦੀ ਵੀ ਇਧਰੋਂ ਲਹਿੰਦੇ ਪੰਜਾਬ ਨੂੰ ਹਿਜਰਤ ਕਰ ਰਹੀ ਸੀ, ਉਸ ਵੇਲੇ ਗਿਆਨੀ ਅਵਤਾਰ ਸਿੰਘ ਭੌਰਾ ਚੜ੍ਹਦੀ ਜਵਾਨੀ ਦੇ ਸਿੱਖ ਜਥਿਆਂ ਦੇ ਜਥੇਦਾਰ ਸਨ। ਉਹ ਜਥਾ ਮੁਸਲਿਮ ਆਬਾਦੀ ਵਾਲੇ ਪਿੰਡ ਮਹਾਲੋਂ 'ਤੇ ਹਮਲਾ ਕਰਨ ਲਈ ਚਲੇ ਗਿਆ। ਜਦੋਂ ਉਸ ਪਿੰਡ ਵਿਚ ਪੁੱਜੇ ਤਾਂ ਪਿੰਡ ਦੀ ਮਸਜਿਦ ਵਿਚ ਕੁਝ ਮੁਸਲਿਮ ਭਰਾ ਇਕੱਠੇ ਹੋਏ ਬੈਠੇ ਸਨ। ਮੌਲਵੀ ਨਮਾਜ਼ ਪੜ੍ਹਨ ਲੱਗਾ। ਗਿਆਨੀ ਅਵਤਾਰ ਸਿੰਘ ਭੌਰਾ ਨੇ ਆਪਣੀ ਮਿਆਨ ਵਿਚੋਂ ਤਲਵਾਰ ਕੱਢੀ ਤੇ ਉਸ ਉਪਰ ਵਾਰ ਕਰਨ ਲੱਗੇ। ਮੌਲਵੀ ਨੇ ਹੱਥ ਜੋੜ ਕੇ ਕਿਹਾ ਸਰਦਾਰ ਜੀ ਮੈਨੂੰ ਪਤਾ ਹੈ ਕਿ ਤੁਸੀਂ ਮੈਨੂੰ ਮਾਰ ਤਾਂ ਦੇਣਾ ਹੀ ਹੈ ਪਰ ਆਖਰੀ ਵਾਰ ਮੈਨੂੰ ਨਮਾਜ਼ ਪੜ੍ਹ ਲੈਣ ਦਿਓ। ਪਰ ਗਿਆਨੀ ਅਵਤਾਰ ਸਿੰਘ ਦੇ ਦਿਮਾਗ 'ਤੇ ਧਰਮੀ ਜਨੂੰਨ ਸਵਾਰ ਸੀ। ਉਨ੍ਹਾਂ ਨੇ ਤਲਵਾਰ ਦੇ ਇੱਕੋ ਵਾਰ ਨਾਲ ਮੌਲਵੀ ਦਾ ਸਿਰ ਕਲਮ ਕਰ ਦਿੱਤਾ। ਉਸ ਘਟਨਾ ਬਾਰੇ ਗਿਆਨੀ ਅਵਤਾਰ ਸਿੰਘ ਹਮੇਸ਼ਾ ਕਿਹਾ ਕਰਦੇ ਸਨ ਕਿ ਮੇਰੇ ਮਨ 'ਤੇ ਬੜਾ ਬੋਝ ਹੈ ਅਤੇ ਮੇਰੀ ਮੌਤ ਵੀ ਬਹੁਤ ਬੁਰੀ ਹੀ ਹੋਵੇਗੀ। ਉਨ੍ਹਾਂ ਦਾ ਬਚਨ ਸੱਚ ਸਾਬਤ ਹੋਇਆ। ਕੈਨੇਡਾ ਦਾ ਟੂਰ ਕਰਕੇ ਵਾਪਿਸ ਜਾ ਕੇ ਸੜਕੀ ਦੁਰਘਟਨਾ ਦੌਰਾਨ ਉਹ ਦਿਮਾਗੀ ਤੌਰ 'ਤੇ ਯਾਦਦਾਸ਼ਤ ਗੁਆ ਬੈਠੇ ਅਤੇ ਲੰਮਾ ਸਮਾਂ ਮੰਜੇ 'ਤੇ ਰਿੜਕ ਹੋ ਕੇ ਪ੍ਰਾਣ ਤਿਆਗੇ।

**ਮੇਰੇ ਲਈ ਮਾਣ ਵਾਲੀ ਗੱਲ:** 1979 ਦੇ ਹੋਲੇ ਮਹੱਲੇ 'ਤੇ ਸ੍ਰੀ ਅਨੰਦਪੁਰ ਸਾਹਿਬ ਦੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦੀਵਾਨ ਵਿਚ ਢਾਡੀ ਦਰਬਾਰ ਵਿਚ ਜਦੋਂ ਮੈਂ ਸਟੇਜ ਸਕੱਤਰ ਦੀ ਹੈਸੀਅਤ ਨਾਲ ਉਨ੍ਹਾਂ ਦੇ ਜਥੇ ਨੂੰ ਟਾਈਮ ਦੇ ਕੇ ਇਤਿਹਾਸ ਸੁਣਾਉਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਦੇ ਅੰਦਾਜ਼ ਤੋਂ ਪ੍ਰਸੰਨ ਹੋ ਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਉਨ੍ਹਾਂ ਦੇ ਸਾਰੇ ਜਥੇ ਦੇ ਮੈਂਬਰਾਂ ਨੂੰ ਗੋਲਡ ਮੈਡਲਾਂ ਅਤੇ ਬੜੀ ਵੱਡੀ ਨਕਦ ਰਕਮ ਦੇ ਕੇ ਸਨਮਾਨਿਤ ਕੀਤਾ, ਜੋ ਮੇਰੇ ਲਈ ਮਾਣ ਵਾਲੀ ਗੱਲ ਹੈ।

---

## ਹੋ ਜਾਣਾ ਤੁਸੀਂ ਅਮੀਰ

ਹੁਣ ਤਾਂ ਤੁਸੀਂ ਪਕੌੜੇ ਵੇਚੋ
ਚਟਨੀ ਨਾਲ ਖਰੌੜੇ ਵੇਚੋ।
ਬੈਠਾ ਕਹੇ ਫਕੀਰ
ਹੋ ਜਾਣਾ ਤੁਸੀਂ ਅਮੀਰ।

ਕੜਾਹੀ ਦੇ ਵਿਚ ਤੇਲ ਚੜ੍ਹਾ ਕੇ
ਵੇਸਣ-ਬਰੈਡ ਦਾ ਮੇਲ ਕਰਾ ਕੇ।
ਭਰ ਦਿਓ ਵਿਚ ਪਨੀਰ
ਹੋ ਜਾਣਾ ਤੁਸੀਂ ਅਮੀਰ।

ਦੇ ਗਿਆ ਨੁਕਤਾ ਮੈਨੂੰ ਜੇਤਲੀ
ਚਾਹ ਦੀ ਨਾਲੇ ਭਰ ਲਿਓ ਕੇਤਲੀ।
ਖੜ੍ਹ ਖੜ੍ਹ ਤੱਕਣ ਰਾਹਗੀਰ
ਹੋ ਜਾਣਾ ਤੁਸੀਂ ਅਮੀਰ।

ਸਭ ਤੋਂ ਵਧੀਆ ਇਹ ਰੁਜ਼ਗਾਰ
ਜੀ. ਐਸ. ਟੀ. ਨਾ ਲਾਊ ਸਰਕਾਰ।
ਟੈਕਸ ਵੀ ਪੂਰਾ ਖੂਬ ਬਚਾਓ
ਅੱਛੇ ਦਿਨਾਂ ਦਾ ਨਾਅਰਾ ਲਾਓ।

ਪਕੌੜਿਆਂ ਦੇ ਵਿਚ ਭੰਗ ਮਿਲਾ ਕੇ
ਹਲਦੀ ਵਾਲਾ ਰੰਗ ਚੜ੍ਹਾ ਕੇ।
ਟਰੰਪ ਦੇ ਮੂੰਹ ਨੂੰ ਲਾ ਦੇਣਾ ਹੈ
ਦੇਸੀ ਬਰਾਂਡ ਬਣਾ ਦੇਣਾ ਹੈ।

ਭਗਵੀਂ ਤਲ ਲਿਓ ਨਾਲ ਜਲੇਬੀ
ਬਹਿ ਕੇ ਖਾਈਏ ਮੈਂ ਤੇ ਬੇਬੀ।
ਜੀ. ਡੀ. ਪੀ. ਫਿਰ ਵਧ ਜਾਣੀ ਹੈ
ਦੇਖਿਓ ਗਰੀਬੀ ਹਟ ਜਾਣੀ ਹੈ।

ਹਰ ਬੰਦੇ ਨੂੰ ਰੁਜ਼ਗਾਰ ਮਿਲੂ
ਨਵੀਂ ਥੱਲੇ ਫਿਰ ਕਾਰ ਮਿਲੂ।
'ਮਿੱਤਲ' ਵੋਟਾਂ ਪਾ ਦਿਓ ਮੈਨੂੰ
ਪ੍ਰਧਾਨ ਸੇਵਕ ਬਣਾ ਦਿਓ ਮੈਨੂੰ।

*-ਗੋਵਿੰਦਰ ਮਿੱਤਲ*
*ਫੋਨ: 91-94174-83131*

---

## ਕਰਨੀ ਸੈਨਾ

ਬਹੁਤੇ ਲੋਕੀਂ ਦੇਸ਼ ਮੇਰੇ ਦੇ
ਆਖਣ ਹਮ 'ਰਣ ਛੋੜ' ਚੱਲੇ।
ਕਈ ਆਖਦੇ ਬਾਪੂ, 'ਬਾਬੇ'
ਬਣ ਕੇ ਅੱਜ ਹਮ ਬੋਹੜ ਚੱਲੇ।
ਚੂਹੇ ਬਣਨ ਪਲੇਗ ਦੇ ਵਾਇਰਸ
ਲੋਕੋ ਥੋੜ੍ਹੀ ਹੋਸ਼ ਕਰੋ,
ਕਰਨੀ ਸੈਨਾ ਦੇ ਜਿਸਮਾਂ ਵਿਚ
ਚੂਹਿਆਂ ਕਾਰਨ ਕੋਹੜ੍ਹ ਚੱਲੇ।
ਗੇਰੂਆ ਨਹੀਂ ਮੁਆਫਕ ਸਾਨੂੰ
ਸਾਨੂੰ ਸਾਡਾ ਦੇਸ਼ ਦਿਓ,
ਨਹੀਂ ਤਾਂ ਰਲ ਕੇ ਨਾਗ ਸਪੇਰੇ
ਬੀਨਾਂ ਸਾਰੀਆਂ ਰੋੜ੍ਹ ਚੱਲੇ।
ਕੋਈ ਨਹੀਂ ਸਥਾਈ ਇੱਥੇ
ਨਾ ਕੋਈ ਯੁੱਗੋ ਯੁੱਗ ਅਟੱਲ,
ਕਈਆਂ ਆਉਣਾ, ਕਈਆਂ ਜਾਣਾ
ਬਹੁਤੇ ਕਫਨ ਓਹੜ ਚੱਲੇ।
'ਭੇਡਾਂ' ਦੇ ਵਾੜੇ ਵਿਚ ਯਾਰੋ
ਬਹੁਤ ਕਲੱਲਾ ਹੁੰਦਾ ਹੈ,
ਸਾਨੂੰ ਮਾਣ ਹੈ ਆਪਣੇ ਉਤੇ
ਕੁਝ ਇੱਕ 'ਭੇਡਾਂ' ਮੋੜ ਚੱਲੇ।

*-ਹਰਜਿੰਦਰ ਗੁੱਲਪੁਰ*
*ਫੋਨ: 91-98722-38981*

---

## ਗਜ਼ਲ

ਸਭ ਨੂੰ ਭਾਵੇ ਚਮੜੀ ਗੋਰੀ।
ਅੱਖ ਲੜਾਵਣ ਚੋਰੀ-ਚੋਰੀ।
ਮੱਖੀ ਮੱਛਰ ਅੰਦਰ ਆਉਂਦਾ,
ਬੰਦ ਕਰੋ ਦਰਵਾਜ਼ਾ ਮੋਰੀ।
ਬਚਪਨ ਦੀ ਮੈਂ ਗੱਲ ਸੁਣਾਵਾਂ,
ਸੁਣਦੇ ਸੀ ਨਾਨੀ ਤੋਂ ਲੋਰੀ।
ਸ਼ਾਹੀ ਖਾਣੇ ਲੋਕੀਂ ਖਾਂਦੇ,
ਕੌਣ ਬਣਾਵੇ ਘੀਆ ਤੋਰੀ।
ਬੁੱਢੇ ਵੇਲੇ ਬੋੜੇ ਹੋਏ,
ਕਿੱਦਾਂ ਚੂਪਾਂ ਗੰਨਾ ਪੋਰੀ।
ਹੁਣ ਤਾਂ ਪੜ੍ਹਦੇ ਬੈਂਚਾਂ ਉਤੇ,
ਸਾਨੂੰ ਤਾਂ ਮਿਲਦੀ ਸੀ ਬੋਰੀ।
ਨਾਤ੍ਹਾ-ਧੋਤ੍ਹਾ ਬੰਦਾ ਚੰਗਾ,
ਨਾਤ੍ਹੇ ਬਿਨ ਹੋ ਜਾਂਦਾ ਘੋਰੀ।

*-ਸੁਖਵਿੰਦਰ ਸਿੰਘ ਲੋਟੇ*

# ਬੱਚੇ ਤੇ ਮਾਪੇ ਕੀ ਕਰਨ ਸੁਰੱਖਿਆ ਲਈ

**ਇਨਸਾਨੀ ਹੂਕ**

ਪਿਛਲੇ ਲੇਖ ਵਿਚ ਜ਼ੈਨਬ ਦੇ ਦਰਦ ਵਿਚ ਦੁਖੀ ਹੁੰਦਿਆਂ ਇਨਸਾਫ ਲਈ ਗੁਹਾਰ ਲਾਈ ਸੀ। ਜ਼ੈਨਬ ਦਾ ਕਾਤਲ ਮਿਲ ਗਿਆ ਹੈ। ਉਹੀ ਗੱਲ ਹੋਈ ਜਿਸ ਦਾ ਖਦਸ਼ਾ ਆਮ ਤੌਰ 'ਤੇ ਪ੍ਰਗਟ ਕੀਤਾ ਜਾ ਰਿਹਾ ਸੀ ਜਾਂ ਜਿਸ ਤਰ੍ਹਾਂ ਆਮ ਵਾਪਰਦਾ ਹੈ; ਉਹ ਜ਼ੈਨਬ ਦੇ ਟੱਬਰ ਦਾ ਜਾਣੂ ਨਿਕਲਿਆ। ਖਬਰਾਂ ਅਨੁਸਾਰ ਜ਼ੈਨਬ ਨਾਲ ਸਰੀਰਕ ਜ਼ਬਰ ਕਰਕੇ ਉਸ ਦਾ ਕਤਲ ਕਰਨ ਵਾਲੇ ਹੈਵਾਨ ਦਾ ਨਾਂ ਮੁਹੰਮਦ ਇਮਰਾਨ ਅਲੀ ਹੈ ਜੋ ਉਸੇ ਮੁਹੱਲੇ ਵਿਚ ਜ਼ੈਨਬ ਦੇ ਘਰ ਤੋਂ ਸੌ ਕੁ ਗਜ ਦੇ ਫਾਸਲੇ 'ਤੇ ਰਹਿੰਦਾ ਸੀ।



ਡਾ. ਗੁਰਨਾਮ ਕੌਰ, ਕੈਨੇਡਾ

ਖਬਰਾਂ ਅਨੁਸਾਰ ਜ਼ੈਨਬ ਦੇ ਘਰ ਉਸ ਦਾ ਆਉਣ-ਜਾਣ ਸੀ ਤੇ ਜ਼ੈਨਬ ਉਸ ਤੋਂ ਚੰਗੀ ਤਰ੍ਹਾਂ ਵਾਕਫ ਸੀ। ਸ਼ਾਇਦ ਇਸੇ ਲਈ, ਉਸ ਵੱਲੋਂ ਦਿੱਤੇ ਉਸ ਦੇ ਆਪਣੇ ਬਿਆਨਾਂ ਅਨੁਸਾਰ ਜਦੋਂ ਉਸ ਨੇ ਜ਼ੈਨਬ ਨੂੰ ਕਿਹਾ ਕਿ ਉਹ ਉਸ ਨੂੰ ਉਸ ਦੇ ਮਾਂ-ਬਾਪ ਨੂੰ ਮਿਲਾਉਣ ਲੈ ਜਾਵੇਗਾ ਤਾਂ ਉਹ ਭੋਲੀ ਤੇ ਮਾਸੂਮ ਬੱਚੀ ਉਸ ਨਾਲ ਤੁਰ ਪਈ। ਕਾਤਲ ਦੇ ਦੱਸਣ ਅਨੁਸਾਰ ਜਦੋਂ ਇੱਕ-ਡੇਢ ਮੀਲ ਤੁਰਨ ਤੋਂ ਬਾਅਦ ਘਰ ਤੱਕ ਨਾ ਪਹੁੰਚਣ 'ਤੇ ਜ਼ੈਨਬ ਨੇ ਪੁੱਛਿਆ ਕਿ ਉਹ ਕਿਧਰ ਜਾ ਰਹੇ ਹਨ ਤਾਂ ਉਸ ਨੇ ਕਿਹਾ ਕਿ ਉਹ ਘਰ ਭੁੱਲ ਗਏ ਹਨ।

ਖਬਰਾਂ ਅਨੁਸਾਰ ਜਾਂਚ-ਪੜਤਾਲ ਦੇ ਘੇਰੇ ਵਿਚ ਆਉਂਦੇ 1100 ਬੰਦਿਆਂ ਦਾ ਡੀ. ਐਨ. ਏ. ਪਰਖਿਆ ਗਿਆ ਜਿਸ ਵਿਚ ਇਮਰਾਨ ਅਲੀ ਦਾ ਡੀ. ਐਨ. ਏ. ਜ਼ੈਨਬ ਤੋਂ ਲਏ ਡੀ. ਐਨ. ਏ. ਨਾਲ ਮਿਲ ਗਿਆ। ਉਸ ਦਾ ਪੋਲੀਮਿਕ ਟੈਸਟ ਵੀ ਕੀਤਾ ਗਿਆ। ਇਸ ਦੇ ਨਾਲ ਹੀ ਜਦੋਂ ਉਸ ਦੇ ਘਰ ਦੀ ਤਲਾਸ਼ੀ ਲਈ ਗਈ ਤਾਂ ਉਸ ਦੀ ਜੈਕਟ ਮਿਲ ਗਈ ਜਿਸ ਦੇ ਮੋਢਿਆਂ 'ਤੇ ਲੱਗੇ ਬਟਨ ਸੀ. ਸੀ. ਟੀ. ਵੀ. ਫੁਟੇਜ ਵਿਚ ਨਜ਼ਰ ਆਉਂਦੇ ਜ਼ੈਨਬ ਨਾਲ ਜਾ ਰਹੇ ਬੰਦੇ ਦੀ ਜੈਕਟ ਨਾਲ ਮਿਲਦੇ ਸਨ। ਉਸ ਤੋਂ ਵੀ ਅੱਗੇ ਇੱਕ ਵਾਰ ਫੜ੍ਹ ਕੇ ਛੱਡੇ ਜਾਣ ਤੋਂ ਬਾਅਦ ਉਹ ਦਾੜ੍ਹੀ ਸ਼ੇਵ ਕਰਾ ਆਇਆ ਤੇ ਫਿਰ ਡਰਦਾ ਮਾਰਿਆ ਪਾਕਪਟਨ ਚਲਾ ਗਿਆ। ਉਸ ਦੀ ਮਾਂ ਨੂੰ ਸੀ. ਸੀ. ਟੀ. ਵੀ. ਦੀ ਫੁਟੇਜ ਤੋਂ ਸ਼ੱਕ ਪੈ ਗਿਆ ਸੀ। ਇਸ ਲਈ ਉਸ ਨੂੰ ਗ੍ਰਿਫਤਾਰ ਕਰਾਉਣ ਵਿਚ ਮਾਂ ਨੇ ਮਦਦ ਕੀਤੀ। ਉਹ ਜ਼ੈਨਬ ਦੀ ਤਾਜੀਅਤ (ਅਫਸੋਸ) ਕਰਨ ਉਸ ਦੇ ਘਰ ਵੀ ਆਇਆ ਅਤੇ ਉਸ ਦੇ ਜਨਾਜ਼ੇ ਵਿਚ ਵੀ ਸ਼ਾਮਲ ਹੋਇਆ।

ਬੀ. ਬੀ. ਸੀ. ਉਰਦੂ ਅਨੁਸਾਰ ਉਸ ਨੇ ਜ਼ੈਨਬ ਨੂੰ 4 ਜਨਵਰੀ ਤੋਂ 9 ਜਨਵਰੀ ਤੱਕ 5 ਦਿਨ ਬੰਦੀ ਬਣਾ ਕੇ ਰੱਖਿਆ। ਡੀ. ਐਨ. ਏ. ਤੋਂ ਇਹ ਵੀ ਸਾਬਤ ਹੋ ਗਿਆ ਹੈ ਕਿ ਜ਼ੈਨਬ ਤੋਂ ਪਹਿਲਾਂ 7 ਬੱਚੀਆਂ ਨਾਲ ਜ਼ਬਰ ਜਨਾਹ ਕਰਕੇ ਉਨ੍ਹਾਂ ਦਾ ਕਤਲ ਵੀ ਇਸੇ ਇਮਰਾਨ ਅਲੀ ਨੇ ਕੀਤਾ ਸੀ। ਮੀਡੀਏ ਵਿਚ ਚੱਲ ਰਹੀ ਚਰਚਾ ਵਿਚ ਭਾਗ ਲੈ ਰਹੇ ਕਈ ਲੋਕਾਂ ਦਾ ਕਹਿਣਾ ਸੀ ਕਿ ਇਸ ਕਿਸਮ ਦੇ 90% ਕਾਰੇ ਆਮ ਤੌਰ 'ਤੇ ਪਰਿਵਾਰ ਨਾਲ ਨੇੜ ਰੱਖਣ ਵਾਲਿਆਂ ਵੱਲੋਂ ਕੀਤੇ ਜਾਂਦੇ ਹਨ ਜਿਨ੍ਹਾਂ 'ਤੇ ਪਰਿਵਾਰ ਨੂੰ ਭਰੋਸਾ ਹੁੰਦਾ ਹੈ।

ਅਜਿਹਾ ਕਾਰਾ ਕਰਨ ਵਾਲਾ ਅਪਰਾਧੀ ਕੋਈ ਨਜ਼ਦੀਕੀ, ਕੋਈ ਰਿਸ਼ਤੇਦਾਰ, ਜਾਣੂ, ਮੁਹੱਲੇਦਾਰ, ਅਧਿਆਪਕ, ਧਾਰਮਿਕ ਸਿੱਖਿਆ ਦੇਣ ਵਾਲਾ, ਘਰ ਦਾ ਨੌਕਰ ਜਾਂ ਪਰਿਵਾਰ ਦੀ ਕਾਰ ਦਾ ਡਰਾਈਵਰ ਵੀ ਹੋ ਸਕਦਾ ਹੈ। ਯੂ. ਐਸ. ਡਿਪਾਰਟਮੈਂਟ ਆਫ ਜਸਟਿਸ ਅਨੁਸਾਰ ਸਿਰਫ 10% ਅਪਰਾਧੀ ਹੀ ਬੱਚਿਆਂ ਲਈ ਅਜਨਬੀ ਹੁੰਦੇ ਹਨ।

ਨਤਾਸ਼ਾ ਡੈਨੀਅਲ, ਜੋ ਸਰੀਰਕ ਜ਼ਬਰ ਦਾ ਸ਼ਿਕਾਰ ਹੋ ਚੁੱਕੇ ਬੱਚਿਆਂ ਨੂੰ ਹਫਤਾਵਾਰ ਆਧਾਰ 'ਤੇ ਮਿਲਦੀ ਹੈ, ਦਾ ਕਹਿਣਾ ਹੈ ਕਿ ਅਸੀਂ ਆਪਣੇ ਛੋਟੇ ਬੱਚਿਆਂ ਨੂੰ ਉਨ੍ਹਾਂ ਦੇ ਬਚਾਓ ਦੇ ਸੈਂਕੜੇ ਤਰੀਕੇ ਦੱਸਦੇ ਹਾਂ ਜਿਵੇਂ ਬਲਦੇ ਚੁੱਲ੍ਹੇ ਕੋਲ ਨਹੀਂ ਜਾਣਾ, ਸੜਕ ਪਾਰ ਕਰਨ ਤੋਂ ਪਹਿਲਾਂ ਦੋਵੇਂ ਪਾਸੇ ਦੇਖਣਾ ਹੈ ਤੇ ਫਿਰ ਪਾਰ ਕਰਨੀ ਹੈ, ਪ੍ਰੰਤੂ ਅਕਸਰ ਅਸੀਂ ਉਨ੍ਹਾਂ ਨੂੰ ਸਰੀਰ ਦੀ ਰੱਖਿਆ ਕਰਨ ਬਾਰੇ ਬਹੁਤ ਵੱਡੇ ਹੋਣ 'ਤੇ ਹੀ ਦੱਸਦੇ ਹਾਂ ਜਾਂ ਉਦੋਂ ਦੱਸਦੇ ਹਾਂ ਜਦੋਂ ਬਹੁਤ ਪਛੜ ਚੁੱਕੇ ਹੁੰਦੇ ਹਾਂ (ਪਾਕਿਸਤਾਨ ਅਤੇ ਭਾਰਤ ਵਿਚ ਤਾਂ ਮਾਪੇ ਅਜਿਹੇ ਵਿਸ਼ਿਆਂ 'ਤੇ ਗੱਲ ਕਰਨ ਤੋਂ ਵੀ ਗੁਰੇਜ਼ ਕਰਦੇ ਹਨ)।

ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਸੀ. ਡੀ. ਸੀ.) ਵੱਲੋਂ ਕੀਤੇ ਇੱਕ ਸਰਵੇਖਣ ਅਨੁਸਾਰ ਕਰੀਬ 6 ਲੜਕਿਆਂ ਵਿਚੋਂ ਇੱਕ ਲੜਕਾ ਅਤੇ ਚਾਰ ਲੜਕੀਆਂ ਵਿਚੋਂ ਇੱਕ ਲੜਕੀ 18 ਸਾਲ ਦੀ ਉਮਰ ਹੋਣ ਤੋਂ ਪਹਿਲਾਂ ਸਰੀਰਕ ਬਦਸਲੂਕੀ ਦਾ ਸ਼ਿਕਾਰ ਹੋ ਚੁੱਕੇ ਹੁੰਦੇ ਹਨ। ਉਸ ਨੇ ਕੁਝ ਸਵਾਲ ਰੱਖੇ ਹਨ ਜੋ ਬਹੁਤ ਅਹਿਮ ਹਨ ਜਿਵੇਂ ਕੀ ਤੁਹਾਡੇ ਬੱਚੇ ਪਲੇਅ-ਡੇਟਸ 'ਤੇ ਜਾਂਦੇ ਹਨ, ਡੇ-ਕੇਅਰ ਕੇਂਦਰ ਜਾਂ ਪ੍ਰੀ-ਸਕੂਲ ਵਿਚ ਜਾਂਦੇ ਹਨ? ਕੀ ਤੁਹਾਡੇ ਕੋਈ ਦੋਸਤ ਜਾਂ ਕੋਈ ਪਰਿਵਾਰ ਅਜਿਹੇ ਹਨ ਜੋ ਅਕਸਰ ਤੁਹਾਡੇ ਘਰ ਆਉਂਦੇ-ਜਾਂਦੇ ਹਨ? ਕੀ ਤੁਹਾਡੇ ਬੱਚੇ ਗੁਆਂਢ ਵਿਚ ਕਿਸੇ ਦੇ ਘਰ ਖੇਡਣ ਜਾਂਦੇ ਹਨ? ਅਸਲ ਤੱਥ ਇਹ ਹੈ ਕਿ ਅਜਿਹੇ ਹਾਲਾਤ ਵਿਚ ਤੁਹਾਡੇ ਲਈ ਆਪਣੇ ਬੱਚੇ ਨੂੰ ਸਰੀਰਕ ਬਦਸਲੂਕੀ ਤੋਂ ਪੂਰੀ ਤਰ੍ਹਾਂ ਬਚਾ ਸਕਣਾ ਮੁਸ਼ਕਿਲ ਹੈ।

ਨਤਾਸ਼ਾ ਡੈਨੀਅਲ ਦਾ ਕਹਿਣਾ ਹੈ ਕਿ ਜਿਨ੍ਹਾਂ ਬੱਚਿਆਂ ਨਾਲ ਉਹ ਕੰਮ ਕਰਦੀ ਹੈ, ਉਹ ਬਹੁਤ ਅੱਛੇ ਗੁਆਂਢ, ਚੰਗੇ ਘਰਾਂ ਵਿਚੋਂ ਆਉਂਦੇ ਹਨ ਅਤੇ ਬਹੁਤ ਹੀ ਚੰਗੇ ਸਕੂਲਾਂ ਵਿਚ ਪੜ੍ਹਨ ਜਾਂਦੇ ਹਨ। ਉਸ ਨੇ ਅਜਿਹੇ ਬੱਚਿਆਂ ਨਾਲ ਕੰਮ ਕੀਤਾ ਹੈ, ਜਿਨ੍ਹਾਂ ਨੂੰ ਪਲੇਅ-ਡੇਟਸ, ਦੂਸਰਿਆਂ ਦੇ ਘਰ ਸੌਣ, ਜਮਾਤ ਦੇ ਕਮਰਿਆਂ, ਖੇਡ ਮੈਦਾਨਾਂ, ਸਕੂਲ ਦੀਆਂ ਬੱਸਾਂ, ਉਨ੍ਹਾਂ ਦੇ ਆਪਣੇ ਖੇਡ ਕਮਰਿਆਂ ਜਾਂ ਉਨ੍ਹਾਂ ਦੇ ਘਰਾਂ ਵਿਚ ਪਿਛਲੇ ਵਿਹੜਿਆਂ ਵਿਚ ਸਰੀਰਕ ਬਦਸਲੂਕੀ ਦਾ ਸ਼ਿਕਾਰ ਬਣਾਇਆ ਗਿਆ। ਨਤਾਸ਼ਾ ਡੈਨੀਅਲ ਦਾ ਕਹਿਣਾ ਹੈ ਕਿ ਇਸ ਸਭ ਨੇ ਸਾਨੂੰ ਮੌਤ ਦੇ ਭੈ ਜਿੰਨਾ ਡਰਾ ਦਿੱਤਾ ਹੈ ਪਰ ਇਸ ਭੈ ਤੋਂ ਬਚਿਆ ਜਾ ਸਕਦਾ ਹੈ। ਸਾਨੂੰ ਆਪਣੇ ਬੱਚਿਆਂ ਨੂੰ ਘਰੋਂ ਬਾਹਰ ਖੇਡਣ ਜਾਣ, ਉਨ੍ਹਾਂ ਨੂੰ ਬਾਹਰ ਸੰਸਾਰ ਵਿਚ ਵਿਚਰਨ ਅਤੇ ਆਪਣੇ ਆਲੇ-ਦੁਆਲੇ ਵਾਲਿਆਂ ਨਾਲ ਗੱਲਬਾਤ ਕਰਨ ਦੀ ਆਗਿਆ ਦੇਣੀ ਪਵੇਗੀ, ਪ੍ਰੰਤੂ ਅਸੀਂ ਆਪਣੇ ਬੱਚਿਆਂ ਨੂੰ ਗਿਆਨ ਨਾਲ ਸ਼ਸਤਰਬੱਧ ਕਰ ਸਕਦੇ ਹਾਂ ਜੋ ਉਨ੍ਹਾਂ ਨੂੰ ਸਤਾਏ ਜਾਣ ਤੋਂ ਬਚਾ ਸਕਦਾ ਹੈ।

ਮਾਂ-ਬਾਪ ਆਮ ਤੌਰ 'ਤੇ ਆਪਣੇ ਬੱਚਿਆਂ ਨਾਲ ਸਰੀਰਕ ਰੱਖਿਆ ਲਈ ਗੱਲਬਾਤ ਉਨ੍ਹਾਂ ਦੀ ਬਹੁਤੀ ਛੋਟੀ ਉਮਰ ਵਿਚ ਨਹੀਂ ਕਰਦੇ। ਉਹ ਅਕਸਰ ਹੀ ਸੋਚਦੇ ਹਨ ਕਿ ਬੱਚੇ ਹਾਲੇ ਬੜੇ ਛੋਟੇ ਨੇ। ਉਨ੍ਹਾਂ ਨੂੰ ਇਹ ਗੱਲ ਬਹੁਤ ਡਰਾਉਣੀ ਲਗਦੀ ਹੈ, ਪਰ ਇਹ ਨਾ ਹੀ ਕਦੇ ਵੀ ਬਹੁਤ ਛੇਤੀ ਹੈ ਅਤੇ ਨਾ ਹੀ ਬਹੁਤ ਡਰਾਉਣੀ ਗੱਲਬਾਤ ਜਾਂ ਚਰਚਾ ਹੈ। ਕੁਝ ਗੱਲਾਂ ਹਨ ਜੋ ਬੱਚਿਆਂ ਲਈ ਬਹੁਤ ਹੀ ਸਹਾਈ ਹੋ ਸਕਦੀਆਂ ਹਨ ਅਤੇ ਬੱਚਿਆਂ ਨੂੰ ਸਰੀਰਕ ਜ਼ਬਰ ਦਾ ਸ਼ਿਕਾਰ ਹੋਣ ਤੋਂ ਬਹੁਤ ਹੱਦ ਤੱਕ ਬਚਾ ਸਕਦੀਆਂ ਹਨ।

ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਸਰੀਰ ਬਾਰੇ ਗਿਆਨ ਦਿਉ ਅਤੇ ਦੱਸੋ ਕਿ ਇਨ੍ਹਾਂ ਸਰੀਰਕ ਅੰਗਾਂ ਦਾ ਕੀ ਅਸਲੀ ਕਾਰਜ ਹੈ। ਉਨ੍ਹਾਂ ਨੂੰ ਸਿੱਖਿਆ ਦਿਉ ਕਿ ਸਰੀਰ ਦੇ ਇਹ ਹਿੱਸੇ ਉਨ੍ਹਾਂ ਦੇ ਨਿਜੀ ਇਸ ਲਈ ਕਹੇ ਜਾਂਦੇ ਹਨ ਕਿਉਂਕਿ ਇਹ ਨਿਜੀ ਹਨ ਅਤੇ ਕੋਈ ਹੋਰ ਦੂਸਰਾ ਉਨ੍ਹਾਂ ਨੂੰ ਨਹੀਂ ਛੂਹ ਸਕਦਾ। ਸਪੱਸ਼ਟ ਕਰੋ ਕਿ ਮਾਂ ਜਾਂ ਬਾਪ ਹੀ ਉਨ੍ਹਾਂ ਦੀ ਸਫਾਈ ਕਰਨ ਵੇਲੇ ਉਨ੍ਹਾਂ ਨੂੰ ਛੋਹ ਸਕਦੇ ਹਨ। ਉਨ੍ਹਾਂ ਨੂੰ ਦੱਸੋ ਕਿ ਕਿਸੇ ਦੇ ਸਾਹਮਣੇ ਉਨ੍ਹਾਂ ਨੇ ਬਿਨਾ ਕੱਪੜੇ ਪਹਿਨੇ ਨਹੀਂ ਜਾਣਾ ਅਰਥਾਤ ਕੱਪੜੇ ਨਹੀਂ ਉਤਾਰਨੇ। ਨਿਰੀਖਣ ਵੇਲੇ ਡਾਕਟਰ ਕੋਲ ਕੱਪੜੇ ਉਤਾਰ ਸਕਦੇ ਹਨ ਕਿਉਂਕਿ ਉਦੋਂ ਉਨ੍ਹਾਂ ਦੇ ਮਾਂ-ਬਾਪ ਕੋਲ ਹੁੰਦੇ ਹਨ। ਉਨ੍ਹਾਂ ਦਾ ਸਰੀਰ ਉਨ੍ਹਾਂ ਦਾ ਮੰਦਿਰ ਹੈ ਜਿਸ ਦੀਆਂ ਹੱਦਾਂ ਹਨ ਤੇ ਕੋਈ ਦੂਜਾ ਇਨ੍ਹਾਂ ਹੱਦਾਂ ਨੂੰ ਪਾਰ ਨਹੀਂ ਕਰ ਸਕਦਾ। ਉਨ੍ਹਾਂ ਨੂੰ ਇਹ ਵੀ ਦੱਸਣਾ ਹੈ ਕਿ ਉਨ੍ਹਾਂ ਨੇ ਕਿਸੇ ਦੇ ਵੀ ਕਹਿਣ 'ਤੇ ਕਿਸੇ ਦੂਜੇ ਦੇ ਨਿਜੀ ਅੰਗਾਂ ਨੂੰ ਵੀ ਨਹੀਂ ਛੂਹਣਾ। ਬਹੁਤੀ ਵਾਰ ਮਾਪੇ ਪਹਿਲੀ ਗੱਲ ਤਾਂ ਦੱਸ ਦਿੰਦੇ ਹਨ ਪਰ ਦੂਜੀ ਗੱਲ ਦੱਸਣੀ ਭੁੱਲ ਜਾਂਦੇ ਹਨ ਜੋ ਕਿ ਓਨੀ ਹੀ ਜ਼ਰੂਰੀ ਹੈ।

ਬੱਚਿਆਂ ਨੂੰ ਇਹ ਵੀ ਸਮਝਾਓ ਕਿ ਉਨ੍ਹਾਂ ਨੇ ਆਪਣੇ ਮਾਂ-ਬਾਪ ਕੋਲੋਂ ਆਪਣੇ ਸਰੀਰ ਸਬੰਧੀ ਕੋਈ ਵੀ ਗੱਲ ਲੁਕਾਉਣੀ ਨਹੀਂ। ਬਹੁਤੀ ਵਾਰ ਬੱਚੇ ਆਪਣੇ ਨਾਲ ਹੋਈ ਸਰੀਰਕ ਬਦਸਲੂਕੀ ਦੱਸਦੇ ਨਹੀਂ। ਇਹ ਬਹੁਤ ਜ਼ਰੂਰੀ ਹੈ ਕਿ ਬੱਚੇ ਆਪਣੇ ਮਾਂ-ਬਾਪ ਨਾਲ ਆਪਣਾ ਹਰ ਭੇਦ ਸਾਂਝਾ ਕਰਨ। ਕਈ ਵਾਰ ਬੱਚਿਆਂ ਨੂੰ ਅਪਰਾਧੀ ਇਹ ਕਹਿ ਕੇ ਡਰਾ ਦਿੰਦੇ ਹਨ ਕਿ ਜੇ ਕਿਸੇ ਨੂੰ ਦੱਸਿਆ ਤਾਂ ਮਾੜੇ ਨਤੀਜੇ ਭੁਗਤਣੇ ਪੈਣਗੇ ਪਰ ਆਪਣੇ ਬੱਚਿਆਂ ਨੂੰ ਸਿਖਾਓ ਕਿ ਕੁਝ ਵੀ ਛੁਪਾ ਕੇ ਨਹੀਂ ਰੱਖਣਾ। ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਕਿਸੇ ਨੂੰ ਵੀ ਆਪਣੇ ਨਿਜੀ ਅੰਗਾਂ ਦੀ ਤਸਵੀਰ ਨਹੀਂ ਲੈਣ ਦੇਣੀ। ਕਈ ਵਾਰ ਮਾਪੇ ਇਹ ਗੱਲ ਦੱਸਣੀ ਭੁੱਲ ਜਾਂਦੇ ਹਨ ਪਰ ਇਹ ਦੁਨੀਆਂ ਬੁਰੀ ਤਰ੍ਹਾਂ ਬਿਮਾਰ ਹੈ; ਅਜਿਹੇ ਬਿਮਾਰ ਲੋਕਾਂ ਦੀ ਕਮੀ ਨਹੀਂ ਜੋ ਬੱਚਿਆਂ ਦੀਆਂ ਨੰਗੀਆਂ ਤਸਵੀਰਾਂ ਲੈ ਕੇ ਉਨ੍ਹਾਂ ਦਾ ਆਨਲਾਈਨ ਵਪਾਰ ਕਰਦੇ ਹਨ। ਇਹ ਇੱਕ ਛੂਤ ਦੀ ਬਿਮਾਰੀ ਹੈ ਜੋ ਬਹੁਤ ਫੈਲ ਚੁਕੀ ਹੈ ਅਤੇ ਤੁਹਾਡੇ ਬੱਚੇ ਨੂੰ ਮੁਸੀਬਤ ਵਿਚ ਪਾ ਸਕਦੀ ਹੈ।

ਆਪਣੇ ਬੱਚੇ ਨੂੰ ਸਿਖਾਉ ਕਿ ਅਜਿਹੀਆਂ ਡਰਾਉਣੀਆਂ ਜਾਂ ਅਣਸੁਖਾਵੀਆਂ ਹਾਲਤਾਂ ਵਿਚੋਂ ਕਿਵੇਂ ਬਚ ਕੇ ਨਿਕਲਣਾ ਹੈ? ਬੱਚਿਆਂ ਨੂੰ ਅਜਿਹੀ ਹਾਲਤ ਵਿਚ ਵੱਡਿਆਂ ਨੂੰ 'ਨਾਂਹ' ਕਹਿਣੀ ਸਿਖਾਉ। ਉਨ੍ਹਾਂ ਨੂੰ ਕੋਈ ਕੋਡ ਦੱਸੋ ਕਿ ਜਦੋਂ ਕਿਸੇ ਦੀ ਸੰਗਤ ਨੂੰ ਅਣਸੁਖਾਵੀਂ ਸਮਝਣ ਤਾਂ ਉਹ ਕੋਡ ਵਰਤ ਕੇ ਮਾਂ-ਬਾਪ ਨੂੰ ਇਸ਼ਾਰਾ ਕਰਨ ਜਿਸ 'ਤੇ ਮਾਪੇ ਉਸ ਨੂੰ ਉਥੋਂ ਚੁੱਕ ਲੈਣ। ਇਹ ਕੋਡ ਪਲੇਅ-ਡੇਟ ਜਾਂ ਕਿਸੇ ਦੇ ਘਰ ਸੌਣ ਵੇਲੇ ਵਰਤਿਆ ਜਾ ਸਕਦਾ ਹੈ। ਬੱਚਿਆਂ ਵਿਚ ਹੌਸਲਾ ਪੈਦਾ ਕਰੋ ਕਿ ਜੇ ਉਹ ਆਪਣੇ ਸਰੀਰਕ ਭੇਦ ਜਾਂ ਸਰੀਰਕ ਸੁਰੱਖਿਆ ਬਾਰੇ ਕੁਝ ਵੀ ਮਾਂ-ਬਾਪ ਨਾਲ ਸਾਂਝਾ ਕਰਨਗੇ ਤਾਂ ਕਿਸੇ ਮੁਸੀਬਤ ਵਿਚ ਨਹੀਂ ਪੈਣਗੇ। ਘਰੋਂ ਬਾਹਰ ਅਜਿਹੀ ਹਾਲਤ ਪੈਦਾ ਹੋਣ 'ਤੇ ਬੱਚੇ ਜਾਂ ਤਾਂ ਰੌਲਾ ਪਾਉਣ ਜਾਂ ਫਿਰ ਕਿਸੇ ਭੀੜ ਵਾਲੀ ਜਗ੍ਹਾ ਵੱਲ ਦੌੜ ਪੈਣ।



ਮੁਹੰਮਦ ਇਮਰਾਨ ਅਲੀ

'ਗੁਡ ਟੱਚ ਐਂਡ ਬੈਡ ਟੱਚ' ਦਾ ਸੰਕਲਪ ਬੱਚਿਆਂ ਨੂੰ ਭਰਮ ਵਿਚ ਪਾ ਸਕਦਾ ਹੈ ਕਿਉਂਕਿ 'ਟੱਚ' ਖੁਸ਼ ਕਰਨ ਵਾਲੀ ਹੋ ਸਕਦੀ ਹੈ। ਇਸ ਲਈ ਬੱਚਿਆਂ ਨੂੰ ਦੱਸੋ ਕਿ ਇਹ 'ਸੀਕਰੇਟ ਟੱਚ' ਹੈ ਜਿਸ ਦੀ ਆਗਿਆ ਕਿਸੇ ਨੂੰ ਨਹੀਂ ਹੋਣੀ ਚਾਹੀਦੀ। ਬੱਚਿਆਂ ਨੂੰ ਦੱਸੋ ਕਿ ਇਹ ਸਾਰੇ ਨਿਯਮ ਉਨ੍ਹਾਂ ਲੋਕਾਂ 'ਤੇ ਵੀ ਲਾਗੂ ਹੁੰਦੇ ਹਨ ਜੋ ਉਨ੍ਹਾਂ ਨੂੰ ਬਹੁਤ ਕਰੀਬ ਤੋਂ ਜਾਣਦੇ ਹਨ; ਇਹ ਬਹੁਤ ਹੀ ਜ਼ਰੂਰੀ ਅਤੇ ਅਹਿਮ ਗੱਲ ਹੈ, ਬੱਚਿਆਂ ਨੂੰ ਸਮਝਾਉਣ ਵਾਲੀ ਕਿ ਭਾਵੇਂ ਕੋਈ ਕਿੰਨਾ ਹੀ ਨੇੜਲਾ ਹੋਵੇ-ਅਧਿਆਪਕ, ਕੋਚ, ਦੋਸਤ ਜਾਂ ਰਿਸ਼ਤੇਦਾਰ ਸਰੀਰ ਦੇ ਨਿਜੀ ਹਿੱਸਿਆਂ ਨੂੰ ਛੂਹਣ ਦੀ ਆਗਿਆ ਕਿਸੇ ਨੂੰ ਵੀ ਨਹੀਂ ਹੈ।

ਨਤਾਸ਼ਾ ਡੈਨੀਅਲ ਦਾ ਕਹਿਣਾ ਹੈ ਕਿ ਉਹ ਏਨੀ ਅਨੁਭਵਹੀਣ ਨਹੀਂ ਹੈ ਕਿ ਇਹ ਮੰਨ ਕੇ ਚੱਲੇ ਕਿ ਇਸ ਨਾਲ ਬੱਚੇ ਪੂਰੀ ਤਰ੍ਹਾਂ ਸੁਰੱਖਿਅਤ ਹੋ ਜਾਣਗੇ ਪਰ ਫਿਰ ਵੀ ਇਸ ਕਿਸਮ ਦੇ ਗਿਆਨ ਨਾਲ ਸਿੱਖਿਅਤ ਕਰਕੇ ਉਨ੍ਹਾਂ ਨੂੰ ਬਹੁਤ ਹੱਦ ਤੱਕ ਬਚਾਇਆ ਜਾ ਸਕਦਾ ਹੈ। ਇੱਕ ਵਾਰ ਦੀ ਕੀਤੀ ਵਿਚਾਰ-ਚਰਚਾ ਕਾਫੀ ਨਹੀਂ ਹੈ। ਬੱਚਿਆਂ ਨਾਲ ਕੁਦਰਤੀ ਮਾਹੌਲ ਵਿਚ ਅਜਿਹੀ ਚਰਚਾ ਦੁਹਰਾਉਂਦੇ ਰਹਿਣਾ ਚਾਹੀਦਾ ਹੈ। ਉਸ ਦੀ ਬੇਨਤੀ ਹੈ ਕਿ ਇਸ ਸੁਨੇਹੇ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪੁਜਦਾ ਕੀਤਾ ਜਾਵੇ; ਉਨ੍ਹਾਂ ਲੋਕਾਂ ਨਾਲ ਸਾਂਝਾ ਕੀਤਾ ਜਾਵੇ ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ, ਜਿਨ੍ਹਾਂ ਦਾ ਧਿਆਨ ਰੱਖਦੇ ਹੋ, ਜਿਨ੍ਹਾਂ ਦੀ ਪਰਵਾਹ ਕਰਦੇ ਹੋ।

ਪਾਕਿਸਤਾਨ ਤੇ ਭਾਰਤ ਦਾ ਦੁਖਾਂਤ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨਾਲ ਸਿਰਫ ਅਦਬ-ਸਤਿਕਾਰ ਦਾ ਹੀ ਰਿਸ਼ਤਾ ਰੱਖਦੇ ਹਾਂ। ਬੱਚਿਆਂ ਤੋਂ ਅਸੀਂ ਸਿਰਫ ਆਗਿਆ ਪਾਲਣ ਦੀ ਤਵੱਕੋ ਕਰਦੇ ਹਾਂ। ਉਨ੍ਹਾਂ ਨਾਲ ਸਾਡਾ ਵਤੀਰਾ ਦੋਸਤਾਨਾ ਅਤੇ ਪਿਆਰ-ਮੁਹੱਬਤ ਵਾਲਾ ਬਹੁਤ ਘੱਟ ਹੁੰਦਾ ਹੈ, ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਮਾਂ ਨਾਲ ਧੀ ਜਾਂ ਪਿਉ ਨਾਲ ਪੁੱਤ ਆਪਣਾ ਨਿਜੀ ਕੁਝ ਵੀ ਸਾਂਝਾ ਨਹੀਂ ਕਰਦੇ। ਅਸੀਂ ਬਚਪਨ ਵਿਚ ਤਾਂ ਆਪਣੇ ਬੱਚਿਆਂ ਨੂੰ ਕੀ ਸਮਝਾਉਣਾ ਹੈ, ਵੱਡੇ ਹੋਇਆਂ ਨੂੰ ਵੀ ਏਨੀ ਕੁ ਖੁੱਲ੍ਹ ਨਹੀਂ ਦਿੱਤੀ ਹੁੰਦੀ ਕਿ ਉਹ ਕੋਈ ਨਿਜੀ ਭੇਦ ਵਾਲੀ ਗੱਲ ਦੱਸ ਸਕਣ। ਦੱਸਣਾ ਤਾਂ ਕੀ, ਅਜਿਹੀਆਂ ਗੱਲਾਂ ਕਰਨ 'ਤੇ ਹੀ ਸੌ ਤਰ੍ਹਾਂ ਦੀਆਂ ਮਨਾਹੀਆਂ ਲਾਗੂ ਕੀਤੀਆਂ ਹੋਈਆਂ ਹਨ। ਕੋਈ ਬੱਚਾ ਕੁਝ ਦੱਸਣਾ ਵੀ ਚਾਹੇ ਤਾਂ ਝੱਟ ਇਹ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ ਕਿ 'ਬੱਚੇ ਅਜਿਹੀਆਂ ਗੱਲਾਂ ਨਹੀਂ ਕਰਿਆ ਕਰਦੇ' ਵਗੈਰਾ ਵਗੈਰਾ। ਪ੍ਰਬੰਧਕੀ ਤੌਰ 'ਤੇ ਵੀ ਸਾਡੇ ਮੁਲਕ ਦੀ ਅਫਸਰਸ਼ਾਹੀ ਖਾਸ ਕਰ ਪੁਲਿਸ ਸਿਰਫ ਮੰਤਰੀਆਂ-ਸੰਤਰੀਆਂ ਦੀ ਚੌਕੀ ਭਰਨ ਜੋਗੀ ਹੀ ਹੈ। ਆਮ ਬੰਦੇ ਦੀ ਨਾ ਕੋਈ ਗੱਲ ਸੁਣੀ ਜਾਂਦੀ ਹੈ ਅਤੇ ਨਾ ਹੀ ਆਮ ਬੰਦੇ ਦੀ ਕੋਈ ਅਹਿਮੀਅਤ ਹੈ। ਪੁਲਿਸ ਲੋਕਾਂ ਦੇ ਮਾਨ-ਸਨਮਾਨ, ਜਾਨ-ਮਾਲ ਦੀ ਰਾਖੀ ਕਰਨ ਲਈ ਹੈ, ਇਹ ਤਾਂ ਪੁਲਿਸ ਨੂੰ ਸਿਖਾਇਆ ਹੀ ਨਹੀਂ ਜਾਂਦਾ। ਕੈਨੇਡਾ-ਅਮਰੀਕਾ ਵਰਗੇ ਮੁਲਕਾਂ ਵਿਚ, ਖਾਸ ਕਰ ਕੈਨੇਡਾ ਵਿਚ ਦੇਖਿਆ ਹੈ ਕਿ ਪੁਲਿਸ ਆਮ ਲੋਕਾਂ, ਬੱਚਿਆਂ ਅਤੇ ਔਰਤਾਂ ਪ੍ਰਤੀ ਰਵੱਈਏ ਵਿਚ ਬਹੁਤ ਸੰਵੇਦਨਸ਼ੀਲ ਹੈ। ਸਾਧਾਰਣ ਕਾਲ ਕਰਨ 'ਤੇ ਵੀ ਪੁਲਿਸ ਝੱਟ ਪਹੁੰਚ ਜਾਂਦੀ ਹੈ। ਬੱਚਿਆਂ ਨੂੰ ਗਾਹੇ-ਬਗਾਹੇ ਸਕੂਲਾਂ ਵਿਚ ਪੁਲਿਸ ਵੱਲੋਂ ਖਾਸ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਨੇ ਆਪਣਾ ਬਚਾਉ ਕਿਸ ਤਰ੍ਹਾਂ ਕਰਨਾ ਹੈ? ਜੇ ਕੋਈ ਮੁਸੀਬਤ ਆਣ ਪਵੇ ਤਾਂ ਕਿਉਂ, ਕਦੋਂ ਤੇ ਕਿਵੇਂ '911' ਨੰਬਰ ਡਾਇਲ ਕਰ ਕੇ ਪੁਲਿਸ ਨੂੰ ਸੱਦ ਲੈਣਾ ਹੈ। ਵੈਸੇ ਵੀ ਪੁਲਿਸ ਗੱਡੀਆਂ ਵਿਚ ਗਸ਼ਤ ਕਰਦੀ ਰਹਿੰਦੀ ਹੈ। ਕਿਸੇ ਨੂੰ ਮੁਸੀਬਤ ਵਿਚ ਦੇਖ ਕੇ ਕੋਈ ਰਾਹ ਜਾਂਦਾ ਜਾਂ ਗੁਆਂਢੀ ਕਾਲ ਕਰੇ ਤਾਂ ਵੀ ਪੁਲਿਸ ਝੱਟ ਪਹੁੰਚ ਜਾਂਦੀ ਹੈ। ਕਹਿਣ ਤੋਂ ਭਾਵ ਪੁਲਿਸ ਦਾ ਲੋਕਾਂ ਪ੍ਰਤੀ ਰਵੱਈਆ ਸੇਵਾ-ਭਾਵਨਾ ਵਾਲਾ ਤੇ ਹਾਂ-ਮੁਖੀ ਹੈ।

ਸਾਡੇ ਮੁਲਕਾਂ ਵਿਚ ਕੀ ਹੁੰਦਾ ਹੈ? ਪੰਚਾਇਤਾਂ ਲੈ ਕੇ ਜਾਓ, ਸਿਫਾਰਸ਼ਾਂ ਹੋਣ-ਫਿਰ ਵੀ ਕੋਈ ਸੁਣਵਾਈ ਨਹੀਂ, ਬੱਚਿਆਂ ਦੀ ਤਾਂ ਕਿਸੇ ਨੇ ਕੀ ਸੁਣਨੀ ਹੈ? ਕੋਈ ਕੁੜੀ ਤਾਂ ਇਸ ਕਿਸਮ ਦੀ ਸ਼ਿਕਾਇਤ ਲੈ ਕੇ ਪੁਲਿਸ ਚੌਕੀ ਚਲੀ ਹੀ ਨਾ ਜਾਵੇ ਕਿਧਰੇ? ਸਮਝਿਆ ਜਾਵੇਗਾ ਕਿ ਕੁੜੀ ਹੀ ਚਰਿੱਤ੍ਰਹੀਣ ਹੈ। ਜ਼ੈਨਬ ਦਾ ਹੀ ਕੇਸ ਲੈ ਲਓ, ਜੇ ਮੀਡੀਆ ਇਸ ਗੱਲ ਨੂੰ ਏਨਾ ਨਾ ਚੁੱਕਦਾ, ਲੋਕ ਸੜਕਾਂ 'ਤੇ ਨਾ ਉਤਰਦੇ ਤਾਂ ਕਿਸ ਨੇ ਵਾਤ ਪੁੱਛਣੀ ਸੀ?

ਜ਼ੈਨਬ ਦੇ ਕਾਤਲ ਮੁਹੰਮਦ ਇਮਰਾਨ ਅਲੀ ਨੇ ਜ਼ੈਨਬ ਤੋਂ ਪਹਿਲਾਂ 7 ਨੰਨ੍ਹੀਆਂ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਦਾ ਕਤਲ ਕੀਤਾ ਸੀ ਅਤੇ ਇਹ ਸਾਰੀਆਂ ਘ੍ਰਿਣਾਮਈ ਘਟਨਾਵਾਂ ਨੂੰ ਅੰਜਾਮ ਉਸ ਨੇ ਤਿੰਨ ਮੀਲ ਦੇ ਘੇਰੇ ਦੇ ਅੰਦਰ ਅੰਦਰ ਦਿੱਤਾ ਅਤੇ ਪੁਲਿਸ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਕਿਉਂ ਪੁਲਿਸ ਉਸ ਦਾ ਖੁਰਾ ਨਹੀਂ ਨੱਪ ਸਕੀ? ਸਾਡੇ ਮੁਲਕਾਂ ਵਿਚ ਮਾਂ-ਬਾਪ ਨੂੰ ਖੁਦ ਹੀ ਆਪਣੇ ਬੱਚਿਆਂ ਦਾ ਧਿਆਨ ਰੱਖਣ ਦੀ ਲੋੜ ਹੈ ਅਤੇ ਉਨ੍ਹਾਂ ਨਾਲ ਦੋਸਤਾਨਾ ਰਵੱਈਆ ਅਪਨਾਉਣਾ ਚਾਹੀਦਾ ਹੈ ਤਾਂ ਕਿ ਉਹ ਆਪਣੀਆਂ ਸਮੱਸਿਆਵਾਂ ਬੜੇ ਸਹਿਜ ਨਾਲ ਸਾਂਝੀਆਂ ਕਰ ਸਕਣ। ਉਨ੍ਹਾਂ ਨੂੰ ਪੂਰੀ ਤਰ੍ਹਾਂ ਸਿੱਖਿਅਤ ਕਰਨਾ ਚਾਹੀਦਾ ਹੈ ਜਿਵੇਂ ਕਿ ਉਪਰ ਗੱਲ ਕੀਤੀ ਹੈ ਤਾਂ ਕਿ ਉਹ ਆਪਣਾ ਬਚਾਉ ਕਰ ਸਕਣ ਦੇ ਸਮਰਥ ਹੋ ਸਕਣ।

## ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ

**ਗੁਰਬਾਣੀ ਗਿਆਨ**

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨
ੴ ਸਤਿਗੁਰ ਪ੍ਰਸਾਦਿ॥
ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ॥
ਦਰਸਨੁ ਹਰਿ ਦੇਖਣ ਕੈ ਤਾਈ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ॥ ਰਹਾਉ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥
ਪਖਾ ਫੇਰੀ ਪਾਣੀ ਢੋਵਾ
ਜੋ ਦੇਵਹਿ ਸੋ ਖਾਈ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ॥
ਅਖੀ ਕਾਢਿ ਧਰੀ ਚਰਣਾ ਤਲਿ
ਸਭ ਧਰਤੀ ਫਿਰਿ ਮਤ ਪਾਈ॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ॥

ਗੁਰੂ ਰਾਮਦਾਸ ਜੀ ਪ੍ਰਭੂ ਪ੍ਰੀਤਮ ਦੇ ਮਿਲਾਪ ਦੀ ਵਿਆਕੁਲਤਾ ਦਰਸਾਉਂਦਿਆਂ ਵਿਛੋੜੇ ਦੀ ਤੜਪ ਦਾ ਵਰਣਨ ਕਰਦੇ ਆਖਦੇ ਹਨ, ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ॥ ਹੇ ਭਾਈ ਜੇ ਕੋਈ ਭਲਾ ਪੁਰਸ਼ ਮੇਰੇ ਉਸ ਪ੍ਰੀਤਮ ਪਿਆਰੇ ਨੂੰ ਲਿਆ ਕੇ ਮੈਨੂੰ ਮਿਲਾ ਦੇਵੇ ਤਾਂ ਮੈਂ ਉਸ ਕੋਲ ਆਪਣੇ ਆਪ ਨੂੰ ਵੇਚ ਦਿਆਂ; ਬਸ ਮੇਰੇ ਪ੍ਰੀਤਮ ਪਿਆਰੇ ਦਾ ਮੈਨੂੰ ਦੀਦਾਰ ਚਾਹੀਦਾ ਹੈ, ਮਿਲਾਪ ਚਾਹੀਦਾ ਹੈ।

ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ॥ ਰਹਾਉ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ॥

ਸਤਿਗੁਰੂ ਪਿਤਾ ਇਨ੍ਹਾਂ ਪੰਕਤੀਆਂ ਵਿਚ ਅਕਾਲ ਪੁਰਖ ਕੋਲ ਬੇਨਤੀ ਕਰਦੇ ਹਨ, ਹੇ ਪ੍ਰਭੂ ਜੀ! ਤੇਰੇ ਮਿਲਣ ਦੀ ਪਿਆਸ ਮੈਨੂੰ ਬਹੁਤ ਤੜਪਾ ਰਹੀ ਹੈ, ਜੇ ਤੂੰ ਕਿਰਪਾ ਕਰਕੇ ਮੈਨੂੰ ਪੂਰਾ ਗੁਰੂ ਮਿਲਾ ਦੇਵੇਂ ਤਾਂ ਤੇਰਾ ਦਰਸ਼ਨ ਕਰਨ ਲਈ ਮੈਂ ਸਦਾ ਸਦਾ ਹੀ ਤੇਰਾ ਸਿਮਰਨ ਕਰਦਾ ਰਹਾਂਗਾ; ਮਿਹਰਬਾਨ ਪ੍ਰਭ ਜੀ! ਜੇ ਤੂੰ ਮੈਨੂੰ ਸੁੱਖ ਦੇਵੇਂਗਾ ਤਾਂ ਵੀ ਮੈਂ ਤੈਨੂੰ ਸਿਮਰਦਾ ਰਹਾਂਗਾ ਅਤੇ ਦੁੱਖ ਵਿਚ ਭੀ ਮੈਂ ਤੇਰੀ ਹੀ ਅਰਾਧਨਾ ਕਰਦਾ ਰਹਾਂਗਾ।

ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥

ਗੁਰਦੇਵ ਜੀ ਆਖਦੇ ਹਨ, ਹੇ ਪ੍ਰਭ ਜੀ! ਮਿਹਰ ਕਰ, ਜੇ ਤੂੰ ਮੈਨੂੰ ਭੁੱਖਾ ਰੱਖੇਂ ਤਾਂ ਮੈਂ ਇਸ ਭੁੱਖ ਵਿਚ ਵੀ ਰੱਜਿਆ ਹੀ ਰਹਾਂਗਾ; ਪ੍ਰਭ ਜੀ, ਦੁੱਖਾਂ ਵਿਚ ਵੀ ਮੈਂ ਸੁਖ ਹੀ ਮਨਾਵਾਂਗਾ। ਹੇ ਅਕਾਲ ਪੁਰਖ! ਤੇਰੇ ਦਰਸ਼ਨ ਕਰਨ ਲਈ ਜੇ ਲੋੜ ਪਵੇ ਤਾਂ ਮੈਂ ਆਪਣਾ ਤਨ ਵੀ ਅਤੇ ਮਨ ਵੀ ਕੱਟ ਕੱਟ ਕੇ ਸਾਰਾ ਅਰਪਣ ਕਰ ਦਿਆਂਗਾ, ਤੇ ਅੱਗ ਵਿਚ ਆਪਣੇ ਆਪ ਨੂੰ ਸਾੜ ਭੀ ਦਿਆਂਗਾ।

ਪਖਾ ਫੇਰੀ ਪਾਣੀ ਢੋਵਾ
ਜੋ ਦੇਵਹਿ ਸੋ ਖਾਈ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ॥

ਗੁਰਦੇਵ ਆਖਦੇ ਹਨ, ਹੇ ਮਿਹਰਬਾਨ ਪ੍ਰਭ ਜੀ! ਤੇਰੇ ਦੀਦਾਰ ਦੀ ਖਾਤਿਰ ਤੇਰੀਆਂ ਸੰਗਤਾਂ ਨੂੰ ਮੈਂ ਪੱਖਾ ਵੀ ਫੇਰਾਂਗਾ ਅਤੇ ਪਾਣੀ ਵੀ ਢੋਵਾਂਗਾ; ਜੋ ਵੀ ਤੁਸੀਂ ਮੈਨੂੰ ਖਾਣ ਨੂੰ ਦਿਓਗੇ, ਮੈਂ ਖੁਸ਼ੀ ਖੁਸ਼ੀ ਖਾ ਲਵਾਂਗਾ। ਨਾਨਕੁ ਗਰੀਬੁ ਢਹਿ ਪਿਆ ਦੁਆਰੈ॥ ਹੇ ਪ੍ਰਭੂ ਜੀ! ਤੇਰਾ ਇਹ ਗਰੀਬ ਦਾਸ ਵਿਚਾਰਾ ਨਾਨਕ ਤੇਰੇ ਦਰ 'ਤੇ ਆਣ ਡਿੱਗਾ ਹੈ; ਮਿਹਰਬਾਨ ਪ੍ਰਭ ਜੀ! ਮੈਨੂੰ ਆਪਣੇ ਚਰਨਾਂ ਨਾਲ ਜੋੜ ਲਓ, ਤੇਰੇ ਘਰ ਦੀ ਇਹੋ ਹੀ ਵਡਿਆਈ ਹੈ।

ਅਖੀ ਕਾਢਿ ਧਰੀ ਚਰਣਾ ਤਲਿ
ਸਭ ਧਰਤੀ ਫਿਰਿ ਮਤ ਪਾਈ॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ॥

ਹੇ ਪ੍ਰਭ ਜੀ! ਜੇ ਲੋੜ ਪਵੇ ਤਾਂ ਮੈਂ ਆਪਣੀਆਂ ਅੱਖਾਂ ਕੱਢ ਕੇ ਗੁਰੂ ਦੇ ਚਰਨਾਂ ਹੇਠ ਰੱਖ ਦਿਆਂ; ਮੈਂ ਇਸ ਸਾਰੀ ਧਰਤੀ ਉਤੇ ਫਿਰ ਕੇ ਭਾਲ ਕਰਾਂ ਕਿ ਸ਼ਾਇਦ ਕਿਤੇ ਮੈਨੂੰ ਗੁਰੂ ਮਿਲ ਪਵੇ। ਹੇ ਮਿਹਰਬਾਨ ਪ੍ਰਭੂ! ਜੇ ਤੂੰ ਮੈਨੂੰ ਆਪਣੇ ਕੋਲ ਬਿਠਾ ਲਵੇਂ ਤਾਂ ਵੀ ਮੈਂ ਤੈਨੂੰ ਹੀ ਅਰਾਧਦਾ ਰਹਾਂਗਾ ਅਤੇ ਜੇ ਤੂੰ ਮੈਨੂੰ ਧੱਕੇ ਮਾਰ ਕੇ ਆਪਣੇ ਦਰ ਤੋਂ ਬਾਹਰ ਵੀ ਕੱਢ ਦੇਵੇਂ ਤਾਂ ਭੀ ਮੈਂ ਤੇਰਾ ਹੀ ਧਿਆਨ ਧਰਦਾ ਰਹਾਂਗਾ; ਮੈਨੂੰ ਆਪਣਾ ਦੀਦਾਰ ਦਿਓ ਜੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

**ਗੁਰਮਤਿ ਵਿਚਾਰ**

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਲੇਖ ਦੀ ਇਕ ਕਿਸ਼ਤ ਅਸੀਂ ਪਹਿਲਾਂ ਛਾਪ ਚੁਕੇ ਹਾਂ, ਪੇਸ਼ ਹੈ ਅਗਲੀ ਕਿਸ਼ਤ। -ਸੰਪਾਦਕ***

ਵਿਸ਼ਵਾਸ ਤੇ ਗਿਆਨ ਮਾਰਗ ਇਕ ਦੂਜੇ ਦੇ ਵਿਰੋਧੀ ਹਨ। ਵਿਸ਼ਵਾਸ ਮਾਰਗ ਪੂਜਾ-ਪਾਠ ਤੇ ਭਗਤੀ ਵਲ ਲੈ ਕੇ ਜਾਂਦਾ ਹੈ ਤੇ ਗਿਆਨ ਮਾਰਗ ਬੋਧ ਵਲ। ਬੋਧ ਦਾ ਮੂੰਹ ਖੋਜ ਤੇ ਵਿਗਿਆਨ ਵਲ ਹੈ ਅਤੇ ਭਗਤੀ ਦਾ ਅਗਿਆਨ ਤੇ ਅੰਧ-ਵਿਸ਼ਵਾਸ ਵਲ। ਸਦੀਆਂ ਤਕ ਸੰਸਾਰ ਵਿਚ ਭਗਤੀ ਮਾਰਗ ਦਾ ਬੋਲਬਾਲਾ ਰਿਹਾ ਤੇ ਗਿਆਨ ਮਾਰਗ ਅਣਗੌਲਿਆ ਰਿਹਾ। ਮੱਧ-ਕਾਲੀ ਯੂਰਪ ਵਿਚ ਬੌਧਿਕਤਾ ਲਹਿਰ ਨਾਲ ਪਹਿਲੀ ਵਾਰ ਵਿਦਵਾਨਾਂ ਨੇ ਧਰਤੀ ਵਲ ਮੂੰਹ ਕੀਤਾ ਤੇ ਸੰਸਾਰੀ ਮਸਲੇ ਸੰਸਾਰੀ ਹਵਾਲੇ ਨਾਲ ਸਮਝਣ 'ਤੇ ਜੋਰ ਦਿਤਾ। ਇਸ ਨਾਲ ਧਰਮ-ਆਧਾਰਤ ਅੰਧ-ਵਿਸ਼ਵਾਸ ਨੂੰ ਚੋਟ ਵੱਜੀ ਤੇ ਗਿਆਨ ਦੀ ਤਰੱਕੀ ਦਾ ਰਾਹ ਖੁਲ੍ਹਿਆ। ਗਿਆਨ ਦੇ ਰਸਤੇ ਵਿਗਿਆਨ ਆਇਆ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਤੇ ਵਿਗਿਆਨ ਨਾਲ ਮਨੁੱਖਤਾ ਦਾ ਸਮੁੱਚਾ ਸੰਸਾਰਕ ਦ੍ਰਿਸ਼ਟੀਕੋਣ ਬਦਲਿਆ।

ਜੋ ਬਦਲਾਓ ਯੂਰਪ ਵਿਚ 15ਵੀਂ-16ਵੀਂ ਸਦੀ ਵਿਚ ਆਇਆ, ਉਹ ਗੁਰੂ ਨਾਨਕ ਨੇ ਭਾਰਤ ਵਿਚ ਇੱਥੋਂ ਦੀ ਸਮਾਜਿਕ ਹਾਲਤ ਅਨੁਸਾਰ 4-5 ਸਦੀਆਂ ਪਹਿਲਾਂ ਹੀ ਅਰੰਭ ਦਿੱਤਾ ਸੀ। ਉਨ੍ਹਾਂ ਦੇ ਯੂਰਪੀ ਸਮਕਾਲੀ ਹਾਲੇ ਧਰਮ-ਵਿਰੋਧੀ ਮਤੇ ਹੀ ਪਕਾ ਰਹੇ ਸਨ ਕਿ ਗੁਰੂ ਸਾਹਿਬ ਨੇ ਘੜਿਆ ਘੜਾਇਆ ਵਿਗਿਆਨਕ ਸਿਧਾਂਤ ਵਿਸ਼ਵ ਅੱਗੇ ਰਖ ਦਿੱਤਾ। ਉਨ੍ਹਾਂ ਨੇ ਬੜੇ ਦ੍ਰਿੜ ਸ਼ਬਦਾਂ ਵਿਚ ਵਿਸ਼ਵਾਸ ਤੇ ਭਗਤੀ ਦਾ ਰਾਹ ਨਕਾਰ ਕੇ ਗਿਆਨ ਦੇ ਰਸਤੇ 'ਤੇ ਚਲਣ ਦਾ ਉਪਦੇਸ਼ ਦਿਤਾ। ਜਦੋਂ ਭਾਰਤ ਸਮੇਤ ਸਾਰੇ ਏਸ਼ੀਆ ਮਹਾਂਦੀਪ ਵਿਚ ਅੰਧ-ਵਿਸ਼ਵਾਸੀ ਸੋਚ ਭਾਰੂ ਸੀ, ਉਨ੍ਹਾਂ ਨੇ ਬ੍ਰਹਿਮੰਡ ਦਰਸ਼ਨ ਨੂੰ ਮਨੁੱਖੀ ਅਨੁਭਵ ਤੇ ਵਿਵੇਕ ਅਨੁਸਾਰ ਵਾਚਣ ਦੀ ਗੱਲ ਆਖੀ। ਸਮੇਂ ਤੋਂ ਪਹਿਲਾਂ ਆਏ ਉਨ੍ਹਾਂ ਦੇ ਵਿਚਾਰ ਉਸ ਵੇਲੇ ਕਿਸੇ ਦੀ ਸਮਝ ਵਿਚ ਨਾ ਆਏ। ਸੋ, ਲੋਕਾਂ ਨੇ ਉਨ੍ਹਾਂ ਨੂੰ ਦੂਜਿਆਂ ਵਰਗਾ ਹੀ ਸ਼ਰਧਾਲੂ ਜਾਣ ਕੇ ਭਗਤੀ ਮਾਰਗ ਨਾਲ ਜੋੜ ਲਿਆ। ਅਚੰਭੇ ਦੀ ਗੱਲ ਇਹ ਹੈ ਕਿ ਕਿਸੇ ਨੇ ਵੀ ਉਨ੍ਹਾਂ ਦੀ ਬਾਣੀ ਨੂੰ ਦਿਲ ਲਾ ਕੇ ਨਾ ਪੜ੍ਹਿਆ ਤੇ ਸਾਰੇ ਹੀ ਹਾਲੇ ਤੀਕ ਉਨ੍ਹਾਂ ਨੂੰ ਪੂਜਾ-ਪਾਠ ਪਰੰਪਰਾ ਦਾ ਥੰਮ ਮੰਨਦੇ ਆ ਰਹੇ ਹਨ!

ਪਰ ਇਹ ਭਰਮ ਬਾਬੇ ਨਾਨਕ ਦੀ ਬਾਣੀ ਦੇ ਭਾਵਪੂਰਣ ਬੋਧ ਨਾਲ ਅਲੋਪ ਹੋ ਜਾਵੇਗਾ। ਇਸ ਦੇ ਨਾਲ ਹੀ ਭਗਤੀ ਮਾਰਗ ਤੇ ਗਿਆਨ ਮਾਰਗ ਦਾ ਦਵੰਦ ਵੀ ਸਾਫ ਹੋ ਜਾਵੇਗਾ ਜੋ ਭਾਰਤੀ ਸਮਾਜ ਨੂੰ ਸਦੀਆਂ ਤੋਂ ਦਿਸ਼ਾਹੀਣ ਕਰਦਾ ਆ ਰਿਹਾ ਹੈ। ਉਨ੍ਹਾਂ ਦੀ ਬਾਣੀ ਸਮਝਣ ਨਾਲ ਹੀ ਉਨ੍ਹਾਂ ਦਾ 'ਰੱਬ' ਜਾਂ 'ਪਰਮਾਤਮਾ' ਦਾ ਅਸਲ ਸੰਕਲਪ ਸਾਹਮਣੇ ਆਵੇਗਾ ਜਿਸ ਤੋਂ ਉਨ੍ਹਾਂ ਦੇ ਸਿੱਖ ਸਹੀ ਸੇਧ ਲੈ ਸਕਣਗੇ। ਉਨ੍ਹਾਂ ਦੀ ਬਾਣੀ ਦੇ ਸਾਪੇਖ ਗਿਆਨ ਨਾਲ ਹੀ ਦਰਸ਼ਨ ਸ਼ਾਸਤਰ ਤੇ ਵਿਗਿਆਨ ਦੇ ਖੇਤਰ ਵਿਚ ਉਨ੍ਹਾਂ ਦੀ ਉਸ ਅਦੁੱਤੀ ਪ੍ਰਤਿਭਾ ਦਾ ਨਿੱਖਰ ਕੇ ਪਤਾ ਚਲੇਗਾ ਜੋ ਸਿੱਖ ਵਿਦਵਾਨਾਂ ਦੇ ਅਵੇਸਲੇਪਣ ਕਾਰਣ ਅੱਜ ਤਕ ਪ੍ਰਕਾਸ਼ ਵਿਚ ਨਹੀਂ ਆਈ।

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਦੀ ਸਮੁੱਚੀ ਬਾਣੀ ਦਾ ਪ੍ਰਮੁੱਖ ਅੰਗ ਹੈ। ਸਾਢੇ ਸੱਤ ਪੰਨਿਆਂ ਦੀ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਦਰਜ ਹੈ। ਇਸ ਨੂੰ ਅਕਸਰ ਗੁਰੂ ਗ੍ਰੰਥ ਸਾਹਿਬ ਦੀ 'ਕੁੰਜੀ' ਕਿਹਾ ਜਾਂਦਾ ਹੈ। ਇਸ ਵਿਚ ਗੁਰੂ ਜੀ ਨੇ ਨਿਰੋਲ 'ਸਿੱਖ' ਫਿਲਾਸਫੀ ਦੀ ਗੱਲ ਕੀਤੀ ਹੈ ਜੋ ਹਿੰਦੂ ਮੱਤ ਤੇ ਇਸਲਾਮ ਤੋਂ ਵੱਖਰੀ ਹੈ ਅਤੇ ਸਿੱਖੀ ਨੂੰ ਦੂਜੇ ਸਭ ਧਾਰਮਿਕ ਫਲਸਫਿਆਂ ਤੋਂ ਨਿਖੇੜਦੀ ਹੈ। ਜੋ ਵਿਦਵਾਨ ਅੱਡੀ ਚੋਟੀ ਦਾ ਜੋਰ ਲਾ ਕੇ ਸਦੀਆਂ ਤੋਂ ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖ ਸਿਧਾਂਤ ਹਿੰਦੂਵਾਦ ਤੋਂ ਵਖਰਾ ਹੈ, ਉਨ੍ਹਾਂ ਦਾ ਮੰਤਵ ਬਿਨਾ ਕਿਸੇ ਮਿਹਨਤ ਦੇ ਹੀ ਹੱਲ ਹੋ ਸਕਦਾ ਸੀ ਜੇ ਉਹ ਇਸ ਬਾਣੀ ਨੂੰ ਧਿਆਨ ਨਾਲ ਪੜ੍ਹ ਲੈਂਦੇ।

ਗੁਰੂ ਜੀ ਨੇ ਜਪੁਜੀ ਸਾਹਿਬ ਵਿਚ ਸ੍ਰਿਸ਼ਟੀ ਦੇ ਸਿਰਜਣਹਾਰ ਦੀ ਪੁਨਰ-ਭਾਲ 'ਤੇ ਜੋਰ ਦਿਤਾ ਹੈ ਤੇ ਇਸ ਕਾਰਜ ਲਈ ਇਕ ਵੱਖਰਾ ਰਸਤਾ ਦੱਸਿਆ ਹੈ। ਉਨ੍ਹਾਂ ਦੀ ਦੱਸੀ ਵਿਧੀ ਵਿਗਿਆਨਕ ਹੋਣ ਕਰਕੇ ਦੂਜੇ ਸਭ ਧਰਮਾਂ ਦੀਆਂ ਆਦਰਸ਼ਵਾਦੀ ਸਿੱਖਿਆਵਾਂ ਤੋਂ ਪੂਰੀ ਤਰ੍ਹਾਂ ਉਲਟ ਹੈ। ਸ੍ਰਿਸ਼ਟੀ ਦੀ ਰਚਨਾ ਦੇ ਰਹੱਸ ਨੂੰ ਇਕ ਵਿਡੰਬਨਾ ਭਰਪੂਰ ਬੁਝਾਰਤ ਸਮਝਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਇਸ ਬਾਰੇ ਸਭ ਲੋਕ ਮਨ ਆਈਆਂ ਉਕਤੀਆਂ ਪੇਸ਼ ਕਰਦੇ ਹਨ ਪਰ ਸੱਚੀ ਜਾਣਕਾਰੀ ਕਿਸੇ ਕੋਲ ਨਹੀਂ। ਘੋਖ ਵਿਚਾਰ ਉਪਰੰਤ ਪੱਕੇ ਪ੍ਰਮਾਣ ਪ੍ਰਾਪਤ ਕੀਤੇ ਬਿਨਾ ਕੋਈ ਗੱਲ ਕਹਿਣਾ-ਮੰਨਣਾ ਠੀਕ ਨਹੀਂ। ਸੱਚ ਦੇ ਹਜਾਰਾਂ ਬਾਹਰੀ ਰੂਪ ਹਨ ਪਰ ਇਸ ਦਾ ਅੰਦਰੂਨੀ ਰੂਪ ਇਕ ਹੀ ਹੈ। ਸੋ, ਸੱਚ ਦੀ ਸੱਚੀ ਵਿਆਖਿਆ ਵੀ ਇਕ ਹੀ ਹੋ ਸਕਦੀ ਹੈ। ਇਹ ਇਵੇਂ ਹੈ ਜਿਵੇਂ ਦੋ ਤੇ ਦੋ ਦਾ ਸੱਚ ਇਕੋ ਹੈ ਤੇ ਇਹ ਸੱਚ ਚਾਰ ਹੈ। ਸ੍ਰਿਸ਼ਟੀ ਦਾ ਅਜਿਹਾ ਸੱਚ ਤਦੇ ਪਾਇਆ ਜਾ ਸਕਦਾ ਹੈ ਜੇ ਇਸ ਨੂੰ ਇਸੇ ਤਰ੍ਹਾਂ ਦੀ ਗਣਿਤ-ਵਿਧੀ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇ। ਮੂਲ ਸੱਚ ਦਾ ਓਹੀ ਸੰਕਲਪ ਸਹੀ ਹੈ ਜੋ ਤਰਕ-ਵਿਹਾਰ ਦੀ ਕਸੌਟੀ 'ਤੇ ਪੂਰਾ ਉਤਰੇ।

ਸ੍ਰਿਸ਼ਟੀ ਦੀ ਰਚਨਾ ਤੇ ਸੰਚਾਲਨ ਬਾਰੇ ਹੁਣ ਤਕ ਦੇ ਸਭ ਵਿਚਾਰ ਅਜਿਹੇ ਸਹੀ ਸੰਕਲਪ ਤੋਂ ਹਟ ਕੇ ਹਨ। ਇਸ ਲਈ ਉਹ ਕੂੜੇ ਹਨ। ਇਨ੍ਹਾਂ ਦੇ ਰਹਿੰਦਿਆਂ ਸਹੀ ਸੰਕਲਪ ਬਣ ਭੀ ਨਹੀਂ ਸਕਦੇ। ਕਾਰਨ ਇਹ ਕਿ ਸਭ ਵਿਦਵਾਨ ਤੇ ਗਿਆਨੀ ਅਸਲੀਅਤ ਨਾਲੋਂ ਟੁੱਟੀਆਂ ਮਾਨਤਾਵਾਂ ਦਾ ਹਵਾਲਾ ਦੇਣ ਲਈ ਮਜਬੂਰ ਹੁੰਦੇ ਹਨ। ਲੱਖ ਯਤਨ ਕਰਨ 'ਤੇ ਵੀ ਉਹ ਕੂੜੇ ਵਿਚਾਰਾਂ ਤੇ ਧਾਰਨਾਵਾਂ ਤੋਂ ਬਚ ਨਹੀਂ ਸਕਦੇ। ਸੱਚ ਦੇ ਜਗਿਆਸੂ ਸੱਚਾਈ ਦੀ ਨਿਰਪੱਖ ਖੋਜ ਤਦ ਹੀ ਕਰ ਸਕਦੇ ਹਨ ਜੇ ਉਹ ਅਗਿਆਨ ਦੀ ਇਸ ਦੀਵਾਰ ਨੂੰ ਤਰਕ ਦੇ ਹਥੌੜਿਆਂ ਨਾਲ ਤੋੜ ਦੇਣ।

ਜਿਵੇਂ ਸੱਚ ਇਕ ਹੈ ਓਵੇਂ ਹੀ ਇਸ ਦੀ ਜੜ੍ਹ ਤਕ ਪਹੁੰਚਣ ਦਾ ਸਹੀ ਰਸਤਾ ਵੀ ਇਕ ਹੈ। ਇਹ ਰਸਤਾ ਵਿਵੇਕ ਦਾ ਹੈ, ਤਰਕ ਦਾ ਹੈ, ਸਾਧਾਰਣ ਸੋਝੀ ਦਾ ਹੈ ਤੇ ਨਿਰਪੇਖ ਘੋਖੀ ਨਜ਼ਰ (ਨਦਰ) ਦਾ ਹੈ। ਇਹ ਮਾਰਗ ਤੱਥਾਂ ਦੇ ਹਿਸਾਬੀ ਕਿਤਾਬੀ ਮੁਲਾਂਕਣ ਦਾ ਹੈ ਤੇ ਸੰਤੁਲਿਤ ਬੌਧਿਕ ਵਿਸ਼ਲੇਸ਼ਣ (ਮੰਨੇ) ਦਾ ਹੈ। ਇਹ ਰਾਹ ਚੰਗੀ ਤਰ੍ਹਾਂ ਪਰਖੇ ਵਿਚਾਰਾਂ ਤੇ ਧਾਰਨਾਵਾਂ ਦੇ ਆਧਾਰ 'ਤੇ ਸਹੀ ਸੇਧ ਉਲੀਕਣ ਦਾ ਹੈ। ਇਸ ਵਿਚ ਕਿਸੇ ਦੀ ਨਿਜੀ ਧਾਰਣਾ, ਵਿਸ਼ਵਾਸ ਜਾਂ ਆਪ-ਮੁਹਾਰੀ (ਹਉਮੈ ਭਰਪੂਰ) ਕਥਨਕਾਰੀ ਦੀ ਕੋਈ ਥਾਂ ਨਹੀਂ। ਇਹ ਉਸੇ ਤਰ੍ਹਾਂ ਹੈ, ਜਿਵੇਂ ਸਮਝਦਾਰੀ ਨਾਲ ਹੱਲ ਕੀਤੇ ਗਣਿਤ ਦੇ ਕਿਸੇ ਪ੍ਰਸ਼ਨ ਦਾ ਸਹੀ ਉਤਰ ਇਕੋ ਹੀ ਹੁੰਦਾ ਹੈ ਭਾਵੇਂ ਉਸ ਨੂੰ ਹੱਲ ਕਰਨ ਵਾਲੇ ਕਿੰਨੇ ਵੀ ਕਿਉਂ ਨਾ ਹੋਣ। ਕਿਸੇ ਵੀ ਗਲਤ ਉਤਰ ਦੀ ਪੜਤਾਲ ਕਰਕੇ ਲੱਭਿਆ ਜਾ ਸਕਦਾ ਹੈ ਕਿ ਹੱਲ ਕਰਨ ਵਾਲਾ ਕਿੱਥੋਂ ਵਿਧੀ-ਭ੍ਰਸ਼ਟ ਹੋਇਆ ਸੀ। ਇੰਜ ਵਿਵੇਕਸ਼ੀਲ ਰਸਤੇ 'ਤੇ ਚਲਦਿਆਂ ਦੋਸ਼ ਪੂਰਣ ਗੱਲਾਂ ਤਰਕ ਦੀ ਆਂਚ ਨਾਲ ਭਸਮ ਹੋ ਜਾਂਦੀਆਂ ਹਨ ਤੇ ਸੱਚ ਦੀ ਸਾਖ ਬਣੀ ਰਹਿੰਦੀ ਹੈ।

ਅੰਤਮ ਸੱਚ ਦੀ ਖੋਜ ਲਈ ਗੁਰੂ ਜੀ ਨੇ ਵਿਵੇਕ, ਤਰਕ ਤੇ ਗਣਿਤ ਪਰਪੱਕਤਾ ਵਾਲੀ ਜੋ ਵਿਧੀ ਅਪਨਾਉਣ 'ਤੇ ਜੋਰ ਦਿਤਾ, ਉਸ ਨੂੰ ਅੱਜ ਕੱਲ ਵਿਗਿਆਨਕ ਵਿਧੀ ਆਖਦੇ ਹਨ। ਅਜੋਕੇ ਸਮੇਂ ਵਿਚ ਇਹ ਵਿਧੀ ਸਾਇੰਸ ਤੇ ਮੈਡੀਸਨ ਸਣੇ ਖੋਜ ਦੇ ਹਰ ਖੇਤਰ, ਇਥੋਂ ਤਕ ਕਿ ਦਫਤਰਾਂ ਤੇ ਅਦਾਲਤਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਅਪਨਾਈ ਜਾਂਦੀ ਹੈ। ਗੁਰੂ ਜੀ ਨੇ ਅਜਿਹਾ ਇਸ ਲਈ ਕਿਹਾ ਕਿ ਜਣਾ ਖਣਾ ਆਪਣੀਆਂ ਕੱਚ-ਘਰੜ ਧਾਰਨਾਵਾਂ ਰਾਹੀਂ ਇਸ ਕੇਂਦਰੀ ਪ੍ਰਸ਼ਨ ਦੇ ਉਤਰ ਵਿਚ ਅਸੱਤ ਦੀ ਮਿਲਾਵਟ ਨਾ ਕਰ ਸਕੇ। ਗੁਰੂ ਜੀ ਨਹੀਂ ਸਨ ਚਾਹੁੰਦੇ ਕਿ ਮਨੁੱਖੀ ਹੋਂਦ ਨਾਲ ਜੁੜੇ ਇਸ ਧੁਰ ਦੇ ਪ੍ਰਸ਼ਨ ਬਾਰੇ ਖੋਜ ਕੁਰਾਹੇ ਪਵੇ ਤੇ ਸੱਚ ਪ੍ਰਗਟ ਹੋਣੋਂ ਰਹਿ ਜਾਵੇ।

ਗੁਰੂ ਸਾਹਿਬ ਨੇ ਆਪਣੇ ਪਰਖ-ਪੜਤਾਲੀ ਢੰਗ ਨਾਲ ਜਾਂਚ ਲਿਆ ਸੀ ਕਿ ਚੁਫੇਰੇ ਚਲ ਰਹੀਆਂ ਧਾਰਮਿਕ ਵਿਚਾਰਧਾਰਾਵਾਂ ਬੇ-ਬੁਨਿਆਦ ਹਨ। ਇਹ ਕਿਸੇ ਤਰਕ 'ਤੇ ਪੂਰੀਆਂ ਨਹੀਂ ਉਤਰਦੀਆਂ। ਇਸ ਲਈ ਸੱਚ ਦੀ ਪੜਤਾਲ ਨਵੇਂ ਸਿਰਿਓਂ ਸ਼ੁਰੂ ਕਰਨ ਦੀ ਲੋੜ ਹੈ। ਉਨ੍ਹਾਂ ਇਹ ਵੀ ਭਾਂਪ ਲਿਆ ਕਿ ਨਵੀਂ ਪੜਤਾਲ ਲਈ ਪੁਰਾਣੇ ਢੰਗ-ਤਰੀਕੇ ਤੇ ਪੈਂਤੜੇ (ਗੁਰ) ਜਿਵੇਂ ਸਾਧਨਾ-ਸਮਾਧੀ, ਅੰਤਰ-ਸੁਰਤੀ, ਸੋਚ-ਧਿਆਨ, ਯੋਗ-ਅਭਿਆਸ, ਮੋਨ-ਤਪਸਿਆ, ਮੰਤਰ-ਜਾਪ, ਪੂਜਾ-ਪਾਠ, ਨਿੱਤ-ਨੇਮ, ਨਿਰੰਤਰ-ਪਾਠ, ਰਿਧੀਆਂ-ਸਿਧੀਆਂ, ਜੰਤਰ-ਤੰਤਰ, ਸੰਨਿਆਸ-ਵਾਸ ਸਭ ਬੇਕਾਰ ਹਨ। ਇਨ੍ਹਾਂ ਦੀ ਵਰਤੋਂ ਨਾਲ ਨਿਕਲਦੇ ਸਿੱਟੇ ਬੇਅਰਥ ਹਨ। ਇਸ ਲਈ ਉਨ੍ਹਾਂ ਨੇ ਆਮ ਸਮਝ ਤੇ ਤਰਕ ਦੀ ਵਰਤੋਂ ਰਾਹੀਂ ਕੁਦਰਤ ਦੀ ਦਿਸਦੀ ਤੇ ਅਣਦਿਸਦੀ ਹਰ ਗੱਲ ਨੂੰ ਤਜਰਬੇ ਰਾਹੀਂ ਪਰਖ ਕੇ ਸਵੀਕਾਰ ਕਰਨ ਦਾ ਰਾਹ ਦੱਸਿਆ। ਨਿਰਪੱਖ ਨੀਝ (unbiased observation), ਬੇਲਾਗ ਸਰਵੇਖਣ (objective outlook), ਹਾਂ-ਪੱਖੀ ਸੋਚ, ਯਥਾਰਥਕ ਪਰਿਪੇਖ, ਵਿਵੇਕਸ਼ੀਲ ਪਰਖ, ਗਣਿਤ-ਮਹੀਨਤਾ, ਤਾਰਕਿਕ ਪਹੁੰਚ, ਸਮੀਖਿਆਤਮਕ ਵਿਸ਼ਲੇਸ਼ਣ ਤੇ ਪ੍ਰਮਾਣਿਕ ਨਿਸ਼ਕਰਸ਼ (verifiable conclusions) ਆਦਿ ਉਨ੍ਹਾਂ ਦੇ ਇਸ ਰਾਹ ਦੇ ਮੁੱਖ ਪਹਿਲੂ ਸਨ।

ਸੰਖੇਪ ਵਿਚ ਉਨ੍ਹਾਂ ਦੇ ਰਾਹ ਦੀ ਮੁੱਖ ਟੇਕ ਅਨੁਭਵ ਅਤੇ ਬੌਧਿਕਤਾ ਦੀ ਮੇਲਵੀਂ ਵਰਤੋਂ ਉਤੇ ਸੀ। ਇਨ੍ਹਾਂ ਦੋਹਾਂ ਦੇ ਸੁਮੇਲ ਤੋਂ ਪ੍ਰਾਪਤ ਸਵੈ-ਸਿਖਿਆ ਰਾਹੀਂ ਪ੍ਰਕ੍ਰਿਤੀ ਤੇ ਜੀਵਨ ਦੇ ਮਸਲਿਆਂ ਦਾ ਰਾਹ ਲੱਭਣਾ ਹੀ ਉਨ੍ਹਾਂ ਦਾ 'ਸਿੱਖੀ' ਸਿਧਾਂਤ ਸੀ। ਇਸ ਨਿਵੇਕਲੇ ਰਾਹ ਨੂੰ ਉਹ ਆਪਣਾ 'ਗੁਰ' (ਭਾਵ ਢੰਗ) ਕਹਿੰਦੇ ਸਨ। ਉਨ੍ਹੀਂ ਦਿਨੀਂ ਗਣਿਤ ਦੇ ਢੰਗ-ਤਰੀਕਿਆਂ ਤੇ ਫਾਰਮੂਲਿਆਂ ਨੂੰ 'ਗੁਰ' ਕਿਹਾ ਜਾਂਦਾ ਸੀ। ਗੁਰ ਸਮਝਾਉਣ ਵਾਲੇ ਜਾਂ ਰਾਹ ਦੱਸਣ ਵਾਲੇ ਨੂੰ ਗੁਰੂ ਕਹਿੰਦੇ ਸਨ। ਗੁਰੂ ਰਾਹੀਂ ਦੱਸੇ ਪਰਖ-ਪ੍ਰਧਾਨ ਰਾਹ ਭਾਵ ਸਿੱਖੀ ਗੁਰ ਤੇ ਅਮਲ ਕਰਨ ਵਾਲੇ ਨੂੰ ਹੀ 'ਸਿੱਖ' ਦਾ ਨਾਂ ਦਿੱਤਾ ਗਿਆ। ਜੋ ਵਿਅਕਤੀ ਪਰਖ-ਪੜਚੋਲ ਤੇ ਆਮ ਸਮਝ ਦਾ ਸਰਬ-ਪ੍ਰਵਾਣਤ ਰਾਹ ਛੱਡ ਕੇ ਵਹਿਮ




ਭਰਮ ਤੇ ਅੰਧਵਿਸ਼ਵਾਸ ਦੇ ਰਸਤੇ ਚਲਦਾ ਸੀ, ਉਹ ਸਿੱਖ ਨਹੀਂ ਸੀ। ਸਿੱਖੀ ਸਿਧਾਂਤ ਤੋਂ ਮਨ ਮੋੜ ਕੇ ਆਪਣੇ ਨਿਜੀ ਰਾਹ 'ਤੇ ਚੱਲਣ ਵਾਲੇ ਵਿਅਕਤੀ ਨੂੰ ਮਨਮੁੱਖ ਕਿਹਾ ਗਿਆ।

ਗੁਰੂ ਨਾਨਕ ਦਾ ਇਹ ਨਿਵੇਕਲਾ ਰਾਹ ਪੁਰਾਤਨ ਲੀਹ ਤੋਂ ਹਟ ਕੇ ਸੀ। ਰੂੜ੍ਹੀਵਾਦੀ ਵਿਚਾਰਾਂ ਵਾਲੇ ਲੋਕਾਂ ਲਈ ਪੁੱਠੇ-ਪੈਰ ਪਲਟ ਕੇ ਇਸ ਨੂੰ ਸਮਝਣਾ ਜਾਂ ਧਾਰਨ ਕਰਨਾ ਮੁਸ਼ਕਿਲ ਸੀ। ਕੁਰਾਹੇ ਪਈ ਜਨਤਾ ਨੂੰ ਪੁਰਾਣੇ ਤੇ ਨਵੇਂ ਦਾ ਫਰਕ ਸਮਝਾਉਣ ਲਈ ਗੁਰੂ ਜੀ ਨੂੰ ਕਈ ਵਾਰ ਨਾਟਕੀਅਤਾ, ਕਟਾਕਸ਼, ਵਿਅੰਗ ਤੇ ਦ੍ਰਿਸ਼ਟਾਂਤ ਦਾ ਰਾਹ ਅਪਨਾਉਣਾ ਪਿਆ। ਚਾਹੇ ਉਨ੍ਹਾਂ ਦੇ ਆਰਤੀ ਨੂੰ ਆਰਤਾ ਕਹਿਣ ਦੀ ਗੱਲ ਹੋਵੇ, ਚਾਹੇ ਭਾਈ ਲਾਲੋ ਦੇ ਕੋਧਰੇ ਦੇ ਟੁਕੜਿਆਂ ਨੂੰ ਦੁੱਧ ਦੀ ਤਸ਼ਬੀਹ ਦੇਣ ਦੀ ਹੋਵੇ, ਹਰਿਦਵਾਰ ਵਿਚ ਕਰਤਾਰਪੁਰ ਵਲ ਪਾਣੀ ਉਛਾਲ ਕੇ ਸੂਰਜ ਦੀ ਉਪਾਸ਼ਨਾ ਦੇ ਨਿਰਾਰਥਕ ਹੋਣ ਦਾ ਮੁੱਦਾ ਸਮਝਾਉਣ ਦਾ ਕੌਤਕ ਹੋਵੇ, ਵੈਦਿਕ 'ਓਮ' ਦੀ ਥਾਂ ੴ ਲਿਖ ਕੇ ਧਿਆਨ ਦੀ ਸੂਈ ਕਲਪਨਾ ਤੋਂ ਵਿਗਿਆਨ ਵਲ ਘੁਮਾਉਣ ਦਾ ਯਤਨ ਹੋਵੇ ਤੇ ਚਾਹੇ ਕਰਤਾਰ ਦੇ ਕੁਝ ਪ੍ਰਤੱਖ ਗੁਣਾਂ ਨੂੰ ਸੂਤਰਬੱਧ ਕਰ ਕੇ ਇਸ ਇਬਾਰਤ ਨੂੰ ਮੰਤਰ ਵਾਂਗ 'ਜਪਣ' ਲਈ ਕਹਿਣ ਦਾ ਵਿਅੰਗ ਭਰਿਆ ਆਦੇਸ਼ ਹੋਵੇ, ਗੁਰੂ ਜੀ ਨੇ ਹਰ ਸੰਭਵ ਢੰਗ ਨਾਲ ਆਪਣੀ ਰਾਹ ਦਸਾਊ ਗੱਲ ਲੋਕਾਂ ਤਕ ਪਹੁੰਚਾਉਣ ਦਾ ਉਪਰਾਲਾ ਕੀਤਾ।

ਕੌਤਕ ਤੇ ਵਿਅੰਗ ਜਿਹੇ ਕਈ ਪੇਸ਼ਕਾਰੀ ਪੈਂਤੜੇ ਗੁਰੂ ਸਾਹਿਬ ਦੀ ਕਾਵਿਕ ਸ਼ੈਲੀ ਤੇ ਉਪਦੇਸ਼-ਢੰਗ ਦਾ ਅਟੁੱਟ ਅੰਗ ਸਨ। ਇਸ ਲਈ ਉਨ੍ਹਾਂ ਦੀ ਬਾਣੀ ਨੂੰ ਸਮਝਣ ਲਈ ਉਨ੍ਹਾਂ ਦੀ ਰਚਨਾ-ਸ਼ੈਲੀ ਦੇ ਇਸ ਪੱਖ ਨੂੰ ਧਿਆਨ ਵਿਚ ਰੱਖਣ ਦੀ ਭਾਰੀ ਲੋੜ ਹੈ। ਇਸ ਤੋਂ ਬਿਨਾ ਉਨ੍ਹਾਂ ਦੀ ਬਾਣੀ ਦੇ ਅਸਲ ਭਾਵ ਤੇ ਮੰਤਵ ਨੂੰ ਸਮਝਣਾ ਮੁਸ਼ਕਿਲ ਹੈ।

ਜਪੁਜੀ ਸਾਹਿਬ ਦਾ ਮੁੱਢ ੴ ਨਾਲ ਹੁੰਦਾ ਹੈ। ਇਸ ਰਚਨਾ ਦੇ ਸ਼ੁਰੂ ਵਿਚ ਹੀ ਇਹ ਨਿਵੇਕਲਾ ਸੂਤਰ ਲਿਖ ਕੇ ਗੁਰੂ ਜੀ ਨੇ ਕੌਤਕੀ ਢੰਗ ਨਾਲ ਬੌਧਿਕ ਜਗਤ ਵਿਚ ਆਪਣੇ ਖੋਜਮਈ ਉਦੇਸ਼ ਦਾ ਐਲਾਨ ਕਰ ਦਿੱਤਾ। ਉਨ੍ਹਾਂ ਦੱਸ ਦਿੱਤਾ ਕਿ ਉਨ੍ਹਾਂ ਦੀ ਸੋਚ ਦਾ ਰਸਤਾ ਭਿੰਨ ਹੈ। ਉਨ੍ਹਾਂ ਦਾ ਮਨੋਰਥ ਸੱਚ ਦੀ ਖੋਜ ਹੈ। ਪਰ ਸੱਚ ਦੀ ਖੋਜ ਵਿਸ਼ਵਾਸ ਤੇ ਭਗਤੀ ਲਈ ਕਰਨਾ ਨਹੀਂ ਸਗੋਂ ਗਿਆਨ ਲਈ ਕਰਨਾ ਹੈ। ਇਸ ਲਈ ਉਨ੍ਹਾਂ ਦਾ ਦਰਸਾਇਆ ਗਿਆਨ ਮਾਰਗ ਉਨ੍ਹਾਂ ਦੀ ਪਹੁੰਚ ਅਨੁਸਾਰ ਸੱਚ ਭਾਵ ਯਥਾਰਥ ਦੀ ਅਸਲੀਅਤ ਨੂੰ ਜਾਣਨ ਵਾਲਾ ਹੈ। ਇਹ ਰਾਹ ਨਿਰਾਰਥਕ ਮਾਨਤਾਵਾਂ, ਸੋਚਾਂ, ਕਲਪਨਾਵਾਂ, ਆਦਰਸ਼ਾਂ, ਅੰਧਵਿਸ਼ਵਾਸਾਂ, ਪਰੰਪਰਾਵਾਂ ਤੇ ਬੇਬੁਨਿਆਦ ਖਿਆਲ-ਉਡਾਰੀਆਂ ਉਤੇ ਨਿਰਭਰ ਨਹੀਂ ਹੈ। ਸਗੋਂ ਇਹ ਨਿਰੋਲ ਯਥਾਰਥ, ਨਿਰਪੱਖ ਪ੍ਰੇਖਣ, ਹੰਢਾਏ-ਅਨੁਭਵ, ਪ੍ਰਤੱਖ ਪ੍ਰਮਾਣ, ਤਾਰਕਿਕ-ਵਿਵੇਕ ਤੇ ਸਾਧਾਰਣ ਸਮਝ ਉਤੇ ਟਿਕਿਆ ਹੋਇਆ ਹੈ। ਇਸ ਵਿਚ ਗਣਿਤ ਵਾਲਾ ਪਰਪੱਕ ਵਿਧੀ-ਵਿਧਾਨ ਤੇ ਵਿਗਿਆਨ ਵਾਲੀ ਕਸਵੀਂ ਪਰਖ-ਪੜਚੋਲ ਹੈ। ਇਹ ਮਾਰਗ 'ਕਚ ਪਕਾਈ ਓਥੈ ਪਾਇ' ਅਨੁਸਾਰ ਪਲ ਭਰ ਵਿਚ ਸੱਚ ਤੇ ਝੂਠ ਦਾ ਨਿਪਟਾਰਾ ਕਰਨ ਵਾਲਾ ਹੈ। ਉਨ੍ਹਾਂ ਨੇ ਕਾਲਪਨਿਕ 'ਓਮ' ਦੀ ਥਾਂ ਗਣਿਤੀ-ਸੂਤਰ 'ੴ' ਲਿਖ ਕੇ ਆਪਣੇ ਇਸ ਅਨੁਭਵੀ ਇਰਾਦੇ ਨੂੰ ਭਲੀ ਭਾਂਤ ਉਜਾਗਰ ਕੀਤਾ ਹੈ।

ੴ ਨੂੰ ਸੂਤਰ (Formulae) ਭਾਵ ਸੰਕੇਤ-ਸੰਗ੍ਰਹਿ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਕੋਈ ਵਿਆਕਰਨਕ ਸ਼ਬਦ ਨਹੀਂ ਹੈ। ਇਹ ਕੋਈ ਨਿਰੋਲ ਅੰਕ ਵੀ ਨਹੀਂ ਹੈ ਤੇ ਨਾ ਕੋਈ ਇਕ ਨਿਰੋਲ ਸੰਕੇਤ। ਇਸ ਕਰਕੇ ਇਸ ਦਾ ਕੋਈ ਵਿਆਕਰਨਕ ਉਚਾਰਣ ਵੀ ਨਹੀਂ ਹੋ ਸਕਦਾ। ਵੇਖਣ ਨੂੰ ਇਸ ਦੇ ਅੰਗਾਂ ਵਿਚ ਨਿਰੋਲ ਭਿੰਨਤਾ ਹੈ ਜੋ ਇਨ੍ਹਾਂ ਦੇ ਇਕ ਥਾਂ ਸੂਤਰਬੱਧ ਕਰਨ ਦੇ ਕਾਰਨ ਵਲ ਕੋਈ ਇਸ਼ਾਰਾ ਨਹੀਂ ਕਰਦੀ। ਫਿਰ ਵੀ ਇਸ ਦੇ ਤਿੰਨੇ ਤੱਤ ਭਾਵ ੧, ਓ ਤੇ ਕਾਰ ਵਿਚਕਾਰ ਕੋਈ ਨਾ ਕੋਈ ਸਾਂਝ-ਸਮਾਨਤਾ ਤਾਂ ਜਰੂਰ ਹੋਵੇਗੀ ਜਿਸ ਕਾਰਨ ਗੁਰੂ ਜੀ ਨੇ ਇਨ੍ਹਾਂ ਤਿੰਨਾਂ ਨੂੰ ਭਾਵਪੂਰਤ ਢੰਗ ਨਾਲ ਇਕ ਥਾਂ ਨੱਥੀ ਕੀਤਾ ਹੈ। ਭਾਵੇਂ ਇਨ੍ਹਾਂ ਤਿੰਨਾਂ ਵਿਚਾਲੇ ਨਾ ਇਕ ਲਿਪੀ ਦੇ ਅੱਖਰਾਂ ਵਾਲੀ ਸਾਂਝ ਹੈ ਤੇ ਨਾ ਹੀ ਅੰਕਮਾਲਾ ਦੇ ਅੰਕਾਂ ਜਿਹੀ ਨੇੜਤਾ, ਪਰ ਗਹੁ ਨਾਲ ਵੇਖਣ ਤੋਂ ਇਨ੍ਹਾਂ ਵਿਚ ਇਕ ਉਚੇਰੇ ਰਿਸ਼ਤੇ ਦਾ ਪਤਾ ਚਲਦਾ ਹੈ, ਉਹ ਰਿਸ਼ਤਾ ਹੈ ਕਿ ਇਹ ਤਿੰਨੇ ਹੀ ਗਣਿਤ ਵਿਗਿਆਨ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚ ਇਕ ਦਾ ਅੰਕ (੧) ਅੰਕ-ਗਣਿਤ ਦੀ ਪ੍ਰਤੀਨਿਧਤਾ ਕਰਦਾ ਹੈ, ਊੜਾ ਅੱਖਰ (ਓ) ਬੀਜ-ਗਣਿਤ ਭਾਵ ਅਲਜਬਰੇ ਦੀ ਅਤੇ ਕਾਰ ਰੇਖਾ ਗਣਿਤ ਭਾਵ ਜੁਮੈਟਰੀ ਦੀ ਤਰਜਮਾਨੀ ਕਰਦਾ ਹੈ। ਮੱਧ ਕਾਲ ਤਕ ਇਹ ਤਿੰਨੇ ਹੀ ਵਿਸ਼ੇ ਗਣਿਤ ਵਿਗਿਆਨ ਦੇ ਪ੍ਰਮੁੱਖ ਅੰਗ ਸਨ। ਗੁਰੂ ਨਾਨਕ ਨੇ ਆਪਣੇ ਇਸ ਕੌਤਕੀ ਸੂਤਰ ਰਾਹੀਂ ਗਣਿਤ ਦੇ ਇਨ੍ਹਾਂ ਤਿੰਨਾਂ ਅੰਗਾਂ ਨੂੰ ਸੰਕੇਤਕ ਪ੍ਰਤੀਨਿਧਤਾ ਦੇ ਕੇ ਸਿੱਖੀ ਸਿਧਾਂਤ ਨੂੰ ਵਿਗਿਆਨਕ ਨੀਹਾਂ 'ਤੇ ਖੜ੍ਹਾਇਆ ਹੈ।

ਕਈ ਵਿਦਵਾਨ ੴ ਨੂੰ ਗੁਰੂ ਨਾਨਕ ਦਾ ਦੈਵੀ ਦ੍ਰਿਸ਼ਟੀ ਵਾਲਾ ਰੱਬੀ ਸੰਕੇਤ ਮੰਨਦੇ ਹਨ ਜੋ ਹਿੰਦੂ ਮੱਤ ਦੇ ਓਮ ਤੇ ਇਸਲਾਮ ਮੱਤ ਦੇ ਇਕ ਅੱਲ੍ਹਾ ਦੇ ਸੰਕੇਤ ਦਾ ਮਿਲਗੋਭਾ ਹੈ। ਉਨ੍ਹਾਂ ਅਨੁਸਾਰ ਗੁਰੂ ਜੀ ਨੇ ਇਹ ਸੂਤਰ ਸਭ ਧਰਮਾਂ ਦੇ ਇਲਾਹੀ ਨੂਰ ਨੂੰ ਇਕੱਠਾ ਕਰਕੇ ਇਕ ਰੱਬ, ਵਾਹਿਗੁਰੂ, ਪਰਮਾਤਮਾ ਜਾਂ ਅਕਾਲ ਪੁਰਖ ਦੇ ਸੰਕੇਤ ਵਜੋਂ ਵਰਤਿਆ ਹੈ, ਪਰ ਇਨ੍ਹਾਂ ਵਿਦਵਾਨਾਂ ਉਤੇ ਗੁਰੂ ਸਾਹਿਬ ਦੀ ਸਿੱਖਿਆ ਦਾ ਕੋਈ ਅਸਰ ਨਹੀਂ ਹੋਇਆ ਲਗਦਾ। ਉਹ ਗੁਰੂ ਜੀ ਦੇ ਕੌਤਕੀ ਪੈਂਤੜਿਆਂ ਵਾਲੀ ਸ਼ੈਲੀ ਨੂੰ ਸਮਝਣ ਤੋਂ ਅਸਮਰੱਥ ਹਨ। ਉਹ ਸਾਧਾਰਣ ਸਮਝ ਦੀ ਇੰਨੀ ਗੱਲ ਵੀ ਨਹੀਂ ਸੋਚ ਸਕਦੇ ਕਿ ਗੁਰੂ ਜੀ ਉਨ੍ਹਾਂ ਹੀ ਪਰੰਪਰਾਗਤ ਵਿਚਾਰਧਾਰਾਵਾਂ ਭਾਵ ਬ੍ਰਾਹਮਣਵਾਦ ਤੇ ਇਸਲਾਮ ਦੀ ਕਾਪੀ ਕਿਵੇਂ ਕਰ ਸਕਦੇ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ 'ਕੂੜ ਦੀ ਪਾਲ' ਆਖਿਆ ਹੈ? ਉਹ ਸ਼ਬਦਾਂ ਦੇ ਧਨੀ ਸਨ, ਜੇ ਉਨ੍ਹਾਂ ਰੱਬ ਹੀ ਕਹਿਣਾ ਸੀ ਤਾਂ ਕੀ ਉਹ ਰੱ+ਬ ਜਾਂ ਇਸ ਦੀ ਥਾਂ ਕੋਈ ਹੋਰ ਮੂੰਹ ਲਗਦਾ ਦੈਵੀ ਭਾਵ ਵਾਲਾ ਸ਼ਬਦ ਨਹੀਂ ਸਨ ਲਿਖ ਸਕਦੇ? ਪਰ ਉਨ੍ਹਾਂ ਇੰਦਾਂ ਨਹੀਂ ਲਿਖਿਆ। ਅਜਿਹਾ ਸ਼ਬਦ ਤਾਂ ਉਨ੍ਹਾਂ ਸਾਰੇ ਜਪੁਜੀ ਵਿਚ ਕਿਤੇ ਨਹੀਂ ਲਿਖਿਆ। ਇਸ ਲਈ ਅਣਉਚਿਤ ਢੰਗ ਨਾਲ ਮਨਮੱਤੇ ਸ਼ਬਦ ਬਦੋ-ਬਦੀ ਗੁਰੂ ਜੀ ਦੇ ਨਾਂ ਨਾਲ ਚਮੇੜ ਕੇ ਬਾਣੀ ਦੀ ਵਿਆਖਿਆ ਕਰਨਾ ਸਹੀ ਰੁਝਾਨ ਨਹੀਂ ਹੈ।

ਅਜਿਹੇ ਦਵੰਧ ਕਾਰਣ ਹੀ, ਇਕ ਪਾਸੇ ਤਾਂ ਇਹ ਵਿਦਵਾਨ ਹੁੱਬ ਕੇ ਮੰਨਦੇ ਹਨ ਕਿ ਗੁਰੂ ਨਾਨਕ ਨੇ ਲੋਕਾਂ ਨੂੰ ਆਪਣਾ ਉਪਦੇਸ਼ ਸਰਲ ਭਾਸ਼ਾ ਵਿਚ ਦਿੱਤਾ ਤਾਂ ਜੋ ਲੋਕ ਉਨ੍ਹਾਂ ਦੇ ਵਿਚਾਰਾਂ ਤੋਂ ਸੌਖੇ ਹੀ ਜਾਣੂ ਹੋ ਜਾਣ, ਪਰ ਦੂਜੇ ਪਾਸੇ ਉਹ ਇਸ ਗੱਲ ਦਾ ਵਾਜਬ ਖੁਲਾਸਾ ਨਹੀਂ ਕਰ ਸਕਦੇ ਕਿ ਉਨ੍ਹਾਂ ਨੇ ਕੋਈ ਦੈਵੀ ਭਾਵ ਦਾ ਸੁਖਾਲਾ ਸ਼ਬਦ ਵਰਤਣ ਦੀ ਥਾਂ ੴ ਦਾ ਅਣਸੁਣਿਆ, ਅਣਕਿਆਸਿਆ ਤੇ ਜਨਤਕ ਸਮਝ ਤੋਂ ਪਰ੍ਹੇ ਦਾ ਅਦਭੁਤ ਸੂਤਰ ਹੀ ਕਿਉਂ ਲਿਖਿਆ? ਲੱਖਾਂ ਵਿਦਵਾਨ ਗੁਰੂ ਸਾਹਿਬ ਦੇ ਜਨਮ ਦਿਹਾੜੇ 'ਤੇ ਉਨ੍ਹਾਂ ਦੇ ਉਪਦੇਸ਼ ਦੀ ਪ੍ਰਸ਼ੰਸਾ ਕਰਦਿਆਂ ਦੱਸਦੇ ਹਨ ਕਿ ਉਨ੍ਹਾਂ ਨੇ ਭੁੱਲੀ-ਭਟਕੀ ਲੋਕਾਈ ਨੂੰ ਸੱਚ ਦਾ ਮਾਰਗ ਦੱਸ ਕੇ ਤਾਰਿਆ। ਲੱਖਾਂ ਹੀ ਹੋਰ ਵਿਦਵਾਨ ਹਰ ਸਾਲ ਭਾਈ ਗੁਰਦਾਸ ਦੀ ਤੁਕ 'ਸਤਿ ਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ' ਦੇ ਹਵਾਲੇ ਨਾਲ ਗੁਰੂ ਸਾਹਿਬ ਦੀਆਂ ਪ੍ਰਾਪਤੀਆਂ ਦਾ ਗੁਣਗਾਨ ਕਰਦੇ ਹਨ, ਪਰ ਉਹ ਕਦੇ ਵੀ ਸੱਚ ਦੇ ਇਸ ਮਾਰਗ ਅਤੇ ਸੰਸਾਰ ਤੋਂ ਧੁੰਦ ਹਟਾਉਣ ਵਾਲੇ ਇਸ ਚਾਨਣ ਬਾਰੇ ਸਹੀ ਸਹੀ ਜਾਣਕਾਰੀ ਕਿਉਂ ਨਹੀਂ ਦਿੰਦੇ?

ਗੁਰੂ ਸਾਹਿਬ ਦੇ ਸੱਚ ਦੇ ਮਾਰਗ 'ਤੇ ਉਹ ਵਿਦਵਾਨ ਵੀ ਚਾਨਣ ਨਹੀਂ ਪਾਉਂਦੇ ਜੋ ਅਖਬਾਰਾਂ-ਰਸਾਲਿਆਂ ਵਿਚ ਲੜੀ-ਦਰ-ਲੜੀ ਉਨ੍ਹਾਂ ਦੀ ਬਾਣੀ ਦੇ ਅਰਥ ਕਰਕੇ ਛਪਵਾਉਂਦੇ ਹਨ। ਅਜਿਹੇ ਵਿਦਵਾਨਾਂ ਦਾ ਵਧੇਰੇ ਜੋਰ ਸਿੱਖੀ ਸ਼ਰਧਾ ਦਰਸਾਉਣ 'ਤੇ ਲੱਗਾ ਹੁੰਦਾ ਹੈ, ਸਿੱਖੀ-ਬੋਧ ਫੈਲਾਉਣ 'ਤੇ ਨਹੀਂ। ਦਰਅਸਲ ਇਨ੍ਹਾਂ ਵਿਦਵਾਨਾਂ ਨੂੰ ਗੁਰੂ ਸਾਹਿਬ ਦੀ ਤਰਕ-ਪ੍ਰਧਾਨ ਤੇ ਵਿਵੇਕਸ਼ੀਲ ਵਿਗਿਆਨਕ ਵਿਧੀ ਦਾ ਪਤਾ ਹੀ ਨਹੀਂ। ਇਹ ਪੂਜਾ ਪਾਠ ਦੇ ਕਰਮ-ਕਾਂਡੀਆਂ ਵਾਂਗ ਗਣਿਤ, ਵਿਗਿਆਨ, ਵਿਵੇਕ ਤੇ ਦਰਸ਼ਨ ਸ਼ਾਸਤਰ ਤੋਂ ਕੋਰੇ ਹਨ। ਇਸ ਲਈ ਇਹ ਗੁਰੂ ਨਾਨਕ ਦੇ ਵਿਚਾਰਾਂ ਦਾ ਸਹੀ ਅਨੁਮਾਨ ਨਹੀਂ ਲਾ ਸਕੇ। ਉਨ੍ਹਾਂ ਦੇ ਸਿਧਾਂਤ ਦੀ ਮੌਲਿਕਤਾ ਨੂੰ ਸਮਝਣ ਦੀ ਥਾਂ ਇਹ ਵਿਦਵਾਨ ਉਨ੍ਹਾਂ ਨੂੰ ਇਕ ਅਜਿਹਾ ਧਰਮ ਗੁਰੂ ਹੀ ਮੰਨਦੇ ਹਨ ਜਿਸ ਨੇ ਪੂਜਾ ਪਾਠ ਤੇ ਨਾਮ ਜਪਣ ਦੀ ਸਿੱਖਿਆ ਦੇ ਕੇ ਹੀ ਸਾਰੇ ਸੰਸਾਰ ਦਾ ਪਾਰ ਉਤਾਰਾ ਕਰ ਦਿਤਾ ਹੋਵੇ। ਆਪਣੀ ਪੇਤਲੀ ਤੇ ਕੁਰਾਹੀ ਪਹੁੰਚ ਕਾਰਨ ਅਜਿਹੇ ਮੋਹਰੀ ਵਿਦਵਾਨ ਗੁਰੂ ਸਾਹਿਬ ਦੀ ਅਸਲ ਸਿੱਖਿਆ ਨੂੰ ਕਦੇ ਵੀ ਚਾਨਣ ਵਿਚ ਨਾ ਲਿਆ ਸਕੇ।

(ਚਲਦਾ)

# ਭਾਸ਼ਣੀ-ਸੁਰ ਤੋਂ ਮੁਕਤ ਹੋਣ ਲਈ ਤਾਂਘਦੀ ਪੰਜਾਬੀ ਕਹਾਣੀ

ਸਾਲ 2017 ਦੀ ਪੰਜਾਬੀ ਕਹਾਣੀ 'ਤੇ ਝਾਤ ਪਾਉਂਦਿਆਂ ਇਕ ਹੈਰਾਨਕੁਨ ਵਿਰੋਧਾਭਾਸ ਨਜ਼ਰ ਆਉਂਦਾ ਹੈ। ਇਕ ਪਾਸੇ ਇਸ ਦਾ ਪਾਠਕ ਵਰਗ ਤੇਜ਼ੀ ਨਾਲ ਸੁੰਗੜ ਰਿਹਾ ਹੈ ਅਤੇ ਦੂਜੇ ਪਾਸੇ ਇਸ ਦੀ ਸਿਰਜਣਾ ਜਾਂ ਇਸ ਨਾਲ ਜੁੜੀਆਂ ਸਰਗਰਮੀਆਂ ਵਿਚ ਤਾਬੜ-ਤੋੜ ਫੈਲਾ ਹੋ ਰਿਹਾ ਹੈ। ਮੁੱਖ ਕਾਰਨ ਇਹ ਹੈ ਕਿ ਪੰਜਾਬੀ ਕਹਾਣੀਕਾਰ ਕਹਾਣੀ-ਕਲਾ ਤੋਂ ਵਿੱਥ ਥਾਪਦਿਆਂ ਭਾਸ਼ਣ-ਕਲਾ ਦੀ ਵਿਧਾ ਵੱਲ ਵਧ ਰਿਹਾ ਹੈ। ਭਾਸ਼ਣਕਾਰੀ ਨੂੰ ਕਲਾ ਦਾ ਦਰਜਾ ਇਨ੍ਹਾਂ ਅਰਥਾਂ ਵਿਚ ਤਾਂ ਜ਼ਰੂਰ ਦਿੱਤਾ ਜਾਂਦਾ ਹੈ ਕਿ ਵਕਤਾ ਆਪਣੇ ਪ੍ਰਵਚਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਲਾਤਮਕ ਭਾਸ਼ਾ ਵਰਤਦਾ ਹੈ ਪਰ ਇਸ ਦੇ ਬਾਵਜੂਦ ਇਹ ਦੋ ਸੁਤੰਤਰ ਵਿਧਾਵਾਂ ਹਨ। ਆਪਸੀ ਨੇੜਤਾ ਕਰਕੇ ਸਾਹਿਤ ਦੇ ਹੋਰਨਾਂ ਰੂਪਾਂ ਵਾਂਗ



ਡਾ. ਬਲਦੇਵ ਸਿੰਘ ਧਾਲੀਵਾਲ
ਫੋਨ: 91-98728-35835

ਕਹਾਣੀ ਵਿਚ ਵੀ ਭਾਸ਼ਣਕਾਰੀ ਦਾ ਤੱਤ ਆ ਜਾਣਾ ਸੁਭਾਵਕ ਹੈ। ਇਹ ਵਰਤੋਂ ਸਮੱਸਿਆਮੂਲਕ ਉਦੋਂ ਬਣਦੀ ਹੈ ਜਦੋਂ ਕਹਾਣੀਕਾਰ ਭਾਸ਼ਣਕਾਰੀ ਨੂੰ ਇਕ ਕਥਾ-ਜੁਗਤ ਵਾਂਗ ਵਰਤਣ ਦੀ ਥਾਂ ਇਸ ਨੂੰ ਕਥਾਕਾਰੀ ਦਾ ਬਦਲ ਬਣਾਉਣ ਦਾ ਹੱਠ ਕਰਨ ਲਗਦਾ ਹੈ। ਪੰਜਾਬੀ ਕਹਾਣੀ ਵਿਚ ਇਹ ਰੁਝਾਨ ਹੁਣ ਚਿੰਤਾ ਦੀ ਹੱਦ ਤੱਕ ਪਹੁੰਚ ਗਿਆ ਹੈ ਜਿਸ ਕਰਕੇ ਕਹਾਣੀ ਦੀ ਕਲਾਤਮਕ ਗੁਣਵੱਤਾ ਤੇਜ਼ੀ ਨਾਲ ਘਟ ਰਹੀ ਹੈ। ਇਸ ਵਰਤਾਰੇ ਤੋਂ ਬੇਖ਼ਬਰ ਕੁਝ ਇਕ ਸਥਾਪਤ ਕਹਾਣੀਕਾਰਾਂ ਅਤੇ ਬਹੁਤੇ ਸਿਖਾਂਦਰੂ ਲੇਖਕਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਰੀਣ-ਮਾਤਰ ਗਲਪੀ ਅੰਸ਼ਾਂ ਵਾਲੀ ਲਿਖਤ ਨੂੰ ਕਹਾਣੀ ਦੇ ਨਾਂ ਨਾਲ ਛਾਪਿਆ ਜਾ ਰਿਹਾ ਹੈ। ਰਿਸਾਲਿਆਂ, ਅਖ਼ਬਾਰਾਂ ਅਤੇ ਇੰਟਰਨੈਟ ਦੇ ਪਸਾਰੇ ਨਾਲ ਕਹਾਣੀ ਦੀ ਵਧ ਰਹੀ ਮੰਗ ਅਤੇ ਗੈਰ-ਮਿਆਰੀ ਪ੍ਰਕਾਸ਼ਕਾਂ ਦੀ ਬੇਧਿਆਨੀ ਜਾਂ ਅਲਪ-ਸੂਝ ਕਾਰਨ ਇਸ ਰੁਝਾਨ ਨੂੰ ਹੋਰ ਵੀ ਹਵਾ ਮਿਲ ਰਹੀ ਹੈ।

ਕਹਾਣੀ-ਰੂਪਾਕਾਰ, ਬਿਰਤਾਂਤ ਦੀ ਉਹ ਵੰਨਗੀ ਹੈ ਜਿਸ ਵਿਚ ਬਿਰਤਾਂਤਕਾਰ ਨੇ ਸਿਰਫ ਤੱਥਗੱਤ ਜਾਣਕਾਰੀ ਹੀ ਨਹੀਂ ਦੇਣੀ ਹੁੰਦੀ ਬਲਕਿ ਜੀਵੰਤ ਗਲਪ-ਬਿੰਬ ਰਾਹੀਂ ਕਿਸੇ ਭਾਵ-ਬੋਧ ਨੂੰ ਪਾਠਕ ਦੀ ਸੰਵੇਦਨਾ ਵਿਚ ਡੂੰਘਾ ਉਕਰਨਾ ਹੁੰਦਾ ਹੈ। ਇਸ ਤਰ੍ਹਾਂ ਹੀ ਪਾਠਕ ਅਹਿਸਾਸ ਦੇ ਪੱਧਰ 'ਤੇ ਪਾਤਰਾਂ ਦੇ ਦੁੱਖ-ਸੁਖ ਨਾਲ ਜੁੜਦਾ ਹੈ। ਅਜਿਹੇ ਜੀਵੰਤ ਸਰੂਪ ਵਾਲੀ ਕਹਾਣੀ ਜਾਂ ਬਿਰਤਾਂਤ ਨੂੰ ਅਜੋਕੇ ਮਸਨੂਈ ਸੱਚ ਦੇ ਯੁਗ ਵਿਚ ਸਭ ਤੋਂ




ਸ਼ਕਤੀਸ਼ਾਲੀ ਹਥਿਆਰ ਸਮਝਿਆ ਜਾਂਦਾ ਹੈ ਜੋ ਦੇਸ਼ਾਂ-ਕੌਮਾਂ ਦੀ ਹੋਣੀ ਬਦਲਣ ਦੀ ਤਾਕਤ ਰਖਦਾ ਹੈ। ਪਰ ਇਸ ਬੋਧ ਤੋਂ ਵਿਰਵੇ ਬਹੁਤੇ ਪੰਜਾਬੀ ਕਹਾਣੀਕਾਰ ਇਸ ਵਿਧਾ ਦੀ ਵਰਤੋਂ ਖੁੰਢੇ ਹਥਿਆਰ ਵਾਂਗ ਕਰ ਰਹੇ ਹਨ।


ਪ੍ਰਬੁੱਧ ਚਿੰਤਕ ਡਾ. ਅਤਰ ਸਿੰਘ ਨੇ ਅਜਿਹੇ ਬੋਧ ਦੀ ਰੋਸ਼ਨੀ ਵਿਚ 1963 'ਚ ਪ੍ਰਕਾਸ਼ਿਤ ਆਪਣੇ ਲੇਖ 'ਨਿੱਕੀ ਕਹਾਣੀ ਤੇ ਮਨੁੱਖੀ ਅਨੁਭਵ' (ਦ੍ਰਿਸ਼ਟੀਕੋਣ) ਰਾਹੀਂ ਇਸ ਗੱਲ ਵੱਲ ਸਾਡਾ ਧਿਆਨ ਦੁਆਇਆ ਸੀ। ਆਪਣੇ ਸਮਕਾਲੀ ਅਤੇ ਕਹਾਣੀ ਦੇ ਸ਼ਾਹ-ਸਵਾਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਨੂੰ 'ਮਨੋਰਥਵਾਦੀ' ਅਤੇ 'ਮਨੁੱਖੀ ਸੁਭਾਅ ਦੀ ਵਿਚਿੱਤਰਤਾ' ਦਾ ਚਿਤਰਣ ਕਰਨ ਵਾਲੀਆਂ ਕਹਿ ਕੇ ਆਲੋਚਨਾ ਕਰਦਿਆਂ ਸਮੁੱਚੇ ਰੂਪ ਵਿਚ ਸਿੱਟਾ ਕੱਢਿਆ ਸੀ ਕਿ 'ਉਹ ਨਿੱਕੀ ਕਹਾਣੀ ਨੂੰ ਵਰਤਦਾ ਹੈ, ਰਚਦਾ ਨਹੀਂ।' ਅੱਧੀ ਸਦੀ ਬਾਅਦ ਮੈਂ ਇਨ੍ਹਾਂ ਵਿਚਾਰਾਂ ਨੂੰ ਇਸ ਲਈ ਦੁਹਰਾਇਆ ਹੈ ਕਿਉਂਕਿ ਹੁਣ ਤੱਕ ਬਹੁਤੇ ਮੁਹਤਬਰ ਪੰਜਾਬੀ ਕਹਾਣੀਕਾਰ ਵੀ ਇਸ ਰੁਝਾਨ ਤੋਂ ਮੁਕਤ ਨਹੀਂ ਹੋ ਸਕੇ।

ਆਪਣੀ ਧਾਰਨਾ ਦੀ ਪੁਸ਼ਟੀ ਲਈ ਚੌਥੇ ਪੜਾਅ ਦੇ ਸਮਰੱਥ ਕਹਾਣੀਕਾਰ ਗੁਰਮੀਤ ਕੜਿਆਲਵੀ ਦੀ ਕਹਾਣੀ 'ਜੰਗ' (ਰਾਗ, ਮਈ-ਅਗਸਤ) ਬਾਰੇ ਵਿਹਾਰਕ ਰੂਪ 'ਚ ਸੰਖੇਪ ਚਰਚਾ ਕਰਦੇ ਹਾਂ, ਜਿਸ ਨੇ 'ਆਤੂ ਖੋਜੀ' ਵਰਗੀਆਂ ਸ਼ਾਹਕਾਰ ਕਹਾਣੀਆਂ ਲਿਖ ਕੇ ਆਦਰਯੋਗ ਥਾਂ ਬਣਾਇਆ ਹੈ। ਇਸ ਲੰਮੀ ਕਹਾਣੀ ਵਿਚ ਉਹ ਉਤਮ-ਪੁਰਖੀ ਬਿਰਤਾਂਤਕਾਰ ਜਗਮੀਤ, ਜੋ ਸ਼ਹੀਦ ਹੋ ਚੁਕਾ ਹੇਠਲੇ ਰੈਂਕ ਦਾ ਫੌਜੀ ਹੈ, ਰਾਹੀਂ ਭਾਰਤੀ ਸਮਾਜ ਦੀ ਅਤਿ ਨਿਘਰੀ ਰਾਜਸੀ ਅਤੇ ਸਮਾਜਿਕ ਵਿਵਸਥਾ ਦਾ ਬਿਰਤਾਂਤ ਪੇਸ਼ ਕਰਦਾ ਹੈ। ਕਹਿਣ ਨੂੰ ਤਾਂ ਉਸ ਦੀ ਯਾਦ ਵਿਚ 'ਸ਼ਹੀਦ ਜਗਜੀਤ ਸਿੰਘ ਕਲੱਬ' ਬਣਿਆ ਹੋਇਆ ਹੈ ਜਿਸ ਵੱਲੋਂ ਸਾਲਾਨਾ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਨੇਤਾ ਲੋਕ ਸ਼ਹੀਦ ਨੂੰ ਸ਼ਰਧਾਂਜਲੀ ਦਿੰਦੇ ਹਨ ਅਤੇ ਕਲਾਕਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਹਨ, ਪਰ ਅਸਲ ਵਿਚ ਇਹ ਸਾਰਾ ਕੁਝ ਸ਼ਹੀਦ ਨੂੰ ਯਾਦ ਕਰਨ ਲਈ ਘੱਟ ਅਤੇ ਆਪੋ ਆਪਣੇ ਸਵਾਰਥੀ ਹਿੱਤਾਂ ਲਈ ਵੱਧ ਕੀਤਾ ਜਾਂਦਾ ਹੈ। ਇਸੇ ਕਰਕੇ ਜਗਮੀਤ ਦੀ ਪਤਨੀ ਦਿਲਜੀਤ ਅਤੇ ਨੰਨ੍ਹੀ ਬੱਚੀ ਨੂੰ ਸਿਰਫ ਅਣਗੌਲਿਆ ਹੀ ਨਹੀਂ ਕੀਤਾ ਜਾਂਦਾ, ਸਗੋਂ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਨਾਲ ਜਗਮੀਤ ਦੀ ਰੂਹ ਤੜਫਦੀ ਹੈ ਅਤੇ ਉਸ ਨੂੰ ਆਪਣੀ ਅਤੇ ਆਪਣੇ ਹੌਲਦਾਰ ਨੈਬ ਸਿੰਘ ਵਰਗੇ ਸਾਥੀਆਂ ਦੀ ਕੁਰਬਾਨੀ ਅਜਾਈਂ ਚਲੀ ਗਈ ਜਾਪਦੀ ਹੈ। ਅੰਤ ਨੂੰ ਉਹ 'ਬਾਹਰਲੇ ਦੁਸ਼ਮਣਾਂ ਖ਼ਿਲਾਫ਼ ਸਰਹੱਦਾਂ 'ਤੇ' ਜੰਗ ਲੜਨ ਵਾਂਗ 'ਅੰਦਰਲੇ ਘੁਸਪੈਠੀਆਂ ਖ਼ਿਲਾਫ਼' ਜੰਗ ਲੜਨ ਦਾ ਨਾਅਰਾ ਦਿੰਦਾ ਹੈ।

ਸ਼ਹੀਦ ਫੌਜੀ ਨੂੰ ਵਕਤਾ ਬਣਾ ਕੇ ਫੈਂਟਸੀ ਜੁਗਤ ਨਾਲ ਲਿਖੀ ਗਈ ਇਸ ਕਹਾਣੀ ਦਾ ਸਮੁੱਚਾ ਲਹਿਜਾ ਵਰਣਨੀ, ਸੰਬੋਧਨੀ ਅਤੇ ਭਾਸ਼ਣਕਾਰੀ ਵਾਲਾ ਹੈ। ਚਰਿਤਰ-ਚਿਤਰਣ ਦੇ ਨਾਂ ਉਤੇ ਪਾਤਰਾਂ ਦਾ ਚੌਖਟਾ ਤਾਂ ਨਜ਼ਰ ਆਉਂਦਾ ਹੈ ਪਰ ਉਨ੍ਹਾਂ ਵਿਚ ਲਹੂ-ਮਾਸ ਵਰਗਾ ਜੀਵੰਤ ਕੁਝ ਵੀ ਮਹਿਸੂਸ ਨਹੀਂ ਹੁੰਦਾ। ਪਾਤਰਾਂ ਦੀਆਂ ਦੁਸ਼ਵਾਰੀਆਂ ਦਾ ਸੰਚਾਰ ਤਾਂ ਪਾਠਕ ਤੱਕ ਨਿਸ਼ਚੇ ਹੀ ਹੋ ਜਾਂਦਾ ਹੈ ਪਰ ਉਹ ਪਾਠਕ ਦੀ ਸੰਵੇਦਨਾ ਦਾ ਅੰਗ ਬਣ ਕੇ ਉਸ ਨੂੰ ਤੜਪਾਉਂਦਾ ਨਹੀਂ। ਸੂਚਨਾ ਵੀ ਵਧੇਰੇ ਕਰਕੇ ਅਖ਼ਬਾਰੀ ਕਿਸਮ ਦੀ ਹੈ ਜੋ ਪਹਿਲਾਂ ਹੀ 'ਸਟਾਕ ਮਟੀਰੀਅਲ' ਦੀ ਤਰ੍ਹਾਂ ਪੰਜਾਬੀ ਸਮਾਜ ਦੇ ਗਿਆਨ-ਭੰਡਾਰ ਦਾ ਅੰਗ ਬਣ ਚੁਕੀ ਹੈ। ਉਸ ਬੇਹੀ ਸਮੱਗਰੀ ਨੂੰ ਕੁਝ ਤਿੱਖੇ ਗਲਪੀ-ਵਾਕੰਸ਼ਾਂ ਅਤੇ ਰੂਪਕਾਂ ਦਾ ਤੜਕਾ ਲਾ ਕੇ ਪਰੋਸਣਯੋਗ ਬਣਾਇਆ ਗਿਆ ਹੈ, ਜਿਵੇਂ, "...ਸਰਹੱਦ ਦੇ ਉਪਰ ਉਰਾਰ-ਪਾਰ ਦੀਆਂ ਕੁਰਸੀਆਂ ਦਾ ਫਰੈਂਡਲੀ ਮੈਚ ਸ਼ੁਰੂ ਹੋ ਗਿਆ ਸੀ। ਤੋਪਾਂ ਅੱਗ ਉਗਲਣ ਲੱਗੀਆਂ ਸਨ। ਰੂਸ ਅਮਰੀਕਾ ਦੀਆਂ ਫੈਕਟਰੀਆਂ ਵਿਚ ਬਣਿਆ ਗੋਲਾ-ਬਾਰੂਦ ਭੰਗੜਾ ਪਾਉਣ ਲੱਗਾ ਸੀ। ਇਧਰਲੀ-ਉਧਰਲੀ ਇਕ ਤੋਪ ਚਲਦੀ ਸੀ ਤਾਂ ਹਿੰਦੁਸਤਾਨੀ-ਪਾਕਿਸਤਾਨੀ ਸੈਂਕੜੇ ਬਾਲਾਂ ਦੇ ਮੂੰਹੋਂ ਰੋਟੀ ਦੀ ਬੁਰਕੀ ਖੋਹੀ ਜਾਂਦੀ ਸੀ। ਉਧਰ ਰੂਸ-ਅਮਰੀਕਾ ਵਿਚ ਇਕ ਹੋਰ ਸ਼ਾਨਦਾਰ ਬਿਲਡਿੰਗ ਖੜ੍ਹੀ ਹੋ ਜਾਂਦੀ ਹੋਊ।"

ਇਸ ਕਹਾਣੀ ਵਾਂਗ ਹੀ ਪੰਜਾਬੀ ਦੀਆਂ ਵਧੇਰੇ ਕਹਾਣੀਆਂ, ਖਾਸ ਕਰ ਰਾਜਸੀ, ਸਮਾਜਿਕ ਮੁੱਦਿਆਂ ਉਤੇ ਕੇਂਦਰਿਤ ਜਾਂ ਕਿਸੇ ਵਾਦ (ਦਲਿਤ, ਨਾਰੀ ਆਦਿ) ਦੀਆਂ ਪ੍ਰਤੀਨਿਧ, ਅਜਿਹੀ ਬਿਰਤਾਂਤਕ ਕਮਜ਼ੋਰੀ ਦਾ ਸ਼ਿਕਾਰ ਹੋ ਜਾਂਦੀਆਂ ਹਨ। ਅਜਿਹੀ ਕਮਜ਼ੋਰੀ ਦਾ ਮੂਲ ਕਾਰਨ ਬਿਰਤਾਂਤਕਾਰ ਦੀ ਭਾਸ਼ਣੀ-ਸੁਰ ਬਣਦੀ ਹੈ, ਕਿਉਂਕਿ ਅਜਿਹਾ ਉਤਮ-ਪੁਰਖੀ ਵਕਤਾ ਆਪਣੇ ਚਰਿਤਰ-ਵਿਸ਼ੇਸ਼ ਦੀਆਂ ਸੀਮਾਵਾਂ ਵਿਚ ਰਹਿ ਕੇ ਕਾਰਜ ਕਰਦਾ ਨਜ਼ਰ ਨਹੀਂ ਆਉਂਦਾ ਸਗੋਂ ਇਸ ਦੇ ਉਲਟ ਕਹਾਣੀਕਾਰ ਦੇ ਵਿਚਾਰਾਂ ਦਾ ਪ੍ਰਤੀਨਿਧ ਬਣ ਕੇ ਪੈਗੰਬਰੀ ਜਾਂ ਸੂਤਰਧਾਰੀ ਰੂਪ ਵਿਚ ਉਚੀ-ਸੁਰ ਨਾਲ ਸਿੱਧਾ ਪਾਠਕ ਨੂੰ ਸੰਬੋਧਨ ਕਰਦਾ ਹੈ। ਇਸ ਨੂੰ ਬਹੁਤ ਵਾਰੀ ਕੁਝ ਚਿੰਤਕ ਆਦਰਸ਼ ਬਣਾ ਕੇ ਵੀ ਪੇਸ਼ ਕਰਦੇ ਹਨ ਜਿਵੇਂ ਪ੍ਰਸਿੱਧ ਕਹਾਣੀਕਾਰ ਕੇ. ਐਲ. ਗਰਗ ਪਰਵਾਸੀ ਕਹਾਣੀਕਾਰ ਇੰਦਰਜੀਤ ਕੌਰ ਸਿੱਧੂ ਦੇ ਕਹਾਣੀ-ਸੰਗ੍ਰਿਹ 'ਸਰਦਲਾਂ ਦੇ ਆਰ-ਪਾਰ' ਦਾ ਰੀਵਿਊ ਕਰਦਿਆਂ ਲਿਖਦਾ ਹੈ, "ਇਹ ਕਹਾਣੀਆਂ ਲਾਊਡ-ਸੁਰ ਵਿਚ ਲਿਖੀਆਂ ਹੋਈਆਂ ਹਨ। ਮਰਦ ਪ੍ਰਧਾਨ ਸਮਾਜ ਦੇ ਬੋਲੇ ਕੰਨਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਲੇਖਿਕਾ ਨੂੰ ਲਾਊਡ ਤਾਂ ਹੋਣਾ ਹੀ ਪਵੇਗਾ" (ਪੰਜਾਬੀ ਟ੍ਰਿਬਿਊਨ, 22 ਅਕਤੂਬਰ 2017)

ਇਸ ਦੇ ਉਲਟ ਕਲਾਤਮਕ ਕਹਾਣੀ ਮੰਗ ਕਰਦੀ ਹੈ ਕਿ ਪਾਤਰ ਆਪਣੀ ਸਥਿਤੀ-ਵਿਸ਼ੇਸ਼ ਅਨੁਸਾਰ ਵਿਚਾਰ, ਭਾਵ, ਕਲਪਨਾ, ਭਾਸ਼ਾ ਦਾ ਧਾਰਨੀ ਹੋਵੇ ਅਤੇ ਇਸ ਅਨੁਕੂਲ ਹੀ ਆਲੇ-ਦੁਆਲੇ ਪ੍ਰਤੀ ਪ੍ਰਤੀਕ੍ਰਿਆ ਦਰਜ ਕਰੇ। ਅਜਿਹਾ ਕਰਕੇ ਹੀ ਪਾਤਰ ਦਾ ਚਰਿਤਰ-ਚਿਤਰਣ ਪਾਠਕ ਲਈ ਮੰਨਣਯੋਗ ਬਣਾਇਆ ਜਾ ਸਕਦਾ ਹੈ। ਮੰਨਣਯੋਗਤਾ ਨੂੰ ਗਲਪ ਦਾ ਸਭ ਤੋਂ ਮੀਰੀ ਗੁਣ-ਲੱਛਣ ਮੰਨਿਆ ਜਾਂਦਾ ਹੈ।




ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ ਦੇ ਮਹਾਂਦ੍ਰਿਸ਼ ਉਤੇ ਝਾਤ ਮਾਰੀਏ ਤਾਂ ਜਿਹੜੇ ਕੁਝ ਜ਼ਿਕਰਯੋਗ ਕਹਾਣੀ-ਸੰਗ੍ਰਿਹ ਪ੍ਰਕਾਸ਼ਿਤ ਹੋਏ ਹਨ, ਉਹ ਹਨ: ਸੰਸਕ੍ਰਿਤੀ (ਬਲਦੇਵ ਸਿੰਘ ਚੀਂਡਸਾ), ਪ੍ਰਿਜ਼ਮ (ਹਰਪ੍ਰੀਤ ਸੇਖਾ), ਸਾਈਨ ਵੈਲਯੂ ਦਾ ਜਲੌਅ (ਬਲਬੀਰ ਪਰਵਾਨਾ), ਕੁੰਭੀ ਨਰਕ (ਭਗਵੰਤ ਰਸੂਲਪੁਰੀ), ਸੰਸਾਰ (ਲਾਲ ਸਿੰਘ) ਅਤੇ ਕਹਾਣਤ ਕਹਾਣੀ (ਅਲੀ ਅਨਵਰ ਅਹਿਮਦ)।

ਗਿਣਨਾਤਮਕ ਯੋਗਦਾਨ ਪੱਖੋਂ ਵੇਖੀਏ ਤਾਂ ਪੰਜਾਬੀ ਵਿਚ ਹਰ ਹਫਤੇ ਔਸਤਨ ਇਕ ਕਹਾਣੀ-ਸੰਗ੍ਰਿਹ ਪ੍ਰਕਾਸ਼ਿਤ ਹੁੰਦਾ ਹੈ। ਇਸ ਵੱਡੇ ਭੰਡਾਰ ਵਿਚੋਂ ਕੁਝ ਹੋਰ ਜ਼ਿਕਰਯੋਗ ਕਹਾਣੀ-ਸੰਗ੍ਰਿਹ ਹਨ: ਠਰੀ ਅੱਗ ਦਾ ਸੇਕ (ਜਸਪਾਲ ਮਾਨਖੇੜਾ), ਉਮਰ ਕੈਦ (ਸਿਮਰਜੀਤ ਕੌਰ ਬਰਾੜ ਸਿੰਮੀ), ਬਲੌਰੀ (ਦਲਜੀਤ ਕੌਰ ਦਾਊਂ), ਬੇਨਾਮ ਖਤ (ਬੀਰਪਾਲ ਸਿੰਘ ਅਲਬੇਲਾ), ਯਾਦਾਂ ਵਿਚਲੇ ਨਖ਼ਲਿਸਤਾਨ (ਗੁਰਮੀਤ ਕੌਰ ਸੰਧਾ), ਲੋਹੇ ਦੀ ਮਿੱਟੀ ਦੇ ਲੋਕ (ਸੁਰਜੀਤ ਕੌਰ ਬਸਰਾ), ਤਿੰਨ ਤੀਏ ਸੱਤ (ਗੋਵਰਧਨ ਗੱਬੀ), ਇਕ ਵਾਛੜ ਪਿਆਰ ਦੀ (ਸੁਰਿੰਦਰ ਕੌਰ ਛਾਬੜਾ), ਬੰਦ ਦਰਵਾਜ਼ਾ (ਚਰਨਜੀਤ ਸਿੰਘ ਪੰਨੂ), ਕੋਈ ਤਾਂ ਹੈ (ਰਘਬੀਰ ਸਿੰਘ ਮਾਨ), ਇਕ ਸੌ ਉਨੰਜਾ ਮਾਡਲ ਟਾਊਨ (ਰਮੇਸ਼ ਸੇਠੀ ਬਾਦਲ), ਲਾਲ ਘੋੜੀ; ਰੈਡ ਕਰਾਸ; ਚਿੱਟਾ ਪਿੰਡ (ਗੁਰਮੇਲ ਬੌਡੇ), ਜਿਲਦ ਵਿਹੂਣੇ ਪੰਨੇ (ਮਨਦੀਪ ਸਿੰਘ ਡਡਿਆਣਾ), ਕਾਲੇ ਹਿਰਨ ਦੀ ਵਾਪਸੀ (ਰਣਜੀਤ ਸਿੰਘ), ਅੰਦਾਜ਼ ਆਪੋ ਆਪਣਾ (ਕੇ. ਜਗਜੀਤ ਸਿੰਘ), ਧਰਤੀ ਦੇ ਰੱਬ; ਝੁਕਿਆ ਹੋਇਆ ਸਿਰ (ਗੁਰਮੀਤ ਸਿੰਘ ਸਿੰਗਲ), ਪਰਦੇਸਣ (ਜਗਤਾਰ ਸਿੰਘ), ਪਗਡੰਡੀਆਂ (ਹੀਰਾ ਸਿੰਘ ਤੂਤ), ਤ੍ਰਿਹਾਈ ਤਾਂਘ (ਹਰਸਿਮਰਨ ਕੌਰ), ਸਾਇਰਨ (ਯਾਦਵਿੰਦਰ ਸਿੱਧੂ), ਜ਼ਿੰਦਗੀ ਇਕ ਸੁਪਨਾ (ਰਾਜਦੇਵ ਕੌਰ ਸਿੱਧੂ), ਅਭੁੱਲ ਯਾਦ; ਸੁਣੀਆਂ ਤੇ ਸੰਭਾਲੀਆਂ (ਕੁਲਦੀਪ ਬਾਸੀ), ਤੇਰੇ ਜਾਣ ਤੋਂ ਬਾਅਦ (ਰਘਬੀਰ ਸਿੰਘ ਮਹਿਮੀ), ਰੂਹ ਦਾ ਰੰਜ (ਪਰਮਜੀਤ ਕੌਰ ਸਰਹਿੰਦ), ਇੱਜ਼ਤ ਬਚਾਣੀ ਮਹਿੰਗੀ ਪਈ (ਸਵਿੰਦਰ ਸਿੰਘ ਉਪਲ), ਕਾਲੀਆਂ ਰਾਤਾਂ ਦਾ ਚਾਨਣ (ਕਰਨੈਲ ਸਿੰਘ ਵਜ਼ੀਰਾਬਾਦ), ਪ੍ਰੇਰਨਾ (ਹਰਚੰਦ ਸਿੰਘ ਵੜਿੰਗ), ਅਫਸਾਨਾ-ਏ-ਜ਼ਿੰਦਗੀ (ਭੁਪਿੰਦਰ ਕੌਰ ਵਾਲੀਆ), ਘੁੱਗੀ ਦੀ ਵਾਪਸੀ (ਬਿਕਰਮਜੀਤ ਨੂਰ), ਸਰਦਲਾਂ ਦੇ ਆਰ-ਪਾਰ (ਇੰਦਰਜੀਤ ਸਿੱਧੂ), ਨਿੱਕੀ ਕਹਾਣੀ (ਮਲਿਕ ਅਲੀ ਸ਼ਾਹ ਸਵਾਰ), ਪੂਰੇ ਦੀ ਹਵਾ (ਨੈਣ ਸੁਖ), ਗੌਰ ਦੇ ਉਲ੍ਹਾਮੇ, ਲੋਹਾਵਰ ਤੇ ਹੋਰ ਕਹਾਣੀਆਂ (ਏਜਾਜ਼), ਲਹਿੰਦੇ ਪੰਜਾਬ ਦੀਆਂ ਚੋਣਵੀਆਂ ਕਹਾਣੀਆਂ (ਸੰਪਾਦਨ ਤੇ ਲਿਪੀਅੰਤਰ: ਹਰਬੰਸ ਸਿੰਘ ਧੀਮਾਨ) ਆਦਿ।

ਇਨ੍ਹਾਂ ਤੋਂ ਇਲਾਵਾ ਕੁਝ ਹੋਰ ਕਹਾਣੀ-ਸੰਗ੍ਰਿਹ ਵੀ ਹਨ ਜਿਨ੍ਹਾਂ ਦੇ ਛਪਣ ਸਾਲ ਦੀ ਪੁਸ਼ਟੀ ਨਹੀਂ ਹੋ ਸਕੀ, ਜਿਵੇਂ ਗਰਮ ਹਵਾਵਾਂ (ਸੋਹਣ ਸਿੰਘ ਸੂੰਨੀ), ਕੁਰਲਾਹਟ (ਮੀਤ ਖਟੜਾ), ਮੋਮ ਬਹੂ; ਡਾਕੂ ਦੀ ਧੀ (ਕ੍ਰਿਸ਼ਨ ਸਿੰਘ) ਆਦਿ। ਮਿੰਨੀ ਕਹਾਣੀ ਦੇ ਬਹੁਤ ਸਾਰੇ ਸੰਗ੍ਰਿਹ ਇਸ ਸੂਚੀ ਵਿਚ ਸ਼ਾਮਿਲ ਨਹੀਂ ਕੀਤੇ ਗਏ।

ਇਨ੍ਹਾਂ ਕਹਾਣੀ-ਸੰਗ੍ਰਿਹਾਂ ਤੋਂ ਇਲਾਵਾ ਪੰਜਾਬੀ ਦੇ ਰਿਸਾਲਿਆਂ, ਅਖ਼ਬਾਰਾਂ ਅਤੇ ਇੰਟਰਨੈਟ ਦੇ ਵਿਭਿੰਨ ਸਰੋਤਾਂ ਰਾਹੀਂ ਪੰਜਾਬੀ ਦੀਆਂ ਜ਼ਿਕਰਯੋਗ ਡੇਢ ਕੁ ਸੌ ਕਹਾਣੀਆਂ (ਇਨ੍ਹਾਂ ਵਿਚ ਮਿੰਨੀ ਕਹਾਣੀਆਂ ਸ਼ਾਮਿਲ ਨਹੀਂ) ਪ੍ਰਕਾਸ਼ਿਤ ਹੋਈਆਂ ਹਨ। ਚੰਗੀ ਕਹਾਣੀ ਦੇ ਪਾਠਕਾਂ ਦੀ ਸੇਧ ਲਈ ਇਨ੍ਹਾਂ ਵਿਚੋਂ ਦਸ ਕੁ ਸਰਵੋਤਮ ਕਹਾਣੀਆਂ ਸਬੰਧੀ ਸੰਖੇਪ ਵਿਚ ਚਰਚਾ ਕਰਨੀ ਲਾਹੇਵੰਦ ਹੋਵੇਗੀ।

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦੇ ਸਿਰਮੌਰ ਕਹੇ ਜਾ ਸਕਦੇ ਸ਼ੈਲੀਕਾਰ ਲੇਖਕ ਸੁਖਜੀਤ ਦੀ ਕਹਾਣੀ 'ਸਿੰਗਲ ਮਾਲਟ ਏਨੀ ਸੁਰਖ ਨਹੀਂ ਹੁੰਦੀ' (ਹੁਣ, ਜਨਵਰੀ-ਅਗਸਤ) ਜੰਮੂ-ਕਸ਼ਮੀਰ ਦੇ ਸੰਦਰਭ ਵਿਚ ਅਤਿਵਾਦੀ ਸਰਗਰਮੀਆਂ ਦੇ ਪਿਛੋਕੜ ਵਿਚ ਕੰਮ ਕਰਦੀ ਰਾਜਸੀ ਵਿਆਕਰਣ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਦਾ ਉਤਮ-ਪੁਰਖੀ ਬਿਰਤਾਂਤਕਾਰ ਕਾਹਲੋਂ, ਜੋ ਕਸ਼ਮੀਰ ਦੀ ਕਿਸੇ ਯੂਨੀਵਰਸਿਟੀ ਵਿਚ ਉਰਦੂ ਪੜ੍ਹਾਉਣ ਵਾਲਾ ਸਰਦਾਰ ਪ੍ਰੋਫੈਸਰ ਹੈ, ਸੰਗਠਨ ਦਾ ਹਮਾਇਤੀ ਹੈ ਅਤੇ ਸਰਹੱਦੋਂ ਪਾਰ ਅਤਿਵਾਦੀ ਭੇਜਣ ਲਈ ਕਸ਼ਮੀਰੀ ਪੰਡਿਤਾਂ ਦੇ ਮੁੰਡਿਆਂ ਨੂੰ ਸਿਖਲਾਈ ਦੇਣ ਵਿਚ ਮਦਦ ਕਰਦਾ ਹੈ। ਉਸ ਨੂੰ ਆਪਣੇ ਅਜਿਹੇ 'ਰਾਸ਼ਟਰਵਾਦੀ' ਕਾਰਜ ਦੀ ਅਸਲੀਅਤ ਉਸ ਵੇਲੇ ਨਜ਼ਰ ਆਉਂਦੀ ਹੈ ਜਦੋਂ ਉਸ ਦਾ ਆਪਣਾ ਪਰਿਵਾਰ ਅਤਿਵਾਦੀ ਅਗਵਾ ਕਰ ਲੈਂਦੇ ਹਨ। ਕਹਾਣੀ ਦੀ ਸ਼ਕਤੀ ਨਿਵੇਕਲੇ, ਵਿਸ਼ਵ-ਵਿਆਪੀ ਅਤੇ ਭਖਵੇਂ ਮੁੱਦੇ ਨੂੰ ਵਿਸ਼ਾ ਬਣਾਉਣ ਵਿਚ ਤਾਂ ਹੈ ਹੀ ਪਰ ਇਸ ਤੋਂ ਵੀ ਵੱਧ ਸਥਿਤੀ-ਵਿਸ਼ੇਸ਼ ਅਨੁਸਾਰ ਪਾਤਰ ਉਸਾਰੀ, ਉਤਸੁਕਤਾ ਪੈਦਾ ਕਰਨ ਅਤੇ ਪ੍ਰਤੀਕਮਈ ਤੇ ਪ੍ਰਕਾਰਜੀ ਗਲਪੀ-ਭਾਸ਼ਾ ਸਿਰਜਣ ਦੀ ਯੋਗਤਾ ਵਿਚ ਵੀ ਹੈ।

ਜਤਿੰਦਰ ਹਾਂਸ ਦੀ ਕਹਾਣੀ 'ਲਵ-ਜਿਹਾਦ' (ਰਾਗ, ਸਤੰਬਰ-ਦਸੰਬਰ) ਫੇਸਬੁੱਕ ਦੇ ਲਾਈਕਵਾਦੀ ਦੌਰ ਵਿਚ ਸੱਚੇ ਪਿਆਰ ਦੀ ਜੁਸਤਜੂ ਨੂੰ ਵਿਰੋਧਾਭਾਸੀ ਢੰਗ ਨਾਲ ਪੇਸ਼ ਕਰਦੀ ਹੈ। ਕਹਾਣੀ ਦੀ ਉਤਮ-ਪੁਰਖੀ ਨਾਰੀ ਬਿਰਤਾਂਤਕਾਰ ਆਪਣੇ ਘਰ ਦੀਆਂ ਘੁਟਣ ਭਰੀਆਂ ਪ੍ਰਸਥਿਤੀਆਂ ਤੋਂ ਨਿਜ਼ਾਤ ਪਾਉਣ ਲਈ ਫੇਸਬੁੱਕ ਦੇ ਇਕ 'ਫਰੈਂਡ' ਨਾਲ ਘਰੋਂ ਭੱਜ ਕੇ ਵਿਆਹ ਕਰਾਉਂਦੀ ਹੈ। ਫਿਰ ਜਦ ਦਸ ਸਾਲ ਬੱਚਾ ਨਹੀਂ ਹੁੰਦਾ ਤਾਂ ਸਮਾਜਿਕ ਦਬਾਅ ਤੋਂ ਬਚਣ ਲਈ ਫੇਸਬੁੱਕ ਦੇ ਹੀ ਇਕ ਹੋਰ ਫਰੈਂਡ ਕਮਲ ਰਾਹੀਂ ਬੱਚਾ ਪੈਦਾ ਕਰਨ ਦੀ ਸਕੀਮ ਬਣਾਉਂਦੀ ਹੈ, ਪਰ ਇਸ ਨੂੰ ਉਹ ਆਪਣੇ ਦੂਜੇ ਪਿਆਰ ਦਾ ਨਾਂ ਦਿੰਦੀ ਹੈ। ਅੰਤ ਕਮਲ ਨੂੰ ਘਰ ਬੁਲਾ ਕੇ ਇਸ ਲਈ ਬੇਰੰਗ ਮੋੜ ਦਿੰਦੀ ਹੈ ਕਿ ਉਸ ਨੂੰ ਕਮਲ ਸੱਚਾ ਪਿਆਰ ਕਰਨ ਵਾਲੇ ਦੀ ਥਾਂ ਕਾਮ ਦਾ ਭੁੱਖਾ ਜਾਪਦਾ ਹੈ। ਕਹਾਣੀ ਹਕੀਕੀ ਦੁਨੀਆਂ ਦੀ ਥਾਂ ਮਸਨੂਈ ਸੱਚ ਦੀ ਫੈਂਟਸੀ 'ਚ ਵਿਚਰਦੀ ਨੌਜਵਾਨ ਪੀੜ੍ਹੀ ਦੀ ਜੀਵਨ-ਦ੍ਰਿਸ਼ਟੀ ਸਬੰਧੀ ਬਹੁਤ ਮਾਅਨੇਖੇਜ਼ ਸੰਕੇਤ ਕਰਦੀ ਹੈ। ਇਸ ਦੇ ਨਾਲ ਹੀ ਹਾਂਸ ਦੀ ਤਿੱਖੀ, ਸੰਜਰੀ ਅਤੇ ਰਮਜ਼ਾਂ ਭਰੀ ਤਲਿਸਮੀ ਸ਼ੈਲੀ ਵੀ ਕਹਾਣੀ ਨੂੰ ਅਹਿਮ ਬਣਾਉਂਦੀ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ 'ਹਾਊਸ-ਵਾਈਫ' ਪੱਛਮੀ ਦੇਸ਼ਾਂ ਦੇ ਪਰਵਾਸ ਦੇ ਪ੍ਰਸੰਗ ਵਿਚ ਪੰਜਾਬੀ ਮਰਦ ਦੀ ਉਸਰਦੀ-ਢਹਿੰਦੀ ਪੁਰਖ-ਤੰਤਰੀ ਦ੍ਰਿਸ਼ਟੀ ਦੇ ਪਰਿਵਾਰਕ ਜੀਵਨ ਉਤੇ ਪੈਣ ਵਾਲੇ ਡੂੰਘੇ ਪ੍ਰਭਾਵਾਂ ਦਾ ਬਿਰਤਾਂਤ ਹੈ। ਉਤਮ-ਪੁਰਖੀ ਨਾਰੀ ਬਿਰਤਾਂਤਕਾਰ ਨੀਨੂੰ ਸਰਕਾਰੀ ਹਸਪਤਾਲ ਵਿਚ ਨਰਸ ਹੈ ਅਤੇ ਉਸ ਦਾ ਪਤੀ ਮਨਮੀਤ, ਨਵੀਆਂ ਪ੍ਰਸਥਿਤੀਆਂ-ਵੱਸ ਘਰ ਇਕ ਚੰਗੀ ਗ੍ਰਹਿਣੀ ਵਾਲੀਆਂ ਸੱਭੇ ਜ਼ਿੰਮੇਵਾਰੀਆਂ ਸ਼ਿੱਦਤ ਨਾਲ ਨਿਭਾਉਂਦਾ ਹੈ। ਕਿਸੇ ਪੂਰਬਵਾਦੀ ਦ੍ਰਿਸ਼ਟੀ ਵਾਲੇ ਪੰਜਾਬੀ ਸੈਲਾਨੀ ਮਿੱਤਰ ਦੀ ਚੋਭਮਈ ਟਿੱਪਣੀ ਕਿ 'ਤੇਰਾ ਤਾਂ ਕੈਨੇਡਾ ਆ ਕੇ ਸੈਕਸ ਚੇਂਜ ਹੋ ਗਿਆ ਲਗਦਾ', ਮਨਮੀਤ ਦੀ ਮਰਦਾਵੀਂ ਹਉਂ ਨੂੰ ਸੱਟ ਮਾਰ ਦਿੰਦੀ ਹੈ ਅਤੇ ਉਸ ਦੀ ਸਹਿਜ ਜੀਵਨ-ਗਤੀ ਥਿੜ੍ਹਕ ਜਾਂਦੀ ਹੈ। ਮੁਸ਼ਕਿਲ ਨਾਲ ਉਹ ਪੱਛਮੀ ਜੀਵਨ-ਦ੍ਰਿਸ਼ਟੀ ਦੇ ਤਰਕ ਰਾਹੀਂ ਮੁੜ ਸਹਿਜ ਅਵਸਥਾ 'ਚ ਆਉਂਦਾ ਹੈ। ਪਿੱਛਲਝਾਤ ਦੇ ਸਹਿਜ ਅਤੇ ਸਰਲ ਬਿਰਤਾਂਤ ਰਾਹੀਂ ਜਟਿਲ ਜੀਵਨ-ਯਥਾਰਥ ਦੀ ਪ੍ਰਮਾਣਿਕ ਪੇਸ਼ਕਾਰੀ ਇਸ ਕਹਾਣੀ ਨੂੰ ਵਿਸ਼ੇਸ਼ ਬਣਾਉਂਦੀ ਹੈ।

ਬਲਬੀਰ ਪਰਵਾਨਾ ਦੀ ਕਹਾਣੀ 'ਸ਼ਾਪਿੰਗ' (ਸਿਰਜਣਾ, ਅਪਰੈਲ-ਜੂਨ) ਉਪਭੋਗੀ ਚੇਤਨਾ ਦੀ ਗ੍ਰਿਫਤ ਵਿਚ ਫਸੇ ਸ਼ਹਿਰੀ ਮੱਧਵਰਗੀ ਪਤੀ-ਪਤਨੀ ਵਿਚਲੇ ਰਿਸ਼ਤੇ ਦੇ ਪਲ ਪਲ ਬਦਲਦੇ ਸਮੀਕਰਨ ਦਾ ਬਿਰਤਾਂਤ ਹੈ। ਅੰਨਯ-ਪੁਰਖੀ ਬਿਰਤਾਂਤਕਾਰ, ਇਕ ਪ੍ਰਾਈਵੇਟ ਸਕੂਲ ਦੀ ਅਧਿਆਪਕ ਰੁਪਾਲੀ ਅਤੇ ਉਸ ਦੇ ਪ੍ਰਾਪਰਟੀ ਡੀਲਰ ਪਤੀ ਸਤੀਸ਼ ਨੂੰ ਹਰ ਤਰ੍ਹਾਂ ਦੀਆਂ ਪਦਾਰਥਕ ਖ਼ੁਸ਼ੀਆਂ ਮਾਣ ਰਹੇ ਵਿਖਾਉਂਦਾ ਹੈ। ਲਗਾਤਾਰ ਦੋ ਬੱਚੀਆਂ ਦੀ ਆਮਦ ਨਾਲ ਜਦੋਂ ਉਪਭੋਗੀ ਜੀਵਨ-ਜਾਚ ਵਿਚ ਕੁਝ ਖੜੋਤ ਆਉਂਦੀ ਜਾਪਦੀ ਹੈ ਤਾਂ ਸਤੀਸ਼ ਵਕਤੀ ਤੌਰ 'ਤੇ ਵਿਆਹ-ਬਾਹਰੇ ਸਬੰਧਾਂ ਵੱਲ ਰੁਚਿਤ ਹੋ ਜਾਂਦਾ ਹੈ ਅਤੇ ਰੁਪਾਲੀ ਨੀਰਸਤਾ ਤੋੜਨ ਲਈ ਵੱਖ ਹੋਣ ਬਾਰੇ ਤਿਲਮਿਲਾਉਣ ਲਗਦੀ ਹੈ। ਅੰਤ 'ਮੈਰਿਜ ਐਨਵਰਸਰੀ' ਸਮੇਂ ਪਤੀ ਵੱਲੋਂ ਕਰਵਾਈ ਗਈ ਗਹਿਣਿਆਂ ਦੀ 'ਸ਼ਾਪਿੰਗ' ਨਾਲ ਰੁਪਾਲੀ ਫਿਰ ਸਭ ਕੁਝ ਭੁੱਲ ਕੇ ਗ੍ਰਹਿਸਥੀ ਜ਼ਿੰਦਗੀ ਨਾਲ ਪਰਚ ਗਈ ਲਗਦੀ ਹੈ। ਕਹਾਣੀ ਦੀ ਖ਼ੂਬੀ ਜਿਥੇ ਨਵੇਂ ਜੀਵਨ-ਯਥਾਰਥ ਨੂੰ ਪ੍ਰਮਾਣਿਕ ਢੰਗ ਨਾਲ ਫੜ ਸਕਣ ਵਿਚ ਹੈ, ਉਥੇ ਇਸ ਦੇ ਅਨੁਕੂਲ ਨਵੀਂ ਜੀਵੰਤ ਗਲਪੀ-ਭਾਸ਼ਾ ਦੇ ਸਿਰਜਣ ਵਿਚ ਵੀ ਹੈ।

ਦੀਪ ਦਵਿੰਦਰ ਦੀ ਕਹਾਣੀ 'ਪਰਿਕਰਮਾ' (ਹੁਣ, ਸਤੰਬਰ-ਦਸੰਬਰ) ਘਰ ਦੇ ਮੁਖੀ ਦੀ ਮੌਤ ਪਿਛੋਂ ਇਕ ਦਲਿਤ ਪਰਿਵਾਰ ਦੀ ਉਖੜੀ ਜੀਵਨ-ਚਾਲ ਦਾ ਬਿਰਤਾਂਤ ਹੈ। ਉਤਮ-ਪੁਰਖੀ ਅੱਲ੍ਹੜ ਉਮਰ ਦਾ ਬਿਰਤਾਂਤਕਾਰ ਆਪਣੀ ਮਾਂ ਦੇ ਅਚਾਨਕ ਨਵਾਂ ਘਰ ਵਸਾ ਲੈਣ ਦੇ ਫੈਸਲੇ ਨਾਲ ਦੁਖੀ ਹੋ ਕੇ, ਉਸ ਦੀ ਫੋਟੋ ਉਤੇ ਹਾਰ ਪਾਉਂਦਿਆਂ, ਮਨੋ-ਮਨੀ ਉਸ ਨੂੰ ਮ੍ਰਿਤਕ ਚਿਤਵ ਲੈਂਦਾ ਹੈ। ਫਿਰ ਜਦੋਂ ਮਾਂ ਦੇ ਆਰਥਿਕ, ਸਮਾਜਿਕ, ਭਾਵਨਾਤਮਕ ਸੰਘਰਸ਼ ਅਤੇ ਵਿਗੋਚਿਆਂ ਨੂੰ ਧਿਆਨ ਵਿਚ ਲਿਆਉਂਦਾ ਹੈ ਤਾਂ ਉਸ ਦਾ ਮਨ ਤਰਲ ਹੋ ਕੇ ਬਦਲ ਜਾਂਦਾ ਹੈ ਅਤੇ ਉਹ ਮਾਂ ਦੀ ਫੋਟੋ ਤੋਂ ਹਾਰ ਉਤਾਰ ਦਿੰਦਾ ਹੈ। ਕਹਾਣੀ ਦੀ ਸਮਰੱਥਾ ਪਾਤਰਾਂ ਦੇ ਕਾਰਜ ਨੂੰ ਪੂਰੀ ਨਿੱਗਰ ਅਤੇ ਜੀਵਨ-ਮੂਲਕ ਗਲਪੀ-ਭਾਸ਼ਾ ਨਾਲ ਸਾਕਾਰ ਕਰਨ ਵਿਚ ਹੈ।




ਨਵਚੇਤਨ ਦੀ ਕਹਾਣੀ 'ਰਹਿਣ ਕਿਥਾਊ ਨਾਹਿ' (ਹੁਣ, ਸਤੰਬਰ-ਦਸੰਬਰ) ਇਕ 'ਡਿਪੋਰਟ' ਹੋਏ ਪਰਵਾਸੀ ਪੰਜਾਬੀ ਨੌਜਵਾਨ ਦੀ ਘਰ-ਵਾਪਸੀ ਨਾਲ ਖ਼ੂਨ ਦੇ ਰਿਸ਼ਤਿਆਂ ਦੀ ਬਦਲੀ ਵਿਆਕਰਣ ਦਾ ਬਿਰਤਾਂਤ ਹੈ। ਉਤਮ-ਪੁਰਖੀ ਬਿਰਤਾਂਤਕਾਰ ਦੇ ਚਾਚੇ ਦਾ ਪੁੱਤ-ਭਰਾ ਮਿੰਦਰ ਜੋ ਪੌਂਡਾਂ ਕਾਰਨ ਸਾਰੇ ਪਰਿਵਾਰ ਦਾ ਦੁਲਾਰਾ ਸੀ, ਘਰ-ਵਾਪਸੀ ਪਿਛੋਂ ਸਭ ਲਈ ਕੋਈ ਅਜਨਬੀ ਅਤੇ ਬਿਗਾਨਾ ਬਣ ਕੇ ਰਹਿ ਜਾਂਦਾ ਹੈ। ਮੋਹ-ਭੰਗ ਦੀ ਅਵਸਥਾ ਵਿਚ ਉਹ ਖੇਤ ਉਜਾੜ ਪਏ ਮਕਾਨ ਵਿਚ ਦਿਨ-ਕਟੀ ਕਰਦਾ ਹੈ। ਪਰਵਾਸ ਦੇ ਸੰਦਰਭ ਵਿਚ ਰਿਸ਼ਤਿਆਂ ਦੇ ਅਰਥ-ਸ਼ਾਸਤਰ ਨੂੰ ਡੂੰਘਾਈ ਵਿਚ ਸਮਝਣ ਵਾਲੀ ਰਚਨਾ-ਦ੍ਰਿਸ਼ਟੀ ਤਾਂ ਪ੍ਰਭਾਵਿਤ ਕਰਦੀ ਹੀ ਹੈ, ਨਾਲ ਹੀ ਮਿੰਦਰ ਦੀ ਯਥਾਰਥਕ ਪਾਤਰ ਉਸਾਰੀ ਅਤੇ ਸਰੋਦੀ ਗਲਪੀ-ਭਾਸ਼ਾ ਵੀ ਕਹਾਣੀ ਦਾ ਹਾਸਿਲ ਬਣਦੇ ਹਨ।

(ਬਾਕੀ ਅਗਲੇ ਸਫੇ 'ਤੇ)




# ਸਤੀਆਂ ਸੇਈ



**ਡਾ. ਦਲੀਪ ਕੌਰ ਟਿਵਾਣਾ**
ਫੋਨ: 91-90233-78007

ਜਦੋਂ ਵੀਰ ਭਗਤ ਸਿੰਘ, ਦੱਤ ਨੂੰ
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ
ਕਿਸੇ ਪਿੰਡ ਵਿਚ ਦੱਸਿਆ ਜਾ।

ਗੱਡੀ ਵਿਚ ਅੰਨ੍ਹਾ ਮੰਗਤਾ ਗਾ ਰਿਹਾ ਸੀ। "ਫਿਰ" ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ ਪਰ ਸਟੇਸ਼ਨ ਆ ਜਾਣ ਕਰ ਕੇ ਉਹ ਉਸ ਡੱਬੇ ਵਿਚੋਂ ਉਤਰ ਕੇ ਦੂਜੇ ਵਿਚ ਜਾ ਚੜ੍ਹਿਆ। ਮੈਨੂੰ ਮੁੜ ਮੁੜ ਖਿਆਲ ਆਉਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ ਭਗਤ ਸਿੰਘ ਦੀ ਮੰਗੇਤਰ ਦੇ ਦਿਲ 'ਤੇ? ਮੈਂ ਡੱਬੇ ਦੀ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਇਉਂ ਲਗਦਾ ਸੀ ਜਿਵੇਂ ਸਾਹਮਣੇ ਖੇਤ, ਖੇਤਾਂ ਵਿਚ ਉਗੀਆਂ ਫਸਲਾਂ ਤੇ ਦਰਖਤਾਂ ਦੀਆਂ ਕਤਾਰਾਂ ਕਾਠੀਆਂ ਜਾ ਰਹੀਆਂ ਹੋਣ। ਉਨੀ ਹੀ ਤੇਜ਼ੀ ਨਾਲ ਖਿਆਲ ਮੇਰੇ ਦਿਮਾਗ ਵਿਚ ਨੱਠਣ ਲੱਗੇ। ਮੇਰੀ ਕਲਪਨਾ ਦੂਰ ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਕਿਸੇ ਕੱਚੇ ਕੋਠੇ ਵਿਚ ਬੈਠੀ ਚਰਖਾ ਕੱਤਦੀ ਸੁਨੱਖੀ ਇਸਤਰੀ ਨੂੰ ਲੱਭਣ ਲੱਗੀ। ਚੁੱਪ ਚਾਪ ਮੈਂ ਉਹਦੇ ਮੂੰਹ ਵੱਲ ਤੱਕਣ ਲੱਗੀ।

"ਕੀ ਆਹਨੀ ਏਂ?" ਉਹ ਬੋਲੀ।

"ਤੂੰ ਕਿਵੇਂ ਉਮਰ ਗੁਜ਼ਾਰੀ?" ਮੈਂ ਪੁੱਛਿਆ।

"ਮੈਨੂੰ ਉਹਦੀ ਇੱਜਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ। ਮੈਂ ਕਿਵੇਂ ਸਾਹਸ ਛੱਡਦੀ? ਮਿਹਨਤ ਮਜ਼ਦੂਰੀ ਕੀਤੀ, ਲੋਕਾਂ ਦੀਆਂ ਕਪਾਹਾਂ ਚੁਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ ਤੇ ਡੰਗ ਟਪਾਇਆ।"

"ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖਿਆਲ ਨਹੀਂ ਸੀ?" ਮੈਂ ਪੁੱਛਿਆ।

"ਕਿਹੜਾ ਸਾਲ ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਨ੍ਹਾਂ 'ਤੇ ਬੋਝ ਬਣੀ ਰਹਿੰਦੀ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲੇ ਉਨ੍ਹਾਂ ਉਹਨੂੰ ਹੀ ਕੋਸਣਾ ਸੀ, ਜਿਹੜਾ ਆਪਣੇ ਫਰਜ਼ਾਂ ਨੂੰ ਵਿਚੇ ਹੀ ਛੱਡ ਗਿਆ ਸੀ।"

"ਤੂੰ ਸਰਕਾਰ ਕੋਲੋਂ ਮਦਦ ਮੰਗ ਲੈਣੀ ਸੀ।" ਮੈਂ ਉਦਾਸ ਹੋ ਕੇ ਆਖਿਆ।

"ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ, ਇਹ ਮੈਥੋਂ ਹੋ ਨਹੀਂ ਸਕਿਆ।"

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ; ਇਸ ਮਹਾਂ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ ਲਾਹ ਉਹ ਭਰ ਜਵਾਨ ਕੁੜੀ ਬਣ, ਮੇਰੀ ਯਾਦ ਵਿਚ ਉਘੜ ਖਲੋਤੀ।

"ਸੁਣਿਆ ਏ ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ?" ਮੈਂ ਪੁੱਛਿਆ।

"ਮੈਂ! ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ? ਉਹਨੇ ਵੱਜਦੇ ਵਾਜਿਆਂ ਨਾਲ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ, ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ?"

"ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ।" ਮੈਂ ਆਖਿਆ।

"ਤੈਨੂੰ ਪੁਰਾਣੀ ਲੱਗਦੀ ਹੋਊ। ਮੈਨੂੰ ਤਾਂ ਇਉਂ ਲੱਗਦੀ ਏ, ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਜਦੋਂ ਇਕ ਦਿਨ ਦੀਵੇ ਬਲਦਿਆਂ ਨਾਲ ਉਹ ਸਾਡੇ ਪਿੰਡ ਆਇਆ ਸੀ, ਬਾਹਰ ਖੂਹ 'ਤੇ ਖਲੋ ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ। ਬੋਲਿਆ, 'ਤੂੰ ਫਿਕਰ ਨਾ ਕਰੀਂ, ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ, ਮੈਂ ਤੇਰੇ ਨਾਲ ਹੀ ਕਰਾਂਗਾ। ਮੈਂ ਛੇਤੀ ਹੀ ਆਵਾਂਗਾ।' ਆਖ ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ।"

ਉਸ ਵੇਲੇ ਮੈਨੂੰ ਇਕ ਰੂਸੀ ਗੀਤ ਯਾਦ ਆਇਆ, 'ਸਾਡਾ ਘਰ ਸਜਨੀਏ ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।' ਇਨ੍ਹਾਂ ਲਫਜ਼ਾਂ ਦੀ ਤੜਫ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ, ਜਿਸ ਨੇ ਮੁੜ ਕਦੇ ਫੇਰਾ ਨਾ ਪਾਇਆ।

"ਤੂੰ ਇਨ੍ਹਾਂ ਪੀੜਾਂ ਦੀ ਸਾਰ ਕੀ ਜਾਣੇ!" ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ, 'ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ, ਮੇਰੇ ਸਾਹ ਸੁੱਕਦੇ ਜਾ ਰਹੇ ਨੇ।'

"ਰੱਬ ਤੈਨੂੰ ਲੰਮੀ ਉਮਰ ਬਖਸ਼ੇ।" ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ ਭਰੀ ਆਵਾਜ਼ ਵਿਚ ਕਹਿਣ ਲੱਗੀ, "ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁੱਕਦੇ ਪਏ।"

ਉਹਦੀ ਉਦਾਸੀ ਮੇਰੇ ਕੋਲੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, "ਤੂੰ ਮੇਰੇ ਨਾਲ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ ਚਾਰ ਦਿਨ ਸੁਹਣੇ ਲੰਘ ਜਾਣਗੇ।"



*ਸ਼ਹੀਦ ਭਗਤ ਸਿੰਘ*

"ਨਹੀਂ ਮੈਂ ਵਿਆਹ ਨਹੀਂ ਜਾ ਸਕਦੀ।" ਉਹ ਬੋਲੀ।

"ਕਿਉਂ?" ਮੈਂ ਪੁੱਛਿਆ।

"ਖੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹੇ ਮੌਕਿਆਂ 'ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੈਥੋਂ ਆਪਣੇ ਗਮ ਹੁਣ ਘੜੀ ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਨ੍ਹਾਂ ਦੇ ਨਾਲ ਰਹਿਣ ਦੀ ਆਦਤ ਪੈ ਗਈ ਏ। ਇਕ ਗੱਲ ਦੱਸੇਂਗੀ?" ਉਹਨੇ ਆਸ ਨਾਲ ਮੇਰੇ ਵੱਲ ਤੱਕਿਆ।

"ਹਾਂ ਪੁੱਛ।" ਮੈਂ ਆਖਿਆ।

"ਕੀ ਸੱਚੀ-ਮੁੱਚੀਂ ਕੋਈ ਅਗਲਾ ਜਨਮ ਵੀ ਹੁੰਦਾ ਹੈ?"

'ਵਿਚਾਰੀ!' ਮੇਰੇ ਦਿਲ ਨੇ ਆਖਿਆ।

"ਹਾਂ, ਜ਼ਰੂਰ ਹੁੰਦਾ ਏ।" ਮੈਂ ਕਹਿ ਦਿੱਤਾ।

ਇਹ ਸੁਣ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ ਤੇ ਉਹ ਮੁਸਕਰਾ ਪਈ।

"ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ?" ਮੈਂ ਪੁੱਛਿਆ।

"ਹਾਂ, ਹਰ ਘੜੀ ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ, 'ਨਹੀਂ ਉਹ ਮਰਿਆ ਨਹੀਂ, ਉਹਨੂੰ ਫਾਂਸੀ ਨਹੀਂ ਦਿੱਤੀ ਗਈ, ਉਹ ਜਿਉਂਦਾ ਏ। ਕਦੀ ਕਦੀ ਸੋਚਦੀ ਹਾਂ, ਜੇ ਕਿਧਰੇ ਉਹ ਸੱਚੀਂ-ਮੁੱਚੀਂ ਮੁੜ ਆਵੇ, ਮੈਂ ਉਹਨੂੰ ਆਖਾਂ, 'ਕਹੁ ਵੇ ਇਨ੍ਹਾਂ ਤਕਦੀਰਾਂ ਨੂੰ, ਇਉਂ ਨਾ ਦੂਰ ਖਲੋਣ, ਮੈਂ ਵੀ ਕਿਸੇ ਦੀ ਧੀ ਵੇ, ਮੈਂ ਵੀ ਕਿਸੇ ਦੀ ਭੈਣ' ਪਰ ਹੁਣ ਇਨ੍ਹਾਂ ਤਕਦੀਰਾਂ ਕੋਲ ਮੇਰੇ ਜੋਗਾ ਹੈ ਈ ਕੀ ਏ।" ਉਹ ਉਦਾਸ ਹੋ ਕੇ ਬੋਲੀ।

"ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ, ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ। ਤੂੰ ਵੀ ਕੋਈ ਹਿੱਸਾ ਪਾ। ਦੇਖ ਨਵਾਂ ਵਰ੍ਹਾ ਆਇਆ ਏ, ਨਵਾਂ ਕਦਮ ਚੁੱਕ।" ਮੈਂ ਆਖਿਆ। ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁੱਪ-ਚਾਪ ਮੇਰੇ ਵੱਲ ਤੱਕਣ ਲੱਗੀ, ਜਿਵੇਂ ਕਹਿੰਦੀ ਹੋਵੇ,

ਪਿਛਲਾ ਵਰ੍ਹਾ ਰੋ ਕੇ ਟੁਰ ਚੱਲਿਆ,
ਅਗਲਾ ਵੀ ਖੜ੍ਹਾ ਉਦਾਸ।
ਕਿਹੜੇ ਵੇ ਮੁਨੀ ਸਰਾਪਿਆ,
ਤੂੰ ਮੁੜ ਨਾ ਪੁੱਛੀ ਬਾਤ।

"ਤੂੰ ਕੀ ਸੋਚ ਰਹੀ ਏ?" ਮੈਂ ਪੁੱਛਿਆ। ਉਸ ਨੇ ਹਉਕਾ ਭਰਿਆ, ਜਿਵੇਂ ਕਹਿੰਦੀ ਹੋਵੇ, 'ਰਾਤ ਦੀ ਰਾਣੀ ਮੈਨੂੰ ਪੁੱਛਦੀ, ਕਿਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ! ਦਿਹੁੰ ਵੀ ਉਲਾਂਭੇ ਦਿੰਦਾ, ਕਿਥੇ ਤਾਂ ਖੋਈਆਂ ਤੇਰੀਆਂ ਸੂਰਤਾਂ! ਮੈਂ ਮੁੜ ਮੁੜ ਤੈਥੋਂ ਪੁਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ? ਕੌਣ ਬਣੂ ਵੇ ਮੇਰੇ ਦੁੱਖਾਂ ਦਾ ਸੀਰੀ?'

ਮੈਂ ਉਹਦੇ ਮੂੰਹ ਵੱਲ ਤੱਕਿਆ, ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ ਇਸ ਕਥਨ ਅੱਗੇ ਮੈਂ ਸਿਰ ਝੁਕਾ ਦਿੱਤਾ। ਉਹਦੀ ਟੁੱਟੀ ਹੋਈ ਜੁੱਤੀ 'ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਮੈਨੂੰ ਦੁੱਖ ਲੱਗਾ।

"ਤੂੰ ਉਹਨੂੰ ਵੇਖਿਆ ਸੀ?" ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

"ਨਹੀਂ।" ਮੈਂ ਆਖਿਆ।

"ਉਹ ਬੜਾ ਸੋਹਣਾ ਸੀ। ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲੋਂ ਸੋਹਣਾ।" ਤੇ ਅੱਗਿਉਂ ਉਹਦਾ ਗਲਾ ਭਰ ਆਇਆ ਤੇ ਫਿਰ ਜਿਵੇਂ ਆਪਣੇ ਆਪ ਗੱਲਾਂ ਕਰਨ ਲੱਗੀ,

'ਆਉਂਦੇ ਜਾਂਦੇ ਰਾਹੀਆਂ ਦੇ ਮੈਂ ਮੂੰਹ ਵੱਲ ਤੱਕਦੀ,
ਕੋਈ ਕਰੇ ਵੀ ਤੇਰੀ ਗੱਲ।
ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ,
ਕਦੇ ਤਾਂ ਸੁਨੇਹਾ ਘੱਲ।'

"ਕੀ ਸੋਚ ਰਹੀ ਏਂ ਸੋਹਣੀਏ?" ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ ਤੱਕਣ ਲੱਗੀ, ਜਿਵੇਂ ਕਹਿ ਰਹੀ ਹੋਵੇ, 'ਮਾਂ ਆਪਣੀ ਨੂੰ ਮੈਂ ਪੁੱਛਦੀ, ਧੀ ਦੇ ਕਿਹੇ ਲੇਖ ਲਿਖਾਏ।'

ਮੈਂ ਉਹਦੇ ਵੱਲ ਤੱਕਦੀ ਰਹੀ। ਕੋਈ ਲਾਟ ਬਲਦੀ ਸੀ ਉਹਦੀਆਂ ਨਜ਼ਰਾਂ ਵਿਚ। ਕੋਈ ਕਹਿਰ ਸੀ ਉਹਦੀ ਤੱਕਣੀ ਵਿਚ। ਮੈਨੂੰ ਲੱਗਿਆ ਜਿਵੇਂ ਉਹ ਕੋਈ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ ਤੋੜ, ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ ਜਿਵੇਂ ਕਹਿੰਦੀ ਹੋਵੇ, 'ਮੈਂ ਭਲਾ ਕੀ ਕਰ ਸਕਦੀ ਹਾਂ?'

"ਤੂੰ ਨਿਰਾਸ਼ ਨਾ ਹੋ। ਭਗਤ ਸਿੰਘ ਸਿਰਫ ਤੇਰਾ ਹੀ ਨਹੀਂ ਸੀ, ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ, ਸਾਰੇ ਦੇਸ਼ ਨੂੰ ਹੈ। ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਵੀ ਯਾਦ ਏਂ।"

ਇਹ ਸੁਣ ਕੇ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ ਉਹ ਮੇਰੀ ਕਲਪਨਾ ਵਿਚੋਂ ਮੁੜ ਚੱਲੀ। ਮੈਨੂੰ ਲੱਗਿਆ, 'ਧਰਤ ਅੰਬਰ ਵੀ ਸੋਚਦੇ, ਕੀ ਦੇਣ ਤਸੱਲੀ।'

ਇੰਨੇ ਨੂੰ ਇਕ ਝੂਟੇ ਨਾਲ ਗੱਡੀ ਸਟੇਸ਼ਨ ਉਤੇ ਆਣ ਖੜ੍ਹੀ ਹੋਈ। ਉਹ ਮੰਗਤਾ ਫਿਰ ਡੱਬੇ ਅੱਗੇ ਵੀ ਗਾਉਂਦਾ ਜਾ ਰਿਹਾ ਸੀ,

ਜਦੋਂ ਵੀਰ ਭਗਤ ਸਿੰਘ, ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿਚ ਦੱਸਿਆ ਜਾ।

# ਭਾਸ਼ਣੀ-ਸੁਰ ਤੋਂ ਮੁਕਤ ਹੋਣ ਲਈ ਤਾਂਘਦੀ ਪੰਜਾਬੀ ਕਹਾਣੀ

*(ਪਿਛਲੇ ਸਫੇ ਦੀ ਬਾਕੀ)*

ਮਨਮੋਹਨ ਬਾਵਾ ਦੀ 'ਸ਼ੀਸ਼ੇ ਦੇ ਦਰਵਾਜ਼ੇ ਕੋਲ ਖੜ੍ਹਾ ਆਦਮੀ' (ਕਹਾਣੀ-ਪੰਜਾਬ, ਅਪਰੈਲ-ਜੂਨ), ਬਲਜਿੰਦਰ ਨਸਰਾਲੀ ਦੀ 'ਜੇ ਉਹ ਹੁੰਦੀ' (ਸਿਰਜਣਾ, ਜਨਵਰੀ-ਮਾਰਚ), ਤ੍ਰਿਪਤਾ ਕੇ. ਸਿੰਘ ਦੀ 'ਕਵਿਤਾ, ਕਵੀ ਤੇ ਮੈਂ' (ਰਾਗ, ਮਈ-ਅਗਸਤ) ਅਤੇ ਪਵਿੱਤਰ ਕੌਰ ਮਾਟੀ ਦੀ 'ਅੱਧੇ-ਅਧੂਰੇ' (ਕਹਾਣੀ ਧਾਰਾ, ਜੁਲਾਈ-ਸਤੰਬਰ) 'ਪਤੀ, ਪਤਨੀ ਔਰ ਵੋਹ' ਦੀ ਤਰਜ਼ 'ਤੇ ਔਰਤ-ਮਰਦ ਦੇ ਰਿਸ਼ਤੇ ਦੇ ਵਿਭਿੰਨ ਪਾਸਾਰ ਪੇਸ਼ ਕਰਦੀਆਂ ਕਹਾਣੀਆਂ ਹਨ। ਰੌਚਕ ਅਤੇ ਨਿਵੇਕਲੀ ਗੱਲ ਇਹ ਹੈ ਕਿ ਕਿਸੇ ਸੰਪੂਰਨਤਾ ਦੀ ਤਲਾਸ਼ ਵਿਚ ਮਰਦ ਪਾਤਰ ਵਿਆਹ-ਬਾਹਰੇ ਦੋਸਤਾਨਾ ਸਬੰਧਾਂ (ਕਾਮ-ਭੁੱਖ ਤੋਂ ਮੁਕਤ) ਦੀ ਕਾਮਨਾ ਤਾਂ ਕਰਦੇ ਹਨ ਪਰ ਨਾਲੋ ਨਾਲ ਆਪਣੇ ਪਰਿਵਾਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਵੀ ਮੱਧਮ ਨਹੀਂ ਪੈਣ ਦੇਣਾ ਚਾਹੁੰਦੇ। ਇਨ੍ਹਾਂ ਕਹਾਣੀਆਂ ਦੀ ਖੂਬੀ ਮਨੁੱਖੀ ਅਵਚੇਤਨ ਦੀਆਂ ਬਹੁਤ ਡੂੰਘੀਆਂ ਤੈਹਾਂ ਨੂੰ ਉਜਾਗਰ ਕਰਨ ਵਿਚ ਹੈ। ਸਹਿਜ ਅਤੇ ਸਰਲ ਬਿਰਤਾਂਤ, ਮਨੋਵਿਗਿਆਨਕ ਛੋਹਾਂ ਅਤੇ ਕਹਾਣੀ-ਰਸ ਵੀ ਇਨ੍ਹਾਂ ਨਵੇਂ ਲਹਿਜੇ ਦੀਆਂ ਪਿਆਰ ਕਹਾਣੀਆਂ ਨੂੰ ਪਾਠਕਮੁਖੀ ਬਣਾਉਂਦਾ ਹੈ।

ਭਗਵੰਤ ਰਸੂਲਪੁਰੀ ਦੀ ਕਹਾਣੀ 'ਕਬਰਗਾਹ' (ਹੁਣ, ਸਤੰਬਰ-ਦਸੰਬਰ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਹੇਠਲੇ ਮੱਧਵਰਗੀ ਕਿਸਾਨ ਅਤੇ ਦਲਿਤ ਵਰਗ ਦੇ ਕੰਗਾਲੀਕਰਣ ਤੇ ਅੰਤ ਖੁਦਕੁਸ਼ੀਆਂ ਦੇ ਰਾਹ ਪੈਣ ਦਾ ਵੱਡੇ ਕੈਨਵਸ ਵਾਲਾ ਬਿਰਤਾਂਤ ਸਿਰਜਦੀ ਹੈ। ਕਹਾਣੀ ਦੀ ਵਧੇਰੇ ਸਮਰੱਥਾ ਇਸ ਦੇ ਥੀਮਗਤ ਪਾਸਾਰਾਂ ਕਰਕੇ ਹੈ, ਭਾਵੇਂ ਵਰਣਨ ਮੂਲਕ ਅਤੇ ਸੂਤਰਧਾਰੀ ਲਹਿਜਾ ਇਸ ਦੀ ਕਲਾਤਮਕ ਬਿਰਤਾਂਤਕਾਰੀ ਨੂੰ ਠੇਸ ਪਹੁੰਚਾਉਣ ਵਾਲਾ ਸਿੱਧ ਹੁੰਦਾ ਹੈ।

ਏਜਾਜ਼ ਦੀ ਕਹਾਣੀ 'ਪੁਰਾਣ' (ਲਕੀਰ, ਮਾਰਚ-ਅਪਰੈਲ) ਪਾਕਿਸਤਾਨ ਦੀ ਇਕ ਨੌਕਰੀਪੇਸ਼ਾ ਮੱਧਵਰਗੀ ਔਰਤ ਦੀ ਆਪਣੇ ਤਨ-ਮਨ ਬਾਰੇ ਸੁਤੰਤਰ ਫੈਸਲੇ ਲੈਣ ਦੀ ਅਧਵਾਟੇ ਟੁੱਟੀ ਖਾਹਸ਼ ਦਾ ਦੁਖਾਂਤ ਹੈ। ਉਤਮ-ਪੁਰਖੀ ਕੰਵਾਰੀ ਬਿਰਤਾਂਤਕਾਰ ਆਪਣੇ ਦੋਸਤ ਦਲਬੀਰ ਨਾਲ ਸੰਪਰਕ ਰਾਹੀਂ ਗਰਭਵਤੀ ਹੋ ਜਾਂਦੀ ਹੈ। ਉਹ ਖੁਸ਼ੀ ਅਤੇ ਮਾਣ ਨਾਲ ਬੱਚੇ ਨੂੰ ਜਨਮ ਦੇਣਾ ਚਾਹੁੰਦੀ ਹੈ ਪਰ ਦਲਬੀਰ ਬੱਚੇ ਨੂੰ ਬਾਪ ਵਜੋਂ ਆਪਣਾ ਨਾਂ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਫਿਊਡਲ ਸਮਾਜ ਵਿਚ ਬਿਨ ਬਾਪ ਤੋਂ ਬੱਚੇ ਦੀ ਹੋਣੀ ਚਿਤਵ ਕੇ ਉਹ ਖੁਦਕੁਸ਼ੀ ਕਰ ਲੈਂਦੀ ਹੈ। ਕਹਾਣੀ ਦੀ ਸ਼ਕਤੀ ਜਿਥੇ ਇਸ ਦੀ ਆਧੁਨਿਕ ਸੰਵੇਦਨਾ ਵਾਲੀ ਨਾਰੀਮੁਖੀ ਰਚਨਾ-ਦ੍ਰਿਸ਼ਟੀ ਵਿਚ ਹੈ, ਉਥੇ ਇਸ ਦੀ ਸੰਕੇਤਕ ਅਤੇ ਪ੍ਰਗੀਤਕ ਗਲਪੀ-ਭਾਸ਼ਾ ਦੇ ਢੁਕਵੇਂ ਪ੍ਰਯੋਗ ਵਿਚ ਵੀ ਹੈ।

ਇਨ੍ਹਾਂ ਤੋਂ ਬਿਨਾ ਕੁਝ ਹੋਰ ਪੜ੍ਹਨਯੋਗ ਕਹਾਣੀਆਂ ਹਨ, ਜਿਵੇਂ ਝਨ੍ਹਾਂ ਦੀਆਂ ਛੱਲਾਂ (ਅਜਮੇਰ ਸਿੱਧੂ, ਸ਼ਬਦ, ਜਨਵਰੀ-ਮਾਰਚ), ਵਿਦਾਅ (ਜਿੰਦਰ, ਸਿਰਜਣਾ, ਜੁਲਾਈ-ਸਤੰਬਰ), ਹੀਰ ਕਾਮਰੇਡ ਵਿਨੋਦ (ਬਿੰਦਰ ਬਸਰਾ, ਲਕੀਰ, ਮਾਰਚ-ਅਪਰੈਲ), ਰੇਤ ਦੇ ਇਗਲੂ (ਬਲੀਜੀਤ, ਲਕੀਰ, ਮਾਰਚ-ਅਪਰੈਲ), ਗਹਿਰ (ਸਰਵਣ ਮਿਨਹਾਸ, ਵਾਹਗਾ, ਅੰਕ 5), ਇਕ ਹੋਰ ਸੁੱਚਾ ਸਿੰਘ (ਹਰਪ੍ਰੀਤ ਸੇਖਾ, ਸਿਰਜਣਾ, ਜਨਵਰੀ-ਮਾਰਚ), ਅੰਨ ਬ੍ਰਹਮ ਹੈ (ਜਤਿੰਦਰ ਹਾਂਸ, ਸਿਰਜਣਾ, ਜੁਲਾਈ-ਸਤੰਬਰ), ਕੁੰਭੀ ਨਰਕ (ਭਗਵੰਤ ਰਸੂਲਪੁਰੀ, ਸਿਰਜਣਾ, ਅਕਤੂਬਰ-ਦਸੰਬਰ), ਮੋਢੇ ਦਾ ਭਾਰ (ਪ੍ਰੇਮ ਪ੍ਰਕਾਸ਼, ਹੁਣ, ਜਨਵਰੀ-ਅਗਸਤ), ਖੜ-ਸੁੱਕ ਰੁੱਖ (ਗੁਰਦਿਆਲ ਦਲਾਲ, ਹੁਣ, ਜਨਵਰੀ-ਅਗਸਤ), ਕੀ ਜਾਣਾ ਮੈਂ ਕੌਣ (ਮੇਜਰ ਮਾਂਗਟ, ਰਾਗ, ਅੰਕ 1), ਸਵੈ-ਸ਼ਿਕਨ (ਕੁਲਜੀਤ ਮਾਨ, ਰਾਗ, ਜੁਲਾਈ-ਸਤੰਬਰ), ਦੀਵਾ ਬਲੇ ਉਜਾੜੀਂ (ਖਾਲਿਦ ਹੁਸੈਨ, ਸਾਹਿਤਕ ਏਕਮ, ਅਕਤੂਬਰ-ਦਸੰਬਰ), ਅੱਗੇ ਸਾਖੀ ਹੋਰ ਚੱਲੀ (ਲਾਲ ਸਿੰਘ, ਸਿਰਜਣਾ, ਅਪਰੈਲ-ਜੂਨ), ਅਨਾਰਕਲੀ (ਸੁਰਿੰਦਰ ਨੀਰ, ਜਨਵਰੀ-ਮਾਰਚ), ਮਲਟੀਪਰਪਸਿਜ਼ (ਬਲਦੇਵ ਸਿੰਘ, ਪੰਜਾਬੀ ਟ੍ਰਿਬਿਊਨ) ਆਦਿ।

ਇਸ ਸਾਲ ਦੀ ਕਹਾਣੀ ਨੂੰ ਪੜ੍ਹਦਿਆਂ ਕੁਝ ਉਭਰਵੀਆਂ ਗੱਲਾਂ, ਜੋ ਨੁਕਤਿਆਂ ਦੇ ਰੂਪ 'ਚ ਸਾਹਮਣੇ ਆਈਆਂ, ਇਸ ਪ੍ਰਕਾਰ ਹਨ:

ਬਹੁਤੀ ਕਹਾਣੀ ਰਿਸ਼ਤਿਆਂ ਦੇ ਬਦਲਦੇ ਸਮੀਕਰਨਾਂ ਬਾਰੇ ਲਿਖੀ ਜਾ ਰਹੀ ਹੈ। ਰਾਜਸੀ ਚੇਤਨਾ ਵਾਲੀ ਕਲਾਤਮਕ ਕਹਾਣੀ, ਜਿਸ ਵੰਨਗੀ ਲਈ ਕਦੇ ਵਰਿਆਮ ਸਿੰਘ ਸੰਧੂ ਨੇ ਨਾਮਣਾ ਖੱਟਿਆ ਸੀ, ਦੀ ਮੂਲੋਂ ਹੀ ਘਾਟ ਜਾਪਦੀ ਹੈ।

ਨਾਰੀ ਕਹਾਣੀਕਾਰਾਂ ਦੇ ਘੱਟ-ਗਿਣਤੀ ਕਾਫਲੇ 'ਚ ਨੀਲਮ ਸੈਣੀ, ਸਿੰਮੀਪ੍ਰੀਤ ਕੌਰ, ਜਸਵੀਰ ਕੌਰ, ਕੁਲਬੀਰ ਕੌਰ ਆਦਿ ਨਵੇਂ ਸਮਰੱਥ ਨਾਂ ਸ਼ਾਮਿਲ ਹੋਣੇ ਰਾਹਤ ਦੀ ਗੱਲ ਹੈ।

ਇਸ ਸਾਲ ਕਹਾਣੀਕਾਰਾਂ ਦਾ ਇਕ ਪੂਰ ਗੁਜ਼ਰ ਗਿਆ। ਦਰਸ਼ਨ ਸਿੰਘ, ਅਮਰਜੀਤ ਅਕਸ, ਅਮਰ ਗਿਰੀ, ਸ਼ਿਵਚਰਨ ਗਿੱਲ, ਇਕਬਾਲ ਸਿੰਘ ਰਾਮੂੰਵਾਲੀਆ, ਕੈਲਾਸ਼ਪੁਰੀ, ਗੁਰਚਰਨ ਸਿੰਘ ਜ਼ੀਰਾ, ਅਫਜ਼ਲ ਅਹਿਸਨ ਰੰਧਾਵਾ ਅਤੇ ਬੰਤ ਸਿੰਘ ਚੱਠਾ ਨੂੰ ਭਾਵ-ਭਿੰਨੀ ਸ਼ਰਧਾਂਜਲੀ।

ਜਿਹੜੇ ਕੁਝ ਨਵੇਂ ਹੋਣਹਾਰ ਕਹਾਣੀਕਾਰਾਂ ਨੇ ਆਸ ਦੀ ਕਿਰਨ ਜਗਾਈ ਹੈ, ਉਨ੍ਹਾਂ ਵਿਚ ਦਲਜੀਤ ਸਿੰਘ ਸ਼ਾਹੀ, ਬਲਵਿੰਦਰ ਬੁਲੇਟ, ਏਜਾਜ਼ (ਪਾਕਿਸਤਾਨੀ), ਨਵਚੇਤਨ (ਪਰਵਾਸੀ), ਗੁਰਪ੍ਰੀਤ ਸਹਿਜੀ, ਸੰਦੀਪ ਚੀਮਾ, ਸਿਮਰਜੀਤ ਸਿੰਘ, ਵਿਪਨ ਆਦਿ ਸ਼ਾਮਿਲ ਹਨ।

ਸੁਹਿਰਦ ਢੰਗ ਨਾਲ ਕਹਾਣੀਆਂ ਦੀ ਚੋਣ ਕਰਕੇ ਜ਼ਿੰਮੇਵਾਰੀ ਨਾਲ ਮੌਲਿਕ ਅਤੇ ਕਲਾਤਮਕ ਕਹਾਣੀਆਂ ਪ੍ਰਕਾਸ਼ਿਤ ਕਰਨ ਵਾਲੇ ਪੰਜਾਬੀ ਰਿਸਾਲਿਆਂ ਵਿਚ ਇਕ ਹੋਰ ਨਾਂ 'ਰਾਗ' (ਸੰਪਾਦਕ, ਅਜਮੇਰ ਸਿੱਧੂ) ਜੁੜ ਗਿਆ ਹੈ।

ਕੁਝ ਪੰਜਾਬੀ ਰਿਸਾਲਿਆਂ ਨੇ ਕਹਾਣੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਕੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਲਕੀਰ (ਮਾਰਚ-ਅਪਰੈਲ), ਕਹਾਣੀ ਧਾਰਾ (ਜੁਲਾਈ-ਸਤੰਬਰ), ਕਲਾਕਾਰ ਸਾਹਿਤਕ (ਜੁਲਾਈ-ਸਤੰਬਰ) ਇਸ ਪੱਖੋਂ ਪ੍ਰਸ਼ੰਸਾ ਦੇ ਹੱਕਦਾਰ ਹਨ।

ਪੰਜਾਬੀ ਅਕਾਦਮੀ, ਦਿੱਲੀ ਵਲੋਂ 'ਪੰਜਾਬੀ ਕਹਾਣੀ ਦਾ ਇਤਿਹਾਸ' ਨਾਂ ਦੀ ਪੁਸਤਕ ਨੂੰ ਪਿਛਲੇ 11 ਸਾਲ ਦੇ ਨਵੇਂ ਡਾਟੇ (ਕਹਾਣੀਕਾਰਾਂ ਬਾਰੇ ਪ੍ਰਮਾਣਿਕ ਬਹੁ-ਪੱਖੀ ਜਾਣਕਾਰੀ) ਸਮੇਤ ਇਸ ਵਰ੍ਹੇ ਮੁੜ ਛਾਪਿਆ ਗਿਆ ਹੈ।

ਪਾਕਿਸਤਾਨੀ ਪੰਜਾਬੀ ਕਹਾਣੀ ਦੀ ਤਾਜ਼ਾ-ਤਰੀਨ ਸਮੱਗਰੀ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਕਾਰਜ ਹੈ। ਇਸ ਲਈ ਮੇਰੇ ਕੋਲ ਇਕੋ ਇਕ ਭਰੋਸੇਮੰਦ ਸਰੋਤ ਪਾਕਿਸਤਾਨੀ ਨੌਜਵਾਨ ਪੰਜਾਬੀ ਕਹਾਣੀਕਾਰ ਅਤੇ ਕਹਾਣੀ-ਆਲੋਚਕ ਡਾ. ਕਰਾਮਤ ਅਲੀ ਮੁਗਲ ਹੈ ਜਿਸ ਨੇ ਇਸ ਵਰ੍ਹੇ ਵੀ ਲਾਹੇਵੰਦ ਜਾਣਕਾਰੀ ਨਾਲ ਇਸ ਲਿਖਤ ਵਿਚ ਯੋਗਦਾਨ ਪਾਇਆ।

ਪਾਕਿਸਤਾਨੀ ਪੰਜਾਬੀ ਕਹਾਣੀ ਦੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਅੰਤਰ ਦਾ ਮਸਲਾ ਵੀ ਬਹੁਤ ਵੱਡਾ ਹੈ। ਇਸ ਖਾਤਰ ਕਿਸੇ ਅਦਾਰੇ ਦੀ ਅਣਹੋਂਦ ਵਿਚ ਜਿਹੜੇ ਕੁਝ ਇਕ ਵਿਅਕਤੀ ਇਹ ਅਹਿਮ ਕਾਰਜ ਤਨਦੇਹੀ ਨਾਲ ਕਰ ਰਹੇ ਹਨ, ਉਨ੍ਹਾਂ ਵਿਚ ਡਾ. ਹਰਬੰਸ ਸਿੰਘ ਧੀਮਾਨ ਦਾ ਨਾਂ ਵਿਸ਼ੇਸ਼ ਹੈ। ਉਸ ਨੇ ਇਸ ਸਾਲ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਸਮਰੱਥ ਛੇ ਕਹਾਣੀਕਾਰਾਂ ਦੀਆਂ ਛੇ-ਛੇ ਕਹਾਣੀਆਂ ਦਾ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਅੰਤਰ ਕੀਤਾ ਹੈ, ਜੋ 'ਲਹਿੰਦੇ ਪੰਜਾਬ ਦੀਆਂ ਚੋਣਵੀਆਂ ਪੰਜਾਬੀ ਕਹਾਣੀਆਂ' ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਪੁਸਤਕ ਵੀ ਇਸ ਵਰ੍ਹੇ ਦਾ ਹਾਸਿਲ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਹਾਣੀ ਦੇ ਖੇਤਰ ਵਿਚ ਗਿਣਤੀ ਪੱਖੋਂ ਜਿੰਨੀ ਗਹਿਮਾ-ਗਹਿਮੀ ਵੇਖਣ ਨੂੰ ਮਿਲ ਰਹੀ ਹੈ, ਓਨੀ ਗੁਣਵੱਤਾ ਪੱਖੋਂ ਨਜ਼ਰ ਨਹੀਂ ਆਉਂਦੀ, ਜਿਸ ਕਰਕੇ ਚੰਗੀ ਕਹਾਣੀ ਦੇ ਤਲਬਗਾਰ ਪਾਠਕ ਨੂੰ ਇਕ ਖੜੋਤ ਜਿਹੀ ਦਾ ਅਹਿਸਾਸ ਹੋਣ ਲਗਦਾ ਹੈ। ਮਿਸਾਲ ਵਜੋਂ ਜਿਵੇਂ ਜਰਨੈਲ ਸਿੰਘ ਤੋਂ ਬਾਅਦ ਹਰਪ੍ਰੀਤ ਸੇਖਾ ਨੇ ਅਨੁਭਵਮੁਖੀ ਪ੍ਰੌਢ ਬਿਰਤਾਂਤਕਾਰੀ ਨਾਲ ਪਰਵਾਸੀ ਪੰਜਾਬੀ ਕਹਾਣੀ ਨੂੰ ਹੋਰ ਪ੍ਰਮਾਣਿਕ ਬਣਾ ਕੇ ਨਵਾਂ ਹੁਲਾਰਾ ਦਿੱਤਾ ਹੈ, ਉਵੇਂ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਮੁਹੰਮਦ ਮਨਸ਼ਾ ਯਾਦ ਅਤੇ ਆਗਾ ਅਲੀ ਮੁਦੱਸਰ ਤੋਂ ਬਾਅਦ ਕੋਈ ਬਹੁਤ ਸਮਰੱਥ ਨਾਂ ਇਸ ਸਾਲ ਵੀ ਵੇਖਣ ਨੂੰ ਨਹੀਂ ਮਿਲਿਆ। ਖਾਸਕਰ ਰੂਪਾਕਾਰਕ ਬੰਧੇਜ਼ ਜਾਂ ਪੁਖਤਾ ਬਿਰਤਾਂਤਕਾਰੀ ਦੇ ਪੱਖੋਂ ਤਾਂ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਹਾਲਤ ਕਾਫੀ ਤਰਸਯੋਗ ਨਜ਼ਰ ਆਈ ਹੈ।

ਭਾਰਤੀ ਪੰਜਾਬੀ ਕਹਾਣੀ ਵਿਚ ਵੀ ਅਨੁਭਵ ਦੀਆਂ ਸੀਮਿਤ ਵਲਗਣਾਂ ਨੂੰ ਉਲੰਘਣ ਵਾਲੀਆਂ ਸੁਖਜੀਤ, ਜਤਿੰਦਰ ਹਾਂਸ, ਮਨਮੋਹਨ ਬਾਵਾ ਆਦਿ ਦੀਆਂ ਕੁਝ ਇਕ ਕਹਾਣੀਆਂ ਤੋਂ ਬਿਨਾ ਬਹੁਤੀਆਂ ਕਹਾਣੀਆਂ ਪੜ੍ਹਦਿਆਂ ਦੁਹਰਾਓ ਦਾ ਅਹਿਸਾਸ ਨਿਰੰਤਰ ਹੁੰਦਾ ਰਿਹਾ ਹੈ। ਇਸ ਲਈ ਪੰਜਾਬੀ ਪਾਠਕ ਦਾ ਵਿਸ਼ਵਾਸ ਬਣਾਈ ਰੱਖਣ ਲਈ ਜਿਥੇ ਪੰਜਾਬੀ ਕਹਾਣੀਕਾਰ ਨੂੰ ਨਵੇਂ ਅਨੁਭਵ ਖੇਤਰਾਂ ਅਤੇ ਪ੍ਰੌਢ ਬਿਰਤਾਂਤਕਾਰੀ ਪੱਖੋਂ ਹੋਰ ਸੁਚੇਤ ਹੋਣਾ ਪਵੇਗਾ, ਉਥੇ ਰਿਸਾਲਿਆਂ ਦੇ ਸੰਪਾਦਕਾਂ ਨੂੰ ਵੀ ਚੋਣ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਅਜਿਹਾ ਕਰਕੇ ਹੀ ਪੰਜਾਬੀ ਕਹਾਣੀ-ਰੂਪਾਕਾਰ ਦੇ ਖੁੰਢੇ ਹੋ ਰਹੇ ਹਥਿਆਰ ਨੂੰ ਮੁੜ ਸਾਣ ਉਤੇ ਲਾਇਆ ਜਾ ਸਕਦਾ ਹੈ। ਅਜਿਹਾ ਤਾਂ ਹੀ ਸੰਭਵ ਹੈ ਜੇ ਪੰਜਾਬੀ ਕਹਾਣੀਕਾਰ ਭਾਸ਼ਣੀ-ਸੁਰ ਦੀ ਥਾਂ ਨਵੇਂ ਵਸਤੂ-ਯਥਾਰਥ ਦੇ ਨਾਲ ਵਰ ਮੇਚਣ ਵਾਲੀ ਗਲਪੀ-ਭਾਸ਼ਾ ਦੀ ਸਿਰਜਣ ਸ਼ਕਤੀ ਉਤੇ ਭਰੋਸਾ ਕਰਨਾ ਸਿੱਖੇਗਾ ਅਤੇ ਸ਼ਬਦ ਦੀਆਂ ਨਵੀਆਂ ਸੰਭਾਵਨਾਵਾਂ ਜਗਾਉਣ ਨੂੰ ਆਪਣਾ ਮੂਲ ਮੰਤਰ ਬਣਾਵੇਗਾ।

# ਜੱਗੇ ਡਾਕੂ ਦੀ ਧੀ

***ਜੱਗੇ ਡਾਕੂ ਦੀ ਕਹਾਣੀ ਚਿਰਾਂ ਤੋਂ ਪੰਜਾਬੀ ਲੋਕ-ਮਾਨਸ ਦੇ ਦਿਲਾਂ ਉਤੇ ਉਕਰੀ ਹੋਈ ਹੈ। ਪਿਛਲੇ ਦਿਨੀਂ ਉਸ ਦੀ ਧੀ ਗੁਲਾਬ ਕੌਰ ਉਰਫ ਰੇਸ਼ਮ ਕੌਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਕੁਝ ਸਾਲ ਪਹਿਲਾਂ ਰੇਸ਼ਮ ਕੌਰ ਨਾਲ ਮੁਲਾਕਾਤ ਕਰਨ ਵਾਲੇ ਬਲਰਾਜ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਧੀ ਵੱਲੋਂ ਆਪਣੇ ਬਾਪ ਬਾਬਤ ਦੱਸੀਆਂ ਗੱਲਾਂ ਨੂੰ ਆਧਾਰ ਬਣਾ ਕੇ ਜੱਗੇ ਬਾਰੇ ਇਹ ਲੇਖ ਲਿਖਿਆ ਹੈ। -ਸੰਪਾਦਕ***

ਜਗਤ ਸਿੰਘ ਸਿੱਧੂ ਉਰਫ ਜੱਗੇ ਡਾਕੂ ਨੂੰ ਜਿਉਂਦਾ ਜਾਗਦਾ ਵੇਖਣ ਵਾਲੀ ਉਸ ਦੀ ਧੀ ਗੁਲਾਬ ਕੌਰ 3 ਜਨਵਰੀ 2018 ਨੂੰ ਕਰੀਬ 101 ਸਾਲ ਦੀ ਉਮਰ ਭੋਗ ਕੇ ਪ੍ਰਲੋਕ ਸਿਧਾਰ ਗਈ।

ਮੇਰੀ ਮਲੋਟ ਪੋਸਟਿੰਗ ਵੇਲੇ ਲੋਕਾਂ ਅਤੇ ਅਖਬਾਰਾਂ ਤੋਂ ਪਤਾ ਲੱਗਿਆ ਕਿ ਪੰਜਾਬ ਦੇ ਪ੍ਰਸਿਧ ਲੋਕ ਨਾਇਕ ਜੱਗੇ ਡਾਕੂ ਦੀ ਧੀ ਰੇਸ਼ਮ ਕੌਰ ਥਾਣਾ ਲੰਬੀ ਦੇ ਪਿੰਡ ਵਣਵਾਲਾ ਅਨੂਕਾ ਵਿਚ ਵੱਸਦੀ ਹੈ। ਉਸ ਨੂੰ ਆਪਣੇ ਅੱਖੀਂ ਵੇਖਣ ਦੀ ਖਿੱਚ ਕਾਰਨ ਮੈਂ ਵਣਵਾਲਾ ਅਨੂਕਾ ਪਹੁੰਚ ਗਿਆ। ਜੱਗੇ ਦੀ ਧੀ ਦਾ ਪੇਕਿਆਂ ਦਾ ਨਾਂ ਗੁਲਾਬ ਕੌਰ ਅਤੇ ਸਹੁਰਿਆਂ ਦਾ ਰੇਸ਼ਮ ਕੌਰ ਸੀ। ਉਸ ਵੇਲੇ 94-95 ਸਾਲ ਦੀ ਰੇਸ਼ਮ ਕੌਰ ਮਾਨਸਿਕ ਤੇ ਸਰੀਰਕ ਪੱਖੋਂ ਪੂਰੀ ਚੇਤੰਨ ਸੀ, ਬੱਸ ਥੋੜ੍ਹਾ ਉਚਾ ਸੁਣਦੀ ਸੀ। ਉਹ ਨੌਂ ਸਾਲ ਦੀ ਸੀ, ਜਦੋਂ ਜੱਗਾ ਆਪਣੇ ਹੀ ਸਾਥੀ ਲਾਲੂ ਨਾਈ ਦੀ ਗੱਦਾਰੀ ਕਾਰਨ ਮਾਰਿਆ ਗਿਆ। ਆਪਣੇ ਪਿਤਾ ਬਾਰੇ ਉਸ ਨੂੰ ਇਸ ਤਰ੍ਹਾਂ ਗਿਆਨ ਸੀ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਉਸ ਨੇ ਆਪਣੇ ਪਿਤਾ ਬਾਰੇ ਇਉਂ ਦੱਸਿਆ:

ਸਿੱਧੂ ਗੋਤ ਦੇ ਜੱਗੇ ਦਾ ਜਨਮ 1901-02 ਦੇ ਲਾਗੇ ਚਾਗੇ ਪਿੰਡ ਬੁਰਜ ਰਣ ਸਿੰਘ ਵਾਲਾ, ਤਹਿਸੀਲ ਚੂਨੀਆਂ, ਜ਼ਿਲ੍ਹਾ ਲਾਹੌਰ ਵਿਚ ਹੋਇਆ। ਉਹ ਮੱਖਣ ਸਿੰਘ ਸਿੱਧੂ ਤੇ ਮਾਤਾ ਭਾਗ ਕੌਰ ਦਾ ਇਕਲੌਤਾ ਪੁੱਤਰ ਸੀ। ਜੱਗਾ ਅਜੇ 2-3 ਸਾਲ

**ਬਲਰਾਜ ਸਿੰਘ ਸਿੱਧੂ ਐਸ.ਪੀ.**
**ਫੋਨ: 98151-24449**

ਦਾ ਸੀ, ਜਦੋਂ ਮੱਖਣ ਸਿੰਘ ਦੀ ਮੌਤ ਹੋ ਗਈ, ਪਰ ਭਾਗ ਕੌਰ ਨੇ ਲੰਮੀ ਉਮਰ ਭੋਗੀ। ਉਸ ਦੀ ਮੌਤ ਆਜ਼ਾਦੀ ਤੋਂ ਬਾਅਦ ਭਾਰਤ ਆ ਕੇ ਹੋਈ। ਜੱਗੇ ਦਾ ਵਿਆਹ 16-17 ਸਾਲ ਦੀ ਉਮਰ ਵਿਚ ਪਿੰਡ ਤਲਵੰਡੀ, ਜ਼ਿਲ੍ਹਾ ਲਾਹੌਰ ਦੀ ਵਸਨੀਕ ਇੰਦਰ ਕੌਰ ਨਾਲ ਹੋਇਆ। ਜੱਗੇ ਦੇ ਜਨਮ ਤੋਂ ਪਹਿਲਾਂ ਉਸ ਦੇ ਛੇ ਭਰਾ ਪੈਦਾ ਹੋਏ ਸਨ, ਜੋ ਬਚਪਨ ਵਿਚ ਹੀ ਮਰ ਗਏ। ਸੋ, ਜੱਗਾ ਆਪਣੇ ਮਾਪਿਆਂ ਦਾ ਸੁੱਖਾਂ ਲੱਧਾ ਪੁੱਤਰ ਸੀ। ਉਸ ਦੀਆਂ ਦੋ ਸਕੀਆਂ ਵੱਡੀਆਂ ਭੈਣਾਂ ਵੀ ਸਨ। ਸੁੱਖਾਂ ਲੱਧਾ ਪੁੱਤਰ ਹੋਣ ਕਾਰਨ ਮਿਲੇ ਲਾਡ ਪਿਆਰ ਤੇ ਬਚਪਨ ਵਿਚ ਹੋਈ ਪਿਉ ਦੀ ਮੌਤ ਨੇ ਉਸ ਨੂੰ ਵਿਗਾੜ ਦਿੱਤਾ। ਅੱਸੀ ਕਿਲਿਆਂ ਦੇ ਮਾਲਕ ਜੱਗੇ ਦਾ ਡਾਕੂ ਬਣਨਾ ਕੋਈ ਆਰਥਿਕ ਮਜਬੂਰੀ ਨਹੀਂ ਸੀ। ਆਜ਼ਾਦੀ ਤੋਂ ਬਾਅਦ ਉਸ ਜਮੀਨ ਬਦਲੇ ਉਸ ਦੀ ਵਾਰਿਸ ਰੇਸ਼ਮ ਕੌਰ ਨੂੰ ਪਿੰਡ ਝੰਡੇ ਕਲਾਂ, ਨਜ਼ਦੀਕ ਸਰਦੂਲਗੜ੍ਹ (ਮਾਨਸਾ) ਵਿਚ 45 ਕਿੱਲੇ ਜਮੀਨ ਅਲਾਟ ਹੋਈ ਜੋ ਉਸ ਦੇ ਸਹੁਰੇ ਪਰਿਵਾਰ ਨੇ ਵੇਚ ਕੇ ਵਣਵਾਲੇ ਲੈ ਲਈ।

ਜੱਗਾ ਬਚਪਨ ਤੋਂ ਹੀ ਅਲੱਥ ਸੀ। ਇੱਕ ਵਾਰ ਉਹ ਸਾਥੀਆਂ ਸਮੇਤ ਆਪਣੇ ਚਾਚੇ ਦੇ ਖੇਤ ਗੰਨੇ ਚੂਪਣ ਜਾ ਵੜਿਆ। ਮੁੰਡਿਆਂ ਨੂੰ ਖੇਤ ਉਜਾੜਦੇ ਵੇਖ ਕੇ ਚਾਚੇ ਨੇ ਉਸ ਨੂੰ ਫੈਂਟ ਦਿੱਤਾ। ਗੁੱਸੇ ਵਿਚ ਆ ਕੇ ਉਸ ਨੇ ਘਰੋਂ ਕੁਹਾੜੀ ਲਿਆ ਕੇ ਚਾਚੇ ਦੇ ਖੂਹ ਦੀਆਂ ਟਿੰਡਾਂ ਭੰਨ ਦਿੱਤੀਆਂ ਤੇ ਰੱਸੀਆਂ ਵੱਢ ਕੇ ਮਾਹਲ ਖੂਹ ਵਿਚ ਸੁੱਟ ਦਿੱਤੀ। ਛੋਟੀ ਉਮਰ ਵਿਚ ਹੋਇਆ ਵਿਆਹ ਵੀ ਉਸ ਦੇ ਅੱਥਰੇ ਸੁਭਾਅ ਨੂੰ ਨਾ ਬਦਲ ਸਕਿਆ। ਰੇਸ਼ਮ ਕੌਰ ਜੱਗੇ ਦੀ ਇਕਲੌਤੀ ਔਲਾਦ ਹੈ। ਉਸ ਦਾ ਜਨਮ ਜੱਗੇ ਦੇ ਵਿਆਹ ਤੋਂ 2-3 ਸਾਲ ਬਾਅਦ ਹੋਇਆ ਸੀ। ਜੱਗੇ ਦੀ ਪਿੰਡ ਕਾਵੇਂ ਦੇ ਕਿਹਰ ਸਿੰਘ ਸੰਧੂ ਨਾਲ ਬੜੀ ਯਾਰੀ ਸੀ। ਇਸ ਯਾਰੀ ਨੂੰ ਰਿਸ਼ਤੇਦਾਰੀ ਵਿਚ ਬਦਲਣ ਲਈ ਉਸ ਨੇ ਆਪਣੀ ਧੀ ਦਾ ਸਾਕ ਕਿਹਰ ਸਿੰਘ ਦੇ ਭਤੀਜੇ ਅਵਤਾਰ ਸਿੰਘ ਸੰਧੂ ਨੂੰ ਕਰ ਦਿੱਤਾ। ਉਸ ਵੇਲੇ ਰੇਸ਼ਮ ਕੌਰ ਦੀ ਉਮਰ ਪੰਜ-ਛੇ ਸਾਲ ਸੀ, ਪਰ ਰੇਸ਼ਮ ਕੌਰ ਦਾ ਵਿਆਹ ਜੱਗੇ ਦੀ ਮੌਤ ਤੋਂ ਚਾਰ ਸਾਲ ਪਿਛੋਂ ਹੋਇਆ। ਹੁਣ ਉਸ ਦਾ ਭਰਿਆ ਪੂਰਾ ਪਰਿਵਾਰ ਹੈ।

ਰੇਸ਼ਮ ਕੌਰ ਮੁਤਾਬਿਕ ਜੱਗੇ ਦਾ ਕੱਦ ਪੰਜ ਫੁੱਟ ਅੱਠ-ਨੌਂ ਇੰਚ ਸੀ। ਜਵਾਨੀ ਵਿਚ ਭਲਵਾਨੀ ਕਰਦਾ ਰਿਹਾ ਹੋਣ ਕਰ ਕੇ ਬੇਹੱਦ ਮਜ਼ਬੂਤ ਤੇ ਫੁਰਤੀਲਾ, ਪਰ ਕੋਰਾ ਅਨਪੜ੍ਹ ਸੀ। ਮੁੱਛਾਂ ਕੁੰਢੀਆਂ, ਕੇਸ ਰੱਖੇ ਹੋਏ, ਦਾੜ੍ਹੀ ਕਤਰਾਵੀਂ, ਧੂਹਵੀਂ ਚਾਦਰ ਤੇ ਲਾਹੌਰੀਆਂ ਵਾਲੀ ਪਿੱਛੋਂ ਚੁੱਕ ਕੇ ਸ਼ਮੁਲੇ ਵਾਲੀ ਪੱਗ। ਅੱਥਰੇ ਸੁਭਾਅ ਕਾਰਨ ਉਡਾਰ ਹੋਣ 'ਤੇ ਵੈਲੀਆਂ ਨਾਲ ਉਠਣ ਬੈਠਣ ਲੱਗ ਪਿਆ। ਰੇਸ਼ਮ ਕੌਰ ਮੁਤਾਬਿਕ ਜੱਗੇ ਦੇ ਭਗੌੜਾ ਹੋਣ ਦਾ ਕਾਰਨ ਇਹ ਹੈ ਕਿ ਨਨਕਾਣਾ ਸਾਹਿਬ ਦੇ ਸਾਕੇ ਵੇਲੇ ਉਹ ਉਥੇ ਹਾਜ਼ਰ ਸੀ। ਜਦੋਂ ਸਾਕੇ ਤੋਂ ਬਾਅਦ ਪੁਲਿਸ ਨੇ ਲੋਕਾਂ ਦੀ ਫੜੋ-ਫੜੀ ਸ਼ੁਰੂ ਕੀਤੀ ਤਾਂ ਇਕ ਜਵਾਨ ਲੜਕੀ ਨੂੰ ਵੀ ਪੁਲਿਸ ਨੇ ਗੱਡੀ ਵਿਚ ਸੁੱਟ ਲਿਆ। ਉਸ ਲੜਕੀ ਨੂੰ ਛੁਡਵਾਉਣ ਲਈ ਜੱਗਾ ਪੁਲਿਸ ਨਾਲ ਭਿੜ ਗਿਆ ਤੇ ਮਾਰ ਕੁੱਟ ਹੋਣ ਤੋਂ ਬਾਅਦ ਡਰਦਿਆਂ ਭਗੌੜਾ ਹੋ ਗਿਆ, ਪਰ ਇਹ ਗੱਲ ਸਹੀ ਨਹੀਂ ਲੱਗਦੀ। ਨਨਕਾਣਾ ਸਾਹਿਬ ਦਾ ਸਾਕਾ ਫਰਵਰੀ 1921 ਵਿਚ ਹੋਇਆ ਸੀ। ਉਸ ਵੇਲੇ ਜੱਗੇ ਦੀ ਉਮਰ ਤਕਰੀਬਨ 20 ਸਾਲ ਸੀ ਤੇ ਨਨਕਾਣਾ ਸਾਹਿਬ, ਲਾਹੌਰ ਤੋਂ ਕਾਫੀ ਦੂਰ ਪੈਂਦਾ ਹੈ। ਉਹ ਸਿਰਫ ਤਿੰਨ-ਚਾਰ ਮਹੀਨੇ ਭਗੌੜਾ ਰਿਹਾ ਤੇ 29 ਸਾਲ ਦੀ ਉਮਰ ਵਿਚ ਹੀ ਮਾਰਿਆ ਗਿਆ। ਜੇ ਰੇਸ਼ਮ ਕੌਰ ਦੀ ਗੱਲ ਮੰਨੀ ਜਾਵੇ ਤਾਂ ਉਹ ਨੌਂ ਸਾਲ ਭਗੌੜਾ ਰਿਹਾ ਜੋ ਸੰਭਵ ਨਹੀਂ। ਉਂਜ ਵੀ ਉਸ ਨੇ ਜ਼ਿਆਦਾ ਵਾਰਦਾਤਾਂ ਲਾਹੌਰ ਦੇ ਆਸ-ਪਾਸ ਹੀ ਕੀਤੀਆਂ ਸਨ।

ਜੱਗੇ ਦੇ ਪਿੰਡ ਵਿਚ ਬਹੁਗਿਣਤੀ ਮੁਸਲਮਾਨ ਤੇਲੀਆਂ ਦੀ ਸੀ ਤੇ ਸਿੱਧੂ ਜੱਟਾਂ ਦੇ 15-16 ਘਰ ਹੀ ਸਨ। ਤੇਜ਼ ਤਬੀਅਤ ਦਾ ਜੱਗਾ ਕਿਸੇ ਦੀ ਉਚੀ ਨੀਵੀਂ ਗੱਲ ਬਰਦਾਸ਼ਤ ਨਹੀਂ ਸੀ ਕਰਦਾ। ਉਸ ਦਾ ਸਭ ਤੋਂ ਪਹਿਲਾ ਪੰਗਾ ਇਲਾਕੇ ਦੇ ਪਟਵਾਰੀ ਚੌਧਰੀ ਰੱਬ ਨਿਵਾਜ਼ ਨਾਲ ਪਿਆ। ਜਮੀਨ ਸਬੰਧੀ ਕੋਈ ਕਾਗਜ਼ ਮੰਗਣ 'ਤੇ ਪਟਵਾਰੀ ਪੁੱਠਾ ਬੋਲਿਆ ਤਾਂ ਜੱਗੇ ਨੇ ਉਸ ਨੂੰ ਕੁੱਟ ਕੱਢਿਆ। ਫਿਰ ਉਸ ਨੇ ਜੌੜੇ ਪੁਲਾਂ 'ਤੇ ਤਲਵੰਡੀ ਪਿੰਡ ਦੇ ਤਿੜੇ ਹੋਏ ਨੱਕਈ ਸਰਦਾਰ ਕੁੱਟੇ। ਤਕੜੇ ਬੰਦੇ ਕੁੱਟਣ ਕਰ ਕੇ ਉਸ ਦੀ ਇਲਾਕੇ ਵਿਚ ਬੱਲੇ ਬੱਲੇ ਹੋ ਗਈ। ਇਸ ਤੋਂ ਬਾਅਦ ਉਸ ਦਾ ਪੰਗਾ ਇਲਾਕੇ ਦੇ ਜ਼ੈਲਦਾਰ ਹੀਰਾ ਸਿੰਘ ਚੱਠੇ ਨਾਲ ਪੈ ਗਿਆ। ਜ਼ੈਲਦਾਰ ਨੇ ਸਿੱਧਾ ਉਲਝਣ ਦੀ ਬਜਾਏ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨੀ ਠੀਕ ਸਮਝੀ। ਉਸ ਨੇ ਜੱਗੇ 'ਤੇ ਕੋਈ ਝੂਠਾ ਸੱਚਾ ਕੇਸ ਪਵਾ ਕੇ ਚਾਰ ਸਾਲ ਦੀ ਕੈਦ ਕਰਵਾ ਦਿੱਤੀ।

ਜਦੋਂ ਜੱਗਾ ਬਾਹਰ ਆਇਆ ਤਾਂ ਸਬੱਬੀਂ ਨਜ਼ਦੀਕੀ ਪਿੰਡ ਭਾਈ ਫੇਰੂ ਚੋਰੀ ਹੋ ਗਈ। ਉਸ ਪਿੰਡ ਦੇ ਥਾਣੇ (ਕੱਚੀ ਕੋਠੀ) ਦਾ ਥਾਣੇਦਾਰ ਅਸਗਰ ਅਲੀ ਬੜਾ ਕੁਰੱਖਤ ਤੇ ਜ਼ੁਬਾਨ ਦਾ ਮਾੜਾ ਸੀ। ਉਸ ਨੇ ਸ਼ੱਕ ਵਿਚ ਜੱਗੇ ਨੂੰ ਥਾਣੇ ਹਾਜ਼ਰ ਹੋਣ ਦਾ ਹੁਕਮ ਦੇ ਦਿੱਤਾ। ਜਦੋਂ ਮੋਹਤਬਰ ਉਸ ਨੂੰ ਪੇਸ਼ ਕਰਵਾਉਣ ਲਈ ਲਿਜਾ ਰਹੇ ਸਨ ਤਾਂ ਰਸਤੇ ਵਿਚ ਜੱਗੇ ਨੇ ਜਵਾਬ ਦੇ ਦਿੱਤਾ। ਉਸ ਨੇ ਕਿਹਾ ਕਿ ਜੇ ਥਾਣੇਦਾਰ ਨੇ ਉਸ ਨੂੰ ਗਾਲ੍ਹ-ਮੰਦਾ ਕੀਤਾ ਤਾਂ ਉਸ ਨੇ ਥਾਣੇਦਾਰ ਨੂੰ ਢਾਹ ਲੈਣਾ ਹੈ; ਮੋਹਤਬਰਾਂ ਸਾਹਮਣੇ ਥਾਣੇਦਾਰ ਨਾਲ ਜੁੱਤੀਓ ਜੁੱਤੀ ਹੋਇਆ ਤਾਂ ਬਾਅਦ ਵਿਚ ਉਨ੍ਹਾਂ ਲਈ ਪ੍ਰੇਸ਼ਾਨੀ ਹੋਵੇਗੀ। ਇਸ ਤੋਂ ਬਾਅਦ ਜੱਗਾ ਭਗੌੜਾ ਹੋ ਗਿਆ ਤੇ ਫਿਰ ਪਿੱਛੇ ਭਉਂ ਕੇ ਨਾ ਵੇਖਿਆ।

ਚੜ੍ਹਦੀ ਜਵਾਨੀ ਤੋਂ ਹੀ ਸੋਹਣ ਤੇਲੀ ਉਸ ਦਾ ਭਰਾਵਾਂ ਵਰਗਾ ਯਾਰ ਸੀ। ਜੱਗੇ ਨੇ ਪਹਿਲੀ ਥਰੀ ਨਾਟ ਥਰੀ ਰਾਈਫਲ ਕਿਸੇ ਸਿਪਾਹੀ ਕੋਲੋਂ ਤੇ ਬਾਰਾਂ ਬੋਰ ਬੰਦੂਕ ਪਿੰਡੇ ਆਚਰਕੇ ਦੇ ਆਤਮਾ ਸਿੰਘ ਬਾਣੀਏ ਤੋਂ ਖੋਹੀ ਸੀ। ਪਹਿਲਾ ਡਾਕਾ ਉਸ ਨੇ ਝੰਡਾ ਸਿੰਘ ਨਿਰਮਲਕੇ ਤੇ ਠਾਕਰ ਸਿੰਘ ਮੰਡਿਆਲੀ ਨਾਲ ਰਲ ਕੇ ਲਾਇਲਪੁਰ ਦੇ ਨਜ਼ਦੀਕ ਪਿੰਡ ਘੁਮਿਆਰੀ ਵਿਚ ਸਰਾਫਾਂ ਦੇ ਘਰ ਮਾਰਿਆ। ਇਸ ਡਾਕੇ ਵਿਚ ਸਾਰਿਆਂ ਹਿੱਸੇ ਡੇਢ ਡੇਢ ਸੇਰ ਸੋਨਾ ਆਇਆ। ਚਾਂਦੀ ਉਨ੍ਹਾਂ ਨੇ ਬਾਅਦ ਵਿਚ ਵੰਡਣ ਲਈ ਝੰਡਾ ਸਿੰਘ ਨਿਰਮਲਕੇ ਦੇ ਘਰ ਅਮਾਨਤ ਵਜੋਂ ਰੱਖ ਦਿੱਤੀ।

ਇਸ ਡਾਕੇ ਵੇਲੇ ਉਨ੍ਹਾਂ ਨੇ ਲੋਕਾਂ ਦੇ ਕਰਜ਼ੇ ਦੀਆਂ ਵਹੀਆਂ ਫੂਕ ਦਿੱਤੀਆਂ। ਇਸ ਕਰ ਕੇ ਲੋਕਾਂ ਵਿਚ ਉਸ ਦਾ ਅਕਸ ਰੌਬਿਨਹੁੱਡ ਵਾਲਾ ਬਣ ਗਿਆ। ਫਿਰ ਜੱਗੇ ਨੇ ਬੰਤਾ ਸਿੰਘ, ਸੋਹਣ ਤੇਲੀ, ਲਾਲੂ ਨਾਈ, ਭੋਲੂ ਤੇ ਬਾਵੇ ਆਦਿ ਨੂੰ ਰਲਾ ਕੇ ਆਪਣਾ ਵੱਖਰਾ ਗਰੋਹ ਬਣਾ ਲਿਆ। ਲਾਲੂ ਨਾਈ ਗਰੋਹ ਦੀ ਰੋਟੀ ਪਕਾਉਂਦਾ। ਉਸ ਤੋਂ ਬਾਅਦ ਜੱਗੇ ਨੇ ਕਈ ਛੋਟੇ ਮੋਟੇ ਡਾਕੇ ਮਾਰੇ, ਪਰ ਮਸ਼ਹੂਰ ਡਾਕੇ ਸਾਇਦਪੁਰ ਤੇ ਲਾਇਲਪੁਰ ਵਾਲੇ ਸਨ। ਹਰ ਡਾਕੇ ਵੇਲੇ ਸ਼ਾਹੂਕਾਰਾਂ ਦੀਆਂ ਕਰਜ਼ੇ ਵਾਲੀਆਂ ਵਹੀਆਂ ਸਾੜਨ ਦੀ ਆਦਤ ਕਾਰਨ ਲੋਕ ਉਸ ਨੂੰ ਪੂਜਣ ਦੀ ਹੱਦ ਤਕ ਪਿਆਰ ਕਰਨ ਲੱਗੇ। ਗਰੀਬ ਜੱਟਾਂ ਦੀ ਬੜੀ ਤਮੰਨਾ ਹੁੰਦੀ ਕਿ ਕਾਸ਼! ਕਿਤੇ ਜੱਗਾ ਸਾਡੇ ਸ਼ਾਹਾਂ ਦੇ ਘਰ ਡਾਕਾ ਮਾਰੇ। ਪੁਲਿਸ ਵੀ ਜੱਗੇ ਤੋਂ ਕੰਨ ਭੰਨਣ ਲੱਗੀ। ਜੱਗੇ ਦੇ ਪਿੰਡ ਤੋਂ ਕੁਝ ਮੀਲ ਦੂਰ ਸਿੱਧੂਪੁਰ ਪਿੰਡ ਦਾ ਮਸ਼ਹੂਰ ਡਾਕੂ ਮਲੰਗੀ ਹੋਇਆ ਹੈ। ਉਸ ਨੇ ਆਪਣੀ ਭੈਣ ਦੀ ਬੇਇੱਜਤੀ ਦਾ ਬਦਲਾ ਲੈਣ ਲਈ ਸਿੱਧੂਪੁਰ ਦੇ ਜ਼ੈਲਦਾਰਾਂ ਦਾ ਸਾਰਾ ਟੱਬਰ ਮਾਰ ਦਿੱਤਾ ਸੀ। ਉਸ ਦੀ ਇੰਨੀ ਦਹਿਸ਼ਤ ਸੀ ਕਿ ਲੋਕ ਕਹਿੰਦੇ, 'ਦਿਨੇ ਰਾਜ ਫਰੰਗੀ ਦਾ ਤੇ ਰਾਤੀਂ ਰਾਜ ਮਲੰਗੀ ਦਾ।' ਉਸ ਨੂੰ ਉਸ ਦੇ ਮੇਲ ਮਿਲਾਪ ਵਾਲੇ ਕਿਸੇ ਬੰਦੇ ਨੇ ਇਨਾਮ ਦੇ ਲਾਲਚ ਵਿਚ ਮੁਖਬਰੀ ਕਰ ਕੇ ਪੁਲਿਸ ਤੋਂ ਮਰਵਾ ਦਿੱਤਾ ਸੀ। ਭਗੌੜਾ ਹੋਣ ਤੋਂ ਪਹਿਲਾਂ ਜੱਗੇ ਦੀ ਮਲੰਗੀ ਨਾਲ ਬਹੁਤ ਯਾਰੀ ਸੀ। ਉਹ ਲੰਘਦਾ ਵੜਦਾ ਜੱਗੇ ਤੋਂ ਰੋਟੀ ਪਾਣੀ ਖਾ ਜਾਂਦਾ। ਜਦੋਂ ਜੱਗੇ ਦੀ ਪੂਰੀ ਚੜ੍ਹਾਈ ਹੋ ਗਈ ਤਾਂ ਉਸ ਨੇ ਮਲੰਗੀ ਦਾ ਬਦਲਾ ਲੈਣ ਦੀ ਠਾਣ ਲਈ। ਉਸ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਉਸ ਦਾ ਆਪਣਾ ਹਾਲ ਮਲੰਗੀ ਵਾਲਾ ਹੋਣ ਵਾਲਾ ਹੈ ਤੇ ਉਸ ਦਾ ਸਾਥੀ ਲਾਲੂ ਨਾਈ ਪੁਲਿਸ ਨਾਲ ਰਲ ਚੁਕਾ ਹੈ। ਉਹ ਇੱਕ ਦਿਨ ਦੁਪਹਿਰੇ ਮਲੰਗੀ ਦੇ ਉਜੜੇ ਡੇਰੇ ਉਸ ਦੀ ਅੰਨ੍ਹੀ ਮਾਂ ਕੋਲ ਜਾ ਪਹੁੰਚੇ। ਲਾਲੂ ਨਾਈ ਦਾ ਪਿੰਡ ਲੱਖੂਕੇ, ਸਿੱਧੂਪੁਰ ਦੇ ਨਜ਼ਦੀਕ ਹੀ ਪੈਂਦਾ ਸੀ। ਉਸ ਨੇ ਮਿਲਣ ਗਿਲਣ ਤੇ ਸ਼ਰਾਬ ਮੰਗਵਾਉਣ ਬਹਾਨੇ ਆਪਣੇ ਪੰਜੇ ਭਰਾਵਾਂ ਨੂੰ ਮਲੰਗੀ ਦੇ ਡੇਰੇ ਬੁਲਾ ਲਿਆ। ਸੋਹਣ ਤੇਲੀ ਨੇ ਲੱਖੂਕੇ ਪਿੰਡ ਆਪਣੇ ਕਿਸੇ ਵਾਕਫ ਨੂੰ ਮਿਲਣ ਜਾਣਾ ਸੀ, ਇਸ ਲਈ ਉਸ ਨੇ ਨਾ ਪੀਤੀ। ਕਾਫੀ ਦੇਰ ਸ਼ਰਾਬ ਪੀਣ ਤੋਂ ਬਾਅਦ ਜਦੋਂ ਜੱਗਾ ਤੇ ਸੋਹਣ ਸ਼ਰਾਬੀ ਹੋ ਗਏ ਤਾਂ ਸਭ ਨੇ ਰੋਟੀ ਖਾਧੀ। ਰੋਟੀ ਖਾਣ ਪਿਛੋਂ ਬੰਤਾ ਤੇ ਜੱਗਾ ਸੌਂ ਗਏ, ਸੋਹਣ ਆਪਣੇ ਵਾਕਫ ਨੂੰ ਮਿਲਣ ਲਈ ਤੁਰ ਗਿਆ। ਉਸ ਦੇ ਜਾਂਦਿਆਂ ਸਾਰ ਲਾਲੂ ਹੋਰਾਂ ਨੇ ਜੱਗੇ ਅਤੇ ਬੰਤੇ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਜੱਗੇ ਨੂੰ ਦੋ ਗੋਲੀਆਂ ਲੱਗੀਆਂ। ਸੋਹਣ ਤੇਲੀ ਗੋਲੀ ਚਲਦੀ ਸੁਣ ਕੇ ਵਾਪਸ ਭੱਜ ਆਇਆ। ਉਸ ਨੇ ਹਾਲਤ ਵੇਖ ਕੇ ਲਾਲੂ ਨੂੰ ਢਾ ਲਿਆ ਤਾਂ ਲਾਲੂ ਦੇ ਭਰਾ ਨੇ ਉਸ ਨੂੰ ਵੀ ਗੋਲੀ ਮਾਰ ਦਿੱਤੀ। ਲਾਲੂ ਨੂੰ ਇਨਾਮ ਵਿਚ ਘੋੜੀ, ਇਕ ਮੁਰੱਬਾ ਜ਼ਮੀਨ ਤੇ ਮੋਟੀ ਰਕਮ ਮਿਲੀ, ਪਰ ਉਹ ਕਿਸੇ ਹੋਰ ਮੁਕੱਦਮੇ ਵਿਚ ਜੇਲ੍ਹ ਪਹੁੰਚ ਗਿਆ ਜਿਥੇ ਜੱਗੇ ਦੇ ਕਤਲ ਤੋਂ ਦੁਖੀ ਕੈਦੀਆਂ ਨੇ ਉਸ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ।



***ਜੱਗੇ ਦਾ ਜਨਮ 1901-02 ਦੇ ਲਾਗੇ ਚਾਗੇ ਪਿੰਡ ਬੁਰਜ ਰਣ ਸਿੰਘ ਵਾਲਾ, ਤਹਿਸੀਲ ਚੂਨੀਆਂ, ਜ਼ਿਲ੍ਹਾ ਲਾਹੌਰ ਵਿਚ ਹੋਇਆ। ਉਹ ਮੱਖਣ ਸਿੰਘ ਸਿੱਧੂ ਤੇ ਮਾਤਾ ਭਾਗ ਕੌਰ ਦਾ ਇਕਲੌਤਾ ਪੁੱਤਰ ਸੀ। ਜੱਗਾ ਅਜੇ 2-3 ਸਾਲ ਦਾ ਸੀ, ਜਦੋਂ ਮੱਖਣ ਸਿੰਘ ਦੀ ਮੌਤ ਹੋ ਗਈ, ਪਰ ਭਾਗ ਕੌਰ ਨੇ ਲੰਮੀ ਉਮਰ ਭੋਗੀ। ਉਸ ਦੀ ਮੌਤ ਆਜ਼ਾਦੀ ਤੋਂ ਬਾਅਦ ਭਾਰਤ ਆ ਕੇ ਹੋਈ। ਜੱਗੇ ਦਾ ਵਿਆਹ 16-17 ਸਾਲ ਦੀ ਉਮਰ ਵਿਚ ਪਿੰਡ ਤਲਵੰਡੀ, ਜ਼ਿਲ੍ਹਾ ਲਾਹੌਰ ਦੀ ਵਸਨੀਕ ਇੰਦਰ ਕੌਰ ਨਾਲ ਹੋਇਆ। ਜੱਗੇ ਦੇ ਜਨਮ ਤੋਂ ਪਹਿਲਾਂ ਉਸ ਦੇ ਛੇ ਭਰਾ ਪੈਦਾ ਹੋਏ ਸਨ, ਜੋ ਬਚਪਨ ਵਿਚ ਹੀ ਮਰ ਗਏ। ਸੋ, ਜੱਗਾ ਆਪਣੇ ਮਾਪਿਆਂ ਦਾ ਸੁੱਖਾਂ ਲੱਧਾ ਪੁੱਤਰ ਸੀ।***

ਜੱਗੇ ਹੱਥੋਂ ਕੁਝ ਮਾੜੇ ਕੰਮ ਵੀ ਹੋਏ। ਬਾਰਾਂ ਬੋਰ ਦੀ ਬੰਦੂਕ ਉਸ ਨੇ ਜਿਸ ਅਤਰ ਸਿੰਘ ਆਚਰਕੇ ਤੋਂ ਖੋਹੀ ਸੀ, ਉਹ ਉਸ ਦਾ ਦੋਸਤ ਸੀ। ਇਸ ਤੋਂ ਇਲਾਵਾ ਉਹ ਇਕ ਵਾਰੀ ਆਪਣੇ ਪਿੰਡ ਗਿਆ ਤਾਂ ਲੋਕ ਉਸ ਨੂੰ ਵੇਖ ਕੇ ਲੁਕਣ ਛਿਪਣ ਲੱਗੇ ਜਿਨ੍ਹਾਂ ਵਿਚ ਪਿੰਡ ਦਾ ਨੱਥੂ ਤੇਲੀ ਵੀ ਸੀ। ਉਸ ਨਾਲ ਪਤਾ ਨਹੀਂ ਲਾਲੂ ਨਾਈ ਦੀ ਕੋਈ ਪੁਰਾਣੀ ਦੁਸ਼ਮਣੀ ਸੀ। ਉਹ ਹੱਥ ਬੰਨ੍ਹੀ ਖੜ੍ਹਾ ਸੀ ਕਿ ਲਾਲੂ ਨੇ ਛਵ੍ਹੀ ਮਾਰ ਕੇ ਉਸ ਦੇ ਹੱਥ ਵੱਢ ਦਿੱਤੇ। ਉਸ ਨੂੰ ਤੜਫਦਾ ਵੇਖ ਕੇ ਜੱਗੇ ਦੇ ਕਹਿਣ 'ਤੇ ਲਾਲੂ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਜੱਗੇ ਦੇ ਸਾਥੀ ਬੰਤੇ ਦੀ ਚਾਚੀ ਦੇ ਪਿੰਡ ਥੰਮਣਕੇ ਵਾਲੇ ਦੇ ਬਾਵੇ ਬੈਰਾਗੀ ਨਾਲ ਸਬੰਧ ਸਨ। ਜਦੋਂ ਉਹ ਰੋਕਣ 'ਤੇ ਵੀ ਨਾ ਹਟੀ ਤਾਂ ਜੱਗੇ ਹੋਰੀਂ ਉਸ ਦਾ ਕਤਲ ਕਰ ਕੇ ਬਾਵੇ ਨੂੰ ਮਾਰਨ ਉਸ ਦੇ ਘਰ ਜਾ ਪਏ। ਬਾਵੇ ਬੈਰਾਗੀ ਨੇ ਡਰਦੇ ਮਾਰੇ ਟੱਬਰ ਸਮੇਤ ਅੰਦਰ ਵੜ ਕੇ ਕੁੰਡੇ ਮਾਰ ਲਏ। ਜੱਗੇ ਦੇ ਗਰੋਹ ਨੇ ਛੱਤਾਂ ਪੁੱਟ ਕੇ ਅੱਗ ਲਾ ਦਿੱਤੀ। ਉਨ੍ਹਾਂ ਨੂੰ ਉਮੀਦ ਸੀ ਕਿ ਬਾਵੇ ਹੋਰੀਂ ਬਾਹਰ ਆ ਜਾਣਗੇ, ਪਰ ਸਾਰਾ ਟੱਬਰ ਸਮੇਤ ਬਾਵੇ ਦੀਆਂ ਧੀਆਂ ਦੇ, ਅੰਦਰ ਹੀ ਧੂੰਏਂ ਕਾਰਨ ਦਮ ਘੁਟ ਕੇ ਮਰ ਗਿਆ।

ਇਸ ਤੋਂ ਬਿਨਾ ਰੇਸ਼ਮ ਕੌਰ ਨੇ ਘੁਮਿਆਰੀ ਵਾਲੇ ਡਾਕੇ ਬਾਰੇ ਬੜੀ ਦਿਲਚਸਪ ਗੱਲ ਦੱਸੀ ਕਿ ਉਹ ਸੋਨਾ ਕਿਸੇ ਦੇ ਕੰਮ ਨਾ ਆਇਆ। ਜੱਗੇ ਦੇ ਮਰਨ ਪਿਛੋਂ ਪੁਲਿਸ ਨੇ ਸਾਰੇ ਮੁਲਜ਼ਮ ਗ੍ਰਿਫਤਾਰ ਕਰ ਕੇ ਸੋਨਾ ਬਰਾਮਦ ਕਰ ਲਿਆ। ਪੁਲਿਸ ਨੇ ਜੱਗੇ ਦੇ ਘਰ ਦੀ ਛੱਤ ਵਿਚੋਂ ਸੋਨੇ ਦੀ ਪੋਟਲੀ ਬਰਾਮਦ ਕੀਤੀ। ਜੱਗੇ ਹੋਰਾਂ ਨੇ ਸੋਨਾ ਵੰਡ ਕੇ ਚਾਂਦੀ ਬਾਅਦ ਵਿਚ ਵੰਡਣ ਲਈ ਝੰਡਾ ਸਿੰਘ ਨਿਰਮਲਕੇ ਦੇ ਘਰ ਅਮਾਨਤ ਵਜੋਂ ਰੱਖੀ ਸੀ। ਉਸ ਨੇ ਆਪਣੇ ਹਿੱਸੇ ਆਇਆ ਸੋਨਾ ਤੇ ਚਾਂਦੀ ਚਾਟੀਆਂ ਵਿਚ ਪਾ ਕੇ ਆਪਣੇ ਖੇਤਾਂ ਵਿਚ ਦੱਬ ਦਿੱਤੇ ਜਿਸ ਬਾਰੇ ਉਸ ਦੇ ਪਰਿਵਾਰ ਨੂੰ ਪਤਾ ਨਹੀਂ ਸੀ। ਉਸ ਦੇ ਮੁਜ਼ਾਰੇ ਖੇਤਾਂ ਵਿਚ ਪੱਠੇ ਕੁਤਰਨ ਲਈ ਮੁੱਢੀ ਗੱਡਣ ਲੱਗੇ ਤਾਂ ਚਾਟੀਆਂ ਉਨ੍ਹਾਂ ਨੂੰ ਲੱਭ ਗਈਆਂ। ਉਨ੍ਹਾਂ ਨੇ ਚੁੱਪਚਾਪ ਚਾਟੀਆਂ ਗਾਇਬ ਕਰ ਦਿੱਤੀਆਂ। ਝੰਡਾ ਸਿੰਘ ਨੂੰ ਪੁਲਿਸ ਨੇ ਬਹੁਤ ਕੁੱਟਿਆ। ਉਸ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਖੇਤ ਪੁੱਟ ਸੁੱਟੇ, ਪਰ ਸੋਨਾ ਹੁੰਦਾ ਤਾਂ ਮਿਲਦਾ। ਉਹ ਤਸ਼ੱਦਦ ਕਾਰਨ ਕੁਝ ਦਿਨਾਂ ਬਾਅਦ ਪੁਲਿਸ ਹਿਰਾਸਤ ਵਿਚ ਹੀ ਮਰ ਗਿਆ।

ਜੱਗੇ ਦੀ ਮੌਤ 1930-31 ਦੇ ਕਰੀਬ ਫੱਗਣ (ਫਰਵਰੀ-ਮਾਰਚ) ਮਹੀਨੇ ਹੋਈ ਤੇ ਪੋਸਟਮਾਰਟਮ ਕਸੂਰ ਹੋਇਆ। ਲਾਸ਼ ਲੈਣ ਲਈ ਰੇਸ਼ਮ ਕੌਰ, ਇੰਦਰ ਕੌਰ ਤੇ ਜੱਗੇ ਦੇ ਭੂਆ ਦੇ ਪੁੱਤਰ ਗਏ। ਦੋ ਦਿਨ ਬਾਅਦ ਬਹੁਤ ਮੁਸ਼ਕਿਲ ਨਾਲ ਲਾਸ਼ ਮਿਲੀ। ਜੱਗੇ ਦਾ ਅੰਤਿਮ ਸੰਸਕਾਰ ਉਸ ਦੇ ਜੱਦੀ ਪਿੰਡ ਬੁਰਜ ਰਣਸਿੰਘ ਵਾਲਾ ਕੀਤਾ ਗਿਆ। ਉਸ ਦੀ ਕੋਈ ਸਮਾਧ ਵਗੈਰਾ ਨਾ ਬਣਾਈ ਗਈ। ਗਾਣਿਆਂ ਵਾਲੇ ਬੋਲੀ ਜਾਂਦੇ ਹਨ ਕਿ 'ਪੂਰਨਾ, ਪੂਰਨਾ... ਤੂੰ ਮਾਂ ਦਾ ਪੁੱਤ ਮਾਰ ਦਿੱਤਾ ਵੇ ਜੱਗਾ ਸੂਰਮਾ', ਪਰ ਅਸਲੀਅਤ ਇਹ ਹੈ ਕਿ ਜੱਗੇ ਨੂੰ ਕਿਸੇ ਪੂਰਨ ਥਾਣੇਦਾਰ ਨੇ ਨਹੀਂ, ਸਗੋਂ ਉਸ ਦੇ ਸਾਥੀ ਲਾਲੂ ਨਾਈ ਨੇ ਹੀ ਮਾਰਿਆ ਸੀ।

ਰੇਸ਼ਮ ਕੌਰ ਨੂੰ ਆਪਣੇ ਪਿਤਾ 'ਤੇ ਬਹੁਤ ਮਾਣ ਸੀ ਅਤੇ ਉਸ ਨੂੰ ਡਾਕੂ ਕਹਿਣ 'ਤੇ ਗੁੱਸਾ ਕਰ ਜਾਂਦੀ ਸੀ। ਉਹ ਮਰਨ ਤਕ ਲਾਲੂ ਨਾਈ ਨੂੰ ਅੰਤਾਂ ਦੀ ਨਫਰਤ ਕਰਦੀ ਰਹੀ। ਉਹ ਜੱਗੇ ਦੀਆਂ ਕਹਾਣੀਆਂ ਬਹੁਤ ਮਾਣ ਨਾਲ ਦੱਸਦੀ ਸੀ।

## ਮਿਨੀ ਕਹਾਣੀ

## ਗਰਮੀ ਦਾ ਅਹਿਸਾਸ

ਸਕੂਲ ਵਿਚ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਕਿਸੇ ਬਹੁਤ ਹੀ ਜ਼ਰੂਰੀ ਕੰਮ ਦੇ ਸਿਲਸਲੇ ਵਿਚ ਮੈਨੂੰ ਪ੍ਰਿੰਸੀਪਲ ਚੋਪੜਾ ਸਾਹਿਬ ਦੇ ਘਰ ਜਾਣਾ ਪੈ ਗਿਆ। ਸ਼ਹਿਰ ਦੀ ਅਮੀਰ ਕਲੋਨੀ ਵਿਚ ਚੋਪੜਾ ਸਾਹਿਬ ਨੇ ਢਾਈ ਸੌ ਗਜ਼ ਦੇ ਪਲਾਟ ਵਿਚ ਦੋ ਮੰਜ਼ਲੀ ਆਲੀਸ਼ਾਨ ਕੋਠੀ ਉਸਾਰੀ ਹੋਈ ਸੀ। ਇਕ ਜੂਨ ਦਾ ਮਹੀਨਾ, ਦੂਜਾ ਸਿਖਰ ਦੁਪਹਿਰ ਵਾਰ-ਵਾਰ ਮੂੰਹ ਸੁੱਕ ਰਿਹਾ ਸੀ। ਰਸਤੇ ਵਿਚ ਇਕ ਦੋ ਵਾਰ ਪਾਣੀ ਪੀਣ ਦੇ ਬਾਵਜੂਦ ਵੀ ਪਿਆਸ ਜਿਉਂ ਦੀ ਤਿਉਂ ਸੀ। ਇਹ ਸੋਚ ਕੇ ਕਿ ਚੋਪੜਾ ਸਾਹਿਬ ਦਾ ਘਰ ਹੁਣ ਕੋਈ ਬਹੁਤਾ ਦੂਰ ਨਹੀਂ ਹੈ, ਪਾਣੀ ਉਨ੍ਹਾਂ ਦੇ ਘਰ ਜਾ ਕੇ ਹੀ ਪੀਵਾਂਗਾ। ਇਸ ਸੋਚ ਦੇ ਨਾਲ ਹੀ ਫਰਿਜ ਦੇ ਠੰਢੇ-ਠਾਰ ਪਾਣੀ ਦੇ ਅਹਿਸਾਸ ਨੇ ਗਰਮੀ ਦੇ ਅਸਰ ਨੂੰ ਕੁੱਝ ਘੱਟ ਕਰ ਦਿੱਤਾ। ਇਸ ਅਸਰ ਤਹਿਤ ਹੀ ਮੈਂ ਚੋਪੜਾ ਸਾਹਿਬ ਦੇ ਦਰਵਾਜੇ ਅੱਗੇ ਜਾ ਪਹੁੰਚਿਆ। ਜਦੋਂ ਮੈਂ ਘੰਟੀ ਵਜਾਈ ਤਾਂ ਅੰਦਰੋਂ ਪੰਦਰਾਂ ਕੁ ਸਾਲ ਦੀ ਲੜਕੀ (ਚੋਪੜਾ ਸਾਹਿਬ ਦੀ ਬੇਟੀ) ਨੇ ਦਰਵਾਜਾ ਖੋਲ੍ਹਿਆ।

"ਹਾਂ ਜੀ ਅੰਕਲ! ਕਿਸ ਨੂੰ ਮਿਲਣਾ?"

"ਬੇਟਾ, ਮੈਂ ਪੀ.ਟੀ. ਮਾਸਟਰ ਹਰਚੰਦ ਸਿੰਘ ਆਂ, ਕਿਸੇ ਜ਼ਰੂਰੀ ਕੰਮ ਲਈ ਪ੍ਰਿੰਸੀਪਲ ਸਾਹਿਬ ਨੂੰ ਮਿਲਣ ਆਇਆ ਸੀ"। ਮੈਂ ਆਪਣੇ ਆਉਣ ਦਾ ਮਕਸਦ ਅਤੇ ਸ਼ਨਾਖਤ ਦੱਸਦਿਆਂ ਕਿਹਾ।

"ਪਰ ਅੰਕਲ, ਪਾਪਾ ਤਾਂ ਘਰ ਨਹੀਂ।"

"ਬੇਟਾ! ਕਿਧਰੇ ਦੂਰ ਗਏ ਹਨ? ਕਦ ਕੁ ਆ ਜਾਣਗੇ?" ਮੈਂ ਦੋ ਸਵਾਲ ਇਕੱਠੇ ਹੀ ਕਰ ਦਿੱਤੇ।

"ਪਤਾ ਨਹੀਂ ਅੰਕਲ ਕੁੱਝ ਦੱਸ ਕੇ ਨਹੀਂ ਗਏ।" ਕੁੜੀ ਨੇ ਆਖਰੀ ਜਵਾਬ ਖਹਿੜਾ ਛਡਾਉਣ ਦੇ ਮਕਸਦ ਨਾਲ ਦਿੰਦਿਆਂ ਦਰਵਾਜਾ ਬੰਦ ਕਰ ਲਿਆ।

ਉਸ ਦੇ ਦਰਵਾਜਾ ਬੰਦ ਕਰਨ ਨਾਲ ਹੀ ਰਸਤੇ ਵਿਚ ਕੀਤੇ ਗਏ ਠੰਢੇ-ਠਾਰ ਪਾਣੀ ਦੇ ਅਹਿਸਾਸ ਦੀ ਵੀ ਮੌਤ ਹੋ ਗਈ। ਘਰ ਵਾਪਸ ਮੁੜਦਿਆਂ ਦੁਪਹਿਰ ਭਾਵੇਂ ਕੁੱਝ ਘੱਟ ਗਈ ਸੀ ਪਰ ਗਰਮੀ ਦਾ ਅਹਿਸਾਸ ਪਹਿਲਾਂ ਨਾਲੋਂ ਕਿਤੇ ਵੱਧ ਗਿਆ ਸੀ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

## ਦੋਸਤ ਦਾ ਗਿਲਾ

ਪੜ੍ਹ ਕੇ ਤੂੰ ਲੜ ਪਿਆ ਨਾਲ ਮੇਰੇ ਦੋਸਤਾ!
ਕਵਿਤਾ ਹੀ ਬਣ ਗਈ ਸਵਾਲ ਮੇਰੇ ਦੋਸਤਾ!
ਸ਼ਿਕਾਰੀਆਂ ਹੀ ਕਤਰੇ ਨੇ, ਖੰਭ ਜਨੌਰਾਂ ਦੇ
ਜਿਨ੍ਹਾਂ ਉਡ ਜਾਣਾ ਸੀ, ਲੈ ਕੇ ਜਾਲ ਮੇਰੇ ਦੋਸਤਾ!
ਮੁਰਝਾਈਆਂ ਕਲੀਆਂ ਤੇ ਸੁੱਕ ਗਏ ਬਾਗ ਨੇ
ਮਾਲੀ ਹੀ ਕੱਟੂਗਾ ਹਰ ਡਾਲ ਮੇਰੇ ਦੋਸਤਾ!
ਗਿਰਗਿਟ ਵਾਂਗੂੰ ਅੱਖਾਂ ਦਾ ਰੰਗ ਬਦਲੇ ਤੂੰ
ਕਦੇ ਨੀਲੀ ਤੇ ਭੂਰੀ, ਕਦੇ ਲਾਲ ਮੇਰੇ ਦੋਸਤਾ!
ਜਾਦੂ ਕਿਸ ਨਾਲ, ਹਮਖਿਆਲ ਹੋਵੇਂਗਾ ਤੂੰ
ਮੰਤਰ ਕਿਹੜਾ ਕਰੇਗਾ ਕਮਲਾ ਮੇਰੇ ਦੋਸਤਾ!
ਅਜੀਬ ਹੀ ਲੋਕ ਨੇ 'ਗਿੱਲ' ਤੇਰੇ ਸ਼ਹਿਰ ਦੇ
ਹੌਲੀ ਹੌਲੀ ਕਰਦੇ ਹਲਾਲ ਮੇਰੇ ਦੋਸਤਾ!

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

# ਪੌਂ ਬਾਰਾਂ ਹੋਣਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਕਿਸੇ ਨੂੰ ਕਿਸੇ ਸਥਿਤੀ ਵਿਚ ਫਾਇਦਾ ਹੀ ਫਾਇਦਾ ਹੋਵੇ ਤਾਂ ਆਖ ਦਿੰਦੇ ਹਾਂ ਕਿ ਉਸ ਦੇ ਤਾਂ ਭਾਈ 'ਪੌਂ ਬਾਰਾਂ' ਹਨ। ਇਸ ਦਾ ਮਤਲਬ ਭਾਗ ਖੁਲ੍ਹਣਾ ਜਾਂ ਮੌਜਾਂ ਬਣ ਜਾਣੀਆਂ ਵੀ ਕਹਿ ਸਕਦੇ ਹਾਂ। ਗੂਗਲ ਦੇ ਸ਼ਬਦ-ਚਰਚਾ ਸਮੂਹ ਦੇ ਇੱਕ ਮੈਂਬਰ ਅਭਯ ਤਿਵਾੜੀ ਨੇ ਸਵਾਲ ਉਠਾਇਆ, "ਸੁਬਹ ਹੁੰਦੀ ਹੈ ਤਾਂ ਕਹਿੰਦੇ ਹਨ 'ਪੌ' ਫਟ ਰਹੀ ਹੈ। ਕੀ ਹੈ ਇਹ ਪੌ ਜੋ ਫਟ ਰਹੀ ਹੈ? ਪੌ ਦਾ ਇਕ ਅਰਥ ਇਕ ਦੀ ਸੰਖਿਆ ਵੀ ਹੈ, ਪਾਸਿਆਂ ਵਿਚ ਜਦ ਇੱਕ ਦਾ ਅੰਕੜਾ ਆਉਂਦਾ ਹੈ ਤਾਂ ਉਸ ਨੂੰ ਵੀ ਪੌ ਕਿਹਾ ਜਾਂਦਾ ਹੈ।" ਕੀ ਪਾਸਿਆਂ ਦੀ ਖੇਡ ਵਾਲੇ 'ਪੌ ਬਾਰਾਂ' ਵਿਚਲੇ ਪੌ ਅਤੇ 'ਪੌ ਫੁੱਟਣ' ਵਿਚਲੇ ਪੌ ਇਕੋ ਹਨ?" ਗੌਰਤਲਬ ਹੈ ਕਿ ਹਿੰਦੀ ਵਿਚ ਪੰਜਾਬੀ ਦੇ ਪੌਂ (ਬਾਰਾਂ) ਅਤੇ ਪਹੁ (ਫੁਟਣੀ) ਦੋਵਾਂ ਲਈ ਪੌ ਸ਼ਬਦ ਵਰਤਿਆ ਜਾਂਦਾ ਹੈ।



ਜਦ ਮੈਂ ਦਲੀਲ ਦਿੱਤੀ ਕਿ ਪੌ (ਪਹੁ) ਵਾਲਾ ਸੰਸਕ੍ਰਿਤ ਪ੍ਰਭਾ ਤੋਂ ਬਣਿਆ ਹੈ ਤਾਂ ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਝੱਟ ਹੀ ਮੇਰੀ ਦਲੀਲ ਤੋਂ ਕਾਇਲ ਹੋ ਗਏ, "ਠੀਕ ਹੈ ਬਲਜੀਤ ਭਾਈ, ਪ੍ਰਭਾ ਦੇ ਹੀ ਸਭ ਤੋਂ ਨਿਕਟ ਹੈ, ਪੌ।" ਅਭਯ ਤਿਵਾੜੀ ਕੁਝ ਅਚੰਭਿਤ ਹੋਇਆ, "ਦਿਲਚਸਪ ਗੱਲ ਹੈ ਕਿ ਇਕ 'ਪੌ' ਦੀ ਵਿਉਤਪਤੀ ਪ੍ਰਭਾ ਤੋਂ ਤੇ ਦੂਜੇ ਦੀ ਪਾਦ ਤੋਂ!" ਮੈਂ ਆਪਣੀ ਜਾਣਕਾਰੀ ਘੋਟੀ, "ਪੌ (ਪੌਂ ਬਾਰਾਂ ਵਾਲਾ) ਦਾ ਸਬੰਧ ਸੰਸਕ੍ਰਿਤ ਪ੍ਰਹਾ ਨਾਲ ਲਗਦਾ ਹੈ ਜਿਸ ਦਾ ਮਤਲਬ ਪਾਸੇ ਦੀ ਜਿੱਤ ਵਾਲੀ ਸੋਟ ਹੁੰਦਾ ਹੈ। ਅਸੀਂ ਪੌਂ ਬਾਰਾਂ ਕਹਿੰਦੇ ਹਾਂ।"

ਅਭਯ ਤਿਵਾੜੀ ਨੇ ਜਵਾਬ ਦਿੱਤਾ, "ਪੌ ਬਾਰਾਂ ਵਿਚ ਪੌ ਦਾ ਅਰਥ ਪਾਦ (ਪੈਰ) ਲਿਆ ਜਾਵੇ ਤਾਂ ਕਿਹਾ ਜਾਵੇਗਾ ਬਾਰਾਂ ਪਾਦ ਅੱਗੇ ਆਏ। ਚੌਪੜ ਜਿਹੀ ਪਾਸਿਆਂ ਦੀ ਖੇਡ ਵਿਚ ਬਾਰਾਂ ਸਭ ਤੋਂ ਅਧਿਕ ਸੰਖਿਆ ਹੈ। ਇਸ ਲਈ ਪੌ ਦਾ ਅਰਥ ਪਾਦ ਇਕ ਦਮ ਸਹੀ ਲਗਦਾ ਹੈ।"

ਅਜਿਤ ਵਡਨੇਰਕਰ ਨੇ ਕਿਹਾ, "ਹਿੰਦੀ ਸ਼ਬਦਸਾਗਰ' ਅਨੁਸਾਰ ਪਾਦ>ਪਾਯ>ਪਾਵ>ਪੌ ਦੀ ਵਿਉਤਪਤੀ ਵੀ ਤਾਰਕਿਕ ਹੈ ਪਰ ਦਿੱਕਤ ਹੈ ਕਿ ਪਾਦ ਦੇ ਇਨ੍ਹਾਂ ਰੂਪਾਂ ਦਾ ਚੱਲਨ ਦੇ ਅਰਥ ਵਿਚ ਤਾਂ ਕਈ ਬੋਲੀਆਂ ਵਿਚ ਪ੍ਰਚਲਨ ਹੈ-ਸੁਬਹ, ਕਿਰਨ, ਰੋਸ਼ਨੀ ਆਦਿ ਦੇ ਅਰਥਾਂ ਵਿਚ ਦੇਖਣ ਨੂੰ ਨਹੀਂ ਮਿਲਦਾ। ਸੋ ਪ੍ਰਭਾ ਦੇ ਪੱਖ ਵਿਚ ਪੰਜਾਬੀ ਦੇ ਪਹੁ ਵਾਲੀ ਸਾਖੀ ਤਾਂ ਹੈ ਹੀ।"

ਮੈਂ 'ਪੌਂ ਬਾਰਾਂ' ਵਾਲੇ ਪੌਂ ਲਈ ਮੋਨੀਅਰ ਵਿਲੀਅਮਜ਼ ਦਾ ਹਵਾਲਾ ਦਿੱਤਾ ਜਿਸ ਅਨੁਸਾਰ ਇਹ ਸ਼ਬਦ ਸੰਸਕ੍ਰਿਤ ਪ੍ਰਹਾ ਦਾ ਵਿਗਾੜ ਲਗਦਾ ਹੈ, 'ਪ੍ਰਹਾ -A good throw at dice, any gain or advantage.' ਇਹ ਪ੍ਰ+ਹੰਤ (ਹੰਤ= ਮਾਰਨਾ) ਤੋਂ ਬਣਿਆ ਹੈ। ਅਜਿਤ ਨੇ ਮੇਰੀ ਹਾਮੀ ਭਰੀ, "ਗੱਲ ਵਿਚ ਦਮ ਹੈ ਕਿਉਂਕਿ ਸੁੱਟਣ ਦੇ ਅਰਥ ਵਿਚ ਪਾਸਾ ਸ਼ਬਦ ਦੀ ਵਿਉਤਪਤੀ ਪਾਸ਼ਕ ਤੋਂ ਹੈ। ਪਾਸ਼ਕ ਉਹ ਗੋਟੀ ਹੈ ਜਿਸ 'ਤੇ ਲੱਗੀਆਂ ਬਿੰਦੀਆਂ ਦੇ ਜ਼ਰੀਏ ਇਹ ਨਿਰਧਾਰਤ ਹੁੰਦਾ ਹੈ ਕਿ ਕਿੰਨੀ ਚਾਲ ਚੱਲਣੀ ਹੈ। ਪਰ ਚਾਲ ਦੇ ਅਰਥ ਵਿਚ ਜੋ ਵਿਅੰਜਨਾ ਪਾਦ ਵਿਚ ਨਜ਼ਰ ਆ ਰਹੀ ਹੈ, ਉਸ ਵਿਚ ਵੀ ਵਜ਼ਨ ਹੈ। ਬਾਰਾਂ ਦਾ ਪਾਸਾ ਪੈਣ ਦੇ ਅਰਥ ਵਿਚ ਪੌਂ ਬਾਰਾਂ ਠੀਕ ਹੈ। ਇਥੇ ਪਾਸੇ ਤੋਂ ਹੀ ਤਾਤਪਰਜ ਹੈ।"

ਮੈਂ ਜਵਾਬ ਦਿੱਤਾ, "ਸ਼ਾਇਦ ਪਾਸੇ ਵਿਚ ਲੱਗੇ ਨਿਸ਼ਾਨਾਂ ਵਿਚ ਚੰਗਾ ਮਿਲਣ ਦਾ ਅਰਥ ਹੈ ਜਿਵੇਂ ਜੋਤਿਸ਼ ਵਿਚ ਲਗਨ ਹੁੰਦਾ ਹੈ। ਪਾਸੇ ਦੇ ਨਿਸ਼ਾਨਾਂ ਵੱਲ ਧਿਆਨ ਦੇਵੋ ਨਾ ਕਿ ਪਾਂਵ ਵੱਲ।" ਪਰ ਅਭਯ ਤਿਵਾੜੀ ਦਾ ਕਹਿਣਾ ਸੀ ਕਿ ਪੌ ਦਾ ਅਰਥ ਇੱਕ ਹੀ ਹੈ। ਕਿਸੇ ਵੀ ਚੰਗੇ ਦਾਅ ਨੂੰ ਪੌ ਨਹੀਂ ਕਹਿੰਦੇ। ਪੌ ਬਾਰਾਂ ਜ਼ਰੂਰ ਅੱਛਾ ਦਾਅ ਹੈ ਜਿਵੇਂ ਛੱਕਾ। ਇਸ ਨਜ਼ਰ ਤੋਂ ਪੌ ਦਾ ਅਰਥ ਪਾਦ ਅਰਥਾਤ ਇਕ ਕਦਮ ਹੀ ਠੀਕ ਬੈਠਦਾ ਹੈ।

ਅਜਿਤ ਵਡਨੇਰਕਰ ਨੇ ਸਹਿਮਤੀ ਜਤਾਈ, "ਮਾਲਵੇ (ਮਧ ਪ੍ਰਦੇਸ਼ ਦੇ) ਵਿਚ ਅਸ਼ਟਾ ਚੰਗਾ ਨਾਮੀ ਖੇਡ ਖੇਡੀ ਜਾਂਦੀ ਹੈ। ਇਥੇ ਪੌ ਦਾ ਅਰਥ ਇਕ ਹੀ ਬਣਦਾ ਹੈ। ਪਾਸੇ ਦੇ ਛੇ ਤਲਾਂ ਵਿਚ ਇੱਕ ਤੋਂ ਛੇ ਤੱਕ ਬਿੰਦੀਆਂ ਹੁੰਦੀਆਂ ਹਨ। ਸੋ ਇਸ ਪਾਸੇ ਨਾਲ ਬਾਰਾਂ ਦਾ ਰਿਸ਼ਤਾ ਨਹੀਂ ਜੁੜਦਾ। ਪਰ ਅਜਿਹਾ ਜ਼ਰੂਰ ਹੈ ਕਿ ਆਮ ਤੌਰ 'ਤੇ ਚੰਗਾ ਯਾਨਿ ਚਾਰ ਜਾਂ ਛੇ ਆਉਣ 'ਤੇ ਦੋ ਵਾਰੀ ਪਾਸਾ ਸੁੱਟਣ ਦਾ ਚਾਂਸ ਮਿਲਦਾ ਹੈ।"

ਮੈਂ ਹੋਰ ਜਾਣਕਾਰੀ ਦਰਸਾਈ, "ਪਹਿਲੀਆਂ ਵਿਚ ਇਕ ਲੰਬੂਤਰਾ ਚੌਰਸ ਪਾਸਾ ਹੁੰਦਾ ਸੀ ਜਿਸ ਦੇ ਚਾਰ ਤਲ ਹੁੰਦੇ ਸਨ। ਇਨ੍ਹਾਂ ਵਿਚ ਇਕ ਤੋਂ ਚਾਰ ਤੱਕ ਅਕਸ਼ (ਬਿੰਦੀਆਂ) ਉਕਰੇ ਹੁੰਦੇ ਸਨ। ਇਸ ਦਾ ਮਤਲਬ ਚਾਰ ਬਿੰਦੀਆਂ ਵਾਲੀ ਸੋਟ ਸਭ ਤੋਂ ਵੱਡੀ ਹੁੰਦੀ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਤਿੰਨ ਵਾਰੀ ਚਾਰ ਉਪਰ ਆਉਣ ਤਾਂ ਉਨ੍ਹਾਂ ਦੀ ਸੰਖਿਆ ਬਾਰਾਂ ਹੋਵੇਗੀ ਜੋ ਚੰਗੇ ਸੰਯੋਗ ਦੀ ਨਿਸ਼ਾਨੀ ਹੈ।"

ਅਜਿਤ ਬੋਲੇ, "ਇਹ ਵੀ ਸਹੀ ਹੈ, ਅਸੀਂ ਦੋ ਪਾਸਿਆਂ ਵਾਲੀ ਖੇਡ ਖੇਡੀ ਹੈ ਜਿਨ੍ਹਾਂ ਦੇ ਛੇ ਤਲ ਹੁੰਦੇ ਸਨ। ਇਸ ਤਰ੍ਹਾਂ ਦੋਨਾਂ ਦੇ ਇਕੋ ਵਾਰੀ ਛੇ ਛੇ ਨਿਸ਼ਾਨ ਉਪਰ ਆ ਗਏ ਤਾਂ ਪੌ ਬਾਰਾਂ ਹੋ ਗਈ।" ਕਿਸੇ ਨੇ ਕਿਹਾ, "ਪੌ ਬਾਰਾਂ ਮਜ਼ੇਦਾਰ ਹੁੰਦਾ ਜਾ ਰਿਹਾ ਹੈ।" ਬਹਿਸ ਵਿਚ ਬਹੁਤੇ ਭਾਗ ਨਾ ਲੈ ਰਹਿਆਂ ਨੇ ਅਨੰਦਿਤ ਹੁੰਦੇ ਕਿਹਾ, "ਸਾਡੀ ਤਾਂ ਪੌ ਬਾਰਾਂ ਸੰਤੋ!"

ਰਾਜਸਥਾਨ ਦੇ ਹੜੌਤੀ ਇਲਾਕੇ ਦੇ ਗੁਣੀ ਗਿਆਨੀ ਦਿਨੇਸ਼ਵਰ ਦਿਵੇਦੀ ਨੇ ਚੁੱਪ ਤੋੜੀ, "ਇਹ ਚੰਗਾ ਪੌ ਤਾਂ ਅਸੀਂ ਵੀ ਖੇਲ੍ਹਿਆ ਹੈ। ਅਸੀਂ ਇਹ ਖੇਡ ਪਾਸਿਆਂ ਦੀ ਥਾਂ ਇਮਲੀ ਦੇ ਬੀਜਾਂ ਨੂੰ ਚੀਰ ਕੇ ਬਣਾਈਆਂ ਚਾਰ ਅਧੀਆਂ ਚਿਤਾਰਾਂ (ਫਾਕੜਾਂ) ਨਾਲ ਖੇਡਿਆ ਕਰਦੇ ਸੀ ਜੋ ਇਕ ਪਾਸਿਓਂ ਕਾਲੀਆਂ ਤੇ ਦੂਜੇ ਪਾਸਿਓਂ ਸਫੈਦ ਹੁੰਦੀਆਂ ਹਨ। ਜੇ ਇਕ ਸਫੈਦ ਤੇ ਤਿੰਨ ਕਾਲੀਆਂ ਚਿਤਾਰਾਂ ਉਪਰ ਆਉਣ ਤਾਂ ਇਹ ਦਾਅ ਪੌ ਕਹਾਉਂਦਾ ਸੀ। ਖੇਡ 'ਚ ਪੌ ਦਾ ਮਹਤਵ ਇਹ ਸੀ ਕਿ ਇਸ ਬਿਨਾ ਤੁਹਾਡਾ ਦਾਅ ਸ਼ੁਰੂ ਨਹੀਂ ਸੀ ਹੋ ਸਕਦਾ ਯਾਨਿ ਜੇ ਦੋ ਜਾਂ ਤਿੰਨ ਚਿਤਾਰ ਸਫੈਦ ਖੁਲ੍ਹਦੇ ਹਨ ਤਾਂ ਉਹ ਆਪਣੀ ਗੋਟੀ ਦੋ ਜਾਂ ਤਿੰਨ ਘਰ ਅੱਗੇ ਚਲਾ ਸਕਦਾ ਹੈ, ਪਰ ਮੁਢਲੇ ਘਰ 'ਚੋਂ ਨਹੀਂ ਨਿਕਲ ਸਕਦਾ। ਚਾਰ ਕਾਲੀਆਂ ਚਿਤਾਰਾਂ ਦਾ ਅਰਥ ਹੈ, ਚੰਗਾ+ਪੌ ਅਰਥਾਤ ਚਾਰ ਤੇ ਇਕ ਪੌ। ਇੰਜ ਚਾਰ ਸਫੈਦ ਚਿਤਾਰ ਖੁਲ੍ਹਣ ਦਾ ਅਰਥ ਹੈ, ਅਸ਼ਟਾਹ ਅੱਠ+ਪੌ। ਕਿਉਂਕਿ ਚਾਰ ਚੰਗਾ ਤੇ ਅਸ਼ਟਾਹ ਦੇ ਨਾਲ ਪੌ ਜੁੜੀ ਹੋਈ ਹੈ, ਇਸ ਕਾਰਨ ਤੁਹਾਡੀ ਗੋਟੀ ਅਰੰਭਕ ਘਰ 'ਚੋਂ ਨਿਕਲ ਸਕਦੀ ਹੈ। ਇਸ ਸੂਰਤ ਵਿਚ ਤੁਹਾਨੂੰ ਇਕ ਵਾਰ ਚਿਤਾਰੇ ਸੁੱਟਣ ਦਾ ਮੌਕਾ ਮਿਲਦਾ ਹੈ। ਜੇ ਇਕ ਵਾਰ ਚੰਗਾ ਅਸ਼ਟਾਹ ਖੁਲ੍ਹਦਾ ਹੈ ਤਾਂ ਫਿਰ ਇਕ ਵਾਰ ਆਪ ਨੂੰ ਚਿਤਾਰੇ ਸੁੱਟਣ ਦਾ ਮੌਕਾ ਮਿਲਦਾ ਹੈ। ਇਸ ਮੌਕੇ ਨੂੰ ਅਸੀਂ ਪੌ ਬਾਰਾਂ ਕਹਿੰਦੇ ਹਾਂ ਅਰਥਾਤ ਜੋ ਅਰੰਭਕ ਘਰ ਵਿਚੋਂ ਬਾਹਰ ਆਉਣ ਦਾ ਅਵਸਰ ਦਿੰਦਾ ਹੈ। ਇਸੇ ਤਰ੍ਹਾਂ ਸੁਬਹ ਵੇਲੇ ਰਾਤ ਦੇ ਹਨੇਰੇ ਨੂੰ ਚੀਰ ਕੇ ਨਿਕਲੀ ਪਹਿਲੀ ਕਿਰਨ ਨੂੰ ਅਸੀਂ ਪੌ ਫੁਟਣਾ ਕਹਿ ਸਕਦੇ ਹਾਂ। ਸੋ ਪੌ ਕੇਵਲ ਪਾਦ ਨਹੀਂ ਸਗੋਂ ਘਰ ਤੋਂ ਬਾਹਰ ਨਿਕਲਣ ਲਈ ਰੱਖਿਆ ਗਿਆ ਪਹਿਲਾ ਕਦਮ ਹੈ।"

ਬਿਹਾਰ-ਝਾੜਖੰਡ ਦੀ ਭਾਸ਼ਾ ਮਗਹੀ (ਮਾਗਧੀ) ਬੋਲਣ ਵਾਲੇ ਰਮਾਕਾਂਤ ਨੇ ਹੋਰ ਪਾਸਾਰ ਜੋੜਿਆ, "ਬਚਪਨ ਵਿਚ ਅਸੀਂ ਕੌਡੀਆਂ ਨਾਲ ਪਚੀਸੀ ਖੇਡ ਖੇਡਿਆ ਕਰਦੇ ਸੀ ਜੋ ਚੌਪੜ ਜਿਹੀ ਹੀ ਬਸਾਤੀ ਖੇਡ ਹੁੰਦੀ ਸੀ। ਇਹ ਛੇ ਕੌਡੀਆਂ ਨਾਲ ਖੇਡੀ ਜਾਂਦੀ ਜਿਨ੍ਹਾਂ ਦੇ ਚਿੱਤ ਜਾਂ ਪੁੱਠ ਹੋਣ ਨਾਲ ਸੋਟ ਦਾ ਮੁੱਲ ਤੈਅ ਹੁੰਦਾ ਸੀ। ਪਚੀਸੀ ਨਾਂ ਸ਼ਾਇਦ ਇਸ ਲਈ ਪਿਆ ਕਿ ਪੱਚੀ ਦਾ ਦਾਅ ਸਭ ਤੋਂ ਵੱਡਾ ਹੁੰਦਾ ਸੀ। ਪੱਚੀ ਜਾਂ ਦਸ ਦੇ ਦਾਅ ਆਉਣ ਨਾਲ 'ਪਹ' (ਇਕ ਹੋਰ ਦਾਅ) ਮਿਲਦਾ ਸੀ ਜਦਕਿ ਇੱਕ, ਦੋ, ਤਿੰਨ, ਚਾਰ, ਛੇ ਜਾਂ ਬਾਰਾਂ 'ਤੇ ਨਹੀਂ। ਸਾਰੀਆਂ ਕੌਡੀਆਂ ਪੁੱਠ ਡਿਗਣ 'ਤੇ ਛੇ ਚਾਲਾਂ ਮਿਲਦੀਆਂ ਸਨ ਜਦਕਿ ਸਾਰੀਆਂ ਚਿੱਤ ਡਿਗਣ 'ਤੇ ਬਾਰਾਂ। ਪੰਜ ਪੁੱਠ ਡਿਗਣ ਨਾਲ ਦਸ ਅਤੇ ਇੱਕ ਪੁੱਠ 'ਤੇ ਪੰਜ ਚਿੱਤ ਨਾਲ ਪੱਚੀ ਚਾਲਾਂ



ਮਿਲਦੀਆਂ ਸਨ। ਇਹ ਖੇਡ ਬਰਸਾਤ ਦੇ ਦਿਨਾਂ ਵਿਚ ਹੀ ਖੇਡੀ ਜਾਂਦੀ ਸੀ। ਮੰਨਿਆਂ ਜਾਂਦਾ ਸੀ ਕਿ ਬਰਸਾਤ ਜੇ ਲਮਕ ਜਾਏ ਤਾਂ ਇਸ ਨੂੰ ਰੋਕਣ ਲਈ ਪਚੀਸੀ ਖੇਡਣਾ ਕਾਰਗਰ ਉਪਾਅ ਸੀ।"

ਰਮਾਕਾਂਤ ਦੇ ਬਿਆਨ ਪਿਛੋਂ ਚਰਚਾ ਖਤਮ ਹੋ ਗਈ। ਇਸ ਦੌਰਾਨ ਪੌਂ ਬਾਰਾਂ ਦੇ ਪ੍ਰਸੰਗ ਵਿਚ ਵਾਰ ਵਾਰ ਪੌਂ ਸ਼ਬਦ ਪਾਂਵ (ਪੈਰ) ਦਾ ਵਿਗਾੜ ਹੀ ਦੱਸਿਆ ਜਾ ਰਿਹਾ ਸੀ। ਸੋ ਇਸ 'ਤੇ ਸਭ ਦੀ ਸਹਿਮਤੀ ਲਗਦੀ ਸੀ। ਮੈਨੂੰ ਵੀ ਆਪਣੇ ਵਲੋਂ ਸੰਸਕ੍ਰਿਤ ਦੇ ਚੰਗੀ ਸੋਟ ਲਈ ਸੁਝਾਏ ਸ਼ਬਦ ਪ੍ਰਹਾ ਵਿਚੋਂ ਫੂਕ ਨਿਕਲਦੀ ਪ੍ਰਤੀਤ ਹੋਈ। ਇਕ ਕੋਸ਼ ਨੇ ਇਸ ਮੁਹਾਵਰੇ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ, "ਤਿੰਨ ਪਾਸਿਆਂ ਦੀ ਖੇਡ ਵਿਚ ਪਾਸੇ ਦਾ ਇਸ ਤਰ੍ਹਾਂ ਪੈਣਾ ਕਿ ਇਕ ਪਾਸੇ ਵਿਚ ਪੌਂ (ਅਰਥਾਤ ਇਕ) ਅਤੇ ਬਾਕੀ ਪਾਸਿਆਂ ਦੀ ਖੇਡ ਵਿਚ ਛੇ-ਛੇ ਦੇ ਦਾਅ (6+6+1) ਆਉਣ। ਇਹ ਜਿੱਤ ਦਾ ਸਭ ਤੋਂ ਵੱਡਾ ਦਾਅ ਹੁੰਦਾ ਹੈ। ਇਥੋਂ ਹੀ ਬਹੁਤ ਵੱਡੀ ਜਿੱਤ ਜਾਂ ਲਾਭ ਦੇ ਅਰਥਾਂ ਵਾਲਾ ਮੁਹਾਵਰਾ ਪੌ ਬਾਰਾਂ ਬਣਿਆ।

ਇਕ ਨੈਪਾਲੀ ਕੋਸ਼ ਨੇ 'ਪਵਬਾਰਾ' ਦੇ ਇੰਦਰਾਜ ਅਧੀਨ ਇਸ ਤਰ੍ਹਾਂ ਦਰਜ ਕੀਤਾ ਹੈ, "ਪਾਸੇ ਦੀ ਖੇਡ ਵਿਚ ਤਿੰਨ ਪਾਸਿਆਂ ਦੀ ਅਜਿਹੀ ਸੋਟ ਜਿਸ ਵਿਚ ਦੋ ਪਾਸਿਆਂ ਦੇ ਛੇ-ਛੇ ਬਿੰਦੀਆਂ ਵਾਲੇ ਤਲ ਉਪਰ ਆਉਂਦੇ ਹਨ ਅਤੇ ਇੱਕ ਦਾ ਇੱਕ ਬਿੰਦੀ ਵਾਲਾ। ਜਿਸ ਨਾਲ ਕੁੱਲ ਤੇਰਾਂ ਦੀ ਚਾਲ ਬਣਦੀ ਹੈ।" ਪਿਛੋਂ ਮੈਂ ਕੁਝ ਹੋਰ ਸ੍ਰੋਤ ਵੀ ਫੋਲੇ। ਪਤਾ ਲੱਗਾ ਕਿ ਪਾਸੇ ਦੀ ਇਕ ਚਾਲ ਲਈ ਪਗ, ਪਾਦਾਨ ਆਦਿ ਸ਼ਬਦ ਵੀ ਵਰਤੇ ਜਾਂਦੇ ਹਨ, ਸੋ ਪਾਂਵ, ਪਾਵ, ਪਾਇ, ਪਉ, ਪੌ, ਪੌਂ ਸਾਰੇ ਸ਼ਬਦ ਪਾਦ ਤੋਂ ਹੀ ਵਿਕਸਿਤ ਹੋਏ ਹਨ।

ਪਾਸੇ ਅਤੇ ਕੌਡੀਆਂ ਦੀਆਂ ਖੇਡਾਂ ਦੇ ਕਈ ਖੇਤਰੀ ਰੁਪਾਂਤਰ ਹਨ। ਪਰ ਆਮ ਤੌਰ 'ਤੇ ਬਾਰਾਂ ਦਾ ਦਾਅ ਕਈਆਂ ਵਿਚ ਸੁਭਾਗਾ ਹੈ। ਇਸੇ ਤਰ੍ਹਾਂ ਮੌਜਾਂ ਮਾਣਨ ਦੇ ਅਰਥਾਂ ਵਿਚ 'ਅੱਠੋ ਅੱਠ ਮਾਰਨਾ' ਮੁਹਾਵਰਾ ਵੀ 'ਅਸ਼ਟਾ ਚੰਗਾ' ਨਾਮੀ ਖੇਡ ਤੋਂ ਪੈਦਾ ਹੋਇਆ ਲਗਦਾ ਹੈ। ਕਿਸੇ ਪਾਸੇ ਵੀ ਸਫਲਤਾ ਨਾ ਹੋਣੀ ਦੇ ਅਰਥਾਂ ਵਾਲਾ 'ਤਿੰਨ ਕਾਣੇ' ਮੁਹਾਵਰਾ ਵੀ ਕੌਡੀਆਂ ਦੀ ਖੇਡ ਤੋਂ ਹੀ ਸ਼ੁਰੂ ਹੋਇਆ ਹੈ। ਅਰਥਾਤ ਜੇ ਕਿਸੇ ਦੀਆਂ ਚਾਰ ਕੌਡੀਆਂ ਵਿਚੋਂ ਵਾਰ ਵਾਰ ਤਿੰਨ ਕੌਡੀਆਂ ਹੀ ਚਿੱਤ ਆਉਣ (ਚਾਰ ਤੋਂ ਸਿਰਫ ਇਕ ਘਟ) ਤਾਂ ਉਸ ਦੀ ਕਿਸਮਤ ਮਾੜੀ ਹੀ ਸਮਝੀ ਜਾਵੇਗੀ ਕਿ ਉਹ ਖੇਡ ਸ਼ੁਰੂ ਵੀ ਨਹੀਂ ਕਰ ਸਕਦਾ। ਭਾਗ ਚੰਗੇ ਹੋਣਾ ਦੇ ਅਰਥਾਂ ਵਿਚ 'ਪਾਸਾ ਪੈਣਾ' ਜਾਂ 'ਪਾਸੇ ਪਰਤਣਾ' ਅਤੇ ਇਸ ਤੋਂ ਉਲਟ 'ਪਾਸੇ ਪੁੱਠੇ ਪੈਣੇ' ਵੀ ਪਾਸੇ ਦੀ ਖੇਡ ਦੀ ਹੀ ਦੇਣ ਹਨ। ਪਰ ਸੁਬਹ ਦੇ ਅਰਥਾਂ ਵਿਚ ਪਾਂਵ ਘਸੀਟਣ ਵਾਲੀ ਗੱਲ ਨਾਲ ਮੇਰੀ ਸਹਿਮਤੀ ਨਾ ਬਣ ਸਕੀ। ਮੈਂ ਇਸ ਨੂੰ ਇਕ ਕਾਵਿਕ ਜਿਹੀ ਵਿਆਖਿਆ ਹੀ ਗਰਦਾਨਿਆ। ਹਿੰਦੀ ਪੌ ਤੇ ਪੰਜਾਬੀ ਪਹੁ ਦੀ ਮੁਢਲੀ ਪ੍ਰਭਾ ਹੀ ਸਾਰਥਕ ਲਗਦੀ ਹੈ।

# ਜੰਗਲ ਦੀ ਬਾਤ ਪਾਉਂਦਾ ਵਿਲੱਖਣ ਸਫਰਨਾਮਾ-ਤਨਜ਼ਾਨੀਆ ਸਫਾਰੀ

ਪੁਸਤਕ ਪੜਚੋਲ

ਵਰਿਆਮ ਸਿੰਘ ਸੰਧੂ

ਚਰਨਜੀਤ ਸਿੰਘ ਪੰਨੂ ਬਹੁ-ਵਿਧਾਈ ਲੇਖਕ ਹੈ-ਸ਼ਾਇਰ, ਵਾਰਤਕਕਾਰ ਤੇ ਕਹਾਣੀਕਾਰ। ਹਰ ਵਿਧਾ ਵਿਚ ਵੱਖਰੇ ਨਿਸ਼ਾਨ ਛੱਡਣ ਵਾਲਾ। ਪਿਛਲੇ ਸਾਲਾਂ ਵਿਚ ਉਹਨੇ ਸਫਰਨਾਮੇ ਦੀ ਵਿਧਾ ਵਿਚ ਨਵੇਂ ਆਯਾਮ ਜੋੜੇ ਹਨ। ਪੰਜਾਬੀ ਦੇ ਬਹੁਤੇ ਸਫਰਨਾਮੇ ਗਿਣ ਮਿੱਥ ਕੇ ਕੀਤੀ ਕਿਸੇ ਯਾਤਰਾ ਜਾਂ ਕਹਿ ਲਈਏ ਕਿ ਕੇਵਲ ਯਾਤਰਾ ਕਰਨ ਦੇ ਹੀ ਮਕਸਦ ਨਾਲ ਕੀਤੀ ਯਾਤਰਾ ਦਾ ਬਿਰਤਾਂਤ ਨਹੀਂ ਹਨ। ਇਹ ਸਫਰਨਾਮੇ ਤਾਂ ਮਹਿਜ ਕਿਸੇ ਦੂਜੇ ਥਾਂ ਜਾਂ ਦੂਜੇ ਮੁਲਕ ਵਿਚ ਜਾਣ ਦਾ ਯਾਤਰਾ-ਬਾਹਰਾ ਕੋਈ ਨਿਜੀ, ਸਰਕਾਰੀ ਜਾਂ ਅਰਧ ਸਰਕਾਰੀ ਸਬੱਬ ਬਣ ਜਾਣ ਦਾ ਪ੍ਰਤੀਫਲ ਹਨ। ਇਨ੍ਹਾਂ ਸਫਰਨਾਮਾ ਲੇਖਕਾਂ ਦਾ ਖਰਚਾ ਵੀ ਉਨ੍ਹਾਂ ਨੂੰ ਬੁਲਾਉਣ ਜਾਂ ਲੈ ਕੇ ਜਾਣ ਵਾਲੀਆਂ ਸੰਸਥਾਵਾਂ ਤੇ ਅਦਾਰੇ ਜਾਂ ਉਨ੍ਹਾਂ ਦੇ ਨਿਜੀ ਸਬੰਧੀ ਜਾਂ ਯਾਰ-ਬੇਲੀ ਹੀ ਕਰਦੇ ਹਨ। ਪਰ ਪੰਨੂ ਵਲੋਂ ਕੀਤੇ ਗਏ ਬਹੁਤੇ ਸਫਰ ਉਸ ਦੀ ਸਵੈ-ਇੱਛਾ ਨਾਲ ਖੁਦ ਉਲੀਕੇ ਤੇ ਆਪਣੇ ਖਰਚੇ 'ਤੇ ਕੀਤੇ ਗਏ ਹਨ। ਉਸ ਅੰਦਰ ਨਵੇਂ ਮੁਲਕ ਤੇ ਨਵੀਆਂ ਥਾਂਵਾਂ ਵੇਖਣ ਦੀ ਰੀਝ ਹਰ ਸਮੇਂ ਕਲਵਲ ਕਰਦੀ ਰਹਿੰਦੀ ਹੈ। ਇਸੇ ਰੀਝ ਦੀ ਪੂਰਤੀ ਲਈ ਉਹ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਕਿਸੇ ਨਾ ਕਿਸੇ ਸਫਰ 'ਤੇ ਤੁਰਿਆ ਰਹਿੰਦਾ ਹੈ। ਪੰਜਾਬੀ ਸਫਰਨਾਮਾ ਲੇਖਕਾਂ 'ਚ ਅਜਿਹੇ ਸਮਰਪਣ ਭਾਵ ਵਾਲਾ ਯਾਤਰੀ ਕੋਈ ਵਿਰਲਾ ਵਾਂਝਾ ਹੀ ਨਜ਼ਰ ਆਉਂਦਾ ਹੈ।

ਇਸ ਪੱਖੋਂ ਚਰਨਜੀਤ ਸਿੰਘ ਪੰਨੂ ਦਾ ਸ਼ੁਮਾਰ




ਪੰਜਾਬੀ ਦੇ ਵਿਲੱਖਣ ਸਫਰਨਾਮਾ ਲੇਖਕਾਂ ਵਿਚ ਕੀਤਾ ਜਾ ਸਕਦਾ ਹੈ। ਹਥਲੇ ਸਫਰਨਾਮੇ ਵਿਚ ਉਹ ਪਹਿਲੀ ਨਜ਼ਰੇ ਵੇਖਣ 'ਤੇ ਜਾਨਵਰਾਂ ਦੇ ਖੌਫਨਾਕ, ਦਿਲਚਸਪ ਤੇ ਰੰਗ-ਬਰੰਗੇ ਸੰਸਾਰ ਦੀਆਂ ਜਿਉਂਦੀਆਂ ਝਾਕੀਆਂ ਪੇਸ਼ ਕਰਦਾ ਆਪਣੇ ਪਾਠਕ ਨੂੰ ਇੱਕ ਸਜਿੰਦ ਅਨੁਭਵ ਦੇ ਰੂਬਰੂ ਕਰਦਾ ਦਿਖਾਈ ਦਿੰਦਾ ਹੈ ਪਰ ਥੋੜ੍ਹਾ ਗਹਿਰਾ ਉਤਰ ਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਉਸ ਵਲੋਂ ਪੇਸ਼ ਇਹ ਦ੍ਰਿਸ਼ ਕੇਵਲ ਫੋਟੋਗ੍ਰਾਫੀ ਨਹੀਂ ਸਗੋਂ ਇਨ੍ਹਾਂ ਵਿਚ ਮਾਨਵੀ ਜਜ਼ਬੇ ਦੀ ਤਰਲਤਾ ਤੇ ਸੰਵੇਦਨਾ ਵੀ ਘੁਲੀ ਨਜ਼ਰ ਆਉਂਦੀ ਹੈ। ਇਸ ਲਿਖਤ ਵਿਚ ਪਸ਼ੂਆਂ ਦੇ ਸੁਭਾਅ ਦੀਆਂ ਬਾਰੀਕੀਆਂ ਦਾ ਬੰਦੇ ਦੇ ਸੁਭਾਅ ਅਤੇ ਪ੍ਰਵਿਰਤੀਆਂ ਨਾਲ ਕੀਤਾ ਸਹਿਜ ਪਰ ਤੁਲਨਾਤਮਕ ਅਧਿਐਨ ਵੀ ਪੇਸ਼ ਹੈ।

ਚਰਨਜੀਤ ਸਿੰਘ ਪੰਨੂ ਦੀ ਦ੍ਰਿਸ਼ਟੀ ਕੇਵਲ ਇੱਕ ਬਿੰਦੂ 'ਤੇ ਨਹੀਂ ਠਹਿਰਦੀ। ਉਹ ਬਹੁਤ ਸੁਜੱਗ ਤੇ ਸੰਵੇਦਨਸ਼ੀਲ ਰਚਨਾਕਾਰ ਹੈ। ਇਹ ਸਫਰਨਾਮਾ ਵੇਖਣ ਨੂੰ ਤਾਂ ਜਾਨਵਰਾਂ ਦੇ ਸੰਸਾਰ ਦੀ ਝਾਕੀ ਪੇਸ਼ ਕਰਨ ਵਾਲਾ ਹੈ ਪਰ ਉਹ ਇਸ ਵਿਚ ਆਪਣੀ ਬੌਧਿਕਤਾ, ਸੰਵੇਦਨਾ, ਬਹੁਪੱਖੀ ਜਾਣਕਾਰੀ ਅਤੇ ਸਿਰਜਣਾਤਮਕ ਸੂਹਜ ਦੇ ਵਿਭਿੰਨ ਰੰਗ ਵੀ ਭਰਦਾ ਹੈ। ਉਸ ਵਿਚ ਵਰਤਮਾਨ ਸੰਸਾਰ-ਸਿਆਸਤ 'ਤੇ ਵੀ ਆਲੋਚਨਾਤਮਕ ਟਿੱਪਣੀ ਕਰਨ ਦੀ ਯੋਗਤਾ ਹੈ। ਉਹ ਜਿਸ ਖਿੱਤੇ ਵਿਚ ਵਿਚਰ ਰਿਹਾ ਹੈ, ਉਥੋਂ ਦੇ ਇਤਿਹਾਸ, ਸਭਿਆਚਾਰ ਤੇ ਜੀਵਨ ਕੀਮਤਾਂ ਦੇ ਦੀਦਾਰ ਵੀ ਕਰਵਾਉਂਦਾ ਹੈ ਤੇ ਸਫਰ ਦੌਰਾਨ ਮਿਲੇ ਔਰਤਾਂ-ਮਰਦਾਂ ਦੇ ਕਿਰਦਾਰ ਤੇ ਵਿਹਾਰ ਨੂੰ ਸੂਖਮ ਨੀਝ ਨਾਲ ਨਿਹਾਰ ਕੇ ਉਨ੍ਹਾਂ ਦੀ ਸ਼ਖਸੀਅਤ ਦੇ ਦਿੱਖ ਅਤੇ ਤੱਤ ਨੂੰ ਸੰਤੁਲਨ ਵਿਚ ਬੰਨ੍ਹ ਕੇ ਪੇਸ਼ ਕਰਨ ਦਾ ਵੱਲ ਵੀ ਜਾਣਦਾ ਹੈ। ਅਜਿਹਾ ਉਹੀ ਲੇਖਕ ਕਰ ਸਕਦਾ ਹੈ, ਜਿਸ ਕੋਲ ਅਨੁਭਵ ਦੀ ਅਮੀਰੀ ਹੋਵੇ, ਵੱਖ ਵੱਖ ਕੌਮਾਂ, ਜਾਤਾਂ ਤੇ ਖਿੱਤਿਆਂ ਦੇ ਲੋਕਾਂ ਦੇ ਜੀਵਨ, ਇਤਿਹਾਸ ਅਤੇ ਸਭਿਆਚਾਰ ਦੀ ਪ੍ਰਮਾਣਿਕ ਜਾਣਕਾਰੀ ਵੀ ਹੋਵੇ ਅਤੇ ਸਭ ਤੋਂ ਵਧ ਕੇ ਇਹ ਕਿ ਉਸ ਕੋਲ ਸਿਰਜਣਾਤਮਕ ਵਾਰਤਕ ਲਿਖ ਸਕਣ ਦਾ ਹੁਨਰ ਵੀ ਹੋਵੇ। ਪੰਨੂ ਨੂੰ ਸਮੁੱਚੇ ਬਿਰਤਾਂਤ ਨੂੰ ਖੂਬਸੂਰਤ ਵਾਰਤਕ ਵਿਚ ਬੰਨ੍ਹਣ ਦਾ ਸਲੀਕਾ ਆਉਂਦਾ ਹੈ। ਇੰਜ ਉਸ ਵੱਲੋਂ ਦਿੱਤੀ ਜਾਣਕਾਰੀ ਕੋਈ ਖੁਸ਼ਕ ਬਿਰਤਾਂਤ ਨਹੀਂ ਰਹਿ ਜਾਂਦੀ ਸਗੋਂ ਉਹਦੀ ਵਾਰਤਕ ਵਿਚ ਪੇਸ਼ ਸ਼ਬਦਾਂ ਦੇ ਹੁਸਨ ਦਾ ਜਾਦੂ ਵੀ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਦਾ ਹੈ ਤੇ ਪਾਠਕ ਉਹਦੀ ਲਿਖਤ ਦੇ ਸਿਰਜਣਾਤਮਕ ਤੇ ਸੁਹਜਾਤਮਕ ਜਲੌ ਦਾ ਖਿੱਚਿਆ 'ਹੋਰ ਤੇ ਹੋਰ ਜਾਣਨ' ਦੀ ਤਾਂਘ ਨਾਲ ਲਿਖਤ ਦੇ ਨਾਲ ਨਾਲ ਅੱਗੇ ਵਧਦਾ ਜਾਂਦਾ ਹੈ।

ਚਰਨਜੀਤ ਸਿੰਘ ਪੰਨੂ ਨੇ ਪੰਜਾਬੀ ਸਫਰਨਾਮੇ ਦੀ ਵਿਧਾ ਨੂੰ ਅਨੁਭਵ ਤੇ ਪੇਸ਼ਕਾਰੀ ਪੱਖੋਂ ਵਧੇਰੇ ਮੋਕਲਾ, ਪੜ੍ਹਨਯੋਗ, ਮਾਣਨਯੋਗ ਤੇ ਪਹਿਲਾਂ ਨਾਲੋਂ ਵਧੇਰੇ ਸਮਰੱਥ ਬਣਾ ਦਿੱਤਾ ਹੈ।



## ਆਈ ਫੋਨ

ਆਈ ਫੋਨ, ਆਈ ਪੈਡ ਬਿਮਾਰੀ
ਦੁਨੀਆਂ ਰੋਗੀ ਕੀਤੀ ਸਾਰੀ।
ਨਾ ਕੋਈ ਥੈਰਪੀ, ਨਾ ਦਵਾਈ
ਰੋਗ ਅਵੱਲਾ ਲੱਗਿਆ ਭਾਈ।
ਫੇਸਬੁੱਕ, ਵੱਟਸਐਪ ਭੈਣ-ਭਰਾ
ਅੰਮ੍ਰਿਤ ਵੇਲੇ ਦੇਣ ਜਗਾ।
ਫਾਇਦੇ ਸਨ ਪਰ ਰੋਗ ਲਾ ਲਿਆ
ਸਰੀਰ ਦਾ ਅਟੁੱਟ ਅੰਗ ਬਣਾ ਲਿਆ।
ਤੁਰੀਏ-ਫਿਰੀਏ, ਉਠੀਏ-ਬਹੀਏ
ਬਿੰਦ ਬਿੰਦ ਫੋਨ ਨੂੰ ਵੇਖਦੇ ਰਹੀਏ।
ਅੱਖੋਂ ਉਹਲੇ ਜਾਂ ਹੋ ਜਾਏ ਚੋਰੀ
ਸਮਝੋ ਅੰਨ੍ਹੇ ਹੱਥੋਂ ਗਈ ਡੰਗੋਰੀ।
ਬੁੱਢੇ, ਬੱਚੇ ਅਤੇ ਕੀ ਜਵਾਨ
ਫੋਨ ਹੈ ਸਭ ਦੀ ਜਿੰਦ ਤੇ ਜਾਨ।
ਜੰਮਦੇ, ਉਂਗਲਾਂ ਐਂ ਚਲਾਉਣ
ਮਾਂ ਦੇ ਪੇਟੋਂ ਜਿਵੇਂ ਸਿੱਖ ਕੇ ਆਣ।
ਘਰ ਹੋਵੇ ਸਾਰਾ ਪਰਿਵਾਰ
ਰਲ ਬਹਿਣਾ ਹੋਇਆ ਦੁਸ਼ਵਾਰ।
ਆਈ ਫੋਨ, ਆਈ ਪੈਡ ਚੁੱਕ
ਇਕ ਦੂਜੇ ਤੋਂ ਜਾਈਏ ਲੁੱਕ।
ਫੋਨ ਹੀ ਸਾਡਾ ਭੈਣ ਤੇ ਭਾਈ
ਰਿਸ਼ਤੇ ਬੈਠੇ ਹਾਂ ਗਵਾਈ।
ਇਕ ਹੱਥ ਰੋਟੀ, ਦੂਜੇ ਹੱਥ ਫੋਨ
'ਸਾਹੀ' ਫਿਰ ਘੁੰਮਦੀ ਨਹੀਂ ਧੌਣ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਨਵਾਂ ਸਾਲ, ਨਵੀਂ ਕਿਤਾਬ 'ਮੇਰੇ ਵਾਰਤਕ ਦੇ ਰੰਗ' ਨਾਲ

ਮੈਂ ਹੌਲੀ-ਹੌਲੀ ਲਿਖਦਾਂ। ਛੋਟੇ-ਛੋਟੇ ਵਾਕ ਵੀ ਵਾਰ-ਵਾਰ ਸੋਧਦਾਂ। ਮੈਂ ਸਮਝਦਾਂ ਕਿ ਵਾਰਤਕ ਦਾ ਵੀ ਪਿੰਗਲ ਹੈ। ਨਜ਼ਮ ਵਾਂਗ ਨਸਰ ਵਿਚ ਵੀ ਧੁਨੀ ਅਲੰਕਾਰ ਤੇ ਅਰਥ ਅਲੰਕਾਰ ਹੁੰਦੇ ਨੇ। ਇਸੇ ਕਰਕੇ ਵਾਕ ਮੰਜੇ ਦੀ ਦੌਣ ਵਾਂਗ ਕਸਣੇ ਤੇ ਮੀਢੀਆਂ ਵਾਂਗ ਗੁੰਦਣੇ ਪੈਂਦੇ ਨੇ। ਸ਼ਬਦ ਬੀੜਨ ਵੇਲੇ ਵੇਖੀਦਾ ਕਿ ਵਾਕ ਲਮਕ ਨਾ ਜਾਵੇ ਜਾਂ ਉਹਦੇ 'ਚ ਝੋਲ ਨਾ ਪੈ ਜੇ। ਇੰਦ੍ਰਿਆਵੀ ਰਸਾਂ ਦਾ ਵੀ ਖਿਆਲ ਰੱਖੀਦਾ। ਵਧੀਆ ਵਾਰਤਾ ਉਹ ਹੁੰਦੀ ਐ ਜੀਹਦੇ 'ਚ ਅੱਖਾਂ ਲਈ ਆਕਾਰ ਤੇ ਰੰਗ ਹੋਣ, ਕੰਨਾਂ ਲਈ ਧੁਨਾਂ, ਨੱਕ ਲਈ ਸੁਗੰਧਾਂ, ਜੀਭ ਲਈ ਜ਼ਾਇਕਾ ਤੇ ਜਿਸਮ ਲਈ ਸਪਰਸ਼ ਹੋਵੇ। ਕਲਾਤਮਕ ਵਾਰਤਕ ਲਿਖਣੀ ਲੈਅਮਈ ਕਵਿਤਾ ਲਿਖਣ ਤੁਲ ਹੈ। ਜਿਵੇਂ ਖਿਡਾਰੀ ਆਪਣੀ ਖੇਡ ਦਾ ਅਭਿਆਸ ਕਰਦੈ, ਉਵੇਂ ਮੈਂ ਵੀ ਵਗਦੇ ਪਾਣੀ ਤੇ ਰੁਮਕਦੀ ਪੌਣ ਜਿਹੀ ਵਾਰਤਕ ਰਚਣ ਦਾ ਰਿਆਜ਼ ਕਰਦਾ ਰਹਿੰਨਾਂ।



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

**ਮਿਸਾਲ:** ਮੁਹੰਮਦ ਅਲੀ ਬਾਰੇ ਲਿਖਣਾ ਲਫਜ਼ਾਂ ਨਾਲ ਘੁਲਣਾ ਹੈ। ਲੱਲੇ ਦੀ ਧੁਨੀ ਦਾ ਖਿਆਲ ਰੱਖਦਿਆਂ ਮੈਂ 'ਸ਼ਬਦਾਂ' ਦੀ ਥਾਂ 'ਲਫਜ਼ਾਂ' ਅਤੇ 'ਭਿੜਨਾ' ਦੀ ਥਾਂ 'ਘੁਲਣਾ' ਲਿਖਿਆ। ਹੋਰ: ਕਦ ਭੁੱਲਣਗੀਆਂ ਪਾਣੀ ਦੀਆਂ ਉਹ ਪਰੀਆਂ ਜਿਨ੍ਹਾਂ ਤੈਰਨ ਤਲਾਅ ਦੇ ਨੀਲੇ ਨਿਰਮਲ ਪਾਣੀਆਂ ਨੂੰ ਅੱਗ ਲਾਈ ਰੱਖੀ। ਉਨ੍ਹਾਂ ਦੀਆਂ ਤੇਜ਼ ਤਰਾਰ ਤਾਰੀਆਂ ਤੇ ਦੂਹਰੀਆਂ ਤੀਹਰੀਆਂ ਛਾਲਾਂ! ਉਨ੍ਹਾਂ ਦੇ ਸੋਨ-ਰੰਗੇ ਬਦਨ ਜਿਨ੍ਹਾਂ ਤੋਂ ਨਜ਼ਰਾਂ ਤਿਲ੍ਹਕ-ਤਿਲ੍ਹਕ ਜਾਂਦੀਆਂ।

---

ਮੈਥੋਂ ਅਕਸਰ ਪੁੱਛਿਆ ਜਾਂਦੈ, ਮੈਂ ਕਹਾਣੀਕਾਰ ਬਣਦਾ-ਬਣਦਾ ਖੇਡ ਲੇਖਕ ਕਿਉਂ ਬਣਿਆ? ਜੇ ਕਹਾਣੀਕਾਰ ਬਣ ਜਾਂਦਾ ਤਾਂ ਸਾਹਿਤਕਾਰ ਮੰਨਿਆ ਜਾਂਦਾ। ਮੈਂ ਮੁਸਕਰਾ ਕੇ ਕਹਿ ਦਿੰਨਾਂ, ਸਾਹਿਤਕਾਰ ਨਾ ਸਹੀ ਚਲੋ ਸਿਹਤਕਾਰ ਹੀ ਸਹੀ! ਕੁਛ ਤਾਂ ਹਾਂ। ਵੈਸੇ ਸਿਹਤਕਾਰ ਵੀ ਸਾਹਿਤਕਾਰ ਵਰਗਾ ਹੀ ਹੁੰਦੈ। ਖੇਡ ਮੈਦਾਨ ਵਿਚ ਜਿਸ ਦਾ ਜੁੱਸਾ ਤਕੜਾ ਹੋਵੇ ਤੇ ਖੇਡਣ ਦੀ ਜੁਗਤ ਜਾਣਦਾ ਹੋਵੇ, ਉਹ ਕੋਈ ਵੀ ਖੇਡ ਖੇਡੇ ਮਾੜੇ ਜੁੱਸੇ ਵਾਲੇ ਨੂੰ ਜਿੱਤ ਜਾਂਦੈ। ਸਾਹਿਤਕਾਰੀ ਵਿਚ ਵੀ ਜੋ ਲੇਖਕ ਸ਼ਬਦਾਵਲੀ ਪੱਖੋਂ ਸਮਰੱਥ ਹੋਵੇ ਤੇ ਸ਼ਬਦ ਜੋੜਨ-ਬੀੜਨ ਦੀ ਕਲਾ ਜਾਣਦਾ ਹੋਵੇ, ਉਹ ਕੋਈ ਵੀ ਸਾਹਿਤਕ ਰੂਪ ਰਚੇ ਮਾੜੀ ਸ਼ਬਦਾਵਲੀ ਵਾਲੇ ਲੇਖਕ ਨੂੰ ਡਾਹੀ ਨਹੀਂ ਦਿੰਦਾ। ਗੱਲ ਤਾਂ ਸਾਰੀ ਜ਼ੋਰ ਤੇ ਜੁਗਤ ਦੀ ਹੈ।

---

ਮੈਨੂੰ ਖੇਡ ਲੇਖਕ ਕਿਹਾ ਜਾਂਦੈ ਪਰ ਮੈਂ ਨਿਰਾ ਖੇਡ ਲੇਖਕ ਹੀ ਨਹੀਂ। ਮਾੜਾ-ਮੋਟਾ ਕਹਾਣੀਕਾਰ, ਰੇਖਾ ਚਿੱਤਰਕਾਰ, ਪੱਤਰਕਾਰ, ਵਿਅੰਗਕਾਰ, ਸਵੈਜੀਵਨੀ ਤੇ ਜੀਵਨੀ ਲੇਖਕ ਅਤੇ ਅਨੁਵਾਦਕ ਤੇ ਸੰਪਾਦਕ ਵੀ ਹਾਂ। ਮੇਰੀਆਂ ਤੀਹ ਤੋਂ ਵੱਧ ਕਿਤਾਬਾਂ ਦੇ ਕਈ ਸਾਹਿਤਕ ਰੂਪ ਹਨ। ਇਸ ਪੁਸਤਕ ਵਿਚ ਮੈਂ ਆਪਣੀ ਵਾਰਤਕ ਦੇ ਕਈ ਰੰਗ ਵਿਖਾਏ ਹਨ। ਜੇ ਕਦੇ ਨਾਵਲ ਲਿਖਣ ਦੀ ਵਿਹਲ ਮਿਲੀ ਤਾਂ ਨਾਵਲ ਵੀ ਲਿਖਿਆ ਜਾ ਸਕਦੈ। ਜੀਹਨੂੰ ਸ਼ਬਦਾਵਲੀ ਵਰਤਣ ਦੀ ਜਾਚ ਹੋਵੇ, ਉਹ ਕਿਸੇ ਵੀ ਸਾਹਿਤਕ ਰੂਪ 'ਚ ਲਿਖੇ, ਜਿਵੇਂ ਚੰਗਾ ਵਾਰਤਕਕਾਰ ਬਣ ਸਕਦੈ, ਉਵੇਂ ਚੰਗਾ ਕਵੀ, ਕਹਾਣੀਕਾਰ ਤੇ ਨਾਵਲਕਾਰ ਵੀ ਬਣ ਸਕਦੈ। ਪੰਜਾਬੀ ਵਿਚ ਅਜਿਹੇ ਲੇਖਕਾਂ ਦੀ ਘਾਟ ਨਹੀਂ ਜੋ ਕਵੀ ਵੀ ਹਨ, ਕਹਾਣੀਕਾਰ ਵੀ ਤੇ ਨਾਵਲਕਾਰ ਵੀ। ਉਹ ਅਨੁਵਾਦਕ, ਸੰਪਾਦਕ ਤੇ ਆਲੋਚਕ ਵੀ ਹਨ। ਕਿਸੇ ਨੂੰ ਇਹ ਭੁਲੇਖਾ ਨਹੀਂ ਲੱਗਣਾ ਚਾਹੀਦੈ ਕਿ ਕਵੀ ਤੇ ਗਲਪਕਾਰ ਹੀ ਸਾਹਿਤਕਾਰ ਹੁੰਦੇ ਹਨ, ਦੂਜੇ ਨਹੀਂ।

---

ਸਾਹਿਤ ਦਾ ਉਦੇਸ਼ ਜੀਵਨ ਨੂੰ ਸਮਝਣ-ਸਮਝਾਉਣ, ਸਮਾਂ ਸੋਹਣਾ ਪਾਸ ਕਰਵਾਉਣ ਤੇ ਸਹੀ ਸੇਧ ਦੇਣ ਦਾ ਹੈ। ਸਾਹਿਤ ਨੂੰ ਜੀਵਨ ਦਾ ਦਰਪਣ ਕਿਹਾ ਜਾਂਦੈ। ਜਿਵੇਂ ਜੀਵਨ ਵਿਚ ਦੁੱਖ-ਸੁਖ, ਮੋਹ-ਪਿਆਰ, ਖੁਸ਼ੀਆਂ-ਗਮੀਆਂ, ਸ਼ਿਕਵੇ-ਸ਼ਿਕਾਇਤਾਂ, ਹਾਸੇ-ਖੇੜੇ, ਰੋਣੇ-ਧੋਣੇ, ਕਜੀਏ-ਕਲੇਸ਼, ਗੁੱਸੇ-ਗਿਲੇ, ਖੁਸ਼ਹਾਲੀ-ਮੰਦਹਾਲੀ, ਤੰਗੀ-ਤੁਰਸ਼ੀ, ਭੁੱਖ-ਨੰਗ, ਜਿੱਤ-ਹਾਰ, ਖਿੱਚ-ਧੂਹ, ਆਸ-ਉਮੀਦ, ਵਿਆਹ-ਮੁਕਲਾਵੇ, ਬਿਰਹਾ-ਵਿਛੋੜੇ, ਚਾਅ-ਮਲ੍ਹਾਰ, ਰੌਲੇ-ਰੱਪੇ, ਦੋਸਤੀ-ਦੁਸ਼ਮਣੀ, ਮੇਲ-ਮਿਲਾਪ ਤੇ ਆਸ਼ਕੀ-ਮਾਸ਼ੂਕੀ ਸਭ ਕੁਝ ਹੁੰਦੈ, ਉਵੇਂ ਸਾਹਿਤ ਇਸ ਸਭ ਕਾਸੇ ਦਾ ਸ਼ੀਸ਼ਾ ਹੁੰਦੈ। ਹੁਸਨ, ਜੁਆਨੀ, ਮਾਪੇ-ਤਿੰਨ ਰੰਗ ਹੀ ਨਹੀਂ, ਜੀਵਨ ਦੇ ਹੋਰ ਵੀ ਬਹੁਤ ਰੰਗ ਹਨ। ਜੀਵਨ ਰੰਗਾਂ ਦੀ ਲੀਲ੍ਹਾ ਹੈ।

---

ਇਸ ਪੁਸਤਕ ਵਿਚ ਖੇਡਾਂ, ਖੇਡ ਸਭਿਆਚਾਰ ਤੇ ਵਿਸ਼ਵ ਦੇ ਮਹਾਨ ਖਿਡਾਰੀਆਂ ਦਾ ਜਲੌਅ ਵਿਖਾਉਂਦਿਆਂ ਮੈਂ ਸਿਹਤਕਾਰੀ ਨਾਲ ਸਾਹਿਤਕਾਰੀ ਦੇ ਵੀ ਕਈ ਰੰਗ ਵਿਖਾਏ ਹਨ। ਇਨ੍ਹਾਂ ਵਿਚ ਸਫਰਨਾਮੇ, ਜੀਵਨੀ ਤੇ ਸਵੈਜੀਵਨੀ ਦੇ ਅੰਸ਼ ਵੀ ਹਨ। ਕਹਾਣੀ, ਰੇਖਾ ਚਿੱਤਰ, ਪੇਂਡੂ ਸੱਥਾਂ ਤੇ ਪ੍ਰਕਿਰਤੀ ਦੇ ਚਿਤਰਨ ਨਾਲ ਹਾਸ ਵਿਅੰਗ ਦਾ ਰੰਗ ਵੀ ਹੈ। ਇਸ ਨੂੰ ਭਾਵੇਂ ਮੇਰੀਆਂ ਰਚਨਾਵਾਂ ਦਾ ਸਤਨਾਜਾ ਕਹਿ ਲਓ ਭਾਵੇਂ ਸਾਹਿਤਕ ਰੰਗਾਂ ਦੀ ਲੀਲ੍ਹਾ, ਸਾਹਿਤਕਾਰ ਕਹਿ ਲਓ ਭਾਵੇਂ ਸਿਹਤਕਾਰ!

---

ਹੁਣ ਤਕ ਮੈਂ ਦੋ ਕੁ ਸੌ ਖਿਡਾਰੀਆਂ ਤੇ ਲੇਖਕਾਂ ਦੇ ਰੇਖਾ ਚਿੱਤਰ ਉਲੀਕ ਸਕਿਆ ਹਾਂ। ਸੌ ਤੋਂ ਵੱਧ ਦੇਸੀ ਤੇ ਵਿਦੇਸ਼ੀ ਖੇਡਾਂ ਦੀ ਜਾਣਕਾਰੀ ਦਿੱਤੀ ਹੈ ਅਤੇ ਪੇਂਡੂ ਟੂਰਨਾਮੈਂਟਾਂ ਤੋਂ ਲੈ ਕੇ ਓਲੰਪਿਕ ਖੇਡਾਂ ਤਕ ਡੇਢ ਕੁ ਸੌ ਖੇਡ ਮੇਲਿਆਂ ਦੇ ਨਜ਼ਾਰੇ ਬਿਆਨ ਕੀਤੇ ਹਨ। ਏਸ਼ੀਆਈ ਤੇ ਓਲੰਪਿਕ ਖੇਡਾਂ ਦਾ ਇਤਿਹਾਸ ਲਿਖਿਆ ਹੈ। ਕਾਮਨਵੈਲਥ ਤੇ ਐਫਰੋ-ਏਸ਼ੀਅਨ ਖੇਡਾਂ ਬਾਰੇ ਤਬਸਰਾ ਕੀਤਾ ਅਤੇ ਵਿਸ਼ਵ ਕੱਪਾਂ ਤੇ ਖੇਡਾਂ ਦੇ ਅਨੇਕਾਂ ਪੱਖਾਂ ਦੀ ਚਰਚਾ ਛੇੜੀ ਹੈ। ਦੇਸ਼-ਵਿਦੇਸ਼ ਦੇ ਖੇਡ ਮੇਲਿਆਂ ਵਿਚ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਜਾਂਦਿਆਂ ਕੀਤੇ ਸਫਰਾਂ ਦਾ ਹਾਲ ਚਾਲ ਲਿਖਿਆ ਅਤੇ ਅਮਲੀਆਂ ਤੇ ਭੰਡਾਂ ਦਾ ਹਾਸ ਵਿਅੰਗ ਪੇਸ਼ ਕੀਤਾ ਹੈ। 'ਅੱਖੀਂ ਵੇਖ ਨਾ ਰੱਜੀਆਂ' ਲਿਖਣ ਪਿੱਛੋਂ ਦੂਜਾ ਸਫਰਨਾਮਾ 'ਫੇਰੀ ਵਤਨਾਂ ਦੀ' ਲਿਖਿਆ। 'ਪਿੰਡ ਦੀ ਸੱਥ 'ਚੋਂ' ਦੀ ਸੱਥ-ਚਰਚਾ ਨਾਲ 'ਬਾਤਾਂ ਵਤਨ ਦੀਆਂ' ਵੀ ਪਾਈਆਂ ਹਨ। ਆਪਣੀ ਸਵੈਜੀਵਨੀ ਲਿਖਣ ਪਿੱਛੋਂ ਓਲੰਪਿਕ ਰਤਨ ਬਲਬੀਰ ਸਿੰਘ ਤੇ ਪਦਮ ਭੂਸ਼ਨ ਸਰਦਾਰਾ ਸਿੰਘ ਜੌਹਲ ਦੀਆਂ ਜੀਵਨੀਆਂ ਲਿਖੀਆਂ। ਕੋਹੇਨੂਰ ਵਰਗੇ ਹੀਰੇ ਲੇਖਕਾਂ ਤੇ ਖਿਡਾਰੀਆਂ ਦੇ ਸ਼ਬਦੀ ਦਰਸ਼ਨ ਕਰਾਏ ਹਨ। ਕੁਝ ਪੁਸਤਕਾਂ ਦਾ ਸੰਪਾਦਨ ਤੇ ਅਨੁਵਾਦ ਕੀਤਾ। ਮੇਰੀਆਂ ਵੀ ਕੁਝ ਪੁਸਤਕਾਂ ਦਾ ਅਨੁਵਾਦ ਹੋਇਆ। ਇਸ ਪੁਸਤਕ ਦੇ ਕੁਝ ਰੰਗ:

ਕੈਨੇਡਾ ਦੀ ਪਤਝੜ 'ਚੋਂ ਵੀ ਰੰਗਾਂ ਦੀ ਬਹਾਰ ਦਿਸਦੀ ਹੈ। ਸੈਲਾਨੀ ਹੁੱਬ ਕੇ ਵੇਖਦੇ ਹਨ। ਕਿਸੇ ਪੱਤੇ/ਪੱਤੀ, ਫਲ/ਫੁੱਲ ਤੇ ਝਾੜ/ਝਾੜੀ ਦਾ ਰੰਗ ਸੁਰਮਈ, ਕਿਸੇ ਦਾ ਅੰਗੂਰੀ, ਦਾਖੀ, ਅੰਬਰੀ, ਕੇਸਰੀ, ਕਾਲਾ, ਚਿੱਟਾ, ਹਰਾ, ਲਾਲ ਤੇ ਕਿਸੇ ਦਾ ਰੰਗ ਕਥਈ ਦਿਸਦਾ ਹੈ। ਕੋਈ ਬਲੰਭਰੀ, ਦਾਲਚੀਨੀ, ਮੂੰਗੀਆ, ਫਿਰੋਜ਼ੀ ਤੇ ਕੋਈ ਅੰਡਰਈ ਹੁੰਦਾ ਹੈ। ਕਿਸੇ ਦਾ ਰੰਗ ਗੁਲਾਬਾਸੀ, ਦੂਧੀਆ, ਕੋਕਾ ਕੋਲਾ, ਕਰੀਮ ਕਲਰ, ਕੱਚਾ ਪੀਲਾ, ਪੱਕਾ ਪੀਲਾ, ਬੈਂਗਣੀ, ਲਸੂੜੀਆ, ਸ਼ਬਨਮੀ, ਸੰਦਲੀ, ਲੂਸਣੀ, ਲਾਖਾ, ਸਾਵਾ, ਬੱਗਾ, ਬੂਰਾ, ਚਿਤਕਬਰਾ, ਮਟਮੈਲਾ, ਘਸਮੈਲਾ ਤੇ ਕਿਸੇ ਦਾ ਅਰਬੀ ਹੁੰਦਾ ਹੈ। ਕਿਸੇ ਦਾ ਮੋਰਪੰਖੀਆ, ਗੁਲਾਨਾਰੀ, ਗੁਲਮੋਹਰੀ, ਯਾਕੂਤੀ ਤੇ ਕਿਸੇ ਦਾ ਸ਼ਰਬਤੀ! ਕਿਸੇ ਫਲ ਦਾ ਰੰਗ ਅਨਾਰੀ ਹੈ, ਕਿਸੇ ਦਾ ਬਦਾਮੀ, ਬਿਸਕੁਟੀ, ਗਾਜਰੀ ਤੇ ਕਿਸੇ ਦਾ ਸੰਤਰੀ। ਨਿੱਕੇ ਸੁਰਖ ਫਲ ਵੇਖ ਕੇ ਖਾਣ ਨੂੰ ਜੀਅ ਕਰਦਾ ਹੈ। ਸੰਧੂਰੀ ਅੰਬੀਆਂ ਵਰਗੇ ਰੱਤੇ ਸੇਬ ਲੱਗੇ ਹੁੰਦੇ ਨੇ। ਕਿਸੇ ਪੱਤੇ ਦਾ ਰੰਗ ਸਾਵਾ, ਗੁਲਾਬੀ, ਮੋਤੀਆ, ਬਡਮੋਤੀਆ, ਕੱਦੂਮੋਤੀਆ, ਕਪੂਰੀ, ਘਿਉਕਪੂਰੀ, ਪਿਆਜ਼ੀ ਤੇ ਕਿਸੇ ਦਾ ਹਵਾਪਿਆਜ਼ੀ। ਸ਼ਾਮ ਨੂੰ ਕਈ ਸੱਜਣ ਉਂਜ ਹੀ ਹਵਾਪਿਆਜ਼ੀ ਹੋਏ ਮਿਲਦੇ ਹਨ!

---

ਸ੍ਰਿਸ਼ਟੀ ਕਾਦਰ ਦੀ ਖੇਡ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਸੂਰਜ, ਧਰਤੀ, ਚੰਦ, ਤਾਰੇ ਤੇ ਉਪਗ੍ਰਹਿ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇੱਕ ਮੈਚ ਹੀ ਤਾਂ ਹੈ! ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ, ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ, ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਬਾਜ਼ੀ ਪਾ ਰੱਖੀ ਹੈ: ਬਾਜੀਗਰ ਬਾਜੀ ਪਾਈ ਸਭ ਖਲਕ ਤਮਾਸ਼ੇ ਆਈ।

---

ਸੋਹਣ ਸਿੰਘ 'ਸੀਤਲ' ਦੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਮੂਹਰੇ ਸੀਤਲ ਲੱਗਦਾ ਹੈ। ਸੀਤਲ ਪ੍ਰਸੰਗ, ਸੀਤਲ ਤਾਂਘਾਂ, ਸੀਤਲ ਤਰੰਗਾਂ, ਉਮੰਗਾਂ, ਰਮਜ਼ਾਂ, ਸੁਗਾਤਾਂ, ਕਿਰਨਾਂ ਤੇ ਸੀਤਲ ਵਲਵਲੇ ਆਦਿ। ਮੇਰੀਆਂ ਵੀ ਬਹੁਤੀਆਂ ਕਿਤਾਬਾਂ ਦੇ ਨਾਂ ਖੇਡ ਨਾਲ ਸ਼ੁਰੂ ਹੁੰਦੇ ਹਨ। ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਖੇਡ ਮੈਦਾਨ 'ਚੋਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਖੇਡ ਮੇਲੇ ਵੇਖਦਿਆਂ, ਖੇਡਾਂ ਦੀ ਦੁਨੀਆਂ ਤੇ ਖੇਡ ਅਤੇ ਸਿਹਤ ਵਾਰਤਾ। ਹੋ ਸਕਦੈ ਕਦੇ ਖੇਡ ਵਿਥਿਆ, ਖੇਡ ਚਰਚਾ, ਖੇਡ ਕਥਾ ਤੇ ਖੇਡ ਲੀਲ੍ਹਾ ਵੀ ਰੱਖੇ ਜਾਣ।

---

ਮਨੁੱਖ ਦੀ ਸ਼ਕਤੀ ਤੇ ਸਾਹਸ ਦਾ ਕੋਈ ਸਿਰਾ ਨਹੀਂ। ਬੰਦੇ ਦੇ ਬੁਲੰਦ ਜੇਰੇ ਅੱਗੇ ਐਵਰੈਸਟ ਜਿਹੀਆਂ ਚੋਟੀਆਂ ਦੀ ਉਚਾਈ ਵੀ ਤੁੱਛ ਹੈ। ਮਨੁੱਖ ਜੂਝਣ ਲਈ ਪੈਦਾ ਹੋਇਆ ਹੈ। ਮੁੱਢ ਕਦੀਮ ਤੋਂ ਮਨੁੱਖ ਦੇ ਜਾਏ ਪ੍ਰਕ੍ਰਿਤਕ ਸ਼ਕਤੀਆਂ ਨਾਲ ਜੂਝਦੇ




ਆਏ ਹਨ। ਖੇਡਾਂ ਮਨੁੱਖ ਦੀ ਜੁਝਾਰ ਸ਼ਕਤੀ ਵਿਚ ਵਾਧਾ ਕਰਨ ਲਈ ਹਨ। ਖੇਡ ਮੈਦਾਨਾਂ ਵਿਚ ਬੰਦੇ ਦੀ ਲਗਨ, ਦ੍ਰਿੜਤਾ ਤੇ ਜਿੱਤਾਂ ਜਿੱਤਣ ਲਈ ਸਿਰੜ ਦਾ ਪਤਾ ਲੱਗਦਾ ਹੈ। ਮਨੁੱਖ ਫਤਿਹ ਹਾਸਲ ਕਰਨ ਲਈ ਜੰਮਿਆ ਹੈ। ਉਹ ਅੰਦਰ ਤੇ ਬਾਹਰ-ਸਭਨਾਂ ਤਾਕਤਾਂ ਨੂੰ ਜਿੱਤ ਲੈਣਾ ਲੋਚਦਾ ਹੈ। ਇੱਕ ਪਾਸੇ ਉਹ ਮਨ ਜਿੱਤਣ ਦੇ ਆਹਰ ਵਿਚ ਹੈ ਤੇ ਦੂਜੇ ਪਾਸੇ ਜੱਗ ਜਿੱਤਣ ਦੇ। ਉਹ ਧਰਤੀ ਤੇ ਸਾਗਰ ਗਾਹੁਣ ਪਿਛੋਂ ਪੁਲਾੜ ਦੀ ਹਿੱਕ ਚੀਰ ਕੇ ਅਗਾਂਹ ਲੰਘ ਜਾਣਾ ਚਾਹੁੰਦਾ ਹੈ।

---

ਡਾ. ਮਹਿੰਦਰ ਸਿੰਘ ਰੰਧਾਵਾ ਕਰਨੀ ਵਾਲਾ ਮਹਾਂਪੁਰਸ਼ ਸੀ। ਉਸ ਨੇ ਜਿਸ ਕੰਮ ਨੂੰ ਵੀ ਹੱਥ ਪਾਇਆ, ਕਾਮਯਾਬੀ ਨਾਲ ਸਿਰੇ ਲਾਇਆ। ਉਸ ਨੂੰ ਕਿਸੇ ਨੇ ਵਿਹਲਾ ਬੈਠਾ ਨਹੀਂ ਸੀ ਵੇਖਿਆ। ਉਹ ਬਨਸਪਤੀ ਵਿਗਿਆਨੀ, ਕਲਾ ਪ੍ਰੇਮੀ, ਲੇਖਕ, ਖੋਜੀ, ਸੁੰਦਰਤਾ ਦਾ ਪੁਜਾਰੀ, ਬਾਗਬਾਨ, ਵਿਦਵਾਨ ਤੇ ਸਫਲ ਪ੍ਰਸ਼ਾਸਕ ਸੀ। ਕਦੇ ਉਹ ਡਿਪਟੀ ਕਮਿਸ਼ਨਰ, ਕਦੇ ਸ਼ਰਨਾਰਥੀਆਂ ਦੇ ਮੁੜ ਵਸਾਊ ਮਹਿਕਮੇ ਦਾ ਡਾਇਰੈਕਟਰ, ਕਦੇ ਪਿੰਡਾਂ ਦਾ ਵਿਕਾਸ ਕਮਿਸ਼ਨਰ, ਕਦੇ ਚੰਡੀਗੜ੍ਹ ਦਾ ਚੀਫ ਕਮਿਸ਼ਨਰ ਤੇ ਕਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਿਆ।

---

ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਖੇਤੀ ਅਰਥਚਾਰੇ ਦਾ ਧਰੂ ਤਾਰਾ ਹੈ। ਉਹ ਯੂ. ਐਨ. ਓ. ਦੀ ਖੁਰਾਕ ਤੇ ਖੇਤੀਬਾੜੀ ਆਰਗੇਨਾਈਜੇਸ਼ਨ ਵਿਚ ਪੰਜ ਸਾਲ ਪ੍ਰਾਜੈਕਟ ਮੈਨੇਜਰ ਰਿਹਾ। ਪੰਜਾਬੀ ਯੂਨੀਵਰਸਿਟੀ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਨ ਪਿੱਛੋਂ ਸੈਂਟਰਲ ਯੂਨੀਵਰਸਿਟੀ, ਪੰਜਾਬ ਦਾ ਚਾਂਸਲਰ ਹੈ। ਉਹ ਨੈਸ਼ਨਲ ਪ੍ਰੋਫੈਸਰ ਆਫ ਐਗਰੀਕਲਚਰਲ ਇਕਨਾਮਿਕਸ, ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੀਆਂ ਆਰਥਿਕ ਸਲਾਹਕਾਰ ਕੌਂਸਲਾਂ ਦਾ ਮੈਂਬਰ ਤੇ ਸੈਂਟਰਲ ਬੋਰਡ ਆਫ ਰਿਜ਼ਰਵ ਬੈਂਕ ਦਾ ਡਾਇਰੈਕਟਰ ਰਿਹਾ। ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿਟ. ਤੇ ਡੀ. ਐਸਸੀ. ਦੀਆਂ ਡਿਗਰੀਆਂ ਨਾਲ ਸਨਮਾਨਿਆ। ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਨੇ ਪ੍ਰੋਫੈਸਰ ਆਫ ਐਮੀਨੈਂਸ ਇਨ ਇਕਨਾਮਿਕਸ ਦੀ ਪਦਵੀ ਦਿੱਤੀ। ਉਹ ਵਿਦੇਸ਼ੀ ਯੂਨੀਵਰਸਿਟੀਆਂ ਦਾ ਵਿਜ਼ਿਟਿੰਗ ਪ੍ਰੋਫੈਸਰ ਤੇ ਅਕੈਡਮੀਆਂ ਦਾ ਪ੍ਰਧਾਨ ਰਿਹਾ।

---

ਮਾਡਰਨ ਓਲੰਪਿਕ ਖੇਡਾਂ 1896 'ਚ ਏਥਨਜ਼, 1900 ਪੈਰਿਸ, 04 ਸੇਂਟ ਲੂਈਸ, 08 ਲੰਡਨ, 12 ਸਟਾਕਹੋਮ, 20 ਐਂਟਵਰਪ, 24 ਪੈਰਿਸ, 28 ਐਮਸਟਰਡਮ, 32 ਲਾਸ ਏਂਜਲਸ ਤੇ 36 ਬਰਲਿਨ 'ਚ ਹੋਈਆਂ। 1948 ਲੰਡਨ, 52 ਹੈਲਸਿੰਕੀ, 56 ਮੈਲਬੌਰਨ, 60 ਰੋਮ, 64 ਵਿਚ ਪਹਿਲੀ ਵਾਰ ਏਸ਼ੀਆ ਦੇ ਸ਼ਹਿਰ ਟੋਕੀਓ, 68 ਮੈਕਸੀਕੋ, 72 ਮਿਊਨਿਖ, 76 ਮੌਂਟਰੀਅਲ, 80 ਮਾਸਕੋ, 84 ਲਾਸ ਏਂਜਲਸ, 88 ਸਿਓਲ, 92 ਬਾਰਸੀਲੋਨਾ, 96 ਅਟਲਾਂਟਾ, 2000 ਸਿਡਨੀ, 04 ਏਥਨਜ਼, 08 ਬੀਜਿੰਗ, 12 ਲੰਡਨ ਤੇ 2016 ਵਿਚ ਰੀਓ 'ਚ ਹੋਈਆਂ। 2020 ਟੋਕੀਓ, 24 ਪੈਰਿਸ ਤੇ 28 ਦੀਆਂ ਖੇਡਾਂ ਲਾਸ ਏਂਜਲਸ ਵਿਚ ਹੋਣਗੀਆਂ। ਇੰਡੀਆ ਨੇ ਕਦੇ ਪੇਸ਼ਕਸ਼ ਹੀ ਨਹੀਂ ਕੀਤੀ।

---

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿੱਕ' ਵਾਲਾ ਬਲਬੀਰ ਕਿਹਾ ਜਾਂਦੈ। ਹੈਲਸਿੰਕੀ ਓਲੰਪਿਕ ਖੇਡਾਂ 'ਚ ਹਾਲੈਂਡ ਵਿਰੁਧ ਫਾਈਨਲ ਮੈਚ ਵਿਚ ਉਸ ਨੇ 5 ਗੋਲ ਕੀਤੇ ਸਨ ਜੋ ਓਲੰਪਿਕ ਖੇਡਾਂ ਦਾ 66 ਸਾਲ ਪੁਰਾਣਾ ਰਿਕਾਰਡ ਹੈ। ਬਰਲਿਨ ਓਲੰਪਿਕ ਖੇਡਾਂ ਦੇ ਫਾਈਨਲ ਵਿਚ ਧਿਆਨ ਚੰਦ ਦੇ 3 ਗੋਲ ਸਨ।

---

ਮਿਲਖਾ ਸਿੰਘ ਸਕੂਲੋਂ ਦੌੜ ਜਾਂਦਾ। ਤਪਦੇ ਰਾਹਾਂ 'ਤੇ ਪੈਰ ਭੁੱਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਂਵੇਂ ਠੰਢੇ ਕਰਦਾ। ਰੌਲਿਆਂ 'ਚ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਦਿੱਲੀ ਰੇਲ ਗੱਡੀਆਂ ਪਿੱਛੇ ਦੌੜਿਆ ਤੇ ਚੋਰੀਆਂ ਚਕਾਰੀਆਂ ਕੀਤੀਆਂ। ਪੁਲਿਸ ਫੜ੍ਹਨ ਲੱਗੀ ਤਾਂ ਦੌੜ ਕੇ ਹੀ ਬਚਿਆ। ਬੇਟਿਕਟਾ ਸਫਰ ਕਰਦਾ ਦੌੜਨ ਲੱਗਾ ਤਾਂ ਫੜ੍ਹਿਆ ਗਿਆ ਅਤੇ ਜੇਲ੍ਹ ਜਾ ਪੁੱਜਾ। ਭੈਣ ਨੇ ਵਾਲੀਆਂ ਗਹਿਣੇ ਰੱਖ ਕੇ ਜੇਲ੍ਹੋਂ ਛੁਡਾਇਆ। ਫਿਰ ਭੈਣ ਦੇ ਸਹੁਰਿਆਂ ਨੇ ਉਹਨੂੰ ਘਰੋਂ ਦੌੜਾ ਦਿੱਤਾ। ਚੜ੍ਹਦੀ ਜੁਆਨੀ 'ਚ ਉਹ ਇੱਕ ਗਰੀਬ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਜੋ ਉਹਦੇ ਹੱਥ ਨਾ ਆਈ। ਇੱਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਦੌੜ ਕੇ ਹੀ ਸਪੈਸ਼ਲ ਦੁੱਧ ਦਾ ਗਲਾਸ ਲੁਆਇਆ। ਦੌੜ-ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇ.ਸੀ.ਓ. ਬਣਿਆ। ਦੇਸਾਂ-ਪਰਦੇਸਾਂ ਵਿਚ ਦੌੜ ਕੇ ਮੈਡਲ 'ਤੇ ਮੈਡਲ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। ਰੋਮ ਦੀਆਂ ਓਲੰਪਿਕ ਖੇਡਾਂ 'ਚ ਦੌੜ ਕੇ ਪਹਿਲਾ ਓਲੰਪਿਕ ਰਿਕਾਰਡ ਤੋੜਿਆ। ਲਾਹੌਰ ਵਿਚ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖਿਤਾਬ ਮਿਲਿਆ। ਮੁਸੀਬਤਾਂ ਉਸ ਨੂੰ ਘੇਰਦੀਆਂ ਰਹੀਆਂ ਪਰ ਉਹ ਅੱਗੇ ਹੀ ਅੱਗੇ ਦੌੜਦਾ ਗਿਆ। ਫਿਲਮ ਬਣਾਉਣ ਵਾਲਿਆਂ ਨੂੰ ਵੀ ਇਹੋ ਨਾਂ ਸੁੱਝਾ, 'ਭਾਗ ਮਿਲਖਾ ਭਾਗ।' ਉਹਦੇ ਮਰਦੇ ਬਾਪ ਦੇ ਆਖਰੀ ਬੋਲ ਸਨ, "ਦੌੜ ਜਾ ਪੁੱਤਰਾ! ਦੌੜ ਜਾਹ...।"

---

ਮਨੁੱਖ ਦੀ ਵੱਡੀ ਤਾਕਤ ਹੈ, ਹਿੰਮਤ। ਕੁਝ ਕਰਨ ਦੀ ਚਾਹਤ। ਜਿਥੇ ਚਾਹਤ ਤੇ ਹਿੰਮਤ ਹੈ, ਉਥੇ ਬੰਜਰ ਖੇਤ ਵੀ ਬਾਗ ਬਣਾ ਲਏ ਜਾਂਦੇ ਹਨ ਅਤੇ ਵੀਰਾਨੀਆਂ ਬਹਾਰਾਂ 'ਚ ਬਦਲ ਦਿੱਤੀਆਂ ਜਾਂਦੀਆਂ ਹਨ। ਗਰੀਬ, ਨਿਤਾਣੇ, ਅਪਾਹਜ ਤੇ ਅਣਗੌਲੇ ਬੱਚੇ ਵੀ ਜੇ ਹਿੰਮਤਾਂ ਧਾਰ ਲੈਣ ਤਾਂ ਉਹ ਵੀ, ਜੋ ਨਹੀਂ ਸੋ ਕਰ ਸਕਦੇ ਹਨ। ਇਸੇ ਪ੍ਰਸੰਗ ਵਿਚ 'ਟਰੈਕ ਦੀ ਮੁਰਗਾਬੀ' ਵਿਲਮਾ ਰੁਡੋਲਫ ਦੀ ਮਿਸਾਲ ਦੇਣੀ ਵਾਜਬ ਹੋਵੇਗੀ।

---

ਮਾਈਕਲ ਫੈਲਪਸ ਨੇ ਓਲੰਪਿਕ ਖੇਡਾਂ ਦੇ 28 ਤਮਗੇ ਜਿੱਤੇ! ਉਹ ਓਲੰਪਿਕ ਖੇਡਾਂ ਵਿਚ ਸਭ ਤੋਂ ਵੱਧ ਮੈਡਲ ਜਿੱਤਣ ਵਾਲਾ ਖਿਡਾਰੀ ਹੈ। ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ ਤੇ ਪੈਨਮ ਖੇਡਾਂ 'ਚੋਂ 83 ਮੈਡਲ ਜਿੱਤੇ ਅਤੇ 39 ਵਰਲਡ ਰਿਕਾਰਡ ਰੱਖੇ। ਬੀਜਿੰਗ ਦੀਆਂ ਓਲੰਪਿਕ ਖੇਡਾਂ 'ਚੋਂ 8 ਗੋਲਡ ਮੈਡਲ ਜਿੱਤ ਕੇ 7 ਵਿਸ਼ਵ ਰਿਕਾਰਡ ਨਵਿਆਏ!

---

ਵੀਹਵੀਂ ਸਦੀ ਦੇ ਸ਼ੁਰੂ 'ਚ ਭਵਿੱਖਵਾਣੀ ਕੀਤੀ ਗਈ ਕਿ ਇਸ ਧਰਤੀ ਦਾ ਬੰਦਾ 100 ਮੀਟਰ ਦੌੜ ਕਦੇ 10 ਸੈਕੰਡ ਤੋਂ ਘੱਟ ਸਮੇਂ ਵਿਚ ਨਹੀਂ ਦੌੜ ਸਕੇਗਾ। ਪਰ ਇਹ ਸੀਮਾ ਮੈਕਸੀਕੋ ਓਲੰਪਿਕ ਖੇਡਾਂ-1968 ਵਿਚ ਹੀ ਟੁੱਟ ਗਈ। ਫਿਰ ਭਵਿੱਖਵਾਣੀ ਕੀਤੀ ਗਈ ਕਿ 9.50 ਸੈਕੰਡ ਦੀ ਹੱਦ 2060 ਤਕ ਨਹੀਂ ਟੁੱਟੇਗੀ। 2009 ਵਿਚ ਉਸੈਨ ਬੋਲਟ 9.58 ਸੈਕੰਡ ਦਾ ਵਿਸ਼ਵ ਰਿਕਾਰਡ ਰੱਖ ਕੇ ਇਸ ਹੱਦ ਦੇ ਨੇੜੇ ਪਹੁੰਚ ਗਿਆ। ਜਾਪਦੈ ਇੱਕੀਵੀਂ ਸਦੀ ਦੇ ਅੰਤ ਤਕ 9 ਸੈਕੰਡ ਦੀ ਵੀ ਖੈਰ ਨਹੀਂ। ਮਨੁੱਖੀ ਪ੍ਰਤਿਭਾ ਦੀ ਕੋਈ ਸੀਮਾ ਨਹੀਂ ਜਿਸ ਕਰਕੇ ਅੰਤਲੀ ਹੱਦ ਮਿਥਣੀ ਵਾਜਬ ਨਹੀਂ। ਓਲੰਪਿਕ ਖੇਡਾਂ ਦਾ ਮਾਟੋ ਵੀ ਇਹੋ ਹੈ: ਹੋਰ ਅੱਗੇ, ਹੋਰ ਉਚਾ, ਹੋਰ ਤੇਜ਼!

---

ਦਾਰੇ ਪਹਿਲਵਾਨ ਦੋ ਹੋਏ ਹਨ। ਇੱਕ ਦਾ ਨਾਂ ਦਾਰਾ ਸਿੰਘ ਸੀ ਜਦ ਕਿ ਦੂਜੇ ਦਾ ਪਹਿਲਾ ਨਾਂ ਦੀਦਾਰ ਸਿੰਘ ਸੀ। ਦਾਰੇ ਦੀ ਗੱਡੀ ਚੜ੍ਹੀ ਤਾਂ ਦੀਦਾਰ ਵੀ ਦਾਰਾ ਬਣ ਗਿਆ। ਦਾਰਾ, ਦੀਦਾਰ ਤੋਂ ਦਸ ਸਾਲ ਵੱਡਾ ਸੀ। ਦੋਹੇਂ ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਬਣੇ। ਛੋਟੇ ਦਾਰੇ ਨੂੰ ਤਾਂ ਜੱਗ ਜਾਣਦੈ ਜਿਸ ਨੇ ਅਨੇਕਾਂ ਫਿਲਮਾਂ 'ਚ ਕੰਮ ਕੀਤਾ ਤੇ ਆਪਣੀ ਆਤਮ ਕਥਾ ਲਿਖੀ। ਵੱਡੇ ਦਾਰੇ ਬਾਰੇ ਡਾ. ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਵਲ ਲਿਖਿਆ।

---

ਖਾਣ ਪੀਣ ਦੇ ਸੁਆਦ ਦੀ ਮਨੁੱਖੀ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਖਾਣੇ ਤਿਆਰ ਕਰਨ ਵਾਲੀਆਂ ਕੰਪਨੀਆਂ ਉਹਦੀ ਬਲੈਕਮੇਲ ਕਰ ਰਹੀਆਂ ਹਨ। ਦੂਜੇ ਬੰਨੇ ਮਨੁੱਖ ਦੀਆਂ ਆਪ ਸਹੇੜੀਆਂ ਬਿਮਾਰੀਆਂ ਦਾ ਫਾਇਦਾ ਉਠਾਉਂਦਿਆਂ ਦਵਾਈਆਂ ਵਾਲੀਆਂ ਕੰਪਨੀਆਂ ਮਾਲਾ-ਮਾਲ ਹੋ ਰਹੀਆਂ ਹਨ। ਇਹ ਸਮਝ ਲਓ ਕਿ ਮਨੁੱਖ ਦੇ ਪੇਟ ਵਿਚ ਖਾਧ ਸਮੱਗਰੀ ਪਾਉਣ ਵਾਲਿਆਂ ਦੀਆਂ ਵੀ ਪੰਜੇ ਘਿਓ 'ਚ ਹਨ ਤੇ ਦਵਾਈਆਂ ਦੇਣ ਵਾਲਿਆਂ ਦੇ ਵੀ ਦੋਹੀਂ ਹੱਥੀਂ ਲੱਡੂ ਹਨ!

---

ਮਨੁੱਖ ਦੀ ਆਰਾਮਪ੍ਰਸਤੀ ਤੇ ਐਸ਼ਪ੍ਰਸਤੀ ਨੇ ਅਜਿਹੀਆਂ ਬਿਮਾਰੀਆਂ ਨੂੰ ਜਨਮ ਦੇ ਦਿੱਤਾ ਹੈ, ਜਿਨ੍ਹਾਂ ਨੂੰ ਸਰੀਰਕ ਮੁਸ਼ੱਕਤ ਨੇ ਨੇੜੇ ਨਹੀਂ ਸੀ ਢੁੱਕਣ ਦਿੱਤਾ। ਹੁਣ ਜਿੰਨੇ ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਜੋੜਾਂ ਦੇ ਦਰਦ, ਦਿਲ ਦੇ ਦੌਰੇ ਤੇ ਸਟਰੋਕ ਪਹਿਲਾਂ ਨਹੀਂ ਸਨ। ਜੁੱਸੇ ਵੀ ਏਨੇ ਕਮਜ਼ੋਰ ਨਹੀਂ ਸਨ ਪੈਂਦੇ। ਕੁਦਰਤ ਦਾ ਦਸਤੂਰ ਹੈ ਕਿ ਜਾਂ ਤਾਂ ਕਸਰਤ ਕਰ ਕੇ ਸਰੀਰ ਨੂੰ ਸੁਖਾਵਾਂ ਜਿਹਾ ਕਸ਼ਟ ਦੇ ਲਵੋ, ਨਹੀਂ ਫਿਰ ਬਿਮਾਰੀ ਸਹੇੜ ਕੇ ਕਿਸੇ ਵੱਡੇ ਕਸ਼ਟ ਲਈ ਤਿਆਰ ਰਹੋ। ਚੰਗੀ ਸਿਹਤ ਤੇ ਲੰਮੀ ਉਮਰ ਦਾ ਰਾਜ਼ ਹੈ: ਦੌੜ ਸਕਦੇ ਹੋ ਤਾਂ ਤੁਰੋ ਨਾ, ਤੁਰ ਸਕਦੇ ਹੋ ਤਾਂ ਖੜ੍ਹੋ ਨਾ, ਖੜ੍ਹ ਸਕਦੇ ਹੋ ਤਾਂ ਬੈਠੋ ਨਾ, ਬੈਠ ਸਕਦੇ ਹੋ ਤਾਂ ਲੇਟੋ ਨਾ। ਜੀਂਦੇ ਜੀਅ ਪੈਰੀਂ ਤੁਰਨਾ ਕਦੇ ਨਾ ਛੱਡੋ।

---

ਮਾਪੇ ਜੇ ਆਪਣੇ ਬੱਚਿਆਂ ਨੂੰ ਤਕੜੇ, ਨਰੋਏ ਤੇ ਖੁਸ਼ ਵੇਖਣਾ ਚਾਹੁੰਦੇ ਹਨ, ਖੇਡਾਂ ਰਾਹੀਂ ਕਿੱਤਾਕਾਰੀ ਕੋਰਸਾਂ ਦੀਆਂ ਖਿਡਾਰੀ-ਵਿਦਿਆਰਥੀਆਂ ਵਾਲੀਆਂ ਸੀਟਾਂ ਲੈਣੀਆਂ ਲੋਚਦੇ ਹਨ, ਖੇਡਾਂ ਦੇ ਸਿਰ 'ਤੇ ਨੌਕਰੀਆਂ ਅਤੇ ਨਾਂ ਤੇ ਨਾਵਾਂ ਕਮਾਉਣਾ ਚਾਹੁੰਦੇ ਹਨ ਤਾਂ ਬੱਚਿਆਂ ਨੂੰ ਪੜ੍ਹਾਈ-ਲਿਖਾਈ ਦੇ ਨਾਲ ਖੇਡਾਂ ਵਿਚ ਵੀ ਪਾਉਣਾ

**(ਬਾਕੀ ਅਗਲੇ ਸਫੇ 'ਤੇ)**

ਚਾਹੀਦਾ ਹੈ। ਇਸ ਤਰ੍ਹਾਂ ਅਗਲੀ ਪੀੜ੍ਹੀ ਕਿਸੇ ਵੀ ਕੰਮ ਲਈ ਵਧੇਰੇ ਫਿੱਟ ਹੋਵੇਗੀ।

---

ਪੰਜਾਬ ਦੇ ਵੱਖੋ ਵੱਖਰੇ ਇਲਾਕਿਆਂ ਵਿਚ ਥੋੜ੍ਹੇ ਬਹੁਤੇ ਫਰਕ ਨਾਲ ਵੱਖੋ ਵੱਖਰੇ ਨਾਂਵਾਂ ਨਾਲ ਦੇਸੀ ਖੇਡਾਂ ਖੇਡੀਆਂ ਜਾਂਦੀਆਂ ਸਨ। ਜਿਵੇਂ ਗੀਟੇ, ਅੱਡੀ ਛੜੱਪਾ, ਥਾਲ ਜਾਂ ਖਿੱਦੋ, ਬੁੱਢੀ ਮਾਈ, ਤੇਰਾ ਮੇਰਾ ਮੇਲ ਨੀਂ, ਈਂਗਣ ਮੀਂਗਣ ਤੇ ਮੁਸ਼ਕਣਾ ਮੁਸ਼ਕੋਈਆ। ਦੋ ਮੰਜ਼ਲੀ, ਉਡ ਉਡ ਚਿੜੀਏ, ਤੋ ਵੇ ਤੋਤੜਿਆ, ਸ਼ਟਾਪੂ, ਭੰਡਾ ਭੰਡੋਰੀਆ, ਕੂਕਾਂ ਕਾਂਗੜੇ, ਟਿੱਲਣਾ ਟਿੱਲਣੀ ਤੇ ਠੀਕਰੀ ਲਾਉਣਾ ਆਦਿ। ਬਚਪਨ ਦੀਆਂ ਹੋਰਨਾਂ ਖੇਡਾਂ ਵਿਚ ਬਾਂਦਰ ਕਿੱਲਾ, ਕੋਟਲਾ ਛਪਾਕੀ, ਪਿੱਠੂ, ਤਿੱਤਰ ਮੋਰ ਛਕੰਬਾ, ਦਾਈਆਂ ਦੱਕੜੇ, ਘੋੜੀਆਂ 'ਤੇ ਸਵਾਰ, ਊਠਕ ਬੈਠਕ, ਡੂਮਣਾ ਮਖਿਆਲ, ਲੱਕੜ ਕਾਠ ਤੇ ਸੱਤ ਤਾੜੀਆਂ ਆ ਜਾਂਦੀਆਂ ਹਨ। ਸ਼ੇਰ ਤੇ ਬੱਕਰੀ, ਸਮੁੰਦਰ ਤੇ ਮੱਛੀ, ਨਾਗਰ ਵੇਲ, ਕਾਹਨਾ-ਕਾਹਨਾ ਸ਼ੇਰ ਜਵਾਨਾ, ਉਂਗਲ ਬੁੱਝਣੀ, ਅੰਨ੍ਹਾ ਝੋਟਾ, ਪਤੰਗਬਾਜ਼ੀ, ਪੂਛ-ਪੂਛ, ਊਚ-ਨੀਚ, ਰਾਜੇ ਤੇ ਨੌਕਰ, ਨਦੀ ਕਿਨਾਰਾ, ਕਿਣ ਮਿਣ ਕਾਣੀ ਕੌਣ ਕਿਣਿਆ, ਲਾਟੂ ਘੁਮਾਉਣਾ, ਗੁਲੇਲਬਾਜ਼ੀ ਤੇ ਰਾਜਾ ਮੰਗੇ ਬੱਕਰੀ ਆਦਿ ਹੋਰ ਵੀ ਦਰਜਨਾਂ ਖੇਡਾਂ ਪ੍ਰਚਲਿਤ ਸਨ।

ਬੱਚੇ ਜਦੋਂ ਪਠੀਰ ਅਵਸਥਾ ਨੂੰ ਪਹੁੰਚਦੇ ਸਨ ਤਾਂ ਖਿੱਦੋ ਖੂੰਡੀ, ਗੁੱਲੀ ਡੰਡਾ, ਵੰਝ ਵੜਿੱਕਾ, ਡੰਡਾ ਡੁੱਕ, ਲੂਣ ਮਿਆਣੀ, ਸ਼ੱਕਰ ਭਿੱਜੀ, ਰੱਬ ਦੀ ਖੁੱਤੀ, ਡੰਡ ਪਰੰਬਲ ਤੇ ਖਾਨ ਘੋੜੀ ਵਗੈਰਾ ਖੇਡਣਾ ਸ਼ੁਰੂ ਕਰ ਦਿੰਦੇ ਸਨ। ਬੰਟਿਆਂ ਤੇ ਕੌਡੀਆਂ ਨਾਲ ਖੇਡੀਆਂ ਜਾਣ ਵਾਲੀਆਂ ਕਈ ਖੇਡਾਂ ਸਨ ਜਿਵੇਂ ਖੱਤੀ ਪਾਉਣੇ, ਕੁੰਡਲ, ਪਿੜ੍ਹਾ ਗੋਲੀ, ਫਿਲ ਚੋਟ ਤੇ ਕਲੀ ਜੋਟਾ ਆਦਿ। ਵਡੇਰਿਆਂ ਦੀਆਂ ਖੇਡਾਂ ਸਨ-ਪੂਰ ਨੱਕਾ, ਸੋਲ੍ਹੀ, ਖੱਡਾ, ਬਾਰਾਂ ਡ੍ਹੀਟੀ, ਪਾਸਾ, ਬੋੜਾ ਖੂਹ, ਛੇ ਡ੍ਹੀਟੀ ਤੇ ਤਾਸ਼ ਵਗੈਰਾ। ਇਨ੍ਹਾਂ 'ਚੋਂ ਹੁਣ ਟਾਂਵੀਆਂ ਖੇਡਾਂ ਹੀ ਟਾਂਵੇਂ ਵਿਰਲੇ ਥਾਂਈਂ ਖੇਡੀਆਂ ਜਾਂਦੀਆਂ ਹਨ। ਪੰਜਾਬ ਦੀਆਂ ਜੋ ਖੇਡਾਂ ਪਸ਼ੂਆਂ ਤੇ ਪੰਛੀਆਂ ਨਾਲ ਸਬੰਧਤ ਹਨ, ਉਨ੍ਹਾਂ ਵਿਚ ਬੈਲ ਗੱਡੀਆਂ ਦੀ ਦੌੜ, ਘੋੜ ਦੌੜ, ਕਬੂਤਰਬਾਜ਼ੀ, ਬਟੇਰਬਾਜ਼ੀ, ਊਠਾਂ ਦੀ ਦੌੜ, ਸੁਹਾਗਾ ਦੌੜ, ਭੇਡੂਆਂ ਦੇ ਭੇੜ, ਕੁੱਕੜ ਲੜਾਉਣ ਤੇ ਕੁੱਤਿਆਂ ਦੀਆਂ ਦੌੜਾਂ ਆਦਿ ਸ਼ਾਮਲ ਹਨ।

---

ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਤੇ ਨਰੋਏ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈਆਂ ਝਗੜਿਆਂ ਤੋਂ ਬਚਾਉਣ, ਵਧੀਆ ਇਨਸਾਨ ਬਣਾਉਣ, ਸਰੀਰਾਂ 'ਚ ਪੈਦਾ ਹੋ ਰਹੀ ਵਾਧੂ ਸ਼ਕਤੀ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਖੇਡ ਨੂੰ ਸਿਖਰ 'ਤੇ ਪਹੁੰਚਾਉਣ ਅਤੇ ਦਰਸਾਉਣ ਲਈ ਹੁੰਦੀਆਂ ਹਨ। ਖੇਡਾਂ ਖਿਡਾਰੀਆਂ ਨੂੰ ਨਸ਼ਿਆਂ 'ਤੇ ਲਾ ਕੇ ਕੱਪ ਜਿੱਤਣ ਲਈ ਨਹੀਂ ਹੁੰਦੀਆਂ।

---

ਪੰਜਾਬ ਦੇ ਪਿੰਡ ਕਾਫੀ ਬਦਲ ਗਏ ਹਨ। ਵੱਡੀ ਤਬਦੀਲੀ ਮੁਰੱਬੇਬੰਦੀ ਨੇ ਲਿਆਂਦੀ। ਪਿੰਡਾਂ ਦੁਆਲੇ ਫਿਰਨੀਆਂ ਬਣੀਆਂ ਤੇ ਘਰਾਂ ਲਈ ਫਾਟ ਛੱਡੇ ਗਏ। ਰਾਹ ਸਿੱਧੇ ਹੋਏ ਜਿਨ੍ਹਾਂ ਉਤੇ ਲਿੰਕ ਸੜਕਾਂ ਬਣੀਆਂ। ਖੇਤਾਂ ਨੂੰ ਸਿੱਧੀਆਂ ਪਹੀਆਂ ਤੇ ਸਿੱਧੇ ਖਾਲ ਲੱਗੇ। ਜਮੀਨਾਂ ਦੇ ਟੱਕ 'ਕੱਠੇ ਹੋਣ ਨਾਲ ਖੇਤ ਪੱਧਰਾਏ ਗਏ ਤੇ ਉਨ੍ਹਾਂ 'ਚ ਟਿਊਬਵੈਲ ਲੱਗ ਗਏ। ਟਿਊਬਵੈਲਾਂ ਤਕ ਬਿਜਲੀ ਪਹੁੰਚ ਗਈ। ਜਿਥੇ ਬਿਜਲੀ ਤੇ ਪਾਣੀ ਹੋਵੇ ਉਥੇ ਸਾਰੇ ਸੁਖ ਮਿਲ ਜਾਂਦੇ ਹਨ। ਹਰ ਬੰਬੀ ਉਤੇ ਸਬਜ਼ੀ ਭਾਜੀ ਦੀ ਵਾੜੀ ਹੋਵੇ, ਫੁਲਵਾੜੀ, ਸ਼ਹਿਦ ਦੇ ਬਕਸੇ, ਫਲਦਾਰ ਬੂਟੇ, ਛਾਂਦਾਰ ਰੁੱਖ ਤੇ ਕਿੱਲੇ ਬੱਧੇ ਲਵੇਰੇ। ਖੁੱਡੇ 'ਚ ਮੁਰਗੇ ਮੁਰਗੀਆਂ, ਘਰ ਦੇ ਆਂਡੇ ਤੇ ਘਰ ਦਾ ਮੀਟ। ਖੁਸ਼ਹਾਲੀ ਲਈ ਕਿਰਤ ਕਰਨ ਦਾ ਉਦਮ ਤੇ ਆਹਰ। ਵਿਹਲ ਬਿਮਾਰੀਆਂ ਦਾ ਘਰ ਹੁੰਦੀ ਹੈ ਤੇ ਵਿਹਲੜ ਬੰਦਾ ਸ਼ੈਤਾਨ ਦਾ ਚਰਖਾ! ਕਿਸਾਨਾਂ ਦਾ ਕਲਿਆਣ ਫਾਰਮ ਹਾਊਸ ਬਣਾ ਕੇ ਹੀ ਹੋਣਾ ਹੈ। ਪੰਜਾਬ ਦਾ ਭਵਿੱਖ ਆਪਣੇ ਖੇਤ ਵੇਚ ਕੇ ਵਿਦੇਸ਼ਾਂ ਨੂੰ ਭੱਜਣ ਵਿਚ ਨਹੀਂ ਸਗੋਂ ਆਪਣੇ ਖੇਤਾਂ 'ਚ ਵਸੇਬਾ ਕਰਨ ਵਿਚ ਹੈ। ਉਥੇ ਕਿਸਾਨ ਆਪਣੀਆਂ ਲੋੜਾਂ ਲਈ ਕੁਝ ਵੀ ਪੈਦਾ ਕਰ ਸਕਦੇ ਹਨ ਤੇ ਸਵੈ ਨਿਰਭਰ ਹੋਣ ਦੇ ਰਾਹ ਪੈ ਸਕਦੇ ਹਨ।

---

ਝੋਨੇ ਦੀ ਬੇਮੁਹਾਰੀ ਕਾਸ਼ਤ ਕਾਰਨ 2015 ਤਕ ਪੰਜਾਬ ਦੇ ਖੇਤਾਂ ਵਿਚ 12,36,185 ਟਿਊਬਵੈਲ ਲੱਗ ਚੁਕੇ ਸਨ ਜੋ 2017 ਦੀਆਂ ਚੋਣਾਂ ਵੇਲੇ ਬਿਜਲੀ ਦੇ ਸਵਾ ਲੱਖ ਨਵੇਂ ਕੁਨੈਕਸ਼ਨ ਦੇਣ ਨਾਲ ਸਾਢੇ ਤੇਰਾਂ ਲੱਖ ਦਾ ਅੰਕੜਾ ਪਾਰ ਕਰ ਗਏ। ਖੇਤਾਂ ਦੇ ਬੋਰਾਂ ਤੋਂ ਬਿਨਾ ਵਾਟਰ ਵਰਕਸ ਦੇ 2500 ਵੱਡੇ ਬੋਰ ਅਤੇ ਵੀਹ ਲੱਖ ਤੋਂ ਵੱਧ ਨਿੱਕੇ ਘਰੇਲੂ ਬੋਰ ਹਨ। ਪਿਛਲੇ ਦਸ ਸਾਲਾਂ ਵਿਚ ਹੀ ਬੋਰਾਂ ਤੇ ਮੋਟਰਾਂ ਉਤੇ ਪੰਜਾਬੀਆਂ ਦਾ 11,000 ਕਰੋੜ ਰੁਪਏ ਖਰਚਾ ਆ ਚੁਕੈ। 27,000 ਕਰੋੜ ਰੁਪਏ ਦੀ ਬਿਜਲੀ ਫੂਕੀ ਗਈ। ਹਰ ਸਾਲ ਧਰਤੀ ਦਾ ਪਾਣੀ 40 ਤੋਂ 80 ਸੈਂਟੀਮੀਟਰ ਤਕ ਥੱਲੇ ਗਰਕ ਰਿਹੈ। ਇੱਕ ਕਿੱਲੋ ਚੌਲ ਪੈਦਾ ਕਰਨ ਉਤੇ 4000 ਲੀਟਰ ਪਾਣੀ ਖਪਦੈ। ਹਰ ਸਾਲ 200 ਲੱਖ ਟਨ ਤੋਂ ਵੱਧ ਅਨਾਜ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਭੇਜਿਆ ਜਾ ਰਿਹੈ, ਮਤਲਬ 88,000 ਕਰੋੜ ਗੈਲਨ ਪਾਣੀ ਦਾਣਿਆਂ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਜਾ ਰਿਹੈ। ਬਜ਼ਾਰ ਵਿਚ ਇੱਕ ਲਿਟਰ ਪਾਣੀ ਦੀ ਬੋਤਲ 20 ਰੁਪਏ ਦੀ ਵਿਕਦੀ ਹੈ। ਲਾ ਲਓ ਹਿਸਾਬ, ਪੰਜਾਬ ਨੂੰ ਹਰ ਸਾਲ ਕਿੰਨਾ ਘਾਟਾ ਪੈ ਰਿਹੈ? ਇੱਕ ਪਾਸੇ ਆਬਾਦੀ ਵਧ ਰਹੀ ਹੈ, ਦੂਜੇ ਪਾਸੇ ਪ੍ਰਤੀ ਵਿਅਕਤੀ ਪਾਣੀ ਦੀ ਖਪਤ 40 ਲਿਟਰ ਤੋਂ ਵਧ ਕੇ 70 ਲਿਟਰ ਹੋ ਗਈ ਹੈ। ਉਤੋਂ ਦਰਿਆਈ ਪਾਣੀ ਘਟ ਰਿਹੈ। ਪੰਜਾਬ ਮਾਰੂਥਲ ਨਹੀਂ ਬਣੇਗਾ ਤਾਂ ਹੋਰ ਕੀ ਬਣੇਗਾ?

---

ਮਿਆਰੀ ਵਿੱਦਿਆ ਤੇ ਰੁਜ਼ਗਾਰ ਦੇਣਾ ਅਤੇ ਭ੍ਰਿਸ਼ਟਾਚਾਰ ਰੋਕਣਾ ਸਰਕਾਰ ਯਾਨਿ ਸਿਸਟਮ ਦੇ ਹੱਥ-ਵੱਸ ਹਨ ਪਰ ਕੁਝ ਅਜਿਹੇ ਪੱਖ ਵੀ ਹਨ ਜੋ ਨੌਜੁਆਨਾਂ ਦੇ ਆਪਣੇ ਹੱਥ ਹਨ, ਜਿਵੇਂ ਹੱਥੀਂ ਕੰਮ ਕਰਨਾ, ਕਸਰਤ ਕਰਨੀ, ਸਾਹਿਤ ਪੜ੍ਹਨਾ, ਚੰਗਿਆਂ ਦੀ ਸੰਗਤ ਕਰਨੀ ਤੇ ਵਿਹਲੇ ਸਮੇਂ ਨੂੰ ਉਸਾਰੂ ਪਾਸੇ ਲਾਉਣਾ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੈ। ਉਹ ਵੱਡੇ ਖਿਡਾਰੀਆਂ, ਕਲਾਕਾਰਾਂ, ਸਮਾਜ ਸੇਵਕਾਂ ਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ ਨਾਇਕਾਂ ਨੂੰ ਆਪਣਾ ਮਾਡਲ ਮੰਨ ਕੇ ਉਨ੍ਹਾਂ ਦੀ ਰੀਸ ਕਰ ਸਕਦੇ ਹਨ। ਇਸ ਤਰ੍ਹਾਂ ਉਹ ਖੁਦ ਹੋਰਨਾਂ ਲਈ ਮਾਡਲ ਬਣ ਸਕਦੇ ਹਨ ਤੇ ਪੰਜਾਬ ਮੁੜ ਵਸਦਾ-ਰਸਦਾ ਹੋ ਸਕਦੈ।

---

ਸਾਊਥਹਾਲ ਜਿਸ ਸੱਜਣ ਕੋਲ ਮੈਂ ਠਹਿਰਿਆ, ਉਹਨੇ ਦੱਸਿਆ ਕਿ ਜਹਾਜ਼ ਦੇ ਪਹੀਆਂ 'ਚ ਲੁਕ ਕੇ ਇੰਗਲੈਂਡ ਆਉਣ ਵਾਲੇ ਦੋ ਭਰਾਵਾਂ 'ਚੋਂ ਇੱਕ ਅਸਮਾਨ ਦੀ ਬਰਫੀਲੀ ਠਾਰੀ 'ਚ ਈ ਮਰ ਗਿਆ। ਜਿਹੜਾ ਬਚਿਆ, ਉਹ ਉਹਦੇ ਗਰੌਸਰੀ ਸਟੋਰ 'ਤੇ ਕੰਮ ਕਰਦੈ। ਮੇਰੇ ਲਈ ਇਹ ਅਚੰਭਾ ਸੀ! ਮੈਂ ਉਸ ਨੌਜੁਆਨ ਨੂੰ ਮਿਲਣਾ ਤੇ ਉਹਦੀ ਇੰਟਰਵਿਊ ਲੈਣੀ ਚਾਹੀ ਕਿਉਂਕਿ ਮੈਂ ਉਸ ਨੂੰ ਐਵਰੈਸਟ 'ਤੇ ਚੜ੍ਹਨ ਵਾਲੇ ਤੈਨ ਸਿੰਘ ਤੇ ਹਿਲੈਰੀ ਤੋਂ ਘੱਟ ਨਹੀਂ ਸੀ ਸਮਝਦਾ। ਮੇਰੇ ਮੇਜ਼ਬਾਨ ਨੇ ਉਸ ਨੌਜੁਆਨ ਨੂੰ ਮਿਲਣ ਪਿੱਛੋਂ ਦੱਸਿਆ, "ਉਹ ਨੀ ਕਿਸੇ ਨੂੰ ਇੰਟਰਵਿਊ ਦਿੰਦਾ-ਦੁੰਦਾ। ਕਹਿੰਦਾ ਮਸਾਂ ਕੰਮ ਬਣਿਆ, ਕਿਤੇ ਖਰਾਬ ਈ ਨਾ ਹੋਜੇ!"

---

ਜਦੋਂ ਮੈਂ ਪਿੱਛਲਝਾਤ ਮਾਰਦਾ ਹਾਂ ਤਾਂ ਮੇਰਾ ਚੇਤਾ ਮੈਨੂੰ ਪੈਰਾਂ 'ਚ ਪਾਏ ਸਗਲਿਆਂ ਤਕ ਲੈ ਜਾਂਦਾ ਹੈ। ਮੈਂ ਤਪਦੇ ਵਿਹੜੇ ਵਿਚ ਨਿੱਕੇ-ਨਿੱਕੇ ਕਦਮ ਪੁੱਟਦਾ ਰੋ ਰਿਹਾ ਸਾਂ ਤੇ ਮੇਰੇ ਸਗਲੇ ਛਣਕ ਰਹੇ ਸਨ। ਘਰ ਦੀਆਂ ਤ੍ਰੀਮਤਾਂ ਥੋੜ੍ਹੀ ਦੂਰ ਖੂਹੀ ਕੋਲ ਬੈਠੀਆਂ ਮੈਨੂੰ 'ਵਾਜ਼ਾਂ ਮਾਰ ਰਹੀਆਂ ਸਨ। ਉਤੋਂ ਦੁਪਹਿਰ ਦੀ ਧੁੱਪ ਪੈ ਰਹੀ ਸੀ। ਖੂਹੀ ਕੋਲ ਛਤੜੇ ਦੀ ਛਾਂ ਸੀ ਜਿਥੇ ਰੌਣਕ ਲੱਗੀ ਰਹਿੰਦੀ ਸੀ। ਘਰ ਦੇ ਵਿਹੜੇ ਤੋਂ ਖੂਹੀ ਤਕ ਜਾਣਾ ਮੇਰੇ ਚੇਤੇ ਦਾ ਪਹਿਲਾ ਪੈਂਡਾ ਸੀ ਜਿਸ ਦੀ ਤਪਸ਼ ਤੇ ਸਗਲਿਆਂ ਦੀ ਛਣਕਾਰ ਮੈਨੂੰ ਹਾਲਾਂ ਤਕ ਮਹਿਸੂਸ ਹੁੰਦੀ ਤੇ ਸੁਣਾਈ ਦਿੰਦੀ ਹੈ।

ਮੈਨੂੰ ਯਾਦ ਹੈ, ਮੈਂ ਪੈਰੋਂ ਨੰਗਾ, ਸਿਰ 'ਤੇ ਜੂੜੀ ਤੇ ਉਤੋਂ ਦੀ ਪਾਏ ਝੱਗੇ ਨਾਲ ਘਰੋਂ ਬਾਹਰ ਨਿਕਲਿਆ। ਉਦੋਂ ਹੋਵਾਂਗਾ ਕੋਈ ਪੰਜਾਂ ਛੇਆਂ ਸਾਲਾਂ ਦਾ। ਸਮਝ ਲਓ ਉਹ ਮੇਰੇ ਜੀਵਨ ਦੇ ਸਫਰ ਦੀ ਸ਼ੁਰੂਆਤ ਸੀ। ਬੀਹੀ ਦੇ ਮੋੜ ਉਤੇ ਮੁਸਲਮਾਨਾਂ ਦੇ ਘਰ ਸਨ। ਉਨ੍ਹਾਂ ਦਾ ਕੋਈ ਦਿਨ ਦਿਹਾਰ ਸੀ ਤੇ ਉਹ ਮਿੱਠੇ ਚੌਲ ਵਰਤਾ ਰਹੇ ਸਨ। ਮੈਂ ਵੀ ਹਾਣੀਆਂ ਦੀ ਢਾਣੀ 'ਚ ਬਹਿ ਗਿਆ ਤੇ ਚੌਲ ਝੋਲੀ 'ਚ ਪੁਆ ਕੇ ਖਾਣ ਲੱਗਾ।

ਚੌਲ ਬੜੇ ਮਿੱਠੇ ਸਨ ਤੇ ਆੜੀਆਂ ਨਾਲ ਰਲ ਕੇ ਖਾਣ ਦਾ ਸੁਆਦ ਵੀ ਆ ਰਿਹਾ ਸੀ ਕਿ ਅਚਾਨਕ ਬਿੱਜ ਪੈ ਗਈ। ਘਰਾਂ 'ਚੋਂ ਲੱਗਦੇ ਇੱਕ ਬਾਬੇ ਨੇ ਮੈਨੂੰ ਬਾਂਹੋਂ ਫੜ੍ਹ ਕੇ ਘੜੀਸ ਲਿਆ ਤੇ ਸਾਡੇ ਘਰ ਲੈ ਆਇਆ। ਮੈਂ ਰੋਸ ਵਿਚ ਰੋ ਰਿਹਾ ਸਾਂ ਤੇ ਬਾਬਾ ਘਰ ਵਾਲਿਆਂ ਨੂੰ ਉਲਾਂਭੇ ਦੇ ਰਿਹਾ ਸੀ, "ਮੁੰਡੇ ਦਾ ਤੁਸੀਂ ਧਿਆਨ ਨੀ ਰੱਖਦੇ। ਇਹ ਮੁਸਲਮਾਨਾਂ ਦੇ ਚੌਲ ਖਾ ਆਇਆ। ਭਿਟਿਆ ਗਿਆ ਇਹ ਛੋਹਰ। ਲਿਆਓ ਹੁਣ ਗੰਗਾ ਜਲ ਤੇ ਬਣਾਓ ਇਹਨੂੰ ਮੁੜ ਕੇ ਸਿੱਖ!"

ਉਸੇ ਵੇਲੇ ਕਿਸੇ ਦੇ ਘਰੋਂ ਗੰਗਾ ਜਲ ਲਿਆਂਦਾ ਗਿਆ ਤੇ ਉਹਦੀ ਇੱਕ ਘੁੱਟ ਪਿਆ ਕੇ ਮੇਰੀ ਭਿੱਟ ਹਟਾਈ ਗਈ। ਮਿੱਠੇ ਚੌਲ ਖਾਣ ਪਿਛੋਂ ਮੈਨੂੰ ਲੱਗਦਾ ਸੀ ਕਿ ਗੰਗਾ ਜਲ ਚੌਲਾਂ ਤੋਂ ਵੀ ਸੁਆਦੀ ਹੋਵੇਗਾ ਪਰ ਬੋਤਲ ਦਾ ਉਹ ਫਿੱਕਾ ਪਾਣੀ ਮੈਂ ਮਸਾਂ ਸੰਘੋਂ ਲੰਘਾਇਆ।

ਮੈਂ ਛੇ ਸਾਲਾਂ ਦਾ ਹੋਇਆ ਤਾਂ ਆਪਣੇ ਨਿੱਕੇ-ਨਿੱਕੇ ਕਦਮਾਂ ਨਾਲ ਘਰ ਤੋਂ ਗੁਰੂਘਰ ਵਿਚਲੇ ਸਕੂਲ ਤਕ ਚਲਾ ਜਾਂਦਾ ਤੇ ਫਿਰ ਘਰ ਪਰਤ ਆਉਂਦਾ। ਉਹੀ ਨਿੱਕੇ ਕਦਮ ਉਮਰ ਨਾਲ ਵੱਡੇ ਬਣ ਕੇ ਮੈਨੂੰ ਦਿੱਲੀ-ਦੱਖਣ, ਲੰਡਨ-ਲਾਹੌਰ ਤੇ ਅਮਰੀਕਾ-ਕੈਨੇਡਾ ਤਕ ਘੁਮਾਈ ਫਿਰੇ ਹਨ। ਜ਼ਿਲ੍ਹਾ ਲੁਧਿਆਣੇ ਦੇ ਪਿੰਡ ਚਕਰ ਤੋਂ ਚੱਲ ਕੇ ਹੁਣ ਮੈਂ ਕੈਨੇਡਾ ਦੇ ਆਧੁਨਿਕ ਸ਼ਹਿਰ ਬਰੈਂਪਟਨ ਦਾ ਵਾਸੀ ਬਣ ਗਿਆ ਹਾਂ ਤੇ ਇਹ ਸਤਰਾਂ ਇਥੇ ਬੈਠਾ ਈ ਲਿਖ ਰਿਹਾਂ।

---

ਆਉਂਦੇ ਸਿਆਲ ਮੈਂ ਫਿਰ ਪੰਜਾਬ ਜਾਵਾਂਗਾ ਤਾਂ ਵੇਖਾਂਗਾ ਕਿ ਪਰਵਾਸੀਆਂ ਨੇ ਹੋਰ ਕੋਠੀਆਂ ਉਸਾਰ ਦਿੱਤੀਆਂ ਹਨ ਪਰ ਨਾਲ ਹੀ ਹੋਰ ਘਰਾਂ ਨੂੰ ਜਿੰਦਰੇ ਲਟਕ ਗਏ ਹਨ। ਵੱਸਦੇ ਘਰ ਹੋਰ ਸੁੰਨੇ ਹੋ ਗਏ ਹਨ ਤੇ ਸੁੰਨੇ ਪਏ ਘਰ ਓਪਰੇ ਬੰਦਿਆਂ ਨੇ ਆਣ ਮੱਲੇ ਹਨ। ਜਿਥੇ ਕਿਤੇ ਬਿਰਧ ਮਾਈ-ਬਾਪ ਦੀਵਾ ਬੱਤੀ ਜਗਾਉਣ ਜੋਗੇ ਸਨ, ਉਨ੍ਹਾਂ 'ਚੋਂ ਵੀ ਕਈ ਚੱਲ ਵਸੇ ਹਨ। ਉਥੇ ਹੁਣ ਕੋਈ ਦੀਵਾ ਜਗਾਉਣ ਵਾਲਾ ਨਹੀਂ ਰਿਹਾ। ਇਹ ਸੋਚ ਕੇ ਮੇਰਾ ਮਨ ਹੋਰ ਮਸੋਸਿਆ ਜਾਵੇਗਾ ਪਈ ਇਹੋ ਪਰਵਾਸੀਆਂ ਦੀ ਹੋਣੀ ਹੈ ਤੇ ਇਸ ਹੋਣੀ ਨੂੰ ਰੋਕਣਾ ਸੌਖਾ ਨਹੀਂ। ਬਾਹਰ ਗਿਆਂ ਦੀ ਔਲਾਦ ਨੇ ਬਾਹਰ ਹੀ ਰਹਿ ਜਾਣਾ ਹੈ। ਉਨ੍ਹਾਂ ਦੇ ਧੀਆਂ-ਪੁੱਤਾਂ ਨੇ ਮਾਪਿਆਂ ਦੇ ਛੱਤੇ ਦੋਹਾਸਵਿਆਂ ਤਿਹਾਸਵਿਆਂ ਦਿਆਂ ਬੂਹਿਆਂ ਉਤੇ ਤੇਲ ਚੁਆਉਣ ਨਹੀਂ ਮੁੜਨਾ। ਉਨ੍ਹਾਂ ਦੇ 'ਪੱਕੇ' ਪਤਾ ਨਹੀਂ ਕਿਨ੍ਹਾਂ ਨੇ ਮੱਲ ਬਹਿਣੇ ਨੇ ਤੇ 'ਕੱਚੇ' ਪਤਾ ਨਹੀਂ ਕਦ 'ਪੱਕੇ' ਬਣਨਗੇ? ਲੋਕਾਂ ਨੇ ਜੱਗੇ ਬਾਰੇ ਐਵੇਂ ਨਹੀਂ ਇਹ ਟੱਪਾ ਜੋੜਿਆ: ਜੱਗਿਆ, ਤੁਰ ਪਰਦੇਸ ਗਿਓਂ ਬੂਹਾ ਵੱਜਿਆ!

ਵਿਸਥਾਰ ਪੁਸਤਕ ਵਿਚੋਂ ਪੜ੍ਹਿਆ ਜਾ ਸਕਦੈ।

---

**ਨੋਟ:** ਇਹ ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੀ ਹੈ ਜਿਸ ਦੀ ਭੇਟਾ 150 ਰੁਪਏ ਹੈ। ਇਸ ਤੋਂ ਪਹਿਲਾਂ ਫੋਰਮ ਨੇ ਮੇਰੀ ਪੁਸਤਕ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ' ਪ੍ਰਕਾਸ਼ਿਤ ਕੀਤੀ ਸੀ ਜਿਸ ਦੀਆਂ ਦੋ ਐਡੀਸ਼ਨਾਂ ਛੇ ਮਹੀਨਿਆਂ 'ਚ ਲੇਖੇ ਲੱਗ ਗਈਆਂ। ਦੇਸ਼-ਵਿਦੇਸ਼ ਵਿਚ ਫੋਰਮ ਦੇ ਛੇ ਸੌ ਤੋਂ ਵੱਧ ਪੱਕੇ ਮੈਂਬਰ ਹਨ ਜਿਨ੍ਹਾਂ ਨੂੰ ਰਿਆਇਤੀ ਮੁੱਲ ਉਤੇ ਮਹੀਨੇ ਦੋ ਮਹੀਨੀਂ ਪੰਜ-ਪੰਜ ਪੁਸਤਕਾਂ ਦੇ ਸੈਟ ਡਾਕ ਰਾਹੀਂ ਭੇਜੇ ਜਾਂਦੇ ਹਨ। ਉਹ ਘਰ ਬੈਠੇ ਹੀ ਸੌ ਕੁ ਡਾਲਰਾਂ ਵਿਚ ਪੱਚੀ ਤੀਹ ਪੜ੍ਹਨਯੋਗ ਪੁਸਤਕਾਂ ਹਾਸਲ ਕਰ ਲੈਂਦੇ ਹਨ। ਜਿਨ੍ਹਾਂ ਨੇ ਪੀਪਲਜ਼ ਫੋਰਮ ਰਾਹੀਂ ਪੁਸਤਕਾਂ ਨਾਲ ਜੁੜਨਾ ਹੈ, ਉਹ ਖੁਸ਼ਵੰਤ ਬਰਗਾੜੀ ਨਾਲ ਫੋਨ: 91-01635-244053 ਅਤੇ 91-98729-89313 ਰਾਹੀਂ ਸੰਪਰਕ ਕਰ ਸਕਦੇ ਹਨ। ਸਿਰਨਾਵਾਂ: ਪੀਪਲਜ਼ ਫੋਰਮ, ਡਾਕਘਰ ਬਰਗਾੜੀ, ਜ਼ਿਲ੍ਹਾ ਫਰੀਦਕੋਟ-151208 ਪੰਜਾਬ, ਭਾਰਤ ਹੈ।

## ਪ੍ਰਾਹੁਣੇ

ਪਿੰਡ ਵਿਚ ਰਹਿੰਦੇ ਸਾਂ
ਤੇ ਬੱਸ ਇੱਕ ਆਉਂਦੀ ਸੀ।
ਕਦੇ ਕਦੇ ਸਾਡੇ ਉਹ
ਪ੍ਰਾਹੁਣੇ ਵੀ ਲਿਆਉਂਦੀ ਸੀ।
ਬਾਹਰ ਖੇਡਦਿਆਂ ਨੂੰ
ਪ੍ਰਾਹੁਣੇ ਦਿਸ ਪੈਂਦੇ ਸੀ।
ਭੱਜੇ ਆਉਂਦੇ ਘਰ ਤੱਕ
ਸਾਹ ਵੀ ਨਾ ਲੈਂਦੇ ਸੀ।
ਉਹ ਬੀਬੀ ਬੀਬੀ
ਆਪਣੇ ਪ੍ਰਾਹੁਣੇ ਤੁਰੇ ਆਉਂਦੇ ਨੇ।
ਤੇ ਝੋਲੇ ਵਿਚ ਪਾਈ ਉਹ
ਚੀਜੀ ਵੀ ਲਿਆਉਂਦੇ ਨੇ।

ਭੱਜ ਭੱਜ ਬੀਬੀ ਨੇ
ਸਮਾਨ 'ਕੱਠਾ ਕਰਨਾ।
ਕਿਤੇ ਪਈ ਪੱਗ, ਚੁੰਨੀ
ਕਿਤੇ ਪਿਆ ਪਰਨਾ।
ਏਨੇ ਚਿਰ ਤਾਈਂ ਸੀ
ਪ੍ਰਾਹੁਣੇ ਘਰੇ ਵੜਦੇ।
ਸਾਸਰੀ ਅਕਾਲ ਸੀ
ਉਹ ਸਾਰਿਆਂ ਨੂੰ ਕਰਦੇ।

ਚਿੱਟੀਆਂ ਬਈ ਚਾਦਰਾਂ ਨੂੰ
ਮੰਜੇ 'ਤੇ ਵਿਛਾਇਆ ਏ।
ਬੜੇ ਸਤਿਕਾਰ ਨਾਲ
ਪ੍ਰਾਹੁਣਿਆਂ ਨੂੰ ਬਹਾਇਆ ਏ।
ਘੜੇ ਵਿਚੋਂ ਪਾਣੀ ਦਿੱਤਾ
ਭਰ ਕੇ ਗਲਾਸ ਜੀ।
ਰਸਤੇ ਦੀ ਗਈ ਸਾਰੀ
ਬੁਝ ਹੀ ਪਿਆਸ ਜੀ।

ਥੋੜ੍ਹੇ ਜਿਹੇ ਪੈਸੇ ਬੀਬੀ
ਮੁੱਠੀ 'ਚ ਫੜ੍ਹਾਏ ਸੀ।
ਤੇ ਗੋਲੀ ਵਾਲੇ ਬੱਤੇ
ਅਸੀਂ ਹੱਟੀਓਂ ਲਿਆਏ ਸੀ।

ਸਾਰਿਆਂ ਨੇ ਰਲਮਿਲ
ਖੁਸ਼ੀਆਂ ਮਨਾਈਆਂ ਨੇ।
ਤੇ ਝੱਲਣ ਲਈ ਹਵਾ
ਹੱਥ ਪੱਖੀਆਂ ਫੜ੍ਹਾਈਆਂ ਨੇ।

ਸੁਖ ਸਾਂਦ ਪੁੱਛ ਬੀਬੀ
ਬੈਠ ਗਈ ਕੋਲ ਬਈ।
'ਬੜੀ ਛੇਤੀ ਆਏ ਜੇ'
ਕਰਦੀ ਮਖੌਲ ਬਈ।
ਖੌਰੇ ਕਿਹੜੇ ਅੰਦਰ ਸੀ
ਬੀਬੀ ਆਈ ਰੱਖ ਏ।
ਤੇ ਛੋਟਿਆਂ ਜਵਾਕਾਂ ਦੀ ਤਾਂ
ਝੋਲੇ ਉਤੇ ਅੱਖ ਏ।

ਦਾਦੀ ਬੈਠੀ ਚੁੱਲ੍ਹੇ ਕੋਲ
ਚਾਹ ਉਹ ਧਰੀ ਜਾਂਦੀ ਏ।
ਨਾਲ ਉਹ ਪ੍ਰਾਹੁਣਿਆਂ
ਗੱਲਾਂ ਕਰੀ ਜਾਂਦੀ ਏ।
ਮਾਰ ਕੇ ਖੰਘੂਰਾ ਦਾਦਾ
ਆ ਬੈਠਾ ਕੋਲ ਏ।
ਚੁਪ ਕਿਉਂ ਪ੍ਰਾਹੁਣਿਆ
ਕੋਈ ਗੱਲਬਾਤ ਬੋਲ ਉਏ।

ਭਾਪੇ ਤਾਈਂ ਬੀਬੀ ਨੇ
ਸੁਨੇਹਾ ਭੇਜ ਦਿੱਤਾ ਏ।
ਡੂੰਗਦਾ ਸੀ ਖੇਤ ਵਿਚ
ਬਾਜਰੇ ਦਾ ਸਿੱਟਾ ਏ।
ਚੜ੍ਹ ਗਿਆ ਚਾਅ ਤੇ
ਉਹ ਛੇਤੀ ਘਰ ਆਇਆ ਏ।
ਤੇ ਆਉਂਦਿਆ ਹੀ ਹੱਥ ਉਨ੍ਹੇ
ਸਾਂਢੂ ਨਾ' ਮਿਲਾਇਆ ਏ।
ਸਤਿ ਸਿਰੀ ਅਕਾਲ
ਛੋਟੀ ਸਾਲੀ ਨੇ ਬੁਲਾਈ ਏ।
ਜੀਜੇ ਵੱਲ ਵੇਖ ਕੇ
ਥੋੜ੍ਹਾ ਜਿਹਾ ਮੁਸਕਾਈ ਏ।
ਛਿੜ ਪਈਆਂ ਗੱਲਾਂ
ਬਈ ਕਬੀਲਦਾਰੀ ਮੁੱਦੇ 'ਤੇ।

ਪ੍ਰਾਹੁਣਿਆਂ ਦੀ ਅੱਖ ਹੁੰਦੀ
ਕੁੱਕੜਾਂ ਦੇ ਖੁੱਡੇ 'ਤੇ।
ਸੁੱਖ ਸਾਂਦ ਪੁੱਛ ਭਾਪੇ
ਆਖਿਆ ਅਖੀਰ 'ਤੇ।
ਲਿਆ ਖਾਂ ਨੀ ਭਾਗਵਾਨੇ
ਮੂਲੀਆਂ ਨੂੰ ਚੀਰ ਕੇ।

ਇੰਨੀ ਗੱਲ ਆਖ ਬਾਪੂ
ਜਾ ਕੱਚੇ ਕੋਠੇ ਵੜਿਆ।
ਤੇ ਦੇਸੀ ਦਾ ਲਿਆ ਕੇ
ਜੱਗ ਮੇਜ ਉਤੇ ਧਰਿਆ।
ਆ ਬਈ ਜਵਾਨਾ
ਪਹਿਲਾਂ ਛਿਟ ਛਿਟ ਲਾਉਨੇ ਆਂ।
ਛਿਟ ਛਿਟ ਲਾ ਕੇ ਫਿਰ
ਮੁਰਗਾ ਬਣਾਉਨੇ ਆਂ।

ਤਿੰਨਾਂ ਹੀ ਗਲਾਸਾਂ ਵਿਚ
ਦਾਰੂ ਉਨ੍ਹਾਂ ਪਾਈ ਏ।
ਦੋ ਉਨ੍ਹਾਂ ਆਪ ਅਤੇ
ਇਕ ਬਾਪੂ ਨੂੰ ਫੜ੍ਹਾਈ ਏ।
ਦੱਸ ਖਾਂ ਪ੍ਰਾਹੁਣਿਆ ਵੇ
ਕਿੰਨੀ ਕੁ ਇਹ ਚੰਗੀ ਏ।
ਆਪ ਹੀ ਬਣਾਈ ਏ ਤੇ
ਕਿਸੇ ਤੋਂ ਨਹੀਂ ਮੰਗੀ ਏ।

ਮੂਲੀ ਖਾ ਕੇ ਥੋੜ੍ਹੀ ਜਿਹੀ
ਪ੍ਰਾਹੁਣਾ ਪਿਆ ਬੋਲ ਏ।
ਆਖਦਾ ਏ ਸਾਂਢੂਆ
ਇਹ ਨਿਰ੍ਹਾ ਪਟਰੋਲ ਏ।
ਰੱਖ ਕੇ ਗਲਾਸ ਬਾਪੂ
ਮੁੱਛਾਂ ਜਿਹੀਆਂ ਚਾੜ੍ਹ ਕੇ।
ਆਖਿਆ ਹਵੇਲੀ ਵੱਲ
ਗੇੜਾ ਆਉਨਾਂ ਮਾਰ ਕੇ।

ਇੰਨੇ ਚਿਰ ਤਾਈਂ ਖੇਤੋਂ
ਸੀਰੀ ਘਰ ਆਇਆ ਏ।
ਤੇ ਆਉਂਦਿਆਂ ਹੀ ਭਾਪੇ
ਉਹਨੂੰ ਹੁਕਮ ਸਣਾਇਆ ਏ।
ਲਿਆ ਖਾਂ ਜਵਾਨਾਂ
ਇਕ ਮੁਰਗੇ ਨੂੰ ਕੱਢ ਕੇ।
ਲਿਆਈਂ ਕੋਈ ਭਾਰੂ
ਬਹੁਤੇ ਨਿੱਕਿਆਂ ਨੂੰ ਛੱਡ ਕੇ।
ਆਹ ਫੜ੍ਹ ਪਹਿਲਾਂ ਪੈਗ
ਤੂੰ ਵੀ ਘੁੱਟ ਲਾ ਲੈ।
ਬਹੁਤੀ ਨਹੀਓਂ ਦੇਣੀ
ਬੱਸ ਮੂੜ੍ਹ ਜਿਹਾ ਬਣਾ ਲੈ।

ਤੇਜ ਬੜਾ ਸੀਰੀ
ਉਨ੍ਹੇ ਮਿੰਟ ਨਾ ਲਾਇਆ ਏ।
ਮਿੰਟਾਂ ਦੇ ਵਿਚ ਉਨ੍ਹੇ
ਮੁਰਗਾ ਬਣਾਇਆ ਏ।
ਇੱਕ ਚੁੱਲ੍ਹੇ ਮੁਰਗਾ ਤੇ
ਦੂਜੇ ਚੁੱਲ੍ਹੇ ਸਾਗ ਏ।
ਪਿੰਡ ਦਿਆਂ ਲੋਕਾਂ ਦਾ
ਇਹੀ ਤਾਂ ਰਿਵਾਜ ਏ।

ਇਕ ਇਕ ਪੈਗ ਫਿਰ
ਉਨ੍ਹਾਂ ਹੋਰ ਪਾਇਆ ਏ।
ਬਣ ਕੇ ਤੇ ਮੁਰਗਾ
ਛੰਨੇ ਦੇ ਵਿਚ ਆਇਆ ਏ।
ਲੈ ਬਈ ਪ੍ਰਾਹੁਣਿਆ
ਸੁਆਦ ਵੇਖ ਖਾ ਕੇ।
ਸ਼ੌਕ ਨਾਲ ਸਾਲੀ ਤੇਰੀ
ਦਿੱਤਾ ਏ ਬਣਾ ਕੇ।

ਫੇਰ ਚੁੱਲ੍ਹੇ ਕੋਲੋਂ ਸਾਡੀ
ਉਠ ਗਈ ਬਈ ਦਾਦੀ ਏ।
ਮਾਸੀ ਅਤੇ ਬੀਬੀ ਤਾਈਂ
ਮਿਲ ਗਈ ਆਜ਼ਾਦੀ ਏ।
ਸੁਣਾ ਖਾਂ ਨੀ ਛੋਟੀਏ
ਕੋਈ ਗੱਲਬਾਤ ਘਰ ਦੀ।
ਨਿੱਕੀ ਨਿੱਕੀ ਗੱਲ ਉਤੇ
ਸੱਸ ਤਾਂ ਨੀਂ ਲੜਦੀ?
ਹੋਰਨਾਂ ਦੇ ਨਾਲੋਂ ਭੈਣੇ
ਸੱਸ ਭੋਰਾ ਚੰਗੀ ਏ।
ਹਰ ਇਕ ਅੱਗੇ ਮੇਰੀ
ਕਰਦੀ ਨਾ ਭੰਡੀ ਏ।
ਉਂਜ ਹਰ ਘਰ ਵਿਚ
ਇਹੋ ਹੀ ਕਹਾਣੀ ਏ।
ਜਿਹੋ ਜਿਹੀ ਵੀ ਹੈ ਹੁਣ
ਬਦਲੀ ਨਾ ਜਾਣੀ ਏ।

ਮਿੱਠੇ ਚੌਲ, ਦਹੀਂ ਨਾਲ
ਸੇਵੀਆਂ ਬਣਾ ਲਈਆਂ।
ਬਾਜਰੇ ਤੇ ਮੱਕੀ ਦੀਆਂ
ਰੋਟੀਆਂ ਵੀ ਲਾਹ ਲਈਆਂ।

ਪਾ ਕੇ ਤੀਜਾ ਪੈਗ ਉਨ੍ਹਾਂ
ਮੇਜ ਉਤੇ ਰੱਖਿਆ।
ਮੁਰਗੇ ਦਾ ਨਾਲ ਹੈ
ਸਵਾਦ ਉਨ੍ਹਾਂ ਚੱਖਿਆ।
ਡਾਂਗ ਖੜਕਾਉਂਦਾ ਬਾਪੂ
ਫਿਰ ਆਣ ਬਹਿ ਗਿਆ।
ਤੇ ਬਾਪੂ ਦੇ ਗਲਾਸ ਵਿਚ
ਪੈਗ ਫਿਰ ਪੈ ਗਿਆ।
ਮੁਰਗੇ ਦੀ ਤਰੀ ਦੀਆਂ
ਘੁੱਟਾਂ ਉਨ੍ਹੇ ਭਰੀਆਂ।
ਸਾਫੇ ਦੇ ਨਾਲ ਉਨ੍ਹੇ
ਮੁੱਛਾਂ ਸਾਫ ਕਰੀਆਂ।

ਮੂੰਹ ਹਨੇਰਾ ਹੋਇਆ
ਤੇ ਸ਼ਾਮ ਜਦ ਪਈ ਏ।
ਚਾਚੇ ਅਤੇ ਤਾਏ ਨੂੰ ਵੀ
ਆਵਾਜ਼ ਮਾਰ ਲਈ ਏ।
ਮੋਟੇ ਮੋਟੇ ਪੈਗ ਫਿਰ
ਸਾਰਿਆਂ ਨੇ ਲਾਏ ਨੇ।
ਮਹਿਫਿਲ ਸਜਾ ਕੇ ਉਨ੍ਹਾਂ
ਚੰਗੇ ਹਾਸੇ ਲਾਏ ਨੇ।
ਖਾ ਲਉ ਜੀ ਰੋਟੀਆਂ
ਆਵਾਜ਼ ਗਈ ਵੱਜ ਏ।
ਆਪ ਰੱਜ ਖਾਣਾ ਤੇ
ਪ੍ਰਾਹੁਣਿਆਂ ਦਾ ਪੱਜ ਏ।
ਬੀਬੀ ਜੀ ਸਾਡੇ ਫਿਰ
ਝੋਲਾ ਚੁੱਕ ਕੇ ਲਿਆਏ ਨੇ।
ਸਾਰਿਆਂ ਨੂੰ ਫਿਰ ਉਨ੍ਹੇ
ਕੇਲੇ ਵਰਤਾਏ ਨੇ।

'ਕੱਠੇ ਬਹਿ ਕੇ ਖਾਣ ਦਾ
ਵੱਖਰਾ ਈ ਸਵਾਦ ਏ।
ਅੱਜ ਵੀ ਉਹ ਸਾਰਾ ਕੁਝ
ਉਵੇਂ ਮੈਨੂੰ ਯਾਦ ਏ।
ਗੁਲਾਮੀ ਵਾਲੇ ਖੁਸ਼ੀ ਸੀ
ਉਹ ਜ਼ਿੰਦਗੀ ਜਿਉਣ ਦੀ।
ਤੇ ਤਾਂਘ ਬੜੀ ਰਹਿੰਦੀ ਸੀ
ਪ੍ਰਾਹੁਣਿਆਂ ਦੇ ਆਉਣ ਦੀ।

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ:91-94171-97395*

---

## ਲੁੱਟੀਏ ਡੇਰਾ ਪਾ ਕੇ

ਚੱਕ ਦੇ ਆਵਾਜ਼ ਸਪੀਕਰ ਲਾ ਕੇ
ਰੱਬ ਦਾ ਨਾਮ ਸੁਣਾਈਏ ਗਾ ਕੇ।
ਓ ਮਾੜਾ ਏ ਚੰਗਾ ਭਗਤਾ
ਲੁੱਟੀਏ ਲੋਕਾਂ ਨੂੰ ਭਰਮ ਫੈਲਾ ਕੇ।
ਦਾਨ ਦੇ ਨਾਂ 'ਤੇ ਪੈਸਾ ਆਊ
ਹਿਸਾਬ ਕਰਾਂਗੇ ਸ਼ਿਮਲੇ ਜਾ ਕੇ।
ਰੱਬ ਦੇ ਡਰ ਤੋਂ ਡਰਾਈ ਚੱਲ ਤੂੰ
ਲੋਕ ਪੈਰੀਂ ਹੱਥ ਲਾਉਣਗੇ ਆ ਕੇ।
ਲੀਡਰਾਂ ਨਾਲ ਸਬੰਧ ਬਣਾਉਣੇ
ਧਰਮ ਦੇ ਨਾਂ 'ਤੇ ਲੋਕ ਲੜਾ ਕੇ।
ਮਰਨ ਦੇ ਭੁੱਖੇ ਸੜਕ ਕਿਨਾਰੇ
ਆਪਾਂ ਸੌਣਾ ਚਿਕਨ ਚਿੱਲੀ ਖਾ ਕੇ।
ਇਸ ਧੰਦੇ ਵਿਚ ਕੋਈ ਨਾ ਘਾਟਾ
ਦੇਖ ਲੈ ਭਾਵੇ ਖੁਦ ਅਜਮਾ ਕੇ।
ਭੜਕੀ ਦੁਨੀਆਂ ਵਾਧੂ ਫਿਰਦੀ
ਚਲ 'ਆਲੀਕੇ' ਲੁੱਟੀਏ ਡੇਰਾ ਪਾ ਕੇ।

*-ਬਲਜਿੰਦਰ ਆਲੀਕੇ*
*ਫੋਨ:91-94645-62678*

# ਪੌਣ-ਪਾਕੀਜ਼ਗੀ

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਗੁਰਬਾਣੀ ਦੇ ਵਾਕ "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹੱਤ" ਦੇ ਸੱਚ 'ਤੇ ਪਹਿਰਾ ਦਿੰਦਿਆਂ ਮਨੁੱਖੀ ਜ਼ਿੰਦਗੀ ਲਈ ਇਸ ਦੀਆਂ ਨਿਆਮਤਾਂ, ਮਨੁੱਖ ਵਲੋਂ ਇਸ ਨੂੰ ਪਲੀਤ ਕੀਤੇ ਜਾਣ ਦੀ ਭੁੱਲ ਅਤੇ ਇਸ ਬਿਨਾ ਧਰਤੀ ਉਤੇ ਜੀਵਨ ਦੇ ਕਿਆਸ ਦੀ ਗੱਲ ਕੀਤੀ ਹੈ। ਉਹ ਕਹਿੰਦੇ ਹਨ, "ਪੌਣ ਤਲਵਾਰਾਂ ਨਾਲ ਦੋਫਾੜ ਨਹੀਂ ਹੁੰਦੀ, ਨਾ ਕੰਧਾਂ ਨਾਲ ਹਿਸਿਆਂ ਵਿਚ ਵੰਡੀਦੀ ਏ ਅਤੇ ਨਾ ਹੀ ਹੱਦਾਂ-ਸਰਹੱਦਾਂ ਦੀ ਮੁਥਾਜ਼। ਪੌਣ ਤਾਂ ਸਰਬ-ਸੇਵਕ ਜੋ ਹਰ ਤਲੀ 'ਤੇ ਸਾਹਾਂ ਦਾ ਲੰਗਰ ਲਾਉਂਦੀ। ਕਦੇ ਕਦਾਈਂ ਪੌਣ ਦਾ ਸ਼ੁਕਰ-ਗੁਜ਼ਾਰ ਜਰੂਰ ਹੋਣਾ!" -ਸੰਪਾਦਕ***

ਪੌਣ, ਪਵਿੱਤਰਤਾ ਦੀ ਨਾਇਕ, ਸਾਹ-ਧੜਕਣੀ, ਜੀਵਨ-ਸੰਧਾਰਾ, ਕਾਇਨਾਤੀ-ਪਸਾਰਾ ਅਤੇ ਤਲੀ 'ਤੇ ਜਿੰਦ-ਹੁੰਗਾਰਾ।

ਪੌਣ, ਨਿਰੰਤਰ ਪ੍ਰਵਾਹ, ਨਿਰਜਿੰਦ ਦੇ ਨਾਂਵੇਂ ਜਿੰਦ ਕਰਨ ਦਾ ਪੈਗਾਮ, ਸੁਗੰਧੀਆਂ ਨੂੰ ਆਪਣੇ 'ਚ ਸਮਾਉਣ ਅਤੇ ਦੂਰ ਦੇਸ਼ਾਂਤਰਾਂ ਤੀਕ ਪਹੁੰਚਾਉਣ ਦਾ ਕਰਮ।

ਪੌਣ, ਆਵਾਜ-ਕੰਨ੍ਹੇੜੀ, ਸੁੱਖ-ਸੁਨੇਹੇ ਮਿੱਤਰ-ਪਿਆਰਿਆਂ ਤੀਕ ਪਹੁੰਚਾਉਂਦੀ। ਕੇਹੀ ਤ੍ਰਾਸਦੀ ਏ ਕਿ ਮਨੁੱਖ ਚੰਦਰਮਾ ਜਾਂ ਸਕਾਈਲੈਬ ਵਿਚ ਪਹੁੰਚ ਹਵਾ ਦੀ ਅਣਹੋਂਦ ਕਾਰਨ ਇਕ ਦੂਜੇ ਨਾਲ ਖੁੱਲ੍ਹ ਕੇ ਗੱਲਬਾਤ ਵੀ ਨਹੀਂ ਕਰ ਸਕਦਾ। ਉਹ ਗੁੰਗੀ ਬੋਲੀ ਜਾਂ ਈ-ਮੈਸੇਜ਼ ਰਾਹੀਂ ਆਪਣੇ ਹਾਵ-ਭਾਵ ਪ੍ਰਗਟ ਕਰਦੈ। ਪਰ ਅਲਫਾਜ਼ ਜਿਹੜਾ ਸਕੂਨ ਮਨੁੱਖੀ ਰੂਹ ਨੂੰ ਦਿੰਦੇ, ਉਹ ਵੱਟਸਐਪ, ਫੇਸਬੁੱਕ, ਈਮੇਲ ਜਾਂ ਹੋਰ ਸਾਧਨ ਨਹੀਂ ਦੇ ਸਕਦੇ। ਖਲਾਅ ਵੀ ਪੌਣ ਦੀ ਅਣਹੋਂਦ ਨੂੰ ਮਹਿਸੂਸਦਾ, ਧਰਤੀ ਦੇ ਬਲਿਹਾਰੇ ਜਾਂਦਾ ਹੋਵੇਗਾ ਜੋ ਇਸ ਅਨਮੋਲ ਸੁਗਾਤ ਨਾਲ ਵਰੋਸਾਈ ਏ।

ਪੌਣ, ਕਿਸੇ ਦੇ ਬਦਨ ਤੋਂ ਆਉਂਦੀ ਮਹਿਕ ਦੀ ਚੁਗਲੀ, ਗੁਆਂਢ ਵਿਚ ਲੱਗਦੇ ਤੜਕਿਆਂ ਦੀ ਕੰਨਸੋਅ ਅਤੇ ਬਗੀਚੀ 'ਚ ਮਹਿਕਦੇ ਸਾਹਾਂ ਦਾ ਨਿਉਂਦਾ।

ਪੌਣ, ਗੈਸਾਂ ਦਾ ਮਿਸ਼ਰਣ। ਕਾਰਬਨ-ਡਾਇਆਕਸਾਈਡ ਪੌਦਿਆਂ ਲਈ ਨਿਆਮਤ, ਆਕਸੀਜਨ ਮਨੁੱਖ ਸਮੇਤ ਸਾਰੇ ਜੀਵਾਂ ਲਈ ਸਾਹ-ਅੰਮ੍ਰਿਤ, ਨਾਈਟਰੋਜਨ ਸਮੇਤ ਹੋਰ ਗੈਸਾਂ ਬਹੁਤ ਘੱਟ ਮਾਤਰਾ ਵਿਚ। ਪਰ ਹਰੇਕ ਦਾ ਵਾਯੂ ਮੰਡਲ ਵਿਚ ਆਪੋ-ਆਪਣਾ ਸੁਚਾਰੂ ਯੋਗਦਾਨ।



***ਪੌਣ ਨੂੰ ਪਲੀਤ ਨਾ ਕਰੋ। ਇਸ ਦਾ ਗੰਧਲਾਪਣ ਸਾਹਾਂ ਲਈ ਸੰਤਾਪ। ਜੀਵ ਸਾਹ ਲੈਣ ਤੋਂ ਆਤੁਰ। ਕਾਰਖਾਨਿਆਂ ਦਾ ਜ਼ਹਿਰੀਲਾ ਧੂੰਆਂ, ਏ. ਸੀ. ਤੇ ਕਾਰਾਂ ਦੀਆਂ ਗਰੀਨ ਹਾਊਸ ਗੈਸਾਂ ਅਤੇ ਹਵਾ ਵਿਚ ਵਧ ਰਹੀ ਕਾਰਬਨ ਮੋਨੋਆਕਸਾਈਡ ਦੀ ਮਾਤਰਾ ਨੇ ਔਖਾ ਕੀਤਾ ਏ ਸਾਹ ਲੈਣਾ। ਸਾਹ ਦੀਆਂ ਬਿਮਾਰੀਆਂ ਦਾ ਮੁੱਖ ਕਾਰਨ ਪੌਣ ਦਾ ਪਲੀਤ ਹੋਣਾ ਅਤੇ ਮਨੁੱਖ ਇਸ ਨੂੰ ਵਧਾਉਣ ਦਾ ਮੁੱਖ ਦੋਸ਼ੀ। ਗਰੀਨ ਹਾਊਸ ਗੈਸਾਂ ਕਾਰਨ ਵੱਧ ਰਿਹਾ ਤਾਪਮਾਨ ਜੀਵ-ਬਰਬਾਦੀ ਦਾ ਆਗਾਜ਼। ਸੋਚੋ! ਅੰਤ ਕੇਹਾ ਹੋਵੇਗਾ?***

ਪੌਣ, ਚੌਫੇਰੇ ਪਸਰੇ ਜੀਵਨ ਲਈ ਸਭ ਤੋਂ ਅਹਿਮ। ਗੁਰਬਾਣੀ ਅਨੁਸਾਰ "ਪਵਣੁ ਗੁਰੂ ਪਾਣੀ ਪਿਤਾ...॥", ਗੁਰੂ ਦਾ ਰੁਤਬਾ ਪ੍ਰਾਪਤ ਕਰਨ ਵਾਲੀ ਪੌਣ, ਜੀਵਨ-ਆਧਾਰ।

ਪੌਣ-ਨਿਰਾਕਾਰ, ਸੁਗੰਧ-ਰਹਿਤ ਅਤੇ ਭਾਰ ਹੀਣ। ਅਹਿਮੀਅਤ ਦੀ ਵਿਰਾਸਤ ਨਾਲ ਵਰੋਸਾਈ, ਜਿੰਦ ਬਰੂਹਾਂ 'ਤੇ ਹਮੇਸ਼ਾ ਦਸਤਕ ਦਿੰਦੀ ਅਤੇ ਇਸ ਦਸਤਕ ਵਿਚੋਂ ਹੀ ਜੀਵਨ-ਧੁਨੀ ਸੁਣਦੀ ਅਤੇ ਸਾਹ-ਸੰਗਤਾ ਜੀਵਨ ਦਾ ਮਾਣ ਬਣਦਾ।

ਪੌਣ ਹੀ ਹੈ ਜੋ ਟਹਿਣੀਆਂ ਨੂੰ ਸਹਿਲਾਉਂਦੀ, ਬੀਜਾਂ ਦੇ ਪ੍ਰਾਗਣ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾਉਂਦੀ ਅਤੇ ਨਿਰੰਤਰ ਵਾਧੇ ਦਾ ਸਬੱਬ ਬਣਦੀ। ਪੱਤਿਆਂ ਦੀ ਸੰਗੀਤਕ ਰੁਮਕਣੀ ਸਿਰਫ ਪੌਣ ਕਾਰਨ ਹੀ ਸੰਭਵ। ਪਾਣੀ ਦਾ ਪਿੰਡਾ ਚੁੰਮਦੀ, ਲਹਿਰਾਂ ਉਪਜਾਉਂਦੀ, ਜਲਵਾਸ਼ਪਾਂ ਨਾਲ ਤਰੰਗਤ ਪੌਣ ਜਦ ਠੰਢਕ ਦਾ ਅਹਿਸਾਸ ਮਨ ਵਿਚ ਪੈਦਾ ਕਰਦੀ ਤਾਂ ਤਿੱਖੜ ਦੁਪਹਿਰਾਂ ਵੀ ਠਰ ਜਾਂਦੀਆਂ।

ਪੌਣ-ਦਬਾਅ ਸਦਕਾ ਬੱਦਲਾਂ ਦੀ ਆਵਾਜਾਈ, ਪੌਣ ਪਰਾਗਿਆਂ ਦਾ ਅਵਾਗਵਣ। ਕਦੇ ਗਰਮੀਆਂ ਦੇ ਹੁੱਸੜ ਭਰੇ ਦਿਨ ਯਾਦ ਕਰਨਾ ਜਦ ਕੋਠਿਆਂ 'ਤੇ ਪਿਆਂ ਹਵਾ ਦਾ ਬੁੱਲ੍ਹਾ ਆਉਂਦਾ ਤਾਂ ਨੀਂਦ ਦਾ ਹੁਲਾਰਾ, ਥੱਕੀਆਂ ਰੂਹਾਂ ਨੂੰ ਆਪਣੀ ਆਗੋਸ਼ ਵਿਚ ਲੈਂਦਾ ਸੀ।

ਪੌਣ ਆਪਣੀ ਲੈਅ ਵਿਚ ਵਗੇ ਤਾਂ ਜੀਵਨ ਪਾਕੀਜ਼ਗੀ ਦਾ ਬਾਣਾ ਪਾਈ ਰੱਖੇ; ਸਾਹ-ਸੰਵੇਦਨਾ ਬਹੁਲਾਤ ਦਾ ਭੰਡਾਰਾ ਬਣੀ ਰਹੇ; ਹਾਸੇ ਖੇੜਿਆਂ ਦਾ ਚਸ਼ਮਾ ਅਤੇ ਮਹਿਕਾਂ ਦਾ ਸੰਧਾਰਾ ਹਰ ਤਲੀ 'ਤੇ ਧਰਦੀ ਰਹੇ ਤਾਂ ਮਹਿਕੀਲੇ ਪੱਬਾਂ ਦੇ ਨਾਮ, ਸਫਰ-ਦਾਸਤਾਨ।

ਪਰ ਪੌਣ ਜਦ ਤੂਫਾਨ ਬਣ ਜਾਵੇ ਤਾਂ ਆਲ੍ਹਣਿਆਂ ਨੂੰ ਤੀਲਾ ਤੀਲਾ ਕਰਦੀ, ਬੋਟਾਂ ਦੇ ਸਿਰ 'ਤੇ ਮੌਤ ਮੰਡਰਾਉਂਦੀ, ਸਿਰ ਦੀਆਂ ਛੱਤਾਂ ਉਡਾਉਂਦੀ ਅਤੇ ਬਿਰਖਾਂ ਨੂੰ ਜੜ੍ਹਾਂ ਤੋਂ ਉਖੇੜਦੀ। ਕਈ ਵਾਰ ਸਮੁੰਦਰੀ ਕਹਿਰ ਬਣ ਕੇ ਕੰਢਿਆਂ 'ਤੇ ਵੱਸੀ ਆਬਾਦੀ ਨੂੰ ਆਪਣੀ ਲਪੇਟ ਵਿਚ ਲੈਂਦੀ, ਮਨੁੱਖੀ ਜਾਨਾਂ ਤੇ ਮਾਲੀ ਨੁਕਸਾਨ ਦਾ ਕਹਿਰ ਢਾਹੁੰਦੀ।

ਪੌਣ ਹੀ ਹੁੰਦੀ ਜੋ ਬਾਂਸ ਨੂੰ ਬੰਸਰੀ ਬਣਾਉਂਦੀ, ਸਾਜ਼ ਨੂੰ ਸੰਗੀਤ ਦਾ ਰੁਤਬਾ ਦਿੰਦੀ, ਸੁਰਾਂ ਵਿਚ ਸੁਹਜ, ਸੁਰੀਲਾਪਣ ਤੇ ਸੰਜੀਦਗੀ ਬਖਸ਼ਦੀ ਅਤੇ ਸੰਦੀਲੇ ਬੋਲਾਂ ਨਾਲ ਕੰਨ-ਰਸ ਪੈਦਾ ਕਰਦੀ।

ਪੌਣ ਕੁਰਲਾਉਂਦੀ ਜਦ ਕੁਰੱਖਤ ਸਮਾਂ ਇਸ ਦੀ ਹਿੱਕ ਵਿਚ ਸਿੱਸਕੀਆਂ ਬੀਜਦਾ, ਪਿੰਡੇ 'ਤੇ ਹਉਕੇ ਤਰਦੇ, ਹਾਵਾਂ ਦਾ ਸਰਾਪ ਮਿਲਦਾ, ਫਿਜ਼ਾ ਵਿਚ ਵੈਣ ਗੂੰਜਦੇ, ਅਲਾਹੁਣੀਆਂ ਦਾ ਰਾਗ ਛਿੜਦਾ ਜਾਂ ਸਿਆਪਿਆਂ ਦੇ ਬੋਲ ਬਿਰਖਾਂ ਨਾਲ ਲਿਪਟ ਕੇ ਰੋਂਦੇ। ਹਵਾ ਆਪਣੀ ਹੋਂਦ ਤੋਂ ਮੁਨਕਰ ਹੋਣਾ ਲੋਚਦੀ। ਪਰ ਪੌਣ ਤਾਂ ਪੌਣ ਏ ਅਤੇ ਆਖਰ ਨੂੰ ਕੌਣ ਹਵਾ ਵਾਂਗ ਹਿਲੋਰੇ ਦਿੰਦਾ, ਜ਼ਿੰਦਗੀ ਨੂੰ ਖੁਸ਼-ਆਮਦੀਦ ਕਹੇਗਾ।

ਪੌਣ ਤੋਤਲੇ ਬੋਲਾਂ ਨਾਲ ਬਜ਼ੁਰਗੀ ਕੰਨਾਂ ਵਿਚ ਰਸ ਘੋਲਦੀ, ਪਿਆਰ ਭਿੱਜੇ ਬੋਲਾਂ ਦੀ ਸਤਿਸੰਗਤ ਅਤੇ ਨਿੱਘੀ ਮਿਲਣੀ ਦਾ ਸਬੱਬ।

ਪੌਣ ਨਾ ਹੁੰਦੀ ਤਾਂ ਬਨਸਪਤੀ ਅਤੇ ਕੁਦਰਤੀ ਪਸਾਰੇ ਦਾ ਕਿਆਸ ਕਰਨਾ ਅਸੰਭਵ। ਚਾਰੇ ਪਾਸੇ ਰੱਕੜ, ਉਜਾੜ ਅਤੇ ਮੌਤ ਵਰਗਾ ਸੰਨਾਟਾ, ਧੜਕਣਾਂ ਵਿਚ ਖਾਮੋਸ਼ੀ, ਪਿੰਜਰ ਪਿੰਜਰ ਹੋਈ ਕਾਇਨਾਤ ਅਤੇ ਪੱਥਰ ਬਣੇ ਜੀਵ।

ਪੌਣ ਦੇ ਕੰਧਾੜੇ ਬਹਿ ਕੇ ਹੀ ਬੱਦਲ ਹਜਾਰਾਂ ਕੋਹਾਂ ਦਾ ਪੈਂਡਾ ਤੈਅ ਕਰਦੇ, ਪਰਿੰਦਿਆਂ ਨੂੰ ਪਰਵਾਜ਼ ਮਿਲਦੀ ਅਤੇ ਪਤੰਗ ਉਚੇ ਅੰਬਰਾਂ ਨੂੰ ਹੱਥ ਲਾਉਂਦਾ। ਯਾਦ ਰੱਖਣਾ! ਉਡਾਰੀ ਲਈ ਹਵਾ ਸੰਗ ਉਡਣ ਅਤੇ ਸਾਥ ਨਿਭਾਉਣ ਦਾ ਹੁਨਰ ਵੀ ਜਰੂਰੀ।

ਪੌਣ 'ਚ ਉਡਦੇ ਚਾਅ-ਲਫਾਫੇ, ਪ੍ਰੇਮ-ਪੱਤਰਾਂ ਦੀਆਂ ਕਾਤਰਾਂ, ਬੇਰੁਜ਼ਗਾਰਾਂ ਦੀਆਂ ਡਿਗਰੀਆਂ ਅਤੇ ਤੇਲ ਪਾ ਕੇ ਸਾੜੀਆਂ ਧੀਆਂ-ਰਾਣੀਆਂ ਦੀ ਦਰਦੀਲੀ ਹੂਕ ਜਦ ਮਨ-ਦਹਿਲੀਜ਼ 'ਤੇ ਦਸਤਕ ਦਿੰਦੇ ਤਾਂ ਭਾਵ-ਦਰਾਂ ਨੂੰ ਕੰਬਣੀ ਛਿੜਦੀ।

ਪੌਣ ਅਤੇ ਪਰਵਾਜ਼ ਦਾ ਸੁੱਚਾ ਸੰਗਮ ਜਦ ਵਕਤ ਦੀ ਵਹੀ ਦਾ ਹਾਸਲ ਬਣਦਾ ਤਾਂ ਨਵੇਂ ਕੀਰਤੀਮਾਨ ਤੇ ਸਬੱਬ, ਸਫਲਤਾ ਤੇ ਸੁਪਨਿਆਂ ਦਾ ਸੁੱਚਮ ਬਣਦੇ।

ਧੁਖਦੀ ਚੰਗਿਆੜੀ ਨੂੰ ਹਵਾ ਮਿਲੇ ਤਾਂ ਉਹ ਲਾਟ ਬਣ ਕੇ ਰਾਹਾਂ ਵਿਚ ਚਾਨਣ ਅਤੇ ਠਰੀ ਵਕਤ-ਬੀਹੀ ਵਿਚ ਨਿੱਘ ਤਰੌਂਕਦੀ। ਪਰ ਕਈ ਵਾਰ ਹਵਾ ਦਾ ਬੁੱਲ੍ਹਾ ਅਜਿਹਾ ਵੀ ਆਉਂਦਾ ਕਿ ਉਹ ਵਿਹੜੇ ਵਿਚ ਚਾਨਣ ਵੰਡਦੇ ਆਲੇ 'ਚ ਰੱਖੇ ਦੀਵੇ ਨੂੰ ਬੁਝਾ ਵਿਹੜੇ ਦੇ ਨਾਮ ਹਨੇਰ ਕਰ ਜਾਂਦਾ। ਯਾਦ ਰਹੇ, ਦੀਵੇ ਨੂੰ ਇੰਨੀ ਕੁ ਹਵਾ ਦੇਵੋ ਕਿ ਉਹ ਬਲਦਾ ਰਹੇ। ਇੰਨਾ ਜੋਰ ਵੀ ਨਾ ਲਾਓ ਕਿ ਹਵਾ ਦੇ ਥਪੇੜਿਆਂ ਨਾਲ ਦੀਵੇ ਦੀ ਜੀਵਨ-ਜੋਤ ਹੀ ਰੁੱਸ ਜਾਵੇ।

ਪੌਣ ਨੂੰ ਪਲੀਤ ਨਾ ਕਰੋ। ਇਸ ਦਾ ਗੰਧਲਾਪਣ ਸਾਹਾਂ ਲਈ ਸੰਤਾਪ। ਜੀਵ ਸਾਹ ਲੈਣ ਤੋਂ ਆਤੁਰ। ਕਾਰਖਾਨਿਆਂ ਦਾ ਜ਼ਹਿਰੀਲਾ ਧੂੰਆਂ, ਏ. ਸੀ. ਤੇ ਕਾਰਾਂ ਦੀਆਂ ਗਰੀਨ ਹਾਊਸ ਗੈਸਾਂ ਅਤੇ ਹਵਾ ਵਿਚ ਵਧ ਰਹੀ ਕਾਰਬਨ ਮੋਨੋਆਕਸਾਈਡ ਦੀ ਮਾਤਰਾ ਨੇ ਔਖਾ ਕੀਤਾ ਏ ਸਾਹ ਲੈਣਾ। ਸਾਹ ਦੀਆਂ ਬਿਮਾਰੀਆਂ ਦਾ ਮੁੱਖ ਕਾਰਨ ਪੌਣ ਦਾ ਪਲੀਤ ਹੋਣਾ ਅਤੇ ਮਨੁੱਖ ਇਸ ਨੂੰ ਵਧਾਉਣ ਦਾ ਮੁੱਖ ਦੋਸ਼ੀ। ਗਰੀਨ ਹਾਊਸ ਗੈਸਾਂ ਕਾਰਨ ਵੱਧ ਰਿਹਾ ਤਾਪਮਾਨ ਜੀਵ-ਬਰਬਾਦੀ ਦਾ ਆਗਾਜ਼। ਸੋਚੋ! ਅੰਤ ਕੇਹਾ ਹੋਵੇਗਾ?

ਪੌਣ ਪਰਮਾਤਮਾ ਵਲੋਂ ਵਰੋਸਾਈ ਦਾਤ ਹਰ ਪਲ ਮਨੁੱਖ ਦੀ ਝੋਲੀ ਵਿਚ ਜੀਵਨ-ਦਾਤ ਧਰਦੀ ਅਤੇ ਜੀਵਨ-ਸਨਦ ਮਨੁੱਖ ਜਾਤੀ ਦੇ ਨਾਮ ਕਰਦੀ।

ਪੌਣੀਂ ਪੀਹੜਾ ਡਾਹੁਣ ਵਾਲਿਆ, ਇਸ ਦੀਆਂ ਸਿਫਤਾਂ ਗਾਉਣ ਵਾਲਿਆ, ਇਸ ਦੀ ਝੋਲੀ ਹਾਸੇ ਪਾਈਂ, ਨਾ ਤੂੰ ਹਉਕਾ-ਜੂਨ ਹੰਢਾਈਂ। ਪੌਣ ਪੈਗੰਬਰ, ਪੌਣ ਹੀ ਪੂਜਾ। ਪੌਣ ਤਾਂ ਰੱਬ ਦਾ ਨਾਮ ਹੈ ਦੂਜਾ। ਪੌਣਾਂ ਹੱਥ ਸੁਨੇਹੇ ਮਿਲਦੇ। ਪੌਣਾਂ ਸੰਗ ਰੂਹ-ਦਰ ਖਿਲਦੇ। ਪੌਣ ਦਾ ਰੋਣਾ, ਪੀੜਾ-ਝੋਲ। ਪੌਣ ਦੀ ਚੁੱਪ, ਮਾਤਮੀ ਬੋਲ। ਪੌਣ ਹੀ ਚੁਗਲੀ, ਪੌਣ ਹੀ ਸਾਜਿਸ਼। ਪੌਣ ਹੀ ਤੀਲੀ, ਪੌਣ ਹੀ ਆਤਿਸ਼। ਪੌਣ ਹੀ ਬਣਦੀ ਸੁਖਦ-ਸੁਨੇਹਾ; ਪੌਣ ਹੀ ਧਰਦੀ ਮਹਿਕੀਲਾ ਫੇਹਾ। ਪੌਣ ਹੀ ਸਾਨੂੰ ਗਲ ਨਾਲ ਲਾਉਂਦੀ; ਜੀਵਨ-ਰੇਖਾ ਮੱਥੇ 'ਤੇ ਵਾਹੁੰਦੀ। ਪੌਣ ਹੀ ਹਰਫ ਤੇ ਸੁੱਚੇ ਬੋਲ; ਪੌਣ ਹੀ ਹਰਦਮ ਰਹਿੰਦੀ ਕੋਲ। ਸਾਹਾਂ ਰੱਤਾ ਪਹਿਰ ਹੈ ਪੌਣ; ਜਿੰਦ ਪੀਹੜੇ ਦੀ ਸੰਦਲੀ ਦੌਣ। ਪੌਣ ਪਾਕੀਜ਼ਗੀ 'ਚ ਜਿੰਦ ਸਲਾਮਤ; ਸਾਹ ਗਠੜੀ ਦੀ ਪੌਣ ਅਮਾਨਤ। ਪੌਣ ਦਾ ਕਰਜ਼ ਮੈਂ ਕਿੰਜ ਉਤਾਰਾਂ? ਪੌਣ-ਪ੍ਰਕਰਮੀ, ਸਾਹ-ਕੁੰਜ ਉਤਾਰਾਂ। ਪੌਣ 'ਚ ਪੌਣ ਮਿਲ ਹੋਂਦ ਗਵਾਵੇ; ਪੌਣ ਮਿੱਟੀ ਨੂੰ ਮੱਥੇ ਲਾਵੇ, ਤੇ ਉਮਰ-ਪੈਂਡਾ ਪੂਰਾ ਕਰ ਜਾਵੇ।

ਪੌਣ ਦੀ ਚੁੱਪ ਬਹੁ-ਅਰਥੀ ਬਣ ਜਦ ਸੰਵੇਦਨਾ ਨੂੰ ਟੁਣਕਾਰਦੀ ਤਾਂ ਕਲਮੀ ਆਵੇਸ਼ ਹਰਫਾਂ ਵਿਚ ਢਲਦਾ।

ਹਵਾ ਬੰਦ ਹੈ
ਬਿਰਖਾਂ ਦੇ ਪੱਤੇ ਨਹੀਂ ਹਿਲਦੇ
ਪਹਿਆਂ 'ਚੋਂ ਘੱਟਾ ਨਹੀਂ ਉਡਦਾ
ਇਸ ਦਾ ਇਹ ਮਤਲਬ ਨਹੀਂ
ਕਿ ਹਵਾ ਮਰ ਚੁਕੀ ਹੈ
ਇਹ ਤਾਂ ਸਮੋਂ-ਸੂਚਕ ਹੈ
ਆਉਣ ਵਾਲੇ
ਕਿਸੇ ਭਾਰੀ ਤੂਫਾਨ ਦੀ।

***ਪੌਣ ਹੀ ਹੈ ਜੋ ਟਹਿਣੀਆਂ ਨੂੰ ਸਹਿਲਾਉਂਦੀ, ਬੀਜਾਂ ਦੇ ਪ੍ਰਾਗਣ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਪਹੁੰਚਾਉਂਦੀ ਅਤੇ ਨਿਰੰਤਰ ਵਾਧੇ ਦਾ ਸਬੱਬ ਬਣਦੀ। ਪੱਤਿਆਂ ਦੀ ਸੰਗੀਤਕ ਰੁਮਕਣੀ ਸਿਰਫ ਪੌਣ ਕਾਰਨ ਹੀ ਸੰਭਵ। ਪਾਣੀ ਦਾ ਪਿੰਡਾ ਚੁੰਮਦੀ, ਲਹਿਰਾਂ ਉਪਜਾਉਂਦੀ, ਜਲਵਾਸ਼ਪਾਂ ਨਾਲ ਤਰੰਗਤ ਪੌਣ ਜਦ ਠੰਢਕ ਦਾ ਅਹਿਸਾਸ ਮਨ ਵਿਚ ਪੈਦਾ ਕਰਦੀ ਤਾਂ ਤਿੱਖੜ ਦੁਪਹਿਰਾਂ ਵੀ ਠਰ ਜਾਂਦੀਆਂ।***

ਜਦ ਬੰਦ ਦਰਾਂ ਦੀ ਰਖਵਾਲੀ ਮਾਂ ਪਰਦੇਸੀ ਪੁੱਤ ਨੂੰ ਪੌਣਾਂ ਹੱਥ ਸੁਨੇਹੇ ਭੇਜਦੀ, ਰੱਤੜਾ ਚੂੜਾ ਸੰਦਲੀ ਦਿਨਾਂ ਦੇ ਸੰਤਾਪ ਤੋਂ ਅੱਕਿਆ ਪੌਣਾਂ ਦੇ ਨਾਮ ਮਾਹੀ ਦੇ ਪਰਤਣ ਲਈ ਹਾੜੇ ਕੱਢਦਾ ਜਾਂ ਨਿੱਕੀ ਜਿਹੀ ਲਾਡੋ ਪਰਦੇਸੀ ਪਾਪਾ ਲਈ ਤੋਤਲੇ ਬੋਲਾਂ ਨਾਲ ਵਾਪਸ ਪਰਤਣ ਲਈ ਲਿੱਲਕੜੀਆਂ ਕੱਢਦੀ ਤਾਂ ਪੌਣ ਰੋਣਹਾਕੀ ਹੋ ਜਾਂਦੀ। ਅਜਿਹੇ ਬੋਲਾਂ ਦੇ ਭਾਰ ਹੇਠ ਦੁਬਕੀ ਹੋਂਦ ਨਾਲ ਜਿਉਣ ਜੋਗੀ ਰਹਿ ਜਾਂਦੀ ਪੌਣ। ਇਹ ਤਾਂ ਪੌਣ ਦੀ ਮੌਤ ਹੁੰਦੀ। ਪੌਣ ਦੀ ਮੌਤ ਤੋਂ ਬਾਅਦ ਕੌਣ ਪਾਵੇਗਾ ਅਤੇ ਕੌਣ ਸੁਣੇਗਾ ਕੀਰਨੇ?

ਪੌਣ-ਨਿਆਮਤ ਵਿਚ ਖਿਆਨਤ ਕਰਨ ਅਤੇ ਇਸ ਦੀ ਲਬਰੇਜ਼ਤਾ ਤੇ ਰੰਗਰੇਜ਼ਤਾ ਨੂੰ ਮਧੋਲਣ ਵਾਲੇ ਮਨੁੱਖਤਾ ਦੇ ਸਭ ਤੋਂ ਵੱਡੇ ਦੁਸ਼ਮਣ, ਹੈਵਾਨੀਅਤ ਦਾ ਨਾਮਕਰਨ। ਅਜਿਹੀ ਹੈਵਾਨੀਅਤ ਹੀ ਕਈ ਵਾਰ ਸਭਿਅਤਾਵਾਂ ਦੇ ਵਿਨਾਸ਼ ਦਾ ਕਾਰਨ ਬਣਦੀ।

ਖੂਬਸੂਰਤ ਜ਼ਿੰਦਗੀ ਲਈ ਜਰੂਰੀ ਹੈ ਕਿ ਪਾਕ ਪੌਣ ਸਾਡੀ ਸਾਹ-ਰਵਾਨਗੀ ਬਣੇ। ਤਰਲਾ ਈ! ਕਦੇ ਵੀ ਖੇਤਾਂ ਵਿਚ ਕਣਕ ਦਾ ਨਾੜ ਜਾਂ ਪਰਾਲੀ ਨਾ ਸਾੜੋ, ਸਾਹ ਲੈਣਾ ਔਖਾ ਹੋ ਜਾਵੇਗਾ। ਤਾਂਹੀ ਤਾਂ ਭੀੜ-ਭੜੱਕੇ ਵਾਲੇ ਸ਼ਹਿਰਾਂ ਵਿਚ ਲੋਕ



ਸੁੱਚੇ ਸਾਹ ਲੈਣ ਤੋਂ ਵੀ ਤਰਸ ਗਏ ਨੇ।

ਕਦੇ ਸਵੇਰ ਵੇਲੇ ਵਗਦੀ ਹਵਾ ਦਾ ਨਜ਼ਾਰਾ ਯਾਦ ਕਰਨਾ, ਪੌਣ ਦੇ ਪਿੰਡੇ 'ਤੇ ਹਰਫ ਉਕਰਨ ਦਾ ਹੀਆ ਕਰਨਾ ਅਤੇ ਪੌਣ-ਪੁਤਲੇ ਨੂੰ ਸੁਪਨਿਆਂ ਦਾ ਹਾਣੀ ਬਣਾਉਣਾ, ਦੇਖਣਾ ਪੌਣ ਕਿਵੇਂ ਤੁਹਾਡੀ ਤਲੀ 'ਤੇ ਸੁਪਨਿਆਂ ਦੀ ਸਾਜ਼ਗਾਰੀ ਸਿੱਧ ਕਰਦੀ ਏ।

ਗੁਰਬਾਣੀ ਦੇ ਵਾਕ "ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇਆ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇਆ॥" ਰਾਹੀਂ ਗੁਰਬਾਣੀ ਵਿਚ ਵਿਗਿਆਨ ਦਾ ਕਿੱਡਾ ਵੱਡਾ ਸੱਚ ਸਮੋਇਆ ਹੈ ਕਿ ਪੌਣ ਹੀ ਸਮੁੱਚੀ ਕਾਇਨਾਤ ਦਾ ਮੁੱਢ ਏ। ਸਭ ਤੋਂ ਪਹਿਲਾਂ ਪੌਣ ਪੈਦਾ ਹੋਈ, ਪੌਣ ਤੋਂ ਪਾਣੀ ਤੇ ਪਾਣੀ ਤੋਂ ਸਮੁੱਚੀ ਕਾਇਨਾਤ ਦੀ ਸਿਰਜਣਾ ਹੋਈ ਪਰ ਅਸੀਂ ਇਸ ਨੂੰ ਭੁੱਲੀ ਬੈਠੇ ਹਾਂ।

ਪੌਣ ਬਣ ਕੇ ਜ਼ਿੰਦਗੀ ਦੇ ਪਲਾਂ ਵਿਚੋਂ ਲੰਘਣ ਵਾਲੇ ਲੋਕ ਤੁਹਾਡੀਆਂ ਜੀਵਨ-ਪੈੜਾਂ ਦੇ ਨਿਸ਼ਾਨ-ਚਿੰਨ੍ਹ। ਇਨ੍ਹਾਂ ਵਿਚੋਂ ਹੀ ਲਿਖੀ ਜਾਂਦੀ ਜੀਵਨ-ਇਬਾਰਤ।

ਪੌਣ 'ਤੇ ਲਿਖੇ ਸਿਰਨਾਂਵੇਂ ਜਦ ਮਨ ਦੇ ਵਿਹੜੇ 'ਚ ਗੇੜੀਆਂ ਲਾਉਂਦੇ ਤਾਂ ਸੋਚ-ਜੂਹੇ, ਉਨ੍ਹਾਂ ਰਾਹਾਂ ਦੇ ਨਕਸ਼ ਉਘੜਦੇ ਜੋ ਪੈਰਾਂ ਦੇ ਨਾਮ ਹੁੰਦੇ।

ਪੌਣ ਹੀ ਹੁੰਦੀ ਜੋ ਗੁਬਾਰੇ ਨੂੰ ਆਕਾਰ ਦਿੰਦੀ ਜਿਸ ਵਿਚ ਬੈਠ ਕੇ ਮਨੁੱਖ ਅੰਬਰ ਗਾਹੁਣ ਜੋਗਾ ਹੋਇਆ, ਹਵਾ ਉਪਰ ਨੂੰ ਜੁ ਉਠਦੀ ਹੈ। ਮਨੁੱਖੀ ਮਨ ਵਿਚ ਉਚੇਰੇ ਦਿਸਹੱਦਿਆਂ ਨੂੰ ਛੂਹਣ ਅਤੇ ਉਚੇਰੀਆਂ ਅੰਬਰ ਉਡਾਰੀਆਂ ਲਾਉਣ ਦੀ ਤਮੰਨਾ ਮਨ ਵਿਚ ਪੈਦਾ ਹੋਵੇ ਤਾਂ ਦੁਨੀਆਂ ਹੋਰ ਜ਼ਿਆਦਾ ਸੁੰਦਰ ਬਣ ਕੇ ਜਿਉਣ-ਜੋਗੀ ਹੋ ਜਾਵੇਗੀ।

ਹਵਾ ਨੂੰ ਗੰਢਾਂ ਦੇਣ ਦੀ ਉਮਰ ਦੂਰ ਤੁਰ ਜਾਵੇ ਤਾਂ ਹਵਾ ਨਾਲ ਗੁਫਤਗੂ ਕਰਨ ਦੀ ਉਮਰ ਸਾਡਾ ਸਾਥ ਮਾਣਦੀ, ਜੀਵਨੀ ਸੱਚ ਨੂੰ ਸਾਡੇ ਰੂਬਰੂ ਕਰਦੀ, ਸਾਡੀ ਝੋਲੀ ਸੱਖਣਤਾ ਭਰੇ ਪਲਾਂ ਵਿਚ ਵੀ ਭਰਪੂਰਤਾ ਨਾਲ ਭਰ ਜਾਂਦੀ।

'ਪਵਣੁ ਮੇ ਪਵਣੁ ਸਮਾਇਆ...॥' ਦੀ ਧੁਨੀ ਜਦ ਬਲਦੇ ਸਿਵੇ ਦੀ ਫਿਜ਼ਾ ਵਿਚ ਫੈਲਦੀ ਤਾਂ ਤੁਸੀਂ ਸਿਰਫ ਲੋਕਾਂ ਦੀਆਂ ਯਾਦਾਂ ਵਿਚ ਹੀ ਜਿਉਣ ਜੋਗੇ ਰਹਿ ਜਾਂਦੇ। ਤੁਸੀਂ ਕਿਸ ਰੂਪ 'ਚ ਅਤੇ ਕਿਸ ਕਰਕੇ ਲੋਕ-ਚੇਤਿਆਂ ਵਿਚ ਵੱਸੋਗੇ, ਇਹ ਤੁਹਾਡੇ ਬੀਤੇ ਕਰਮ-ਧਰਾਤਲ ਨੇ ਨਿਸ਼ਚਿਤ ਕਰਨਾ।

ਸਾਡੇ ਲਈ ਸਭ ਤੋਂ ਵੱਡੀ ਨਿਆਮਤ ਧਰਤੀ, ਪਾਣੀ ਅਤੇ ਹਵਾ। ਇਸ ਵਿਰਾਸਤ ਨੂੰ ਸੁਚੱਜੇ ਰੂਪ ਵਿਚ ਅਗਲੀ ਪੀੜ੍ਹੀ ਨੂੰ ਸੌਂਪ ਕੇ ਰੁਖਸਤ ਹੋਣਾ, ਸਾਡਾ ਪਰਮ ਧਰਮ।

ਵਗਦੀ ਪੌਣ ਵਿਚ ਕਦੇ ਵੀ ਮੋਰ-ਪੰਖ ਨਾ ਬਣੋ ਸਗੋਂ ਜੈਟ ਬਣੋ ਜੋ ਹਵਾਵਾਂ ਨੂੰ ਚੀਰਦਾ, ਪਹਿਲਾਂ ਤੋਂ ਨਿਰਧਾਰਤ ਦਿਸ਼ਾ ਵੰਨੀਂ ਉਡਦਾ, ਮੰਜ਼ਿਲ 'ਤੇ ਪਹੁੰਚਦਾ।

ਜਦ ਮਨੁੱਖ-ਜਾਤੀ ਲਈ ਧਰਤੀ ਇਕ ਜਿਸਮ, ਬਿਰਖ ਦੋ ਫੇਫੜੇ, ਦਰਿਆ ਇਕ ਸਰੀਰ ਦੀਆਂ ਨਾੜੀਆਂ ਅਤੇ ਹਵਾ ਸਾਹ ਦਾ ਰੁਤਬਾ ਹਾਸਲ ਕਰ ਗਈ ਤਾਂ ਮਨੁੱਖ ਦੀ ਸਦੀਵਤਾ ਦੀ ਮੁਹਾਰਨੀ ਹਰ ਹੋਠ 'ਤੇ ਗੁਣਗੁਣਾਵੇਗੀ।

ਪੌਣ ਤਲਵਾਰਾਂ ਨਾਲ ਦੋਫਾੜ ਨਹੀਂ ਹੁੰਦੀ, ਨਾ ਕੰਧਾਂ ਨਾਲ ਹਿਸਿਆਂ ਵਿਚ ਵੰਡੀਦੀ ਏ ਅਤੇ ਨਾ ਹੀ ਹੱਦਾਂ-ਸਰਹੱਦਾਂ ਦੀ ਮੁਥਾਜ਼। ਪੌਣ ਤਾਂ ਸਰਬ-ਸੇਵਕ ਜੋ ਹਰ ਤਲੀ 'ਤੇ ਸਾਹਾਂ ਦਾ ਲੰਗਰ ਲਾਉਂਦੀ। ਕਦੇ ਕਦਾਈਂ ਪੌਣ ਦਾ ਸ਼ੁਕਰ-ਗੁਜ਼ਾਰ ਜਰੂਰ ਹੋਣਾ!

ਸਾਡੇ ਸਮਿਆਂ ਦੀ ਕੇਹੀ ਤ੍ਰਾਸਦੀ ਕਿ ਅਸੀਂ ਪਰਿੰਦਿਆਂ ਵਾਂਗ ਅੰਬਰ 'ਤੇ ਉਡਣਾ ਸਿੱਖ ਲਿਆ, ਮੱਛੀਆਂ ਵਾਂਗ ਸਮੁੰਦਰ ਹੇਠ ਤਾਰੀਆਂ ਵੀ ਲਾਉਂਦੇ ਹਾਂ ਪਰ ਅਸੀਂ ਬੰਦਿਆਂ ਵਾਂਗ ਧਰਤੀ 'ਤੇ ਰਹਿਣਾ ਭੁੱਲ ਗਏ। ਪਤਾ ਨਹੀਂ ਅਸੀਂ ਕਦੋਂ ਬੰਦੇ ਬਣ ਜਿਉਣ ਦਾ ਅਦਬ ਸਿੱਖਾਂਗੇ?

# ਸਵਰਾ ਭਾਸਕਰ ਦੇ ਪਦਮ ਸੁਰ

## ਸੰਜੇ ਲੀਲ੍ਹਾ ਭੰਸਾਲੀ ਨੂੰ ਖਤ ਲਿਖ ਕੇ ਔਰਤਾਂ ਦੇ ਹੱਕ ਵਿਚ ਆਵਾਜ਼ ਬੁਲੰਦ

'ਰਾਂਝਣਾ', 'ਨਿਲ ਬਟੇ ਸੰਨਾਟਾ' ਅਤੇ 'ਅਨਾਰਕਲੀ ਔਫ ਆਰਾ' ਵਰਗੀਆਂ ਫਿਲਮਾਂ ਵਿਚ ਸ਼ਾਨਦਾਰ ਅਦਾਕਾਰੀ ਕਰਨ ਵਾਲੀ ਸਵਰਾ ਭਾਸਕਰ ਅਦਾਕਾਰ ਹੋਣ ਤੋਂ ਬਿਨਾਂ ਲੇਖਕ, ਕਹਾਣੀਕਾਰ, ਸਮਾਜਿਕ ਕਾਰਕੁਨ ਵੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਬਲਾਤਕਾਰ ਦੀਆਂ ਬਹੁਤੀਆਂ ਘਟਨਾਵਾਂ ਦੀ ਜਾਗਰੂਕਤਾ ਬਾਰੇ ਆਨਲਾਈਨ ਮੁਹਿੰਮਾਂ ਅਤੇ ਭੀੜ ਦੁਆਰਾ ਹੱਤਿਆਵਾਂ ਨੂੰ ਕਾਨੂੰਨੀ ਜੁਰਮ ਬਣਾਉਣ ਲਈ ਉਸ ਦੁਆਰਾ ਚਲਾਈ ਮੁਹਿੰਮ ਉਸ ਦੇ ਅਹਿਮ ਕਾਰਜ ਹਨ। ਹੁਣ ਫਿਲਮ 'ਪਦਮਾਵਤੀ' ਰਿਲੀਜ਼ ਮਗਰੋਂ ਉਸ ਨੇ ਸੰਜੇ ਲੀਲ੍ਹਾ ਭੰਸਾਲੀ ਨੂੰ ਲੰਮਾ ਖਤ ਲਿਖਿਆ ਹੈ ਅਤੇ ਫਿਲਮ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਦੇ ਰਿਵਿਊ ਵਿਚੋਂ ਕੁਝ ਅੰਸ਼ ਮੈਂ ਅਨੁਵਾਦ ਰੂਪ ਵਿਚ ਦੇ ਰਿਹਾਂ ਹਾਂ:

"13ਵੀਂ ਸਦੀ ਵਿਚ ਨਾਰੀ ਲਈ ਉਸ ਦੀ ਯੋਨੀ ਸੁੱਚਤਾ ਦਾ ਚਿੰਨ੍ਹ ਹੋ ਸਕਦੀ ਸੀ ਜਿਸ ਨੂੰ ਬਚਾਉਣ ਲਈ ਉਹ ਕਿਸੇ ਵੀ ਤਰ੍ਹਾਂ ਦਾ ਬਲੀਦਾਨ ਕਰਨ ਲਈ ਤਿਆਰ ਹੋ ਸਕਦੀ ਸੀ, ਪਰ 21ਵੀਂ ਸਦੀ ਵਿਚ ਸਾਨੂੰ ਇਸ ਬਲੀਦਾਨ ਦੀ ਮਹਿਮਾ ਗਾਉਣ ਦੀ ਕੋਈ ਤੁਕ ਨਹੀਂ ਬਣਦੀ। ਉਹ ਵੀ ਉਦੋਂ ਜਦ ਅਸੀਂ ਜਾਣਦੇ ਹਾਂ ਕਿ ਦੋ ਸਾਲ ਪਹਿਲਾਂ ਦਿੱਲੀ ਵਿਚ ਹੋਏ ਦਾਮਿਨੀ ਕੇਸ ਵਿਚ ਪੀੜਤਾ ਨੇ ਜੌਹਰ ਵਰਗਾ ਕੋਈ ਤਰੀਕਾ ਨਹੀਂ ਸੀ ਚੁਣਿਆ; ਸਗੋਂ ਉਹ ਉਨ੍ਹਾਂ ਦਰਿੰਦਿਆਂ ਨਾਲ ਲਗਾਤਾਰ ਜੂਝਦੀ ਰਹੀ ਜਦ ਤੱਕ ਇਕ ਦਰਿੰਦੇ ਨੇ ਉਸ ਨੂੰ ਸਰੀਏ ਨਾਲ ਅੱਧ-ਮਰਿਆ ਨਾ ਕਰ ਦਿੱਤਾ। ਇਹ ਸਮਾਂ ਔਰਤ ਦੇ ਜਜ਼ਬੇ ਨੂੰ ਵਡਿਆਉਣ ਦਾ ਹੈ, ਨਾ ਕਿ ਜੌਹਰ ਵਰਗੇ ਤਰੀਕੇ ਦੇ ਗੁਣਗਾਨ ਕਰਨ ਦਾ; ਕਿਉਂਕਿ ਅਜਿਹਾ ਕਰਦਿਆਂ ਅਸੀਂ ਨਾ ਚਾਹੁੰਦੇ ਹੋਏ ਵੀ ਉਸ ਪਿੱਤਰਸੱਤਾ ਅੱਗੇ ਗੋਡੇ ਟੇਕ ਰਹੇ ਹਾਂ ਜਿਸ ਖਿਲਾਫ ਅਸੀਂ ਹਾਲੇ ਲੰਮੀ ਜੰਗ ਲੜਨੀ ਹੈ।

ਬਲਾਤਕਾਰ ਅਤੇ ਜੌਹਰ ਦੋਵੇਂ ਪਿੱਤਰਸੱਤਾ ਦੇ ਹੀ ਸੰਦ ਹਨ। ਦੋਵਾਂ ਰਾਹੀਂ ਮਰਦ ਔਰਤ ਉਪਰ ਆਪਣਾ ਗਲਬਾ



*ਸਵਰਾ ਭਾਸਕਰ*

ਸਥਾਪਿਤ ਕਰਦਾ ਹੈ। ਜੌਹਰ ਨੂੰ ਨਾਰੀ ਦੀ ਸਵੈ-ਇੱਛਾ ਕਹਿ ਵਡਿਆਉਣਾ ਨਿਰੀ ਮੂਰਖਤਾ ਹੈ।

ਪਦਮਾਵਤੀ ਦੇ ਜੌਹਰ ਦਾ ਕਾਰਨ ਇਹ ਵੀ ਦਿਖਾਇਆ ਗਿਆ ਹੈ ਕਿ ਅਲਾਉਦੀਨ ਖਿਲਜੀ ਕਿਸੇ ਹੋਰ ਧਰਮ ਦਾ ਹੈ। ਗੈਰ-ਧਰਮ ਦੇ ਧਾੜਵੀ ਦੇ ਜਬਰ ਦਾ ਸ਼ਿਕਾਰ ਹੋਣ ਨਾਲੋਂ ਉਸ ਨੇ ਜੌਹਰ ਨੂੰ ਤਰਜੀਹ ਦਿੱਤੀ। ਇਹ ਉਸ ਦੀ ਸਵੈ-ਇੱਛਾ ਨਹੀਂ ਸੀ। ਪਿਛੋਕੜ ਵਿਚ ਪਿੱਤਰਸੱਤਾ ਹੀ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਰਹੀ ਸੀ। ਮੈਂ ਭੰਸਾਲੀ ਜੀ ਨੂੰ ਭਾਰਤ-ਪਾਕਿਸਤਾਨ ਵੰਡ ਦੇ ਦੌਰਾਨ ਵਾਪਰੀਆਂ ਘਟਨਾ ਦੇ ਰੂ-ਬ-ਰੂ ਹੋਣ ਦੀ ਗੁਜ਼ਾਰਿਸ਼ ਕਰਦੀ ਹਾਂ। ਇਹ ਉਹ ਵੇਲਾ ਸੀ ਜਦ ਮਰਦਾਂ ਨੇ ਆਪਣੇ ਘਰ ਦੀਆਂ ਔਰਤਾਂ ਨੂੰ ਖੁਦਕੁਸ਼ੀ ਲਈ ਮਜਬੂਰ ਕੀਤਾ, ਜਾਂ ਕਤਲ ਕਰ ਦਿੱਤਾ। ਇਹ ਨਸਲਕੁਸ਼ੀ ਜਬਰਨ ਸੀ। ਕਿਸੇ ਨੇ ਜੌਹਰ ਨਹੀਂ ਸੀ ਕੀਤਾ। ਜੇ ਕੋਈ ਗੈਰ-ਧਰਮ ਵਿਚ ਉਧਾਲੀ ਗਈ ਤਾਂ ਉਸ ਨੇ ਇੱਕ ਨਵੀਂ ਪਛਾਣ ਨਾਲ ਨਵਾਂ ਜੀਵਨ ਬਸਰ ਕਰਨਾ ਸ਼ੁਰੂ ਕੀਤਾ। ਹਵਾਲੇ ਲਈ ਭੰਸਾਲੀ ਜੀ ਉਰਵਸ਼ੀ ਬੁਤਾਲੀਆ ਦੀਆਂ ਲਿਖਤਾਂ ਪੜ੍ਹ ਲੈਣ।

ਸਾਡਾ ਸਮਾਜ ਹਾਲੇ ਵੀ ਸਵੀਕਾਰ ਨਹੀਂ ਕਰ ਰਿਹਾ ਕਿ ਬਲਾਤਕਾਰ ਮਗਰੋਂ ਵੀ ਔਰਤ ਜੀਵਨ ਜੀਅ ਸਕਦੀ ਹੈ। ਉਹ ਇੱਛਾ ਵੀ ਰੱਖੇ ਤਾਂ ਸਮਾਜ ਨਹੀਂ ਜੀਣ ਦਿੰਦਾ। ਪਦਮਾਵਤੀ ਵਰਗੀਆਂ ਨਾਇਕਾਵਾਂ ਦੀਆਂ ਉਦਾਹਰਨਾਂ ਉਸ ਦੇ ਅੱਗੇ ਰੱਖ ਦਿੱਤੀਆਂ ਜਾਂਦੀਆਂ ਹਨ। ਔਰਤ ਦਾ ਜੀਣਾ ਹੱਕ ਹੈ ਉਸ ਦਾ, ਭਾਵੇਂ ਉਸ ਦੇ 'ਮਾਲਕ', 'ਰਾਖੇ' ਜਾਂ 'ਆਪਣੇ' ਉਸ ਦੇ ਬਚਾਅ ਲਈ ਨਾ ਵੀ ਹੋਣ। ਇਕ ਯੋਨੀ ਦੇ ਅਸ਼ੁਧ ਹੋ ਜਾਣ ਨਾਲ ਉਹ ਅਸ਼ੁਧ ਨਹੀਂ ਹੋ ਜਾਂਦੀ। ਉਸ ਦਾ ਕੰਮ ਸਿਰਫ ਨਸਲ ਨੂੰ ਅੱਗੇ ਵਧਾਉਣਾ ਨਹੀਂ ਹੈ।

ਸਾਨੂੰ ਇਸ ਪ੍ਰਬੰਧ ਦਾ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਇਹ ਨਾ ਸਿਰਫ ਨਾਰੀ ਪਛਾਣ ਦਾ ਘਾਣ ਕਰਦਾ ਹੈ, ਪਰ ਨਾਲ ਹੀ ਮਨੁੱਖਤਾ ਦਾ ਵੀ ਘਾਣ ਕਰਦਾ ਹੈ। ਜਬਰ ਖਿਲਾਫ ਹੋ ਰਹੀਆਂ ਮੁਹਿੰਮਾਂ ਨੂੰ ਵਧਾਉਣ ਦੀ ਲੋੜ ਹੈ, ਨਾ ਕਿ ਪਿੱਤਰਸੱਤਾ ਨੂੰ ਪ੍ਰਚਾਰਨ ਦਾ। ਮੇਰਾ ਵਿਰੋਧ ਤੁਹਾਡੀ ਫਿਲਮਸਾਜ਼ੀ ਨਾਲ ਨਹੀਂ, ਉਸ ਸੁਨੇਹੇ ਨਾਲ ਹੈ ਜੋ ਅਜਿਹੀਆਂ ਕਹਾਣੀਆਂ ਦਿੰਦੀਆਂ ਹਨ।"

ਸਵਰਾ ਭਾਸਕਰ ਦੇ ਇਸ ਲੰਮੇ ਖਤ ਦੀ ਹਰ ਪਾਸਿਓਂ ਤਾਰੀਫ ਹੋਈ ਹੈ। ਇਹ ਖਤ ਫੇਸ ਬੁੱਕ ਉਤੇ ਵੀ ਬਹੁਤ ਸ਼ੇਅਰ ਕੀਤਾ ਗਿਆ ਹੈ। ਉਂਜ, ਟਵਿਟਰ ਉਤੇ ਕੁਝ ਲੋਕ ਉਸ ਦੀ ਟਰੋਲਿੰਗ ਵੀ ਕਰ ਰਹੇ ਹਨ। ਸਵਰਾ ਭਾਸਕਰ ਤਾਰੀਫ ਦੀ ਹੀ ਹੱਕਦਾਰ ਹੈ, ਜਿਸ ਆਪਣੇ ਕਰੀਅਰ ਦੀ ਵੀ ਪ੍ਰਵਾਹ ਕੀਤੇ ਬਗੈਰ ਸੰਜੇ ਲੀਲ੍ਹਾ ਭੰਸਾਲੀ ਵਰਗੇ ਫਿਲਮਸਾਜ਼ ਨੂੰ ਸਿੱਧਿਆਂ ਵੰਗਾਰਿਆ ਹੈ। **-ਗੌਰਵ ਭੰਮਟ**



*ਫਿਲਮ 'ਪਦਮਾਵਤੀ' ਦੇ ਦ੍ਰਿਸ਼ ਵਿਚ ਦੀਪਿਕਾ ਪਾਦੂਕੋਣ ਅਤੇ ਸ਼ਾਹਿਦ ਕਪੂਰ।*

# ਸੁਘੜ ਸਿਆਣੀ ਯਾਮੀ ਗੌਤਮ

ਕੁਝ ਅਦਾਕਾਰਾਂ ਹੀ ਅਜਿਹੀਆਂ ਹਨ, ਜਿਨ੍ਹਾਂ ਨੂੰ ਲੋਕ ਉਨ੍ਹਾਂ ਦੀ ਕੁਦਰਤੀ ਸੁੰਦਰਤਾ ਲਈ ਜਾਣਦੇ ਹਨ। ਇਨ੍ਹਾਂ ਵਿਚੋਂ ਇਕ ਯਾਮੀ ਗੌਤਮ ਹੈ। ਉਸ ਨੇ ਫਿਲਮ 'ਵਿੱਕੀ ਡੋਨਰ' ਨਾਲ ਬਾਲੀਵੁੱਡ ਵਿਚ ਸ਼ੁਰੂਆਤ ਕੀਤੀ ਸੀ। ਇਹ ਫਿਲਮ ਹਿੱਟ ਹੋਈ। ਇਸ ਤੋਂ ਬਾਅਦ ਆਈਆਂ ਉਸ ਦੀਆਂ ਇਕ-ਦੋ ਫਿਲਮਾਂ ਨੂੰ ਛੱਡ ਕੇ ਜ਼ਿਆਦਾਤਰ ਚੱਲੀਆਂ ਨਹੀਂ, ਪਰ ਪਿਛਲੇ ਸਾਲ ਅਦਾਕਾਰ ਰਿਤਿਕ ਰੌਸ਼ਨ



ਨਾਲ ਆਈ ਫਿਲਮ 'ਕਾਬਿਲ' ਹਿੱਟ ਰਹੀ ਅਤੇ ਉਸ ਦਾ ਕਰੀਅਰ ਗਰਾਫ ਵੀ ਉਤਾਂਹ ਉਠਿਆ। ਉਸ ਨੇ ਬਾਲੀਵੁੱਡ ਦੇ ਨਾਲ ਨਾਲ ਦੱਖਣ ਭਾਰਤੀ ਫਿਲਮਾਂ ਵਿਚ ਵੀ ਕੰਮ ਕੀਤਾ ਹੈ।

ਯਾਮੀ ਗੌਤਮ ਮੁਤਾਬਕ, ਦੋਹਾਂ ਸਨਅਤਾਂ ਵਿਚਕਾਰ ਭਾਸ਼ਾ ਤੋਂ ਸਿਵਾ ਕੋਈ ਖਾਸ ਅੰਤਰ ਨਹੀਂ। ਦੱਖਣ ਭਾਰਤੀ ਨਿਰਦੇਸ਼ਕਾਂ ਦੇ ਨਾਲ ਕੰਮ ਕਰਨਾ ਵਧੀਆ ਅਨੁਭਵ ਰਿਹਾ ਹੈ। ਸ਼ੁਰੂਆਤ ਵਿਚ ਭਾਸ਼ਾ ਕਰ ਕੇ ਉਸ ਨੂੰ ਮੁਸ਼ਕਿਲ ਹੋਈ, ਪਰ ਮਗਰੋਂ ਸਭ ਠੀਕ ਹੋ ਗਿਆ। ਉਹ ਆਖਦੀ ਵੀ ਹੈ ਕਿ ਜੀਵਨ ਵਿਚ ਕੁਝ ਹਾਸਲ ਕਰਨ ਲਈ ਤੁਹਾਨੂੰ ਮਿਹਨਤ ਤਾਂ ਕਰਨੀ ਹੀ ਪੈਂਦੀ ਹੈ। ਆਪਣੀ ਫਿਟਨੈਸ ਬਾਰੇ ਉਸ ਦਾ ਆਖਣਾ ਹੈ ਕਿ ਸਭ ਨੂੰ ਆਪੋ-ਆਪਣੇ ਸਰੀਰ ਨੂੰ ਸਮਝਣਾ ਚਾਹੀਦਾ ਹੈ। ਦੂਜਾ ਮਹੱਤਵਪੂਰਨ ਪਹਿਲੂ ਖਾਣ-ਪੀਣ ਹੈ। ਡਾਇਟਿੰਗ ਦਾ ਇਹ ਮਤਲਬ ਨਹੀਂ ਹੈ ਕਿ ਕੁਝ ਖਾਓ ਹੀ ਨਾ ਜਾਂ ਘੱਟ ਖਾਓ, ਸਗੋਂ ਨੇਮ ਅਤੇ ਸਬਰ ਨਾਲ ਖਾਣਾ ਹੀ ਡਾਇਟਿੰਗ ਹੈ।

# ਪੂਜਾ ਹੇਗੜੇ ਦਾ ਸ਼ੌਕ

ਅਦਾਕਾਰਾ ਪੂਜਾ ਹੇਗੜੇ ਨੇ ਰਿਤਿਕ ਰੌਸ਼ਨ ਨਾਲ 'ਮੋਹੰਜੋਦੜੋ' ਫਿਲਮ ਰਾਹੀਂ ਫਿਲਮ ਸਨਅਤ ਵਿਚ ਪ੍ਰਵੇਸ਼ ਕੀਤਾ ਸੀ, ਪਰ ਇਹ ਫਿਲਮ ਬਹੁਤੀ ਚੱਲ ਨਹੀਂ ਸਕੀ। ਉਂਜ, ਦੱਖਣੀ ਫਿਲਮਾਂ ਵਿਚ ਉਹ ਹਿੱਟ ਹੀਰੋਇਨ ਹੈ। 'ਮੋਹੰਜੋਦੜੋ' ਦੇ ਨਿਰਮਾਤਾ ਨੇ ਉਸ ਦੀਆਂ ਦੱਖਣੀ ਫਿਲਮਾਂ ਦੇਖ ਕੇ ਹੀ ਉਸ ਨੂੰ ਸਾਈਨ ਕੀਤਾ ਸੀ। ਹਿੰਦੀ ਫਿਲਮ ਸਨਅਤ ਦਾ ਮਾਹੌਲ ਵੀ ਉਸ ਨੂੰ ਕੁਝ ਅਜੀਬ ਜਿਹਾ ਲੱਗਿਆ ਹੈ। ਉਸ ਨੇ ਹਾਲ ਹੀ ਵਿਚ ਸੂਰਜ ਪੰਚੋਲੀ ਨਾਲ ਫਿਲਮ ਕਰਨ ਤੋਂ ਨਾਂਹ ਕੀਤੀ ਹੈ। ਫਿਲਹਾਲ ਉਸ ਦੇ ਇਸ ਫੈਸਲੇ ਦੇ ਅਸਲ ਕਾਰਨ ਤਾਂ ਪਤਾ ਨਹੀਂ ਲੱਗੇ, ਪਰ ਉਹਦਾ



ਕਹਿਣਾ ਹੈ ਕਿ ਉਹ ਸਿਰਫ 'ਏ' ਕਤਾਰ ਦੇ ਕਲਾਕਾਰਾਂ ਨਾਲ ਹੀ ਕੰਮ ਕਰਨਾ ਚਾਹੁੰਦੀ ਹੈ। ਕਿਹੜੀ ਫਿਲਮ ਕਰਨੀ ਹੈ ਜਾਂ ਨਹੀਂ ਕਰਨੀ, ਇਹ ਉਸ ਦਾ ਨਿੱਜੀ ਫੈਸਲਾ ਹੈ। ਸਭ ਝੰਜਟਾਂ ਦੇ ਬਾਵਜੂਦ ਪੂਜਾ ਹੇਗੜੇ ਤੁਰਕੀ ਸੈਰ ਕਰ ਕੇ ਆਈ ਹੈ। ਉਹ ਹਰ ਸਾਲ ਕਿਤੇ ਨਾ ਕਿਤੇ ਘੁੰਮਣ-ਫਿਰਨ ਜਾਂਦੀ ਹੈ। ਇਹ ਉਸ ਦਾ ਪੱਕਾ ਸ਼ੌਕ ਹੈ। ਖਬਰ ਇਹ ਵੀ ਹੈ ਕਿ ਉਸ ਨੂੰ ਸਲਮਾਨ ਖਾਨ ਦੀ ਫਿਲਮ 'ਰੇਸ-3' ਮਿਲ ਸਕਦੀ ਹੈ। ਬਾਲੀਵੁਡ ਵਿਚ ਉਸ ਲਈ ਮੌਕੇ ਭਾਵੇਂ ਘੱਟ ਹੀ ਹਨ, ਪਰ ਪੂਜਾ ਹੇਗੜੇ ਨੂੰ ਕੋਈ ਫਰਕ ਨਹੀਂ ਪਿਆ। ਉਹ ਦੱਖਣੀ ਫਿਲਮਾਂ ਨਾਲ ਹੀ ਖੁਸ਼ ਹੈ।

# 'ਮੁੱਕਾਬਾਜ਼' ਦਾ ਮੁੱਕਾ

'ਮੁੱਕਾਬਾਜ਼' ਚਰਚਿਤ ਫਿਲਮਸਾਜ਼ ਅਨੁਰਾਗ ਕਸ਼ਯਪ ਦੀ ਨਵੀਂ ਫਿਲਮ ਹੈ ਜੋ ਪਹਿਲਾਂ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਅਤੇ ਮੁੰਬਈ ਫਿਲਮ ਮੇਲੇ ਵਿਚ ਦਿਖਾਈ ਜਾ ਚੁੱਕੀ

**ਗੁਰਜੰਟ ਸਿੰਘ**

ਹੈ, ਜਿਥੇ ਇਸ ਦੀ ਖੂਬ ਸ਼ਲਾਘਾ ਹੋਈ ਸੀ। ਹੁਣ ਫਿਲਮ ਰਿਲੀਜ਼ ਹੋਣ ਤੋਂ ਬਾਅਦ ਫਿਲਮ ਆਲੋਚਕਾਂ ਨੇ ਵੀ ਇਸ ਦੀ ਤਾਰੀਫ ਦੇ ਪੁਲ ਬੰਨ੍ਹੇ ਹਨ, ਪਰ ਇਹ ਫਿਲਮ ਕਮਾਈ ਪੱਖੋਂ ਬਾਕਸ ਆਫਿਸ 'ਤੇ ਕੋਈ ਖਾਸ ਕ੍ਰਿਸ਼ਮਾ ਨਹੀਂ ਦਿਖਾ ਸਕੀ। ਇਕ ਹਫਤੇ ਦੌਰਾਨ ਇਹ ਫਿਲਮ ਸਿਰਫ 7 ਲੱਖ ਰੁਪਏ ਹੀ ਇਕੱਠੇ ਕਰ ਸਕੀ ਹੈ। 'ਮੁੱਕਾਬਾਜ਼' ਵਿਚ ਵਿਨੀਤ ਕੁਮਾਰ ਸਿੰਘ ਤੋਂ ਇਲਾਵਾ ਰਵੀ ਕਿਸ਼ਨ, ਜ਼ੋਇਆ ਹੁਸੈਨ ਅਤੇ ਜਿੰਮੀ ਸ਼ੇਰਗਿੱਲ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਜ਼ੋਇਆ ਹੁਸੈਨ ਦੀ ਇਹ ਪਹਿਲੀ ਫਿਲਮ ਹੈ ਅਤੇ ਰਵੀ ਕਿਸ਼ਨ ਦਾ ਕਿਰਦਾਰ ਬੜਾ ਜ਼ੋਰਦਾਰ ਹੈ। ਇਸੇ ਤਰ੍ਹਾਂ ਖਲਨਾਇਕ ਦੇ ਰੋਲ ਵਿਚ ਜਿੰਮੀ ਸ਼ੇਰਗਿੱਲ ਵੀ ਕਿਸੇ ਪੱਖ ਤੋਂ ਘੱਟ ਨਹੀਂ ਤੁਲਿਆ।

ਇਹ ਫਿਲਮ ਅਜਿਹੇ ਨੌਜਵਾਨ ਦੀ ਕਹਾਣੀ ਹੈ ਜੋ ਆਪਣੇ ਯਕੀਨ ਦੇ ਸਿਰ 'ਤੇ ਹਰ ਵਿਰੋਧੀ ਹਾਲਾਤ ਨਾਲ ਟਕਰਾਉਂਦਾ ਹੈ। ਇਸ ਨੌਜਵਾਨ ਦਾ ਕਿਰਦਾਰ ਅਦਾਕਾਰ ਵਨੀਤ ਕੁਮਾਰ ਸਿੰਘ ਨੇ ਨਿਭਾਇਆ ਹੈ ਜੋ ਪਿਛਲੇ 18 ਸਾਲ ਤੋਂ ਫਿਲਮ ਸਨਅਤ ਵਿਚ ਆਪਣੀ ਹੋਂਦ ਬਰਕਰਾਰ ਰੱਖਣ ਲਈ ਜੂਝ ਰਿਹਾ ਹੈ। ਇਸ ਤੋਂ ਪਹਿਲਾਂ ਉਹ 'ਸਿਟੀ ਆਫ ਗੋਲਡ', 'ਬੰਬੇ ਟਾਕੀਜ਼', 'ਗੈਂਗਸ ਆਫ ਵਾਸੇਪੁਰ' ਵਿਚ ਅਦਾਕਾਰੀ ਕਰ ਚੁੱਕਾ ਹੈ ਅਤੇ ਅਨੁਰਾਗ ਕਸ਼ਯਪ ਦੀ 2014 ਵਿਚ ਆਈ ਫਿਲਮ 'ਅਗਲੀ' (ਕਰੂਪ) ਲਈ ਉਸ ਨੂੰ 'ਸਕਰੀਨ' ਵੱਲੋਂ ਸਰਵੋਤਮ ਸਹਾਇਕ ਅਦਾਕਾਰ ਦਾ ਇਨਾਮ ਦਿੱਤਾ ਗਿਆ ਸੀ।

ਬਤੌਰ ਨਾਇਕ 'ਮੁੱਕਾਬਾਜ਼' ਉਸ ਦੀ ਪਹਿਲੀ ਫਿਲਮ ਹੈ। ਇਸ ਫਿਲਮ ਵਿਚ ਅਨੁਰਾਗ ਕਸ਼ਯਪ ਨੇ ਖੇਡ ਪ੍ਰਬੰਧ ਬਾਰੇ ਬੜੀਆਂ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਇਸ ਫਿਲਮ ਵਿਚ ਅਨੁਰਾਗ ਕਸ਼ਯਪ ਆਪਣੀ ਫਿਲਮਸਾਜ਼ੀ ਦਾ ਰੰਗ ਹੋਰ ਗੂੜ੍ਹਾ ਕਰਨ ਵਿਚ ਕਾਮਯਾਬ ਰਿਹਾ ਹੈ। 2016 ਵਿਚ ਆਈ ਫਿਲਮ 'ਰਮਨ ਰਾਘਵ 2.0' ਨਾਲ ਵੀ ਉਸ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਸੀ। ਇਹ ਗੱਲ ਵੱਖਰੀ ਹੈ ਕਿ ਇਹ ਫਿਲਮ ਵੀ ਬਾਕਸ ਆਫਿਸ ਉਤੇ ਬਹੁਤੀ ਕਮਾਈ ਨਹੀਂ ਸੀ ਕਰ ਸਕੀ। ਇਸ ਫਿਲਮ ਉਤੇ ਕੁਲ 7 ਕਰੋੜ ਰੁਪਏ ਲੱਗੇ ਸਨ ਅਤੇ ਇਸ ਦੀ ਬਾਕਸ ਆਫਿਸ ਦੀ ਕਮਾਈ ਵੀ 7 ਕਰੋੜ ਹੀ ਰਹੀ ਸੀ।



*ਫਿਲਮ 'ਮੁੱਕਾਬਾਜ਼' ਵਿਚ ਅਦਾਕਾਰਾ ਜ਼ੋਇਆ ਹੁਸੈਨ ਅਤੇ ਵਿਨੀਤ ਕੁਮਾਰ ਸਿੰਘ।*


PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE.SOUTH RICHMOND HILL.NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.